






Twelfth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 45, November 5, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

# ਪੰਜਾਬ ਵਿਚ ਵੱਜਿਆ ਚੋਣ ਬਿਗਲ

## ਪੰਜਾਬ ਬਚਾਓ ਯਾਤਰਾ, ਵਿਸ਼ਵ ਕਬੱਡੀ ਕੱਪ ਤੇ ਇੱਜ਼ਤ ਸੰਭਾਲ ਮੁਹਿੰਮ ਨਾਲ ਸਿਆਸੀ ਪਿੜ ਮਘਿਆ



*ਕਾਂਗਰਸ ਦੀ ਰੈਲੀ ਵਿਚ (ਖੱਬਿਓਂ) ਰਾਜਿੰਦਰ ਕੌਰ ਭੱਠਲ, ਜਗਮੀਤ ਸਿੰਘ ਬਰਾੜ, ਕੈਪਟਨ ਅਮਰਿੰਦਰ ਸਿੰਘ, ਗੁਲਚੈਨ ਸਿੰਘ ਚੜਕ ਤੇ ਜੀਤ ਮਹਿੰਦਰ ਸਿੰਘ ਸਿੱਧੂ।*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁਖ ਰਖਦਿਆਂ ਸੂਬੇ ਦੀਆਂ ਸਾਰੀਆਂ ਪਾਰਟੀਆਂ ਨੇ ਸਿਆਸੀ ਮਸ਼ਕਾਂ ਆਰੰਭ ਦਿੱਤੀਆਂ ਹਨ। ਮੁੱਖ ਸਿਆਸੀ ਧਿਰਾਂ ਵੱਲੋਂ ਪੰਜਾਬ ਬਚਾਓ ਯਾਤਰਾ, ਵਿਸ਼ਵ ਕਬੱਡੀ ਕੱਪ ਅਤੇ ਇੱਜ਼ਤ ਸੰਭਾਲ ਮੁਹਿੰਮ ਸ਼ੁਰੂ ਕੀਤੇ ਜਾਣ ਨਾਲ ਸਿਆਸੀ ਪਿੜ ਪੂਰੀ ਤਰ੍ਹਾਂ ਮਘ ਗਿਆ ਹੈ। ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਵਿਸ਼ਵ ਕਬੱਡੀ ਮੈਚਾਂ ਦੇ ਸਹਾਰੇ ਲੋਕਾਂ ਦਾ ਧਿਆਨ ਖਿੱਚਣ ਦੀ ਜੁਗਤ ਘੜੀ ਗਈ ਹੈ ਤੇ ਮੁੱਖ ਵਿਰੋਧੀ ਧਿਰ ਕਾਂਗਰਸ ਪਹਿਲੀ ਨਵੰਬਰ ਨੂੰ 'ਪੰਜਾਬ ਬਚਾਓ ਯਾਤਰਾ' ਸ਼ੁਰੂ ਕਰਕੇ ਰਾਜਸੀ ਅਖਾੜੇ ਵਿਚ ਕੁੱਦ ਪਈ ਹੈ। ਤੀਜੇ ਫਰੰਟ ਵਿਚ ਸ਼ਾਮਲ ਪਾਰਟੀਆਂ ਪੀਪਲਜ਼ ਪਾਰਟੀ ਆਫ਼ ਪੰਜਾਬ, ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.), ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀ.ਪੀ.ਆਈ.ਐਮ.) ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੱਲੋਂ ਵੀ ਛੇ ਨਵੰਬਰ ਤੋਂ ਸਿਆਸੀ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼ੁਰੂ ਕੀਤੀਆਂ ਮੁਹਿੰਮਾਂ ਦਾ ਕੇਂਦਰ ਬਿੰਦੂ ਮਾਲਵਾ ਹੀ ਹੈ।

ਯਾਦ ਰਹੇ ਕਿ ਮਾਲਵਾ ਖਿੱਤੇ ਨੇ ਹੀ ਇਨ੍ਹਾਂ ਧਿਰਾਂ ਦੀ 'ਸਿਆਸੀ ਹੋਣੀ' ਤੈਅ ਕਰਨੀ ਹੈ ਕਿਉਂਕਿ ਉੱਥੇ ਵਿਧਾਨ ਸਭਾ ਦੀਆਂ ਸੀਟਾਂ ਦੀ ਗਿਣਤੀ ਦੁਆਬੇ ਤੇ ਮਾਝੇ ਦੇ ਮੁਕਾਬਲੇ ਜ਼ਿਆਦਾ ਹੈ। ਮਾਲਵੇ ਵਿਚ ਵਿਧਾਨ ਸਭਾ ਦੀਆਂ 66 ਅਤੇ ਮਾਝਾ-ਦੋਆਬਾ ਵਿਚ 51 ਸੀਟਾਂ ਹਨ। ਮਾਲਵੇ ਵਿਚ ਪਿਛਲੀਆਂ ਚੋਣਾਂ ਦੌਰਾਨ ਕਾਂਗਰਸ ਦਾ ਦਬਦਬਾ ਰਹਿਣ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਹਾਲਾਂਕਿ ਮਾਝੇ ਤੇ ਦੋਆਬੇ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਲੋਕਾਂ ਦਾ ਚੰਗਾ ਹੁੰਗਾਰਾ ਮਿਲਣ ਕਾਰਨ

(ਬਾਕੀ ਸਫਾ 6 'ਤੇ)

## ਕਾਂਗਰਸ ਵੱਲੋਂ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦਾ ਵਿਰੋਧ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਅਨੰਦਪੁਰ ਸਾਹਿਬ ਵਿਖੇ ਉਸਾਰੇ ਗਏ ਖ਼ਾਲਸਾ ਵਿਰਾਸਤ ਕੰਪਲੈਕਸ ਨੂੰ ਲੈ ਕੇ ਇਕ ਵਾਰ ਫਿਰ 'ਸਿਆਸੀ ਸ਼ਰੀਕੇਬਾਜ਼ੀ' ਸਿਖਰ 'ਤੇ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਵਿਰਾਸਤ ਕੰਪਲੈਕਸ ਦਾ ਉਦਘਾਟਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਕਰਵਾ ਕੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣਾ ਚਾਹੁੰਦੀ ਹੈ। ਪੰਜਾਬ ਕਾਂਗਰਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਸ 'ਚਾਲ' ਨੂੰ ਸਮਝਦਿਆਂ ਡਾ. ਮਨਮੋਹਨ ਸਿੰਘ ਦੀ

(ਬਾਕੀ ਸਫਾ 6 'ਤੇ)

## ਸਿਆਸੀ ਰੰਗ 'ਚ ਰੰਗਿਆ ਦੂਜਾ ਵਿਸ਼ਵ ਕਬੱਡੀ ਕੱਪ

**ਬਠਿੰਡਾ:** ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਵਾਲੇ ਦਿਹਾੜੇ 'ਤੇ ਅਕਾਲੀ-ਭਾਜਪਾ ਸਰਕਾਰ ਵੱਲੋਂ ਦੂਜਾ ਵਿਸ਼ਵ ਕਬੱਡੀ ਕੱਪ ਸ਼ੁਰੂ ਕਰਵਾਇਆ ਗਿਆ ਜੋ 20 ਨਵੰਬਰ ਨੂੰ ਖ਼ਤਮ ਹੋਵੇਗਾ। ਇਸ 17 ਕਰੋੜ ਰੁਪਏ ਦੇ ਬਜਟ ਵਾਲੇ ਕਬੱਡੀ ਕੱਪ ਦੇ ਉਦਘਾਟਨੀ ਸਮਾਰੋਹ 'ਚ ਸਿਆਸੀ ਝਲਕਾਰਾ ਵੀ ਸਪਸ਼ਟ ਵਿਖਾਈ ਦਿੱਤਾ। ਪੰਜਾਬ ਸਰਕਾਰ ਨੇ ਕਬੱਡੀ ਕੱਪ ਦੇ ਬਹਾਨੇ ਸਿਆਸੀ ਸੁਨੇਹਾ ਦੇਣ ਦੀ ਪੂਰੀ ਕੋਸ਼ਿਸ਼ ਕੀਤੀ। ਮੁੱਖ ਸਮਾਗਮ ਦਾ ਚਾਰ ਚੁਫੇਰਾ ਸਿਆਸੀ ਰੰਗਾਂ ਵਿਚ ਰੰਗਿਆ ਹੋਇਆ ਸੀ। ਗਾਣਿਆਂ ਵਿਚ ਵੀ ਕਬੱਡੀ ਤੇ ਪੰਜਾਬੀਆਂ ਦੀ ਗੱਲ ਹੋਣ ਤੋਂ ਇਲਾਵਾ ਇਸ ਨੂੰ ਸਰਕਾਰੀ ਪ੍ਰਾਪਤੀਆਂ ਵਜੋਂ ਉਭਾਰਿਆ ਗਿਆ।

ਉਦਘਾਟਨੀ ਸਮਾਰੋਹ ਦਾ ਮੁੱਖ ਆਕਰਸ਼ਨ ਬਾਲੀਵੁੱਡ ਕਿੰਗ ਸ਼ਾਹਰੁਖ਼ ਖ਼ਾਨ ਸੀ ਜਿਸ ਨੇ ਤਕਰੀਬਨ ਅੱਧਾ ਘੰਟਾ ਆਪਣੀ ਅਦਾਕਾਰੀ ਦਾ ਜਲਵਾ ਦਿਖਾਇਆ। ਬਾਦਲ ਪਰਿਵਾਰ ਨੇ ਉਹਦੇ

(ਬਾਕੀ ਸਫਾ 4 'ਤੇ)



*ਵਿਸ਼ਵ ਕਬੱਡੀ ਕੱਪ ਦੇ ਆਗਾਜ਼ ਮੌਕੇ ਮਸ਼ਾਲ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ, ਐਕਟਰ ਸ਼ਾਹਰੁਖ ਖਾਨ ਅਤੇ ਹੋਰ*







# ਚੌਧਰ ਦੀ ਭੁੱਖ ਨੇ ਜੋੜ ਮੇਲਿਆਂ ਦਾ ਸਰੂਪ ਵਿਗਾੜਿਆ !

## ਯੂਬਾ ਸਿਟੀ ਨਗਰ ਕੀਰਤਨ 6 ਨੂੰ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਇਥੇ ਆਉਂਦੀ 6 ਨਵੰਬਰ, ਐਤਵਾਰ ਨੂੰ ਹੋ ਰਹੇ ਸਾਲਾਨਾ ਜੋੜ ਮੇਲੇ ਦੀ ਤਿਆਰੀ ਲਈ ਯੂਬਾ ਸਿਟੀ ਦਾ ਹਰ ਮਾਈ-ਭਾਈ ਲੱਗਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਨੂੰ ਸਮਰਪਿਤ ਇਸ ਜੋੜ ਮੇਲੇ ਦੌਰਾਨ ਮਹਾਨ ਨਗਰ ਕੀਰਤਨ ਵੀ ਸਜਦਾ ਹੈ ਜਿਸ ਵਿਚ ਸ਼ਰਧਾਲੂਆਂ ਦੀ ਗਿਣਤੀ 50 ਹਜ਼ਾਰ ਤੋਂ ਵੀ ਵਧ ਜਾਂਦੀ ਹੈ। ਦੂਰੋਂ-ਨੇੜਿਓਂ ਸੰਗਤ ਹਾਜ਼ਰੀਆਂ ਭਰਨ ਲਈ ਪਹੁੰਚਦੀ ਹੈ। ਅਮਰੀਕੀ ਮੁੱਖ ਧਾਰਾ ਦੇ ਕੁਝ ਆਗੂ ਵੀ ਹਾਜ਼ਰੀ ਲਵਾਉਂਦੇ ਹਨ। ਨਗਰ ਕੀਰਤਨ ਵਿਚ ਹਾਜ਼ਰੀ ਭਰਨ ਆਈਆਂ ਸੰਗਤਾਂ ਦੀ ਭਾਤ-ਸੁਭਾਂਤੇ ਭੋਜਨ ਪਦਾਰਥਾਂ-ਗਰਮਾ ਗਰਮ ਪਕੌੜਿਆਂ, ਜਲੇਬੀਆਂ, ਪੀਜਿਆਂ, ਡੋਸਿਆਂ, ਕਿਸ਼ਮਿਸ਼, ਬਦਾਮ, ਅਖਰੋਟ ਆਦਿ ਸੁੱਕੇ ਮੇਵਿਆਂ ਅਤੇ ਤਾਜ਼ਾ ਫਲਾਂ ਤੋਂ ਇਲਾਵਾ ਗੰਨੇ ਦੇ ਰਸ ਅਤੇ ਮੱਕੀ ਦੀਆਂ ਛੱਲੀਆਂ ਨਾਲ ਸੇਵਾ ਕਰਨ ਦਾ ਜਜ਼ਬਾ ਵੇਖਿਆਂ ਹੀ ਬਣਦਾ ਹੈ। ਇਸ ਨਗਰ ਕੀਰਤਨ ਦਾ ਮਨੋਰਥ ਅਮਰੀਕੀ ਮੁੱਖ ਧਾਰਾ ਦੇ ਲੋਕਾਂ ਵਿਚ ਸਿੱਖ ਧਰਮ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮਕਸਦ ਵਿਚ ਇਹ ਨਗਰ ਕੀਰਤਨ ਕਿੰਨਾ ਕੁ ਕਾਮਯਾਬ ਹੁੰਦਾ ਹੈ? ਇਹ ਇਕ ਵੱਡਾ ਸਵਾਲ ਹੈ।

ਜਿਸ ਗੁਰਦੁਆਰੇ (ਟਾਇਰਾ ਬਿਊਨਾ ਰੋਡ) ਵਿਚ ਇਹ ਜੋੜ ਮੇਲਾ ਪਿਛਲੇ ਚੌਤੀ ਸਾਲਾਂ ਤੋਂ ਕੀਤਾ ਜਾ ਰਿਹਾ ਹੈ, ਉਸ ਗੁਰਦੁਆਰੇ ਦੀ ਕਮੇਟੀ ਦੇ ਕੁਝ ਅਹਿਮ ਅਤੇ ਜ਼ਿੰਮੇਵਾਰ ਪ੍ਰਬੰਧਕ ਕਹਿ ਰਹੇ ਹਨ ਕਿ ਸ਼ਹਿਰ ਦੇ ਕੁਝ ਲੋਕ ਇਸ ਨਗਰ ਕੀਰਤਨ ਦਾ ਪਰਮਿਟ ਬੰਦ ਕਰਵਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਸ ਬਾਰੇ ਜਦੋਂ ਨਗਰ ਕੀਰਤਨ ਲਈ ਪਰਮਿਟ ਦੇਣ ਵਾਲੇ ਸ਼ਹਿਰ ਦੇ ਵੱਖੋ-ਵੱਖਰੇ ਅਦਾਰਿਆਂ ਨਾਲ ਸੰਪਰਕ ਕੀਤਾ ਗਿਆ ਤਾਂ ਪਤਾ ਲੱਗਾ ਕਿ ਅਜਿਹਾ ਕੁਝ ਵੀ ਨਹੀਂ। ਸ਼ਹਿਰ ਦੇ ਕੁਝ ਹੋਰ ਬੰਦਿਆਂ ਨਾਲ ਇਸ ਬਾਰੇ ਗੱਲ ਕੀਤੀ ਗਈ ਤਾਂ ਬਹੁਤੇ ਲੋਕਾਂ ਦਾ ਕਹਿਣਾ ਸੀ ਕਿ ਸ਼ਹਿਰ ਵਿਚ ਅਜਿਹਾ ਅਕ੍ਰਿਤਘਣ ਕੋਈ ਨਹੀਂ ਜਿਹੜਾ ਇਸ ਨਗਰ ਕੀਰਤਨ ਵਿਚ ਅੜਿੱਕਾ ਪਾਵੇ। ਅਜਿਹੀਆਂ ਗੱਲਾਂ ਸਿਰਫ਼ ਆਪਣੇ ਵਿਰੋਧੀਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਇਹ ਨਗਰ ਕੀਰਤਨ ਕਿਸੇ ਇਕ ਧੜੇ ਦਾ ਨਹੀਂ ਸਗੋਂ ਸਮੁੱਚੇ ਸਿੱਖ ਧਰਮ ਦੇ ਅਨੁਯਾਈਆਂ ਦਾ ਹੈ। ਸਭ ਲੋਕ ਇਸ ਦੀ ਕਾਮਯਾਬੀ ਵਿਚ ਆਪਣੀ ਤਿਲ-ਫੁੱਲ ਭੇਟਾ ਪਾ ਰਹੇ ਹਨ।

ਨਿਰਪੱਖ ਹਲਕਿਆਂ ਦਾ ਕਹਿਣਾ ਹੈ ਕਿ ਇਹ ਲੀਡਰ ਹੀ ਹਨ ਜਿਹੜੇ ਇਸ ਕਾਰਜ ਵਿਚ ਇਹ ਲੋਕ, ਸੰਗਤ ਦਾ ਧਨ ਜਿਸ ਨੂੰ ਗੁਰੂ ਦੀ ਗੋਲਕ, ਗਰੀਬ ਦਾ ਮੂੰਹ ਵੀ ਕਿਹਾ ਜਾਂਦਾ ਹੈ, ਨੂੰ ਕਿਵੇਂ ਆਪਣੀ ਚੌਧਰ ਚਮਕਾਉਣ ਲਈ ਫ਼ਜ਼ੂਲ ਖ਼ਰਚਦੇ ਹਨ।

ਸੰਗਤ ਦੇ ਇਕ ਵੱਡੇ ਸੁਜੱਗ ਹਿੱਸੇ ਦਾ ਇਹ ਵੀ ਖਿਆਲ ਹੈ ਕਿ ਹਰ ਵਰਗ ਦੇ ਪ੍ਰਬੰਧਕਾਂ ਵਲੋਂ ਆਪਣੀ ਮਨ ਮਰਜ਼ੀ ਦੀਆਂ ਖ਼ਬਰਾਂ ਛਪਵਾਉਣ



*ਸਾਲ 2010 ਦੇ ਨਗਰ ਕੀਰਤਨ ਦਾ ਇਕ ਦ੍ਰਿਸ਼*

ਆਪਣੀ ਚੌਧਰ, ਧੌਂਸ ਤੇ ਹਾਉਮੈ ਦਾ ਪ੍ਰਗਟਾਵਾ ਕਰ ਰਹੇ ਹਨ ਅਤੇ ਇਸ ਕੰਮ ਵਿਚ 'ਕ', 'ਖ', 'ਗ', 'ਤ', 'ਦ', 'ਪ', 'ਸ', 'ਬ' ਸਭ ਲੀਡਰ ਇਕੋ ਥਾਲੀ ਦੇ ਚੱਟੇ-ਵੱਟੇ ਹਨ। ਸੰਗਤ ਦੇ ਨਾਂ 'ਤੇ ਸੰਗਤ ਨਾਲ ਚੁਸਤੀਆਂ ਮਾਰਨ ਦੇ ਮਾਮਲੇ ਵਿਚ ਸਭ ਇਕ ਤੋਂ ਇਕ ਅੱਗੇ ਹਨ ਪਰ ਹੁਣ ਸੰਗਤ ਵਿਚ ਵੀ ਜਾਗਰੂਕਤਾ ਆ ਚੁੱਕੀ ਹੈ ਕਿ ਇਨ੍ਹਾਂ ਕਾਗ਼ਜ਼ੀ ਲੀਡਰਾਂ ਲਈ, ਸੰਗਤ ਸਿਰਫ਼ ਇਨ੍ਹਾਂ ਦੇ ਕੁਝ ਚਹੇਤੇ ਬੰਦੇ ਹੀ ਹਨ; ਆਮ ਲੋਕਾਈ ਲਈ ਇਨ੍ਹਾਂ ਦੇ ਮਨਾਂ ਵਿਚ ਸਤਿਕਾਰ ਤੇ ਬਰਾਬਰੀ ਦੀ ਕੋਈ ਭਾਵਨਾ ਨਹੀਂ। ਸੰਗਤਾਂ ਨੂੰ ਸੋਝੀ ਹੈ ਕਿ ਲਈ ਸੰਗਤ ਦਾ ਧਨ ਬਰਬਾਦ ਕੀਤਾ ਜਾਂਦਾ ਹੈ। ਸੋਚਣ ਵਾਲੀ ਗੱਲ ਹੈ ਕਿ ਨਗਰ ਕੀਰਤਨ ਸ਼ੁਰੂ ਹੋਣ ਤੋਂ ਕਿਤੇ ਬਾਅਦ ਜੰਮੇ ਪੰਜਾਬੀ ਮੀਡੀਏ ਨੂੰ ਵੀ ਆਪਣਾ ਫ਼ਰਜ਼ ਪਛਾਨਣਾ ਚਾਹੀਦਾ ਹੈ ਕਿ ਇਹ ਇਕ ਪਾਸੇ ਦੀ ਗੱਲ ਨਾ ਕਰੇ, ਸਗੋਂ ਸਿੱਕੇ ਦੇ ਦੋਵੇਂ ਪਾਸੇ ਦਿਖਾਵੇ। ਆਪਣੇ ਚਹੇਤਿਆਂ ਨੂੰ ਚਾਰ ਚੰਨ ਲਾਉਣੇ, ਤੇ ਵਿਰੋਧੀਆਂ ਉਤੇ ਫ਼ਜ਼ੂਲ ਚਿੱਕੜ ਸੁੱਟਣਾ ਪੱਤਰਕਾਰੀ ਨਹੀਂ। ਜੱਗ ਜ਼ਾਹਿਰ ਹੈ ਕਿ ਇਸ ਨਗਰ ਕੀਰਤਨ ਵਿਚ ਪਿਛਲੇ ਕਈ ਸਾਲਾਂ ਤੋਂ ਲੜਾਈ ਹੁੰਦੀ ਆ ਰਹੀ ਹੈ। ਇਸ ਲਈ ਸਾਧ-ਸੰਗਤ ਦਾ ਕਸੂਰ ਨਹੀਂ, ਸਗੋਂ ਚੌਧਰੀਆਂ ਦੀ ਚੌਧਰ ਦੀ ਭੁੱਖ ਕਸੂਰਵਾਰ ਹੈ। ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਮੀਡੀਏ ਦਾ ਵਡੇਰਾ ਹਿੱਸਾ ਅਜਿਹੀ ਲੜਾਈ ਬਾਰੇ ਸਹੀ ਤੇ ਸਾਵੀਂ ਤਸਵੀਰ ਪੇਸ਼ ਕਰਨ ਵਿਚ ਹਮੇਸ਼ਾ ਨਾਕਾਮਯਾਬ ਰਿਹਾ ਹੈ।

ਇਹ ਨਗਰ ਕੀਰਤਨ ਸ਼ੁਰੂ ਕੀਤਾ ਗਿਆ ਸੀ ਆਪਣਾ ਸੱਭਿਆਚਾਰ ਅਤੇ ਅਮੀਰ ਰਵਾਇਤਾਂ ਗੈਰ-ਭਾਰਤੀਆਂ ਨੂੰ ਦਿਖਾਉਣ ਲਈ; ਤੇ ਉਨ੍ਹਾਂ ਨਾਲ ਸਾਂਝ ਪਾਉਣ ਲਈ। ਜਦੋਂ ਇਸ ਨਗਰ ਕੀਰਤਨ ਵਿਚ ਦਸਤਾਰਾਂ ਪੈਰਾਂ ਵਿਚ ਰੁਲਦੀਆਂ ਹਨ, ਸਿਰਾਂ ਵਿਚੋਂ ਖ਼ੂਨ ਵਗਦੇ ਦੀਆਂ ਫੋਟੋਆਂ ਅਮਰੀਕਨ-ਅੰਗਰੇਜ਼ੀ ਮੀਡੀਆ ਵਿਚ ਛਪਦੀਆਂ ਹਨ ਤਾਂ ਆਮ ਅਮਰੀਕੀ ਸਮਾਜ ਵਿਚ ਸਿੱਖਾਂ ਦਾ ਅਕਸ ਕਿੰਨਾ ਕੁ ਸੁਧਰਦਾ ਹੋਵੇਗਾ? ਇਹ ਇਕ ਵੱਡਾ ਸਵਾਲ ਹੈ। ਇਸ ਨਗਰ ਕੀਰਤਨ ਵਿਚ ਇਲਾਕੇ ਦੇ ਬਹੁਤ ਸਾਰੇ ਭਾਰਤੀ ਆਪਣੀ ਇੱਛਾ ਮੁਤਾਬਿਕ ਸੇਵਾ ਕਰਦੇ ਰਹੇ ਹਨ ਪਰ ਹੁਣ ਹਾਲ ਇਹ ਹੋ ਗਿਆ ਹੈ ਕਿ ਆਪਣੀ ਧੌਂਸ ਖਾਤਰ ਕੁਝ ਲੋਕਾਂ ਨੂੰ ਉਨ੍ਹਾਂ ਦੀ ਇੱਛਾ ਤੇ ਖਾਹਿਸ਼ ਮੁਤਾਬਕ ਸੇਵਾ ਕਰਨ ਤੋਂ ਵੀ ਵਰਜਿਆ ਜਾ ਰਿਹਾ ਹੈ।

ਲੀਡਰਾਂ ਦੀ ਖ਼ੁਦਗਰਜ਼ੀ ਨੇ ਇਸ ਨਗਰ ਕੀਰਤਨ ਦਾ ਜੋ ਰੂਪ ਬਣਾ ਲਿਆ ਹੈ, ਉਹ ਕੋਈ ਬਹੁਤਾ ਸਲਾਹੁਣਯੋਗ ਨਹੀਂ ਹੈ। ਬਹੁਤ ਕੁਝ ਗੁਰ ਆਸ਼ੇ ਤੋਂ ਵੀ ਉਲਟ ਹੋ ਰਿਹਾ ਹੈ ਅਤੇ ਅਮਰੀਕਨ ਕਾਨੂੰਨ ਤੋਂ ਵੀ। ਨਗਰ ਕੀਰਤਨ ਵਿਚ ਗੁਰੂ ਤੋਂ ਭੈਅ ਮੁਕਤ ਅਤੇ ਮਨਮੁੱਖ ਹੋ ਕੇ ਜੋ ਆਪਹੁਦਰੀਆਂ ਹੁੰਦੀਆਂ ਹਨ, ਉਸ ਨਾਲ ਅਮਰੀਕਨ ਸਮਾਜ ਵਿਚ ਸਿੱਖਾਂ ਦਾ ਅਕਸ ਵਿਗੜ ਰਿਹਾ ਹੈ ਅਤੇ ਉਨ੍ਹਾਂ ਪ੍ਰਤੀ ਨਫ਼ਰਤ ਵਧ ਰਹੀ ਹੈ। ਜੇਕਰ ਇਹ ਨਫ਼ਰਤ ਇਸੇ ਤਰ੍ਹਾਂ ਵਧਦੀ ਗਈ ਤਾਂ ਇਲਾਕੇ ਦੇ ਹੋਰ ਗੈਰ-ਸਿੱਖ ਇਸ ਜੋੜ ਮੇਲੇ ਦੇ ਖ਼ਿਲਾਫ਼ ਹੋ ਸਕਦੇ ਹਨ।

ਲੀਡਰਾਂ ਦੀਆਂ ਖ਼ੂਨੀ ਲੜਾਈਆਂ ਸਿੱਖ ਬੱਚਿਆਂ ਨੂੰ ਇਸ ਤੋਂ ਦੂਰ ਕਰ ਰਹੀਆਂ ਹਨ। ਇਹ ਲੜਾਈਆਂ ਜਿੱਥੇ ਸਿੱਖਾਂ ਦਾ ਅਕਸ ਖਰਾਬ ਕਰ ਰਹੀਆਂ ਹਨ, ਉਥੇ ਸੰਗਤ 'ਤੇ ਵਾਧੂ ਬੋਝ ਪਾ ਰਹੀਆਂ ਹਨ। ਇਹ ਲੜਾਈ ਦੇਖ ਕੇ ਪੁਲਿਸ ਨਗਰ ਕੀਰਤਨ ਲਈ ਨਫ਼ਰੀ ਵਾਧਾ ਦਿੰਦੀ ਹੈ। ਹੋਰ ਸਕਿਓਰਿਟੀ ਰੱਖਣ ਦੇ ਹੁਕਮ ਆ ਜਾਂਦੇ ਹਨ ਜਿਸ ਦਾ ਖ਼ਰਚਾ ਗੁਰਦੁਆਰੇ ਸਿਰ ਪੈਂਦਾ ਹੈ। ਇੰਸ਼ੋਰੈਂਸ ਕੰਪਨੀਆਂ ਇਨ੍ਹਾਂ ਲੜਾਈਆਂ ਕਾਰਨ ਇੰਸ਼ੋਰੈਂਸ ਦਾ ਰੇਟ ਚੁੱਕ ਦਿੰਦੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਸਕਿਓਰਿਟੀ ਦੀ ਲੋੜ ਸੰਗਤ ਨੂੰ ਕਿਉਂ ਪਵੇਗੀ? ਸੰਗਤ ਤਾਂ ਗੁਰੂ ਚਰਨਾਂ ਵਿਚ ਹਾਜ਼ਰੀ ਭਰ ਕੇ ਜੀਵਨ ਸਫਲਾ ਕਰਨ ਆਈ ਹੁੰਦੀ ਹੈ। ਸਕਿਓਰਿਟੀ ਦੀ ਲੋੜ ਤਾਂ ਸਗੋਂ ਇਨ੍ਹਾਂ ਲੀਡਰਾਂ ਨੂੰ ਹੀ ਹੈ। ਬੁਲੇਟ ਪਰੂਫ਼ ਜੈਕਟਾਂ ਦੀ ਲੋੜ ਸੰਗਤ ਨੂੰ ਨਹੀਂ, ਲੀਡਰਾਂ ਨੂੰ ਹੈ। ਦੋ-ਦੋ ਬਾਡੀਗਾਰਡ ਲੀਡਰਾਂ ਨੂੰ ਚਾਹੀਦੇ ਹਨ। ਦੁੱਖ ਇਸ ਗੱਲ ਦਾ ਹੈ ਕਿ ਇਹ ਸਭ ਬਾਡੀਗਾਰਡ ਸੰਗਤ ਦੇ ਪੈਸੇ ਨਾਲ ਮੰਗਵਾਏ ਜਾਂਦੇ ਹਨ। ਸੋਚਣਾ ਬਣਦਾ ਹੈ ਕਿ ਇਨ੍ਹਾਂ ਨੂੰ ਇਸ ਦੀ ਕਿਉਂ ਲੋੜ ਪੈਂਦੀ ਹੈ? ਆਏ ਸਾਲ ਆਪਣੀ ਫੋਕੀ ਸ਼ੋਹਰਤ ਲਈ ਸੰਗਤ ਦੀ ਗਿਣਤੀ ਵਧਾ-ਚੜ੍ਹਾ ਕੇ ਦੱਸੀ ਜਾਂਦੀ ਹੈ ਜਿਸ ਨਾਲ ਆਏ ਸਾਲ ਪੁਲਿਸ ਆਪਣੇ ਬੰਦੇ ਵਧਾ ਦਿੰਦੀ ਹੈ। ਯਾਦ ਰਹੇ ਕਿ ਪੁਲਿਸ ਜਿੰਨੇ ਮੁਲਾਜ਼ਮ ਭੇਜਦੀ ਹੈ, ਉਨ੍ਹਾਂ ਦਾ ਖਰਚ ਗੁਰੂਘਰ ਨੂੰ ਦੇਣਾ ਪੈਂਦਾ ਹੈ। ਜਦੋਂ ਗਿਣਤੀ ਵਧਾ ਕੇ ਦੱਸਦੇ ਹਨ ਤਾਂ ਪੁਲਿਸ ਵਾਲੇ ਕਾਰ ਪਾਰਕਿੰਗ ਵਧਾਉਣ ਲਈ ਕਹਿੰਦੇ ਹਨ ਜਿਸ ਕਾਰਨ ਵਧੇਰੇ ਪਾਰਕਿੰਗ ਦੇ ਪ੍ਰਬੰਧ ਕਰਨੇ ਪੈਂਦੇ ਹਨ। ਇਸ ਦਾ ਸਾਰਾ ਖਰਚਾ ਵੀ ਗੁਰੂਘਰ ਨੂੰ ਦੇਣਾ ਪੈਂਦਾ ਹੈ। ਵੱਧ ਗਿਣਤੀ ਦੱਸਣ ਨਾਲ ਇੰਸ਼ੋਰੈਂਸ ਵੀ ਵਧਦੀ ਹੈ।

ਪਿਛਲੇ ਸਾਲ ਇਕ ਝਗੜਾ ਗੁਰੂਘਰ ਅੰਦਰ ਲੰਗਰ ਵਾਲੀ ਥਾਂ ਨੂੰ ਲੈ ਕੇ ਹੋਇਆ। ਇਸ ਤੋਂ ਸਪੱਸ਼ਟ ਹੈ ਕਿ ਲੰਗਰ ਛਕਾਉਣ ਦੀ ਭਾਵਨਾ ਅਤੇ ਸੇਵਾ ਤੋਂ ਵੱਧ ਲੀਡਰਾਂ ਵਿਚ ਸਿਰਫ਼ ਧੌਂਸ ਦਿਖਾਉਣ ਦੀ ਜ਼ਿਦ ਸੀ। ਪਿਛਲੇ ਕਈ ਸਾਲਾਂ ਤੋਂ ਇਸ ਨਗਰ ਕੀਰਤਨ ਵਿਚ ਸਿੱਖੀ ਭਾਵਨਾਵਾਂ ਅਤੇ ਸਿੱਖੀ ਦੀਆਂ ਸੁਨਹਿਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਲੀਡਰਾਂ ਦੀਆਂ ਆਪਹੁਦਰੀਆਂ ਕਾਰਨ ਜੇਕਰ ਭਵਿੱਖ ਵਿਚ ਇਸ ਨਗਰ ਕੀਰਤਨ ਦਾ ਕਿਧਰੇ ਪਰਮਿਟ ਬੰਦ ਹੋ ਗਿਆ ਤਾਂ ਅਸੀਂ ਆਪਣੇ ਬੱਚਿਆਂ ਦੇ ਗੁਨਾਹਗਾਰ ਹੋਵਾਂਗੇ ਅਤੇ ਗੁਰੂ ਦੀ ਅਦਾਲਤ ਵਿਚ ਵੀ ਦੋਸ਼ੀ ਹੋਵਾਂਗੇ।




ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਲੋਕਾਈ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ

## ਪ੍ਰੋਗਰਾਮ




ਗੁਰਪੁਰਬ ਵਾਲੇ ਦਿਨ 10 ਨਵੰਬਰ ਵੀਰਵਾਰ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਇਸ ਦਿਨ ਅੰਮ੍ਰਿਤ ਵੇਲੇ ਤੋਂ ਕੀਰਤਨ ਅਰੰਭ ਹੋ ਜਾਵੇਗਾ ਅਤੇ ਦੇਰ ਰਾਤ ਤਕ ਚਲਦਾ ਰਹੇਗਾ ਜਿਸ ਵਿਚ ਭਾਈ ਬਲਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਜਸਵੰਤ ਸਿੰਘ ਜ਼ੀਰੇ ਵਾਲੇ, ਭਾਈ ਜਗਤਾਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਅੰਗਪਾਲ ਸਿੰਘ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਇਲਾਵਾ ਢਾਡੀ ਜਥੇ ਵਾਰਾਂ ਅਤੇ ਭਾਈ ਅਜੀਤ ਸਿੰਘ ਅਲੰਕਾਰੀ ਕਥਾ ਵਿਆਖਿਆ ਰਾਹੀਂ ਗੁਰ ਇਤਿਹਾਸ ਸਰਵਣ ਕਰਵਾਉਣਗੇ।

13 ਨਵੰਬਰ ਦਿਨ ਐਤਵਾਰ ਨੂੰ ਵੀ ਦੀਵਾਨ ਸਜਾਏ ਜਾਣਗੇ ਇਸ ਵਿਚ ਵਿਸ਼ੇਸ਼ ਤੌਰ 'ਤੇ ਕਵੀ ਦਰਬਾਰ ਹੋਵੇਗਾ।

### ਗੁਰੂ ਕਾ ਲੰਗਰ

ਗੁਰੂ ਕਾ ਲੰਗਰ ਭਾਈ ਮਹਿੰਗਾ ਸਿੰਘ ਜੀ ਰਾਜਾਸਾਂਸੀ ਦੇ ਪਰਿਵਾਰ ਵਲੋਂ ਹੋਵੇਗਾ ਅਤੇ ਜਲੇਬੀਆਂ ਤੇ ਚਾਹ ਦਾ ਲੰਗਰ ਭਾਈ ਅਮੋਲਕ ਸਿੰਘ ਗਾਖਲ ਅਤੇ ਸਮੂਹ ਪਰਿਵਾਰ ਵਲੋਂ ਹੋਵੇਗਾ

### ਪ੍ਰਭਾਤ ਫੇਰੀਆਂ

ਅਖੰਡ ਕੀਰਤਨੀ ਜੱਥੇ ਦੇ ਆਗੂ ਭਾਈ ਧਰਮ ਸਿੰਘ ਦੇ ਉਦਮ ਸਦਕਾ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਪ੍ਰਭਾਤ ਫੇਰੀ ਰੋਜ਼ਾਨਾ ਹੋ ਰਹੀ ਹੈ। ਪ੍ਰਭਾਤ ਫੇਰੀ ਦਾ ਸਮਾਂ ਸਵੇਰੇ 4:30 ਤੋਂ 5:30 ਹੈ।

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ ਅਤੇ ਗੁਰੂ ਘਰ ਦੇ ਰਹਿੰਦੇ ਕੰਮਾਂ ਲਈ ਆਪਣੀ ਕਿਰਤ ਕਮਾਈ 'ਚੋਂ ਮਾਇਆ ਭੇਟ ਕਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

*ਨੋਟ: ਭਾਈ ਤਰਸੇਮ ਸਿੰਘ ਵਲੋਂ ਯੂਬਾ ਸਿਟੀ ਦੇ ਨਗਰ ਕੀਰਤਨ ਲਈ ਸੰਗਤਾਂ ਨੂੰ ਲੈ ਜਾਣ ਲਈ ਆਪਣੀ ਕੰਪਨੀ ਦੀਆਂ ਬੱਸਾਂ ਦੀ ਸੇਵਾ ਕੀਤੀ ਜਾ ਰਹੀ ਹੈ। ਇਕ ਬੱਸ ਸੈਨ ਹੋਜ਼ੇ ਗੁਰਦੁਆਰਾ ਸਾਹਿਬ ਤੋਂ ਅੰਮ੍ਰਿਤ ਵੇਲੇ ਚਲੇਗੀ।*

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sikhgurudwarasj.org

# ਰਸੋਈ ਨੂੰ ਜਿੰਦਰੇ ਤੇ ਸੰਗਤਾਂ ਨੂੰ ਗਾਲੀ-ਗਲੋਚ ਦੀ ਖ਼ਬਰ ਮਨਘੜਤ:ਗੁਰੂਘਰ ਕਮੇਟੀ ਸੈਨ ਹੋਜ਼ੇ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਇਥੇ ਜਾਰੀ ਇਕ ਬਿਆਨ ਵਿਚ ਇਕ ਸਥਾਨਕ ਅਖਬਾਰ ਵਿਚ "ਵਿਆਹ ਵਾਲੇ ਦਿਨ ਰਸੋਈ ਨੂੰ ਜਿੰਦਰਾ ਤੇ ਸੰਗਤਾਂ ਨੂੰ ਗਾਲੀ-ਗਲੋਚ" ਦੇ ਸਿਰਲੇਖ ਹੇਠ ਛਪੀ ਖ਼ਬਰ ਦਾ ਖੰਡਨ ਕਰਦਿਆਂ ਇਸ ਨੂੰ ਮਨਘੜਤ, ਝੂਠੀ ਤੇ ਬੇਬੁਨਿਆਦ ਕਰਾਰ ਦਿੱਤਾ ਹੈ। ਬਿਆਨ ਵਿਚ ਸੰਗਤ ਨੂੰ ਸੁਚੇਤ ਕੀਤਾ ਗਿਆ ਹੈ ਕਿ ਇਕ ਅਖਬਾਰ ਵਿਸ਼ੇਸ਼ ਵਿਚ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਿਲਾਫ਼ ਅਕਸਰ ਝੂਠੀਆਂ ਖ਼ਬਰਾਂ ਪਹਿਲ ਦੇ ਆਧਾਰ 'ਤੇ ਛਾਪੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਸਚਮੁੱਚ ਕੋਈ ਆਧਾਰ ਨਹੀਂ ਹੁੰਦਾ। ਅਜਿਹੀਆਂ ਖ਼ਬਰਾਂ ਦਾ ਮਨਸ਼ਾ ਕਮੇਟੀ ਨੂੰ ਬਦਨਾਮ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੁੰਦਾ।

ਵਿਆਹ ਵਾਲੇ ਪਰਿਵਾਰ ਨੇ ਕਮੇਟੀ ਦੀ ਹਮਾਇਤ ਕਰਦਿਆਂ ਅਤੇ ਦ੍ਰਿੜ ਸਟੈਂਡ ਲੈਂਦਿਆਂ ਕਿਹਾ ਹੈ ਕਿ ਸਾਨੂੰ ਵਿਆਹ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਹੋਈ। ਪਰਿਵਾਰ ਦੇ ਮੁਖੀ ਸ. ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਕਮੇਟੀ ਨੇ ਸਾਨੂੰ ਪੂਰੀ ਤਰ੍ਹਾਂ ਸਹਿਯੋਗ ਦਿੱਤਾ ਹੈ। ਉਨ੍ਹਾਂ ਅਖ਼ਬਾਰ ਵਿਚ ਛਾਪੀ ਗਈ ਖ਼ਬਰ 'ਤੇ ਵੀ ਹੈਰਾਨੀ ਜ਼ਾਹਿਰ ਕੀਤੀ ਹੈ।

ਗੁਰੂਘਰ ਕਮੇਟੀ ਦੇ ਸਕੱਤਰ ਸ. ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਕਮੇਟੀ ਦਾ ਫੈਸਲਾ ਹੈ ਕਿ ਵਿਆਹ-ਸ਼ਾਦੀਆਂ 'ਤੇ ਕੇਟਰਿੰਗ ਕਰਨ ਵਾਲੇ ਰੈਸਟੋਰੈਂਟ ਚਾਹ-ਪਾਣੀ ਅਤੇ ਪਕਵਾਨਾਂ ਵਾਸਤੇ ਗੁਰੂਘਰ ਦੀ ਰਸੋਈ ਦੀ ਹੀ ਵਰਤੋਂ ਕਰਨ। ਇਸ ਦਾ ਕਾਰਨ ਇਹ ਹੈ ਕਿ ਬਾਹਰ ਪਾਰਕਿੰਗ ਲਾਟ ਵਿਚ ਜਦ ਪਕਵਾਨ ਬਣਦੇ ਹਨ ਤਾਂ, ਇਕ ਤਾਂ ਗੁਰੂਘਰ ਦੀ ਸਫ਼ਾਈ ਪ੍ਰਭਾਵਿਤ ਹੁੰਦੀ ਹੈ, ਤੇ ਦੂਜਾ ਕਈ ਵਾਰ ਤੇਲ ਦੀ ਡੁੱਲ੍ਹ-ਡੁਲਾਈ ਹੋਣ ਕਾਰਨ ਹੈਲਥ ਵਾਲਿਆਂ ਦਾ ਡਰ ਵੱਖਰਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਬੇ-ਏਰੀਏ ਦੇ ਪ੍ਰਮੁੱਖ ਰੈਸਟੋਰੈਂਟ ਰਾਜਾ ਸਵੀਟਸ, ਜਿਊਵਲ ਆਫ਼ ਇੰਡੀਆ, ਰਾਜ ਰੈਸਟੋਰੈਂਟ ਸਮੇਤ ਕਈ ਹੋਰ ਰੈਸਟੋਰੈਂਟ ਇੱਥੇ ਕੇਟਰਿੰਗ ਕਰਦੇ ਹਨ ਪਰ ਉਹ ਗੁਰੂਘਰ ਦੇ ਨਿਯਮਾਂ ਮੁਤਾਬਕ ਚੱਲਦੇ ਹਨ। ਉਨ੍ਹਾਂ ਨਾਲ ਸਾਨੂੰ ਕਦੇ ਕੋਈ ਸਮੱਸਿਆ ਨਹੀਂ ਆਈ। ਉਨ੍ਹਾਂ ਕਿਹਾ ਕਿ ਬੰਬੇ ਗਾਰਡਨ ਵਾਲਿਆਂ ਨੂੰ ਬਾਕੀਆਂ ਵਾਂਗ ਗੁਰੂਘਰ ਦੇ ਨਿਯਮਾਂ ਨੂੰ ਧਿਆਨ ਵਿਚ ਰੱਖ ਕੇ ਕੰਮ ਕਰਨਾ ਚਾਹੀਦਾ ਹੈ। ਇਹ ਤਾਂ ਨਹੀਂ ਹੋਣਾ ਚਾਹੀਦਾ ਕਿ ਨਿੱਜੀ ਮੁਫ਼ਾਦ ਨੂੰ ਮੁੱਖ ਰੱਖ ਕੇ ਕੋਈ ਰੈਸਟੋਰੈਂਟ ਬਾਹਰ ਪਾਰਕਿੰਗ ਲਾਟ ਵਿਚ ਖਾਣਾ ਬਣਾਉਣ ਦੀ ਜ਼ਿਦ ਕਰੇ ਜਾਂ ਫਿਰ ਮੁਫ਼ਤ ਵਿਚ ਗੁਰੂਘਰ ਦੀ ਰਸੋਈ ਦੀ ਦੁਰਵਰਤੋਂ ਕਰੇ। ਨਿਯਮ ਹਰ ਰੈਸਟੋਰੈਂਟ ਲਈ ਇਕੋ ਜਿਹੇ ਹਨ।

ਕਮੇਟੀ ਮੈਂਬਰ ਸੁਰਿੰਦਰ ਸਿੰਘ ਪੁਰੇਵਾਲ ਨੇ ਦੋਸ਼ ਲਾਇਆ ਹੈ ਕਿ ਅਖਬਾਰ ਵਿਚ ਛਪੇ ਬਿਆਨ ਵਿਚ ਗੁਰਦੇਵ ਸਿੰਘ ਬੰਗਾ ਨੇ ਰੱਜ ਕੇ ਕੁਫ਼ਰ ਤੋਲਿਆ ਹੈ। ਉਨ੍ਹਾਂ ਪੁਛਿਆ ਕਿ ਗੁਰੂਘਰ ਦੀਆਂ ਬੱਤੀਆਂ ਅਸੀਂ ਬੰਦ ਕਿਉਂ ਕਰਾਂਗੇ, ਜਿੰਦਰੇ ਕਿਉਂ ਮਾਰਾਂਗੇ? ਅਸੀਂ ਤਾਂ ਸੰਗਤ ਦੇ ਸੇਵਾਦਾਰ ਹਾਂ। ਉਨ੍ਹਾਂ ਦੱਸਿਆ ਕਿ ਗੁਰਦੇਵ ਸਿੰਘ ਨੇ ਸਗੋਂ ਮੈਨੂੰ ਮੰਦੇ ਵਚਨ ਬੋਲੇ ਸਨ। ਕੀ ਇਹ ਪੁੱਛਿਆ ਜਾ ਸਕਦਾ ਹੈ ਕਿ ਗੁਰਦੇਵ ਸਿੰਘ ਬੰਗਾ ਨੂੰ ਪ੍ਰਬੰਧਕਾਂ ਨੂੰ ਗਾਲੀ-ਗਲੋਚ ਕਰਨ ਦਾ ਹੱਕ ਕਿਸ ਨੇ ਦਿੱਤਾ ਹੈ? ਉਨ੍ਹਾਂ ਕਿਹਾ ਕਿ ਅਗਰ ਬੰਬੇ ਗਾਰਡਨ ਵਾਲੇ ਗੁਰੂਘਰ ਦੇ ਕਿਚਨ ਦੇ ਰੂਲ ਨਹੀਂ ਮੰਨਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਗੁਰੂਘਰ ਲਈ ਕੇਟਰਿੰਗ ਨੂੰ ਹੱਥ ਨਹੀਂ ਪਾਉਣਾ ਚਾਹੀਦਾ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਇਕ ਅਖਬਾਰ ਵਿਸ਼ੇਸ਼, ਕੁਲਵੰਤ ਸਿੰਘ ਅਤੇ ਗੁਰਦੇਵ ਸਿੰਘ ਬੰਗਾ ਨੇ ਕਥਿਤ ਤੌਰ 'ਤੇ ਕਮੇਟੀ ਖ਼ਿਲਾਫ਼ ਸਾਜ਼ਿਸ਼ਾਂ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ। ਸੰਗਤ ਨੂੰ ਇਸ ਪ੍ਰਤੀ ਸਾਵਧਾਨ ਰਹਿਣਾ ਚਾਹੀਦਾ ਹੈ।

## ਗੁਰੂ ਨਾਨਕ ਗੁਰਪੁਰਬ ਸਬੰਧੀ ਅਖੰਡ ਪਾਠਾਂ ਦੀ ਲੜੀ 11 ਤੋਂ

**ਯੂਬਾ ਸਿਟੀ (ਬਿਊਰੋ):** ਇਥੋਂ ਨਜ਼ਦੀਕ ਕਸਬਾ ਲਾਈਵ ਓਕ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਅਖੰਡ ਪਾਠਾਂ ਦੀ ਲੜੀ 11 ਨਵੰਬਰ ਤੋਂ ਅਰੰਭ ਹੋ ਰਹੀ ਹੈ। ਅਖੰਡ ਪਾਠਾਂ ਦੀ ਇਹ ਲੜੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 30 ਦਸੰਬਰ ਤੱਕ ਜਾਰੀ ਰਹੇਗੀ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਸੇਵਕ ਸ. ਗੁਰਨਾਮ ਸਿੰਘ ਪੰਮਾ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਵਿਸ਼ੇਸ਼ ਸਮਾਗਮ 13 ਨਵੰਬਰ, ਐਤਵਾਰ ਨੂੰ ਹੋਣਗੇ। ਇਸ ਸਬੰਧੀ ਸੰਤ ਬਲਵਿੰਦਰ ਸਿੰਘ ਕੁਰਾਲੀਵਾਲੇ 7 ਨਵੰਬਰ ਤੋਂ 13 ਨਵੰਬਰ ਤੱਕ ਸ਼ਬਦ ਕੀਰਤਨ ਕਰਨਗੇ। ਇਸ ਤੋਂ ਬਾਅਦ 23 ਦਸੰਬਰ ਤੋਂ 30 ਦਸੰਬਰ ਤੱਕ ਵੀ ਉਹ ਵਿਸ਼ੇਸ਼ ਕੀਰਤਨ ਦੀਵਾਨ ਸਜਾ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਹੋਰ ਜਾਣਕਾਰੀ ਲਈ ਗੁਰਨਾਮ ਸਿੰਘ ਪੰਮਾ ਨਾਲ ਫੋਨ 530-682-6444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗਾਖਲ ਵਲੋਂ ਸਮੂਹ ਸੰਸਥਾਵਾਂ ਨੂੰ ਗੁਰਦੁਆਰਾ ਸੈਨ ਹੋਜ਼ੇ ਲਈ ਖੁੱਲ੍ਹ ਕੇ ਮਾਇਆ ਭੇਟਾ ਕਰਨ ਦੀ ਅਪੀਲ

ਸੈਨ ਹੋਜ਼ੇ (ਬਿਊਰੋ): ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਸਮੂਹ ਸਿੱਖ ਸੰਸਥਾਵਾਂ, ਸਭਿਆਚਾਰਕ ਅਤੇ ਖੇਡ ਕਲੱਬਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਦੁਆਰਾ ਸੈਨ ਹੋਜ਼ੇ ਦੇ ਚੱਲ ਰਹੇ ਉਸਾਰੀ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਪਾਰਟੀ ਅਤੇ ਧੜੇਬੰਦਕ ਸੋਚ ਤੋਂ ਉਪਰ ਉਠ ਕੇ ਗੁਰੂ ਘਰ ਨੂੰ ਖੁਲ੍ਹ ਕੇ ਮਾਇਆ ਭੇਟ ਕਰਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸੈਨ ਹੋਜ਼ੇ ਦਾ ਉਸਾਰੀ ਪ੍ਰਾਜੈਕਟ ਜਦੋਂ ਮੁਕੰਮਲ ਹੋਇਆ ਤਾਂ ਆਪਣੇ ਆਪ ਵਿਚ ਇਹ ਗੁਰੂ ਘਰ ਇਕ ਅਜੂਬਾ ਹੋਵੇਗਾ। ਹੁਣ ਵੀ ਇਸ ਨੂੰ ਪਰਦੇਸਾਂ ਵਿਚ ਸਭ ਤੋਂ ਵੱਡਾ ਗੁਰੂ ਘਰ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਨਵੇਂ ਸਾਲ ਉਤੇ ਹਰ ਗੁਰਸਿੱਖ ਪਰਿਵਾਰ ਗੁਰੂ ਘਰ ਨੂੰ ਘੱਟੋ ਘੱਟ ਇਕ ਸੌ ਡਾਲਰ ਦੀ ਭੇਟਾ ਜ਼ਰੂਰ ਕਰੇ ਤਾਂ ਜੋ ਅਰੰਭ ਕੀਤਾ ਗਿਆ ਉਸਾਰੀ ਪ੍ਰਾਜੈਕਟ ਬਿਨਾ ਕਿਸੇ ਦਿੱਕਤ ਤੋਂ ਨੇਪਰੇ ਚਾੜ੍ਹਿਆ ਜਾ ਸਕੇ।




ਅਮੋਲਕ ਸਿੰਘ ਗਾਖਲ

ਸ. ਗਾਖਲ ਨੇ ਗੁਰਦੁਆਰਾ ਪ੍ਰਬੰਧਕਾਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਨਵੇਂ ਦੀਵਾਨ ਹਾਲ ਅਤੇ ਲੰਗਰ ਹਾਲ ਦੀ ਘੱਟ ਤੋਂ ਘੱਟ ਲਾਗਤ ਨਾਲ ਅਤੇ ਘੱਟ ਤੋਂ ਘੱਟ ਸਮੇਂ ਅੰਦਰ ਕੀਤੀ ਗਈ ਉਸਾਰੀ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਵਲੋਂ ਗੁਰੂ ਘਰ ਦੇ ਨਾਲ ਖੇਡ ਮੈਦਾਨ ਬਣਾਉਣ ਦੀ ਉਨ੍ਹਾਂ ਦੀ ਅਪੀਲ ਨੂੰ ਭਰੇ ਗਏ ਹਾਂਪੱਖੀ ਹੁੰਗਾਰੇ ਲਈ ਵੀ ਸਰਾਹਨਾ ਕੀਤੀ। ਸ. ਗਾਖਲ ਨੇ ਆਖਿਆ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਤਜਵੀਜ਼ਸ਼ੁਦਾ ਖੇਡ ਮੈਦਾਨ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਮਾਇਕ ਤੰਗੀ ਨਾ ਆਵੇ। ਚੇਤੇ ਰਹੇ, ਕੁਝ ਹਫਤੇ ਪਹਿਲਾਂ ਸ. ਗਾਖਲ ਨੇ ਸਮੂਹ ਗੁਰੂ ਘਰਾਂ ਨੂੰ ਅਪੀਲ ਕੀਤੀ ਸੀ ਕਿ ਜਿਨ੍ਹਾਂ ਪਾਸ ਲੋੜੀਂਦੀ ਜ਼ਮੀਨ ਹੈ ਉਹ ਗੁਰੂ ਘਰ ਦੇ ਨਾਲ ਖੇਡ ਮੈਦਾਨ ਜ਼ਰੂਰ ਬਣਾਉਣ ਤਾਂ ਜੋ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ ਅਤੇ ਸਟੇਡੀਅਮ ਕਿਰਾਏ 'ਤੇ ਲੈਣ ਉਪਰ ਖਰਚ ਹੁੰਦਾ ਭਾਈਚਾਰੇ ਦਾ ਪੈਸਾ ਵੀ ਬਚਾਇਆ ਜਾ ਸਕੇ। ਇਹ ਵੀ ਜ਼ਿਕਰਯੋਗ ਹੈ ਕਿ ਇਸ ਵੇਲੇ ਸੈਨ ਹੋਜ਼ੇ ਗੁਰੂ ਘਰ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸ. ਗਾਖਲ ਦੀ ਇਸ ਅਪੀਲ ਨੂੰ ਹਾਂਪੱਖੀ ਹੁੰਗਾਰਾ ਦਿੱਤਾ ਸੀ। ਚੇਤੇ ਰਹੇ, ਗੁਰਦੁਆਰਾ ਸੈਨ ਹੋਜ਼ੇ ਪਾਸ ਖੇਡ ਮੈਦਾਨ ਬਣਾਉਣ ਲਈ ਲੋੜੀਂਦੀ ਜ਼ਮੀਨ ਮੌਜੂਦ ਹੈ।

# ਸਿਆਸੀ ਰੰਗ 'ਚ ਰੰਗਿਆ ਕਬੱਡੀ ਕੱਪ

*(ਸਫਾ ਇਕ ਦੀ ਬਾਕੀ)*

ਨਾਲ ਰੱਜ ਕੇ ਤਸਵੀਰਾਂ ਖਿੱਚਵਾਈਆਂ। ਸ਼ਾਹਰੁਖ ਨੇ ਜਿੱਥੇ ਪੰਜਾਬੀਆਂ ਦੇ ਜੋਸ਼ ਦੀ ਗੱਲ ਕੀਤੀ, ਉਥੇ ਉਸ ਨੇ ਬਾਦਲ ਪਰਿਵਾਰ ਦੀ ਵਡਿਆਈ ਤੋਂ ਇਲਾਵਾ ਮਾਂ ਖੇਡ ਕਬੱਡੀ ਦੀ ਪ੍ਰਸੰਸਾ ਵੀ ਕੀਤੀ। ਇਸ ਮੌਕੇ ਗਾਇਕ ਸੁਖਵਿੰਦਰ ਅਤੇ ਸ਼ਾਹਰੁਖ਼ ਖ਼ਾਨ ਨੇ 'ਚੱਕ ਦੇ' ਗੀਤ 'ਤੇ ਡਾਂਸ ਵੀ ਕੀਤਾ। ਉਦਘਾਟਨੀ ਸਮਾਗਮ ਦੇ ਆਗਾਜ਼ ਮੌਕੇ ਖੇਡ ਸਟੇਡੀਅਮ ਭਰਿਆ ਹੋਇਆ ਸੀ। ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹੋਏ ਸਮਾਰੋਹ 'ਚ ਸ੍ਰੀਲੰਕਾ ਦੇ ਇਕ ਸੂਬੇ ਦੇ ਮੁੱਖ ਮੰਤਰੀ ਪੁੱਜੇ ਹੋਏ ਸਨ, ਬਾਕੀ ਮੁਲਕਾਂ ਤੋਂ ਕੋਈ ਵੀ.ਆਈ.ਪੀ. ਹਾਜ਼ਰ ਨਹੀਂ ਹੋਇਆ। ਸਮਾਰੋਹ ਵਿਚ 15 ਕੌਮਾਂਤਰੀ ਟੀਮਾਂ ਦੇ ਸਵਾ ਦੋ ਸੌ ਖਿਡਾਰੀਆਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ 'ਚ ਭਾਰਤੀ ਕਬੱਡੀ ਟੀਮ ਤੇ ਭਾਰਤ ਦੀ ਲੜਕੀਆਂ ਦੀ ਟੀਮ ਵੀ ਸ਼ਾਮਲ ਸੀ।

ਮੁੱਖ ਮਹਿਮਾਨ ਵਜੋਂ ਪੁੱਜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਸ਼ਵ ਕਬੱਡੀ ਕੱਪ ਦਾ ਝੰਡਾ ਲਹਿਰਾਇਆ। ਉਸ ਮਗਰੋਂ 15 ਕੌਮਾਂਤਰੀ ਟੀਮਾਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਵਾਗਤੀ ਭਾਸ਼ਣ ਕੀਤਾ। ਸ਼ੁਰੂਆਤ ਮੌਕੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਖਿਡਾਰੀਆਂ ਵੱਲੋਂ ਮਸ਼ਾਲ ਮਾਰਚ ਕੀਤਾ ਗਿਆ ਜਿਨ੍ਹਾਂ 'ਚ ਅਵਨੀਤ ਕੌਰ ਸਿੱਧੂ, ਅਮਨਦੀਪ ਸਿੰਘ, ਪਲਵਿੰਦਰ ਚੀਮਾ ਤੇ ਹਰਵੰਤ ਕੌਰ ਸ਼ਾਮਲ ਸਨ। ਰਸਮੀ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਪਹਿਲਾਂ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਰੰਗ ਬੰਨ੍ਹਿਆ। ਉਸ ਮਗਰੋਂ ਸਟੇਜ ਤੋਂ ਗਾਇਕ ਨਛੱਤਰ ਗਿੱਲ, ਅਮਰਿੰਦਰ ਗਿੱਲ ਤੇ ਮਿਸ ਪੂਜਾ ਨੇ ਵੀ ਆਪਣੀ ਹਾਜ਼ਰੀ ਲਵਾਈ।


Law Offices of Gill & Heridis

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

Personal Injury
■Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਸਾਂਝੇ ਮੋਰਚੇ ਵੱਲੋਂ ਪੰਜਾਬੀਆਂ ਨੂੰ 'ਇੱਜ਼ਤ ਸੰਭਾਲਣ' ਦਾ ਸੱਦਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ, ਸੀ.ਪੀ.ਆਈ., ਸੀ.ਪੀ.ਐਮ. ਤੇ ਅਕਾਲੀ ਦਲ ਲੌਂਗੋਵਾਲ ਵੱਲੋਂ ਬਣਾਏ ਗਏ ਸਾਂਝੇ ਮੋਰਚੇ ਨੇ ਸਾਂਝਾ ਪ੍ਰੋਗਰਾਮ ਤਿਆਰ ਕਰ ਲਿਆ ਹੈ ਜੋ ਛੇ ਨਵੰਬਰ ਨੂੰ ਸ਼ੁਰੂ ਹੋ ਰਹੀ 'ਇੱਜਤ ਸੰਭਾਲ ਯਾਤਰਾ' ਮੌਕੇ ਪਿੰਡ ਢੁੱਡੀਕੇ ਵਿਖੇ ਜਾਰੀ ਕੀਤਾ ਜਾਵੇਗਾ। ਸੀ.ਪੀ.ਆਈ. ਦੇ ਸੂਬਾਈ ਆਗੂ ਡਾ. ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਸਾਂਝੇ ਮੋਰਚੇ ਵੱਲੋਂ ਤਿਆਰ ਘੱਟੋ-ਘੱਟ ਸਾਂਝਾ ਪ੍ਰੋਗਰਾਮ ਪੰਜਾਬ ਵਾਸੀਆਂ ਦੇ ਹਿੱਤਾਂ ਵਿਚ ਹੋਵੇਗਾ ਜਿਸ ਵਿਚ ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਕਾਇਮ ਕਰਨ ਸਮੇਤ ਲੋਕ ਹਿੱਤਾਂ ਦੀਆਂ ਗੱਲਾਂ ਸ਼ਾਮਲ ਹੋਣਗੀਆਂ।

ਸਾਂਝੇ ਮੋਰਚੇ ਵੱਲੋਂ ਬਸਪਾ ਨੂੰ ਨਾਲ ਰਲਾਉਣ ਲਈ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਜ਼ਿੰਮੇਵਾਰੀ ਲਾਈ ਗਈ ਹੈ ਤੇ ਉਨ੍ਹਾਂ ਇਸ ਮਾਮਲੇ ਵਿਚ ਬਸਪਾ ਮੁਖੀ ਕੁਮਾਰੀ ਮਾਇਆਵਤੀ ਨਾਲ ਸੰਪਰਕ ਬਣਾਇਆ ਹੋਇਆ ਹੈ। ਇਸ ਬਾਰੇ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਬਹੁਜਨ ਸਮਾਜ ਪਾਰਟੀ ਨੂੰ ਸਾਂਝੇ ਮੋਰਚੇ 'ਚ ਸ਼ਾਮਲ ਕਰਨ ਦੀ ਚੱਲ ਰਹੀ ਗੱਲਬਾਤ ਨੇਪਰੇ ਚੜ੍ਹ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀਆਂ ਪੰਜਾਬ ਅੰਦਰ ਨੌਂ ਫੀਸਦੀ ਵੋਟਾਂ ਹਨ। ਸਾਂਝੇ ਮੋਰਚੇ ਨਾਲ ਉਨ੍ਹਾਂ ਦੇ ਘੱਟੋ ਘੱਟ ਪ੍ਰੋਗਰਾਮ ਮੇਲ ਖਾਂਦੇ ਹਨ। ਉਨ੍ਹਾਂ ਕਿਹਾ ਕਿ ਜੇ ਸਮਝੌਤਾ ਸਿਰੇ ਚੜ੍ਹ ਜਾਂਦਾ ਹੈ ਤਾਂ ਇਹ ਹਮਖਿਆਲ ਸਾਂਝ ਹੋਵੇਗੀ।

ਕਮਿਊਨਿਸਟ ਪਾਰਟੀਆਂ ਦੇ ਆਧਾਰ ਗਵਾਉਣ ਬਾਰੇ ਚਰਚਾ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਕਮਿਊਨਿਸਟ ਪਾਰਟੀਆਂ ਅਸੂਲਪ੍ਰਸਤ ਹਨ। ਉਨ੍ਹਾਂ ਦੀ ਪਾਰਟੀ ਇਨ੍ਹਾਂ ਪਾਰਟੀਆਂ ਨਾਲ ਮਿਲ ਕੇ ਸੂਬੇ ਤੇ ਦੇਸ਼ ਦੇ ਲੋਕਾਂ ਵਿਚ ਸਿਆਸੀ ਜਾਗ੍ਰਿਤੀ ਲਹਿਰ ਖੜ੍ਹੀ ਕਰੇਗੀ ਜਿਸ ਦੀ ਸਮੇਂ ਨੂੰ ਬਹੁਤ ਜਿਆਦਾ ਲੋੜ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਹੋਰ ਵੀ ਹਮਖਿਆਲ ਪਾਰਟੀਆਂ ਉਨ੍ਹਾਂ ਨਾਲ ਸਾਂਝ ਪਾ ਸਕਦੀਆਂ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਸਾਂਝੇ ਮੋਰਚੇ ਦੇ ਉਮੀਦਵਾਰਾਂ ਦਾ ਐਲਾਨ ਜਲਦੀ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਪਹਿਲੀ ਵਾਰ ਹੋਵੇਗਾ



ਕਿ ਪਾਰਟੀ ਦਾ ਚੋਣ ਮੈਨੀਫੈਸਟੋ ਆਮ ਲੋਕਾਂ ਦੀ ਰਾਇ ਲੈ ਕੇ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 6 ਨਵੰਬਰ ਨੂੰ ਲਾਲਾ ਲਾਜਪਤ ਰਾਏ ਦੀ ਜਨਮ ਭੂਮੀ ਢੁਡੀਕੇ ਤੋਂ ਪੰਜਾਬ ਦੇ ਹਜ਼ਾਰਾਂ ਲੋਕ 'ਪੰਜਾਬ ਦੀ ਇੱਜ਼ਤ ਬਚਾਓ' ਮੁਹਿੰਮ ਵਿਚ ਸ਼ਾਮਲ ਹੋਣਗੇ।

ਸ. ਬਾਦਲ ਨੇ ਕਿਹਾ ਕਿ ਪੰਜਾਬ ਵਿਚ ਖਾਸਕਰ ਪਿਛਲੇ ਪੰਜ ਸਾਲਾਂ 'ਚ ਫੈਲੇ ਭ੍ਰਿਸ਼ਟਾਚਾਰ ਨੇ ਸੂਬੇ ਦੀ ਆਰਥਿਕਤਾ ਦਾ ਲੱਕ ਤੋੜ ਦਿੱਤਾ ਹੈ ਤੇ ਪੀਪਲਜ਼ ਪਾਰਟੀ ਆਫ ਪੰਜਾਬ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਦੌਰਾਨ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਕਰਵਾਉਣ ਲਈ ਵਿਸ਼ੇਸ਼ ਰੂਪ 'ਚ ਪੰਜ ਕਮਿਸ਼ਨ ਗਠਿਤ ਕਰੇਗੀ। ਇਹ ਕਮਿਸ਼ਨ ਪਹਿਲ ਦੇ ਆਧਾਰ 'ਤੇ ਟਰਾਂਸਪੋਰਟ ਖੇਤਰ, ਕੇਬਲ ਨੈਟਵਰਕ ਮਾਫੀਆ, ਰੇਤ ਮਾਫੀਆ, ਬਿਜਲੀ ਉਤਪਾਦਨ ਲਈ ਵਰਤੇ ਜਾਂਦੇ ਕੋਲੇ ਦਾ ਘਪਲਾ ਤੇ ਨਸ਼ਾ ਵੇਚਣ ਵਾਲੇ ਗਰੋਹਾਂ ਪਿੱਛੇ ਕੰਮ ਕਰ ਰਹੇ ਲੋਕਾਂ ਦੀ ਜਾਂਚ ਕਰੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਘੁਟਾਲਿਆਂ ਦੀ ਨਿਰਪੱਖ ਜਾਂਚ ਲਈ ਮਾਣਯੋਗ ਹਾਈਕੋਰਟ ਦੇ ਕਿਸੇ ਵੀ ਸੇਵਾ ਮੁਕਤ ਜੱਜ ਨੂੰ ਜਿੰਮੇਵਾਰੀ ਸੌਂਪੀ ਜਾਵੇਗੀ। ਕਮਿਸ਼ਨ ਰਿਪੋਰਟ ਛੇ ਮਹੀਨਿਆਂ ਦੇ ਅੰਦਰ ਅੰਦਰ ਦੇਣਗੇ ਜਿਸ ਵਿਚ ਉਹ ਕਸੂਰਵਾਰ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਗੱਲ ਕਹਿਣ ਤੋਂ ਇਲਾਵਾ ਕੰਮ ਨੂੰ ਪਾਰਦਰਸ਼ੀ ਬਨਾਉਣ ਲਈ ਆਪਣੇ ਸੁਝਾਅ ਵੀ ਦੇਣਗੇ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਸੂਬੇ ਦੇ ਖਜ਼ਾਨੇ ਨੂੰ ਪ੍ਰਤੀ ਸਾਲ 2 ਹਜ਼ਾਰ ਕਰੋੜ ਰੁਪਏ ਦਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ 'ਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਦੇ ਸਮੇਂ ਦੌਰਾਨ ਹੁਕਮਰਾਨਾਂ ਨੇ ਪੰਜਾਬ ਦੀ ਆਰਥਿਕਤਾ ਤਬਾਹ ਕਰਕੇ ਰੱਖ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਅੰਦਾਜ਼ਨ 10 ਹਜ਼ਾਰ ਕਰੋੜ ਰੁਪਏ ਦਾ ਇਨ੍ਹਾਂ ਪੰਜ ਖੇਤਰਾਂ 'ਚ ਘਪਲਾ ਹੋਇਆ ਹੈ।

ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਪਹਿਲੇ ਸੌ ਦਿਨਾਂ 'ਚ ਇਸ ਕਮਿਸ਼ਨ ਦਾ ਕਾਇਮ ਹੋਵੇਗਾ ਤੇ ਉਹ ਯਕੀਨ ਨਾਲ ਕਹਿ ਸਕਦੇ ਹਨ ਕਿ ਇਸ ਜਾਂਚ 'ਚ ਉਨ੍ਹਾਂ ਪ੍ਰਮੁੱਖ ਆਗੂਆਂ ਦੇ ਨਾਮ ਵੀ ਉਜਾਗਰ ਹੋਣਗੇ ਜੋ ਖੁਦ ਅੱਜ ਲੋਕਾਂ ਸਾਹਮਣੇ ਭ੍ਰਿਸ਼ਟਾਚਾਰ ਖਤਮ ਕਰਨ ਦਾ ਪਾਠ ਪੜ੍ਹਾਉਂਦੇ ਨਜ਼ਰ ਆਉਂਦੇ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਆਦਮੀ ਭਾਵੇਂ ਉਹ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ਜੇਕਰ ਉਹ ਜਾਂਚ ਦੇ ਘੇਰੇ 'ਚ ਆਇਆ ਤਾਂ ਬਖਸ਼ਿਆ ਨਹੀਂ ਜਾਵੇਗਾ ਤੇ ਉਸ ਵਿਰੁੱਧ ਕਾਨੂੰਨੀ ਮਾਹਿਰਾਂ ਦੀ ਰਾਇ ਲੈ ਕੇ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇਗਾ।

## ਯੂਬਾ ਸਿਟੀ ਵਿਚ ਬੱਚਿਆਂ ਵਲੋਂ ਰੈਣ ਸਬਾਈ ਕੀਰਤਨ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਲੰਘੀ 29 ਅਕਤੂਬਰ ਨੂੰ ਕੈਲੀਫੋਰਨੀਆ ਦੇ ਵੱਖ ਵੱਖ ਖੇਤਰਾਂ ਤੋਂ ਆਏ ਬੱਚਿਆਂ ਵਲੋਂ ਰੈਣ ਸਬਾਈ ਕੀਰਤਨ ਕੀਤਾ ਗਿਆ। ਸੈਕਰਾਮੈਂਟੋ, ਫਰੀਮਾਂਟ, ਟਰੇਸੀ, ਯੂਬਾ ਸਿਟੀ ਤੋਂ ਆਏ ਬੱਚਿਆਂ ਦੇ ਪੰਜ ਗਰੁਪਾਂ ਨੇ ਤੰਤੀ ਸਾਜ਼ਾਂ ਨਾਲ ਸਹੀ ਰਾਗਾਂ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਮੰਚ ਸੰਚਾਲਨ ਭਾਈ ਪਰਮਿੰਦਰ ਸਿੰਘ ਗਰੇਵਾਲ ਨੇ ਕੀਤਾ ਜਿਨ੍ਹਾਂ ਨੇ ਨਾਲੋ ਨਾਲ ਬਾਣੀ ਦੇ ਰਾਗਾਂ ਬਾਰੇ ਵੀ ਜਾਣਕਾਰੀ ਦਿੱਤੀ।

## 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਿਸਾਬ ਕਿਤਾਬ 'ਚ ਵੱਡੇ ਘਪਲੇ'

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ 1920 ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਦਰਬਾਰ ਸਾਹਿਬ ਦੀ ਆਮਦਨ ਘਟਣ ਪਰ ਸਿਰੋਪੇ ਤੇ ਲੰਗਰ ਦੇ ਵਧ ਰਹੇ ਖਰਚਿਆਂ ਬਾਰੇ ਬਹਿਸ ਕਰਨ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਇਹ ਗੱਲ ਸਪੱਸ਼ਟ ਕਰਦੀ ਹੈ ਕਿ ਗੁਰੂ ਕੀ ਗੋਲਕ ਵਿਚ ਵੱਡੀ ਪੱਧਰ 'ਤੇ ਘਪਲਾ ਹੋ ਰਿਹਾ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਰਘਬੀਰ ਸਿੰਘ ਰਾਜਾਸਾਂਸੀ ਨੇ ਕਿਹਾ ਕਿ ਪਿਛਲੇ ਚਾਰਹ ਸਾਲਾਂ ਤੋਂ ਸੰਗਤਾਂ ਦੀ ਆਮਦ ਵਧੀ ਹੈ ਪਰ ਦਰਬਾਰ ਸਾਹਿਬ ਦੀ ਆਮਦਨ 2008-09 ਵਿਚ 19.77 ਪ੍ਰਤੀਸ਼ਤ ਵਧੀ ਸੀ ਤੇ ਉਹ ਘਟ ਕੇ 2009-10 ਵਿਚ 9.65 ਫੀਸਦੀ ਰਹਿ ਗਈ। ਉਨ੍ਹਾਂ ਕਿਹਾ ਕਿ ਸਿਰੋਪੇ ਦਾ ਖਰਚ ਪਿਛਲੇ ਸਾਲਾਂ ਦੇ ਮੁਕਾਬਲੇ ਸੌ ਫੀਸਦ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਸਿਰੋਪੇ ਦਾ ਖਰਚ 4 ਕਰੋੜ 6 ਲੱਖ ਤੋਂ ਸਿੱਧਾ ਸੰਗਤਾਂ ਨੂੰ ਮੁਫਤ ਨਹੀਂ ਦਿੱਤਾ ਜਾਂਦਾ ਤੇ ਜਨਰਲ ਹਾਊਸ ਵਿਚ ਇਸ ਦੀ ਪ੍ਰਵਾਨਗੀ ਸਰਫ 4 ਕਰੋੜ 70 ਲੱਖ ਦੀ ਲਈ ਗਈ ਸੀ।

ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਦੇ ਲੰਗਰ ਦਾ ਖਰਚ ਵੀ ਪਿਛਲੇ ਸਾਲਾਂ ਦੇ ਮੁਕਾਬਲੇ 54 ਫੀਸਦੀ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਘਪਲੇਬਾਜ਼ੀ ਨੂੰ ਰੋਕਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਹਰ ਸਾਲ ਨਵੰਬਰ ਵਿਚ ਹੁੰਦੀ ਅਹੁਦੇਦਾਰਾਂ ਦੀ ਚੋਣ ਸਮੇਂ ਤਬਦੀਲੀ ਕਰਨੀ ਚਾਹੀਦੀ ਸੀ ਤੇ ਅਜਿਹਾ ਨਾ ਹੋਣ ਕਰਕੇ ਹੀ ਸ਼੍ਰੋਮਣੀ ਕਮੇਟੀ ਵਿਚ ਭ੍ਰਿਸ਼ਟਾਚਾਰ ਫੈਲ ਰਿਹਾ ਹੈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਵਿਚ ਚੁਪੱਤਰੇ ਨਾਂ ਦਾ ਇਕ ਰਜਿਸਟਰ ਲੱਗਿਆ ਹੁੰਦਾ ਸੀ ਜਿਸ ਵਿਚ ਚੜ੍ਹਤ ਵਿਚ ਆਇਆ ਸੋਨਾ, ਚਾਂਦੀ ਤੇ 500 ਤੇ ਹਜ਼ਾਰ ਵਾਲੇ ਨੋਟਾਂ ਦੀ ਗਿਣਤੀ ਲਿਖੀ ਜਾਂਦੀਸੀ। ਇਸ ਤੋਂ ਇਲਾਵਾ ਦਿੱਤੇ ਜਾਣ ਵਾਲੇ ਸਿਰੋਪਿਆਂ ਦੀ ਗਿਣਤੀ ਵੀ ਲਿਖੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਸੋਨੇ-ਚਾਂਦੀ ਦੀ ਚੜ੍ਹਤ ਤਾਂ ਚੜ੍ਹਾਈ ਜਾਂਦੀ ਹੈ ਪਰ ਨੋਟਾਂ ਦੀ ਗਿਣਤੀ ਹੁਣ ਨਹੀਂ ਲਿਖੀ ਜਾਂਦੀ। ਉਨ੍ਹਾਂ ਕਿਹਾ ਕਿ ਇਹ ਸਿਸਟਮ ਬੰਦ ਕਰਨਾ ਘਪਲੇਬਾਜ਼ੀ ਨੂੰ ਜਨਮ ਦੇਣਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਕਾਨਫਰੰਸ, ਨਿੱਜੀ ਪ੍ਰੋਗਰਾਮ ਤੇ ਸੰਗਤ ਦਰਸ਼ਨਾਂ ਸਮੇਂ ਲੰਗਰ ਭੇਜਣ ਕਾਰਨ ਲੰਗਰ ਦਾ ਖਰਚਾ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਮਾਲਕ ਨਹੀਂ ਹਨ ਸਗੋਂ ਸਿੱਖ ਸੰਗਤਾਂ ਨੂੰ ਸਾਫ ਸੁਥਰਾ ਪ੍ਰਬੰਧ ਦੇਣ ਲਈ ਉਹ ਇਕ ਸਾਲ ਲਈ ਚੁਣੇ ਜਾਂਦੇ ਹਨ।




# Buy a Home With Zero Cash! No Money Down!

Amardeep Singh
Ph:916-712-2735
DRE#01357217

For FREE list of properties and pre-recorded information on how "NO MONEY DOWN" Program Work.
Govt. Loans, USDA, VA, Down Assistance Program and many more. Call Toll Free:1-888-450-6603 ID#4074



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242




**$149,000**
**Antelope – $604**
Great schools, separate family & living. Quite Street. Pvt. back yard. Walking distance to plazas. **FREE INFO: 1-888-450-6603,** ID#4212



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$151,000**
**Antelope - $615**
Charming home. Excellent school district. Open lay out. Eat in Kitchen. Beautiful Neighborhood. **FREE INFO: 1-888-450-6603,** ID#4248



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਂਗਰਸ ਵੱਲੋਂ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦਾ ਵਿਰੋਧ

ਪੰਜਾਬ ਫੇਰੀ ਦਾ ਸਖ਼ਤ ਵਿਰੋਧ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਅਕਾਲੀ-ਭਾਜਪਾ ਸਰਕਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਪੰਜਾਬ ਫੇਰੀ 'ਤੇ ਬੁਲਾ ਕੇ ਇਸ ਦਾ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਨਵੰਬਰ ਦੇ ਅੱਧ ਤੱਕ ਕੋਈ ਜਵਾਬ ਨਾ ਆਉਣ ਦੀ ਸੂਰਤ ਵਿਚ ਇਸ ਭਵਨ ਦਾ ਉਦਘਾਟਨ ਆਪਣੇ ਤੌਰ 'ਤੇ ਹੀ ਨਵੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਵਿਚ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਦੌਰਾਨ ਡਾ. ਮਨਮੋਹਨ ਸਿੰਘ ਨੇ ਇਸ ਪ੍ਰਾਜੈਕਟ ਦਾ ਉਦਘਾਟਨ ਕਰਨ ਲਈ ਨਵੰਬਰ ਦੇ ਅੱਧ ਤੱਕ ਪੰਜਾਬ ਆਉਣ ਦੀ ਹਾਮੀ ਭਰੀ ਸੀ ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਇਸ ਪ੍ਰਾਜੈਕਟ ਦਾ ਉਦਘਾਟਨ ਕਰਨ ਲਈ ਪੰਜਾਬ ਨਾ ਆਉਣ ਬਾਰੇ ਲਿਖੇ ਗਏ ਪੱਤਰ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਦੀ ਫੇਰੀ ਦੇ ਕੀਤੇ ਗਏ ਵਿਰੋਧ ਤੋਂ ਬਾਅਦ ਪ੍ਰਧਾਨ ਮੰਤਰੀ ਸਕੱਤਰੇਤ ਵੱਲੋਂ ਇਸ ਮੁੱਦੇ 'ਤੇ ਖ਼ਾਮੋਸ਼ੀ ਧਾਰ ਲਈ ਗਈ ਹੈ ਤੇ ਮਾਮਲਾ ਵਿਚ-ਵਿਚਾਲੇ ਲਟਕ ਗਿਆ ਹੈ।

ਉਂਜ, ਕੇਂਦਰ ਸਰਕਾਰ ਦੇ ਅਧਿਕਾਰੀਆਂ ਦੀ ਟੀਮ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਲਈ ਮੌਕੇ ਦਾ ਜਾਇਜ਼ਾ ਜ਼ਰੂਰ ਲਿਆ ਗਿਆ ਕਿ ਮਗਰਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਇਸ ਪ੍ਰਾਜੈਕਟ ਦਾ ਉਦਘਾਟਨ ਪਹਿਲਾਂ ਹੀ ਹੋ ਚੁੱਕਾ ਹੈ। ਉਥੇ ਲੱਗੇ ਪੱਥਰ 'ਤੇ ਵੀ ਉਕਰਿਆ ਹੋਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਘੀਆਂ ਤੇ ਸਨਮਾਨਤ ਸਿੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਇਹ ਪ੍ਰਾਜੈਕਟ ਸਿੱਖ ਸੰਗਤ ਨੂੰ ਅਰਪਿਤ ਕੀਤਾ ਗਿਆ ਹੈ। ਕੈਪਟਨ ਦੇ ਦਾਅਵੇ 'ਚ ਵੀ ਭਾਵੇਂ ਸੱਚਾਈ ਹੈ ਪਰ ਸਾਹਮਣੇ ਆਏ ਤੱਥਾਂ ਤੋਂ ਇਹ ਵੀ ਸਪੱਸ਼ਟ ਹੋਇਆ ਹੈ ਕਿ ਉਸ ਵੇਲੇ ਕੇਵਲ ਲਾਇਬ੍ਰੇਰੀ ਤੇ ਕੈਫ਼ੇ ਏਰੀਆ ਦੀ ਇਮਾਰਤ ਹੀ ਬਣੀ ਸੀ। ਵਿਰਾਸਤ ਪ੍ਰਾਜੈਕਟ ਦੇ ਮਿਊਜ਼ੀਅਮ ਦੀਆਂ ਗੈਲਰੀਆਂ ਤੇ ਦੂਜੀਆਂ ਇਮਾਰਤਾਂ ਉਸ ਤੋਂ ਬਾਅਦ ਵਿਚ ਬਣੀਆਂ।

ਪ੍ਰਧਾਨ ਮੰਤਰੀ ਦੀ ਫੇਰੀ ਬਾਰੇ ਭਾਵੇਂ ਅਜੇ ਕੁਝ ਵੀ ਸਪਸ਼ਟ ਨਹੀਂ ਹੋ ਸਕਿਆ ਪਰ ਰਾਜ ਸਰਕਾਰ ਵੱਲੋਂ ਵੀ ਇਸ ਭਵਨ ਦੇ ਉਦਘਾਟਨ ਲਈ ਤਿਆਰੀਆਂ ਜਾਰੀ ਹਨ ਤੇ ਇਸ ਮੌਕੇ ਹੋਣ ਵਾਲੇ ਵੱਡੇ ਸਮਾਗਮ ਦੇ ਪ੍ਰਬੰਧਾਂ ਦੇ ਜਾਇਜ਼ੇ ਲਈ ਰਾਜ ਦੇ ਮੁੱਖ ਸਕੱਤਰ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਸੁਰੱਖਿਆ ਪ੍ਰਬੰਧਾਂ ਲਈ ਵੀ ਦੂਜੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਸਰਕਾਰੀ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਵੱਲੋਂ ਉਦਘਾਟਨ ਬਾਰੇ ਕੋਈ ਸੂਚਨਾ ਜਾਂ ਹੁੰਗਾਰਾ ਨਾ ਮਿਲਣ ਦੀ ਸੂਰਤ ਵਿਚ ਪੰਜਾਬ ਸਰਕਾਰ ਘੱਲੂਘਾਰਿਆਂ ਦੀਆਂ ਯਾਦਗਾਰਾਂ ਦੇ ਉਦਘਾਟਨੀ ਸਮਾਰੋਹਾਂ ਤੋਂ ਪਹਿਲਾਂ ਹੀ 25 ਨਵੰਬਰ ਨੂੰ ਸਿੱਖ ਵਿਰਾਸਤ ਪ੍ਰਾਜੈਕਟ ਦਾ ਉਦਘਾਟਨ ਕਰ ਸਕਦੀ ਹੈ।

ਪੰਜਾਬ ਸਰਕਾਰ 24 ਨਵੰਬਰ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਵਸ ਤੋਂ ਅਗਲੇ ਦਿਨ ਹੀ ਇਹ ਸਮਾਗਮ ਰੱਖਣ ਦੀ ਇੱਛੁਕ ਹੈ। ਪੰਜਾਬ ਸਰਕਾਰ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਹੀ ਇਸ ਪ੍ਰਾਜੈਕਟ ਦਾ ਉਦਘਾਟਨ ਕਰਨਾ ਚਾਹੁੰਦੀ ਹੈ ਤਾਂ ਜੋ ਅਚਾਨਕ ਚੋਣ ਜ਼ਾਬਤਾ ਲੱਗਣ ਦੀ ਸੂਰਤ ਵਿਚ ਸਰਕਾਰ ਨੂੰ ਇਸ ਬਾਰੇ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਮੁਹਾਲੀ ਵਿਖੇ ਕੌਮਾਂਤਰੀ ਹਵਾਈ ਅੱਡੇ ਦਾ ਪ੍ਰਧਾਨ ਮੰਤਰੀ ਵੱਲੋਂ ਸਿੱਖ ਵਿਰਾਸਤ ਪ੍ਰਾਜੈਕਟ ਦੇ ਨਾਲ ਹੀ ਨੀਂਹ ਪੱਥਰ ਰੱਖੇ ਜਾਣ ਦਾ ਸਮਾਗਮ ਵੀ ਅਨਿਸ਼ਚਿਤਤਾ ਦਾ ਸ਼ਿਕਾਰ ਬਣਿਆ ਹੋਇਆ ਹੈ, ਹਾਲਾਂਕਿ ਏਅਰਪੋਰਟ ਅਥਾਰਟੀ ਆਫ਼ ਇੰਡੀਆ ਵੱਲੋਂ ਤੈਅ ਪ੍ਰੋਗਰਾਮ ਅਨੁਸਾਰ ਇਸ ਕੌਮਾਂਤਰੀ ਹਵਾਈ ਅੱਡੇ ਲਈ ਉਸਾਰੀ ਦਾ ਕੰਮ ਕਿਸੇ ਨਿੱਜੀ ਕੰਪਨੀ ਨੂੰ ਅਲਾਟ ਕਰਨ ਦੀ ਪ੍ਰਕਿਰਿਆ 31 ਦਸੰਬਰ 2011 ਤੋਂ ਪਹਿਲਾਂ ਪੂਰੀ ਕੀਤੀ ਜਾਣੀ ਹੈ।

ਪ੍ਰਧਾਨ ਮੰਤਰੀ ਨੇ ਅਨੰਦਪੁਰ ਸਾਹਿਬ ਵਿਖੇ ਬਣੇ ਖਾਲਸਾ ਵਿਰਾਸਤੀ ਕੰਪਲੈਕਸ ਤੇ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਦਾ ਰਸਮੀ ਉਦਘਾਟਨ ਕਰਨ ਲਈ ਆਉਣ ਬਾਰੇ ਸਿਧਾਂਤਕ ਰੂਪ 'ਚ ਸਹਿਮਤੀ ਦੇ ਦਿੱਤੀ ਸੀ ਅਤੇ ਨਵੰਬਰ ਮਹੀਨੇ ਕੋਈ ਤਰੀਕ ਤੈਅ ਕਰਨ ਬਾਰੇ ਫੈਸਲਾ ਹੋਇਆ ਸੀ ਪਰ ਕੁਝ ਦਿਨ ਪਹਿਲਾਂ ਪੰਜਾਬ ਦੇ ਕਾਂਗਰਸ ਆਗੂਆਂ ਦੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਹੋਈ ਮੀਟਿੰਗ ਵਿਚ ਡਾ. ਮਨਮੋਹਨ ਸਿੰਘ 'ਤੇ ਅਕਾਲੀਆਂ ਪ੍ਰਤੀ 'ਨਰਮ' ਹੋਣ ਦੇ ਲਾਏ ਦੋਸ਼ਾਂ ਤੋਂ ਬਾਅਦ ਹੁਣ ਇਨ੍ਹਾਂ ਉਦਘਾਟਨਾਂ ਲਈ ਉਨ੍ਹਾਂ ਦੇ ਆਉਣ ਦੀ ਗੁੰਜਾਇਸ਼ ਘਟ ਗਈ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਇਨ੍ਹਾਂ ਦੋਵਾਂ ਅਹਿਮ ਪ੍ਰਾਜੈਕਟਾਂ ਦਾ ਉਦਘਾਟਨ ਕਰਨ ਲਈ ਆਉਣ ਦਾ ਸੱਦਾ ਦਿੱਤਾ ਸੀ ਤੇ ਪ੍ਰਧਾਨ ਮੰਤਰੀ ਨੇ ਇਸ ਨੂੰ ਪ੍ਰਵਾਨ ਕਰ ਲਿਆ ਸੀ।

## ਉਦਘਾਟਨ ਪ੍ਰਧਾਨ ਮੰਤਰੀ ਹੀ ਕਰਨ: ਬਾਦਲ

**ਬਠਿੰਡਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਖਾਲਸਾ ਵਿਰਾਸਤ ਕੰਪਲੈਕਸ ਦਾ ਉਦਘਾਟਨ ਕਰਨ ਲਈ ਪੰਜਾਬ ਆਉਣ। ਉਹ ਦੇਸ਼ ਦੇ ਪ੍ਰਧਾਨ ਮੰਤਰੀ ਹਨ ਤੇ ਉਹ 15 ਤੋਂ 25 ਨਵੰਬਰ ਦੇ ਦਰਮਿਆਨ ਇਸ ਪ੍ਰਾਜੈਕਟ ਦਾ ਉਦਘਾਟਨ ਕਰਨ।

ਸ. ਬਾਦਲ ਨੇ ਆਖਿਆ ਕਿ ਭਾਵੇਂ ਕੇਂਦਰੀ ਫਾਰਮੂਲੇ ਅਨੁਸਾਰ ਪੰਜਾਬ ਨੂੰ ਦੁਆਨੀ ਨਹੀਂ ਮਿਲਦੀ ਪਰ ਉਨ੍ਹਾਂ ਦੇ ਮਨ 'ਚ ਪ੍ਰਧਾਨ ਮੰਤਰੀ ਪ੍ਰਤੀ ਸਤਿਕਾਰ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਦੇ ਪੰਜਾਬ ਆਉਣ 'ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪਤਾ ਨਹੀਂ ਕਿਉਂ ਤਕਲੀਫ ਹੁੰਦੀ ਹੈ?

## ਡਾ. ਮਨਮੋਹਨ ਸਿੰਘ ਕਾਂਗਰਸ ਦੇ ਨਹੀਂ, ਦੇਸ਼ ਦੇ ਪ੍ਰਧਾਨ ਮੰਤਰੀ: ਸੁਖਬੀਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਡਾ. ਮਨਮੋਹਨ ਸਿੰਘ ਕਾਂਗਰਸ ਦੇ ਨਹੀਂ ਬਲਕਿ ਉਹ ਸਮੁੱਚੇ ਦੇਸ਼ ਦੇ ਪ੍ਰਧਾਨ ਮੰਤਰੀ ਹਨ ਤੇ ਇਸੇ ਕਾਰਨ ਉਨ੍ਹਾਂ ਨੂੰ ਪੰਜਾਬ ਦੇ ਦੋ ਅਹਿਮ ਪ੍ਰਾਜੈਕਟਾਂ ਦੀ ਸ਼ੁਰੂਆਤ ਲਈ ਅਕਾਲੀ-ਭਾਜਪਾ ਸਰਕਾਰ ਵੱਲੋਂ ਸੱਦਾ ਪੱਤਰ ਭੇਜਿਆ ਗਿਆ ਹੈ।

ਸੁਖਬੀਰ ਬਾਦਲ ਨੇ ਕਿਹਾ ਕਿ ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਕਾਂਗਰਸ ਅਜਿਹੇ ਮੁੱਦਿਆਂ 'ਤੇ ਵੀ ਸਿਆਸਤ ਖੇਡ ਰਹੀ ਹੈ ਤੇ ਪ੍ਰਧਾਨ ਮੰਤਰੀ ਨੂੰ ਪੰਜਾਬ ਆਉਣ ਤੋਂ ਰੋਕ ਕੇ ਪੰਜਾਬ ਲਈ ਅਜਿਹੇ ਮਹੱਤਵਪੂਰਨ ਪ੍ਰਾਜੈਕਟਾਂ ਨੂੰ ਲਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਅਕਾਲੀਆਂ ਤੇ ਕਾਂਗਰਸੀਆਂ ਦੀ ਖਹਿਬਾਜ਼ੀ ਪੰਜਾਬ ਦੇ ਹਿੱਤ 'ਚ ਨਹੀਂ: ਬੀਰਦਵਿੰਦਰ

**ਪਟਿਆਲਾ:** ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਨੂੰ ਲੈ ਕੇ ਅਕਾਲੀ ਤੇ ਕਾਂਗਰਸੀ ਆਗੂਆਂ ਦੀ ਖਹਿਬਾਜ਼ੀ ਪੰਜਾਬ ਦੇ ਵਡੇਰੇ ਹਿੱਤਾਂ ਨੂੰ ਢਾਹ ਲਾ ਰਹੀ ਹੈ।ਉਨ੍ਹਾਂ ਕਿਹਾ ਕਿ ਸਿਆਸਤਦਾਨ ਜਦੋਂ ਆਪਣੇ ਨਿੱਜੀ ਨਫ਼ੇ-ਨੁਕਸਾਨ ਦਾ ਹਿਸਾਬ ਕਿਤਾਬ ਲਾਉਂਦੇ ਹਨ ਤਾਂ ਉਸ ਸਮੇਂ ਇਹ ਪੱਖ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਪੰਜਾਬ ਪ੍ਰਤੀ ਵੀ ਕੁਝ ਫ਼ਰਜ਼ ਤੇ ਜ਼ਿਮੇਵਾਰੀਆਂ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਵੀ ਉਕਾਈ ਨਹੀਂ ਹੈ ਕਿ ਪੰਜਾਬ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਖਾਲਸਾ ਵਿਰਾਸਤੀ ਕੰਪਲੈਕਸ ਤੇ ਚੰਡੀਗੜ੍ਹ-ਮੁਹਾਲੀ ਕੌਮਾਂਤਰੀ ਹਵਾਈ ਅੱਡੇ ਦੇ ਉਦਘਾਟਨਾਂ ਲਈ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੱਦਾ ਦਿੱਤਾ ਹੈ ਪਰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦਾ ਬੇਵਜ੍ਹਾ ਵਿਰੋਧ ਕਰ ਰਹੇ ਹਨ।

## ਪ੍ਰਧਾਨ ਮੰਤਰੀ ਦੀ ਫੇਰੀ ਨੂੰ ਸਿਆਸਤ ਨਾਲ ਨਾ ਜੋੜਿਆ ਜਾਵੇ: ਰਾਮੂਵਾਲੀਆ

**ਸੈਕਰਾਮੈਂਟੋ:** ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਕਾਂਗਰਸ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪੰਜਾਬ ਫੇਰੀ ਨੂੰ ਸਿਆਸਤ ਨਾਲ ਜੋੜ ਕੇ ਨਾ ਵੇਖਿਆ ਜਾਵੇ।

ਅਮਰੀਕਾ ਫੇਰੀ 'ਤੇ ਆਏ ਸ. ਰਾਮੂਵਾਲੀਆ ਨੇ ਕਿਹਾ ਹੈ ਕਿ ਡਾ. ਮਨਮੋਹਨ ਸਿੰਘ ਪੂਰੇ ਦੇਸ਼ ਦੇ ਆਗੂ ਹਨ ਤੇ ਉਨ੍ਹਾਂ ਨੂੰ ਕਿਸੇ ਪਾਰਟੀ ਵਿਸ਼ੇਸ਼ ਨਾਲ ਜੋੜ ਕੇ ਨਹੀਂ ਵੇਖਿਆ ਜਾਣਾ ਚਾਹੀਦਾ। ਪ੍ਰਧਾਨ ਮੰਤਰੀ ਦੀ ਫੇਰੀ ਦਾ ਵਿਰੋਧ ਕਰਨ ਦੀ ਥਾਂ ਕਾਂਗਰਸ ਆਗੂਆਂ ਨੂੰ ਉਨ੍ਹਾਂ ਦਾ ਅੱਗੇ ਵਧ ਕੇ ਸਵਾਗਤ ਕਰਨਾ ਚਾਹੀਦਾ ਹੈ।

# ਪੰਜਾਬ ਵਿਚ ਵੱਜਿਆ ਚੋਣਾਂ ਦਾ ਬਿਗਲ

ਗੱਠਜੋੜ ਸਰਕਾਰ ਹੋਂਦ ਵਿਚ ਆ ਗਈ ਸੀ। ਮਾਲਵੇ ਦੀ ਅਹਿਮੀਅਤ ਹੋਣ ਕਾਰਨ ਸਾਰੀਆਂ ਸਿਆਸੀ ਧਿਰਾਂ ਇਸੇ ਖਿੱਤੇ 'ਚ ਸਰਗਰਮੀਆਂ ਵਧਾਉਣ 'ਤੇ ਜ਼ੋਰ ਦੇ ਰਹੀਆਂ ਹਨ। ਸੱਤਾ ਧਿਰ ਇਹ ਵੀ ਭਲੀਭਾਂਤ ਜਾਣਦੀ ਹੈ ਕਿ ਸਰਕਾਰ ਖ਼ਿਲਾਫ਼ ਮਾਲਵੇ 'ਚ ਹੀ ਸਭ ਤੋਂ ਜ਼ਿਆਦਾ ਬਾਗੀ ਸੁਰਾਂ ਉਠ ਰਹੀਆਂ ਹਨ ਤੇ ਇਸ ਨੂੰ ਇਸ ਬਗਾਵਤ ਦਾ ਲਾਹਾ ਕਾਂਗਰਸ ਜਾਂ ਸਾਂਝੇ ਮੋਰਚੇ ਨੂੰ ਹੋਣ ਦਾ ਡਰ ਵੱਢ ਵੱਢ ਖਾ ਰਿਹਾ ਹੈ।

ਇਸ ਸੱਤਾ ਵਿਰੋਧੀ ਅਸਰ ਨੂੰ ਘੱਟ ਕਰਨ ਲਈ ਪੰਜਾਬ ਸਰਕਾਰ ਵੱਲੋਂ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਬਠਿੰਡਾ ਤੋਂ ਕੀਤੀ ਗਈ ਹੈ। ਕਬੱਡੀ ਮੈਚਾਂ ਦੀ ਕਮਾਂਡ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਹੱਥ ਰੱਖੀ ਹੈ। ਸਰਕਾਰ ਦੀ ਇਹ ਮੁਹਿੰਮ 20 ਨਵੰਬਰ ਤੱਕ ਜਾਰੀ ਰਹਿਣੀ ਹੈ। ਸਿਆਸੀ ਹਲਕਿਆਂ ਵਿਚ ਇਹੀ ਚਰਚਾ ਹੈ ਕਿ ਸਰਕਾਰੀ ਸਰਪ੍ਰਸਤੀ ਹੇਠ ਹੋ ਰਹੇ ਕਬੱਡੀ ਮੈਚ ਰਾਜਸੀ ਪ੍ਰਚਾਰ ਦਾ ਹੀ ਸਾਧਨ ਹਨ।

ਕਾਂਗਰਸ ਦੀ ਰਾਜਸੀ ਮੁਹਿੰਮ ਦਾ ਕੇਂਦਰ ਵੀ ਬਠਿੰਡਾ ਜ਼ਿਲ੍ਹਾ ਹੀ ਹੈ। ਪਾਰਟੀ ਦੇ ਸੂਬਾਈ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਤਲਵੰਡੀ ਸਾਬੋ ਤੋਂ ਪਹਿਲੀ ਨਵੰਬਰ ਤੋਂ ਪੰਜਾਬ ਬਚਾਓ ਯਾਤਰਾ ਆਰੰਭ ਕੀਤੀ ਗਈ ਹੈ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਤਲਵੰਡੀ ਸਾਬੋ ਸਿੱਖਾਂ ਦਾ ਪੰਜਵਾਂ ਤਖਤ ਹੋਣ ਕਾਰਨ ਇਸ ਧਾਰਮਿਕ ਮਹੱਤਤਾ ਵਾਲੇ ਸਥਾਨ ਤੋਂ ਅਗਲੀਆਂ ਚੋਣਾਂ ਲਈ ਸਿਆਸੀ ਸ਼ੁਰੂਆਤ ਕੀਤੀ ਗਈ ਹੈ। ਮਾਲਵੇ ਵਿਚ ਰਾਜਸੀ ਪਾਰਟੀਆਂ ਵੱਲੋਂ ਮੋਗਾ ਇਲਾਕੇ ਨੂੰ ਵੀ ਅਹਿਮੀਅਤ ਦਿੱਤੀ ਜਾਂਦੀ ਹੈ। ਇਸੇ ਕਰਕੇ ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਢੁੱਡੀਕੇ ਜੋ ਸੁਤੰਤਰਤਾ ਸੰਗਰਾਮੀ ਲਾਲਾ ਲਾਜਪਤ ਰਾਏ ਦਾ ਜੱਦੀ ਪਿੰਡ ਹੈ, ਤੋਂ 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

ਕਾਂਗਰਸ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਅਰਦਾਸ ਕਰਨ ਤੋਂ ਬਾਅਦ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਸਾਰੇ 117 ਹਲਕਿਆਂ ਵਿਚ ਘੁੰਮ ਕੇ ਦਸੰਬਰ ਦੇ ਪਹਿਲੇ ਹਫਤੇ ਖ਼ਤਮ ਹੋਵੇਗੀ। ਯਾਤਰਾ ਦੀ ਸ਼ੁਰੂਆਤ ਮੌਕੇ ਕਾਂਗਰਸ ਵੱਲੋਂ ਕੀਤੀ ਗਈ ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਬਾਦਲ ਪਰਿਵਾਰ ਨੂੰ ਸੱਤਾ ਦੀ ਦੁਰਵਰਤੋਂ ਕਰਕੇ ਇਕੱਠੀ ਕੀਤੀ 'ਮਾਇਆ' ਬਾਰੇ ਵੇਰਵੇ ਦੇਣੇ ਪੈਣਗੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਕੋਲ ਪੁਸ਼ਤੈਨੀ 80 ਏਕੜ ਜ਼ਮੀਨ ਸੀ ਤੇ ਅੱਜ ਇਹ ਅਰਬਾਂ ਰੁਪਏ ਦੀ ਜਾਇਦਾਦ ਦਾ ਮਾਲਕ ਕਿਵੇਂ ਬਣ ਗਿਆ? ਉਨ੍ਹਾਂ ਸਵਾਲ ਉਠਾਇਆ ਕਿ ਕਬੱਡੀ ਨੂੰ ਹੱਲਾਸ਼ੇਰੀ ਤਾਂ ਦਿੱਤੀ ਜਾਣੀ ਚਾਹੀਦੀ ਹੈ ਪਰ ਬਾਦਲ ਸਰਕਾਰ ਸ਼ਾਹਰੁਖ ਖਾਨ ਵਰਗੇ ਫ਼ਿਲਮੀ ਅਦਾਕਾਰਾਂ 'ਤੇ ਜਿਵੇਂ ਪੈਸਾ ਰੋੜ੍ਹ ਰਹੀ ਹੈ, ਉਸ ਨੂੰ ਰਾਜ ਦੇ ਲੋਕ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਪੰਜਾਬ ਦੀ ਸੱਤਾ 'ਤੇ ਬਾਦਲਾਂ ਦੀ ਜਕੜ ਦੀ ਲਿਬੀਆ ਦੇ ਮੁਅੱਮਰ ਗੱਦਾਫ਼ੀ ਦੇ ਸ਼ਾਸਨ ਨਾਲ ਤੁਲਨਾ ਕਰਦਿਆਂ ਆਖਿਆ ਕਿ ਪੰਜਾਬ ਦੇ ਲੋਕ ਵਿਧਾਨ ਸਭਾ ਚੋਣਾਂ 'ਚ ਇਸ ਤਾਨਾਸ਼ਾਹੀ ਸ਼ਾਸਨ ਦਾ ਅੰਤ ਕਰਕੇ ਹੀ ਦਮ ਲੈਣਗੇ। ਕੈਪਟਨ ਨੇ ਕਿਹਾ ਕਿ ਰਾਜ ਵਿਚ ਕਾਂਗਰਸ ਦੀ ਸਰਕਾਰ ਬਣਨ 'ਤੇ ਲੋਕਪਾਲ ਨੂੰ ਮਜ਼ਬੂਤ ਬਣਾਇਆ ਜਾਵੇਗਾ। ਅਰਦਾਸ ਮੌਕੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਗੁਲਚੈਨ ਸਿੰਘ ਚੜਕ ਤੇ ਹੋਰ ਪਾਰਟੀ ਆਗੂ ਵੀ ਹਾਜ਼ਿਰ ਸਨ।

ਰੈਲੀ ਨੂੰ ਸੰਬੋਧਨ ਕਰਦਿਆਂ ਪੰਜ ਰਾਜਾਂ ਦੇ ਪਾਰਟੀ ਮਾਮਲਿਆਂ ਦੇ ਇੰਚਾਰਜ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਕਾਂਗਰਸ ਇਸ ਸਮੇਂ ਆਪਸੀ ਮਤਭੇਦ ਮਿਟਾ ਕੇ ਇਕਮੁੱਠ ਹੈ ਅਤੇ ਹੁਣ ਅਕਾਲੀਆਂ ਵੱਲੋਂ ਲੋਕਾਂ ਨਾਲ ਕੀਤੀਆਂ ਵਧੀਕੀਆਂ ਅਤੇ ਧੱਕੇਸ਼ਾਹੀਆਂ ਦਾ ਹਿਸਾਬ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੈਂਸਰ, ਡੇਂਗੂ, ਮਲੇਰੀਆ ਵਰਗੀਆਂ ਬੀਮਾਰੀਆਂ ਨਾਲ ਨਜਿੱਠਣ ਲਈ ਅਕਾਲੀ ਸਰਕਾਰ ਨੇ ਕਦੇ ਵੀ ਕੇਂਦਰ ਸਰਕਾਰ ਤੋਂ ਕੋਈ ਮੁਆਵਜ਼ਾ ਨਹੀਂ ਮੰਗਿਆ ਪਰ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਸਕੀਮਾਂ ਲਈ ਭੇਜੇ ਪੈਸੇ ਦੀ ਦੁਰਵਰਤੋਂ ਕੀਤੀ ਹੈ। ਰਾਜ ਅੰਦਰ ਭੂਮੀ ਮਾਫੀਆ, ਰੇਤ ਮਾਫੀਆ, ਟਰਾਂਸਪੋਰਟ ਮਾਫੀਆ ਦਾ ਜੰਗਲ ਰਾਜ ਹੈ ਜਿਸ ਨੂੰ ਪੰਜਾਬ ਬਚਾਓ ਯਾਤਰਾ ਬੁਰੀ ਤਰ੍ਹਾਂ ਉਖਾੜ ਦੇਵੇਗੀ। ਵਿਰੋਧੀ ਧਿਰ ਦੀ ਨੇਤਾ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਅੱਧੀ ਕੈਬਨਿਟ ਇਕੱਲੇ ਬਾਦਲ ਪਰਿਵਾਰ ਦੀ ਹੈ। ਪਾਰਟੀ 'ਤੇ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਦਾ ਦਬਦਬਾ ਹੋਣ ਕਰਕੇ ਇਹ ਹੁਣ ਬਾਦਲ-ਮਜੀਠੀਆ ਦਲ ਬਣ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਬਦਲਾਖੋਰੀ ਵਾਲੀ ਨੀਤੀ 'ਚ ਪੈਣਾ ਨਹੀਂ ਚਾਹੁੰਦੇ ਸੀ ਪਰ ਅਕਾਲੀਆਂ ਨੇ ਕਾਂਗਰਸੀਆਂ 'ਤੇ ਝੂਠੇ ਪਰਚੇ ਦਰਜ ਕਰਕੇ ਨਵੀਂ ਪਿਰਤ ਤੋਰੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਸਮਾਗਮ 12-13 ਨਵੰਬਰ ਨੂੰ

**ਸਟਾਕਟਨ:** ਇੱਥੇ ਗਦਰੀ ਬਾਬਿਆਂ ਵਲੋਂ ਸਥਾਪਤ ਕੀਤੇ ਗੁਰਦੁਆਰਾ ਸਟਾਕਟਨ ਵਿਖੇ 12 ਅਤੇ 13 ਨਵੰਬਰ ਨੂੰ ਮਨੁੱਖੀ ਹੱਕਾਂ ਲਈ ਜੂਝਣ ਵਾਲੇ ਸ. ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਕਰਵਾਏ ਜਾ ਰਹੇ ਸਮਾਗਮ ਨੂੰ ਐਡਵੋਕੇਟ ਰਾਜਵਿੰਦਰ ਬੈਂਸ ਸੰਬੋਧਨ ਕਰਨਗੇ। ਇਹ ਸਮਾਗਮ ਸ. ਖਾਲੜਾ ਦੀ 16ਵੀਂ ਬਰਸੀ ਮੌਕੇ ਕਰਵਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ ਪੁਲਿਸ ਨੇ ਫੜ ਕੇ ਕਤਲ ਕਰ ਦਿੱਤਾ ਸੀ।



*ਜਸਵੰਤ ਸਿੰਘ ਖਾਲੜਾ*

ਯਾਦ ਰਹੇ ਕਿ ਐਡਵੋਕੇਟ ਬੈਂਸ ਜੋ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਚ ਪ੍ਰੈਕਟਿਸ ਕਰਦੇ ਹਨ, ਨੇ 1995 ਵਿਚ ਹੇਠਲੀ ਅਦਾਲਤ ਵਿਚ ਅਤੇ ਫਿਰ ਅਕਤੂਬਰ 2011 ਵਿਚ ਸੁਪਰੀਮ ਕੋਰਟ ਵਿਚ ਸ. ਖਾਲੜਾ ਦੇ ਕੇਸ ਦੀ ਪੈਰਵੀ ਕੀਤੀ। ਉਹ ਇੱਥੇ ਸ਼ਨਿਚਰਵਾਰ 12 ਨਵੰਬਰ ਨੂੰ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮੀਂ 7 ਵਜੇ ਤੱਕ ਚੱਲਣ ਵਾਲੇ ਸੈਸ਼ਨ ਵਿਚ ਭਾਰਤ 'ਚ ਮਨੁੱਖੀ ਹੱਕਾਂ ਦੇ ਹਾਲਾਤ ਬਾਰੇ ਖੁਲਾਸਾ ਕਰਨਗੇ। ਉਨ੍ਹਾਂ ਦੇ ਭਾਸ਼ਨ ਦਾ ਮੁੱਖ ਹਿੱਸਾ ਪੰਜਾਬ ਬਾਰੇ ਹੋਵੇਗਾ।

ਚੇਤੇ ਰਹੇ ਕਿ ਸ. ਖਾਲੜਾ ਉਦੋਂ ਲਾਪਤਾ ਹੋ ਗਏ ਸਨ ਜਦੋਂ ਪੰਜਾਬ ਵਿਚ ਪੁਲਿਸ, ਨੌਜਵਾਨਾਂ ਨੂੰ ਫੜ ਫੜ ਕੇ ਮਾਰ ਰਹੀ ਸੀ। ਸ. ਖਾਲੜਾ ਨੇ ਲਾਪਤਾ ਹੋ ਰਹੇ ਅਜਿਹੇ ਨੌਜਵਾਨਾਂ ਬਾਰੇ ਛਾਣ-ਬੀਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਉਨ੍ਹਾਂ ਇਹ ਤੱਥ ਇਕੱਠੇ ਕੀਤੇ ਕਿ ਪੰਜਾਬ ਵਿਚ ਪੁਲਿਸ ਅਤੇ ਸੁਰੱਖਿਆ ਫੋਰਸਾਂ ਨੇ 25 ਹਜ਼ਾਰ ਨੌਜਵਾਨ ਚੁੱਕੇ ਅਤੇ ਫਿਰ ਖਪਾ ਦਿੱਤੇ। ਇਨ੍ਹਾਂ ਵਿਚੋਂ 2 ਹਜ਼ਾਰ ਤੋਂ ਵੱਧ ਤਾਂ ਪੰਜਾਬ ਦੇ ਇਕੋ ਜ਼ਿਲ੍ਹੇ ਨਾਲ ਸਬੰਧਤ ਸਨ; ਤੇ ਫਿਰ 6 ਸਤੰਬਰ, 1995 ਨੂੰ ਸਵੇਰੇ ਪੁਲਿਸ ਸ. ਖਾਲੜਾ ਨੂੰ ਵੀ ਚੁੱਕ ਕੇ ਲੈ ਗਈ। ਪੁਲਿਸ ਨੇ ਇਹ ਕਾਰਾ ਸਭ ਦੇ ਸਾਹਮਣੇ ਕੀਤਾ। ਬਾਅਦ ਵਿਚ ਉਨ੍ਹਾਂ ਬਾਰੇ ਕੁਝ ਵੀ ਸੂਹ ਨਾ ਮਿਲ ਸਕੀ। ਫਿਰ ਕਿਸੇ ਪੁਲਿਸ ਮੁਲਾਜ਼ਮ ਨੇ ਦੱਸਿਆ ਕਿ ਉਨ੍ਹਾਂ ਨੂੰ ਖਤਮ ਕਰ ਦਿੱਤਾ ਗਿਆ ਹੈ।

ਸਟਾਕਟਨ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਉੱਪਲ ਨੇ ਦੱਸਿਆ ਕਿ ਸ. ਖਾਲੜਾ ਦਾ ਪਰਿਵਾਰ ਉਨ੍ਹਾਂ ਪਰਿਵਾਰਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਅਜਿਹੇ ਕੇਸਾਂ ਵਿਚ ਅਜੇ ਤੱਕ ਇਨਸਾਫ ਨਹੀਂ ਮਿਲਿਆ। ਲਾਪਤਾ ਹੋਏ ਹੋਰ ਨੌਜਵਾਨਾਂ ਵਾਂਗ ਸ. ਖਾਲੜਾ ਦਾ ਵੀ ਕੋਈ ਕਸੂਰ ਨਹੀਂ ਸੀ ਪਰ 16 ਸਾਲ ਬਾਅਦ ਵੀ ਉਨ੍ਹਾਂ ਦੇ ਪਰਿਵਾਰ ਨੂੰ ਨਿਆਂ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਸ. ਖਾਲੜਾ ਦੀ ਧੀ ਨਵਕਿਰਨ ਕੌਰ ਖਾਲੜਾ ਜਿਸ ਨੇ ਫਰਿਜ਼ਨੋ ਸਟੇਟ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਪ੍ਰੋਗਰਾਮ ਦੀ ਗਰੈਜੂਏਸ਼ਨ ਕੀਤੀ ਹੈ, ਇਸ ਸਮਾਗਮ ਨੂੰ ਸੰਬੋਧਨ ਕਰਨਗੇ। ਉਹ ਐਤਵਾਰ 13 ਨਵੰਬਰ ਨੂੰ ਸਵੇਰੇ 10:30 ਤੋਂ ਬਾਅਦ ਦੁਪਹਿਰ 1:30 ਤੱਕ ਹੋਣ ਵਾਲੇ ਸੈਸ਼ਨ ਵਿਚ ਹਿੱਸਾ ਲੈਣਗੇ। ਜ਼ਿਕਰਯੋਗ ਹੈ ਕਿ ਸਟਾਕਟਨ ਸਿੱਖ ਗੁਰਦੁਆਰਾ ਗਦਰੀ ਬਾਬਿਆਂ ਨੇ 1912 ਵਿਚ ਬਣਾਇਆ ਸੀ। ਅਗਲੇ ਸਾਲ ਇਸ ਗੁਰਦੁਆਰੇ ਦੀ ਸਥਾਪਨਾ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ।

## ਬਾਬਾ ਨੰਦ ਸਿੰਘ ਨਾਨਕਸਰ ਵਾਲਿਆਂ ਦਾ ਜਨਮ ਦਿਹਾੜਾ ਮਨਾਇਆ

**ਸੈਕਰਾਮੈਂਟੋ (ਰਾਜਾ):** ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਦਾ ਜਨਮ ਦਿਹਾੜਾ ਇਥੇ ਗੁਰਦੁਆਰਾ ਬਰਾਡਸ਼ਾਹ ਵਿਖੇ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਬਾਬਾ ਬਲਵਿੰਦਰ ਸਿੰਘ ਨਾਨਕਸਰ ਕੁਰਾਲੀਵਾਲਿਆਂ ਵਲੋਂ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ ਗਿਆ। ਦੂਰੋਂ-ਨੇੜਿਓਂ ਵੱਡੀ ਗਿਣਤੀ ਵਿਚ ਆਈਆਂ ਸੰਗਤਾਂ ਨੇ ਜੀਵਨ ਸਫਲੇ ਕੀਤੇ।

ਪ੍ਰਬੰਧਕਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੰਤ ਬਾਬਾ ਬਲਵਿੰਦਰ ਸਿੰਘ 5 ਨਵੰਬਰ ਤਕ ਹਰ ਰੋਜ ਸ਼ਾਮ 7 ਤੋਂ 8:30 ਵਜੇ ਤੱਕ ਬਰਾਡਸ਼ਾਹ ਗੁਰੂ ਘਰ ਵਿਖੇ ਸ਼ਬਦ ਕੀਰਤਨ ਕਰਨਗੇ ਅਤੇ 6 ਨਵੰਬਰ ਨੂੰ ਯੂਬਾ ਸਿਟੀ ਨਗਰ ਕੀਰਤਨ ਦੌਰਾਨ ਗੁਰੂ ਘਰ ਦੇ ਫਲੋਟ ਵਿਚ ਕੀਰਤਨ ਕਰਕੇ ਹਾਜ਼ਰੀ ਭਰਨਗੇ।





Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

## ਮੈਚਾਂ ਦਾ ਸਮਾਂ ਤੇ ਸਥਾਨ


**ਦੋ ਨਵੰਬਰ (ਫਰੀਦਕੋਟ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਆਸਟਰੇਲੀਆ ਬਨਾਮ ਨੇਪਾਲ
ਭਾਰਤ ਬਨਾਮ ਜਰਮਨੀ
ਕੈਨੇਡਾ ਬਨਾਮ ਅਫਗਾਨਿਸਤਾਨ
**3 ਨਵੰਬਰ (ਗੁਰਦਾਸਪੁਰ)** ਸ਼ਾਮ ਸਾਢੇ ਪੰਜ ਵਜੇ ਤੋਂ ਰਾਤ 10 ਵਜੇ ਤੱਕ
ਨਾਰਵੇ ਬਨਾਮ ਸਪੇਨ
ਇਟਲੀ ਬਨਾਮ ਅਰਜਨਟਾਈਨਾ
ਪਾਕਿਸਤਾਨ ਬਨਾਮ ਅਮਰੀਕਾ
**4 ਨਵੰਬਰ ਢੁੱਡੀਕੇ (ਮੋਗਾ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਭਾਰਤ ਬਨਾਮ ਨੇਪਾਲ
ਯੂ.ਕੇ. ਬਨਾਮ ਅਫਗਾਨਿਸਤਾਨ
ਕੈਨੇਡਾ ਬਨਾਮ ਆਸਟਰੇਲੀਆ
**5 ਨਵੰਬਰ (ਰੂਪਨਗਰ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਅਰਜਨਟਾਈਨਾ ਬਨਾਮ ਨਾਰਵੇ
ਪਾਕਿਸਤਾਨ ਬਨਾਮ ਸ੍ਰੀਲੰਕਾ
ਅਮਰੀਕਾ ਬਨਾਮ ਇਟਲੀ
**6 ਨਵੰਬਰ (ਸੰਗਰੂਰ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਜਰਮਨੀ ਬਨਾਮ ਨੇਪਾਲ
ਭਾਰਤ ਬਨਾਮ ਆਸਟਰੇਲੀਆ
ਕੈਨੇਡਾ ਬਨਾਮ ਯੂ.ਕੇ.
**7 ਨਵੰਬਰ ਚੋਹਲਾ ਸਾਹਿਬ (ਤਰਨਤਾਰਨ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਸਪੇਨ ਬਨਾਮ ਸ੍ਰੀਲੰਕਾ
ਅਮਰੀਕਾ ਬਨਾਮ ਅਰਜਨਟੀਨਾ
ਪਾਕਿਸਤਾਨ ਬਨਾਮ ਇਟਲੀ
**8 ਨਵੰਬਰ (ਪਟਿਆਲਾ)** ਸ਼ਾਮ ਸਾਢੇ ਪੰਜ ਵਜੇ ਤੋਂ ਰਾਤ 10 ਵਜੇ ਤੱਕ
ਅਫਗਾਨਿਸਤਾਨ ਬਨਾਮ ਨੇਪਾਲ
ਭਾਰਤ ਬਨਾਮ ਯੂ.ਕੇ.
ਆਸਟਰੇਲੀਆ ਬਨਾਮ ਜਰਮਨੀ
**9 ਨਵੰਬਰ (ਕਪੂਰਥਲਾ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਨਾਰਵੇ ਬਨਾਮ ਸ੍ਰੀਲੰਕਾ
ਪਾਕਿਸਤਾਨ ਬਨਾਮ ਅਰਜਨਟੀਨਾ
ਇਟਲੀ ਬਨਾਮ ਸਪੇਨ
**10 ਨਵੰਬਰ ਦੋਦਾ (ਮੁਕਤਸਰ)** 1 ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ
ਯੂ.ਕੇ. ਬਨਾਮ ਨੇਪਾਲ
ਭਾਰਤ ਬਨਾਮ ਅਫਗਾਨਿਸਤਾਨ
ਕੈਨੇਡਾ ਬਨਾਮ ਜਰਮਨੀ
**11 ਨਵੰਬਰ (ਅੰਮ੍ਰਿਤਸਰ)** ਸ਼ਾਮ ਸਾਢੇ ਪੰਜ ਵਜੇ ਤੋਂ ਰਾਤ 10 ਵਜੇ ਤੱਕ
ਭਾਰਤ ਬਨਾਮ ਤੁਰਕਮੇਸਿਤਾਨ (ਮਹਿਲਾ ਵਰਗ)
ਅਰਜਨਟਾਈਨਾ ਬਨਾਮ ਸ੍ਰੀਲੰਕਾ
ਪਾਕਿਸਤਾਨ ਬਨਾਮ ਨਾਰਵੇ
ਅਮਰੀਕਾ ਬਨਾਮ ਸਪੇਨ
**12 ਨਵੰਬਰ (ਫਿਰੋਜ਼ਪੁਰ)** ਸਾਢੇ ਬਾਰਾਂ ਵਜੇ ਤੋਂ ਸ਼ਾਮ ਸਵਾ ਪੰਜ ਵਜੇ ਤੱਕ
ਯੂ.ਕੇ. ਬਨਾਮ ਭਾਰਤ (ਮਹਿਲਾ ਵਰਗ)
ਕੈਨੇਡਾ ਬਨਾਮ ਨੇਪਾਲ
ਆਸਟਰੇਲੀਆ ਬਨਾਮ ਅਰਜਨਟੀਨਾ
ਯੂ.ਕੇ. ਬਨਾਮ ਜਰਮਨੀ
**14 ਨਵੰਬਰ (ਹੁਸ਼ਿਆਰਪੁਰ)** ਸਾਢੇ ਬਾਰਾਂ ਵਜੇ ਤੋਂ ਸ਼ਾਮ ਸਵਾ ਪੰਜ ਵਜੇ ਤੱਕ
ਅਮਰੀਕਾ ਬਨਾਮ ਤੁਰਕਮੇਸਿਤਾਨ (ਮਹਿਲਾ ਵਰਗ)
ਅਮਰੀਕਾ ਬਨਾਮ ਸ੍ਰੀਲੰਕਾ
ਇਟਲੀ ਬਨਾਮ ਨਾਰਵੇ
ਅਰਜਨਟੀਨਾ ਬਨਾਮ ਸਪੇਨ
**15 ਨਵੰਬਰ (ਮਾਨਸਾ)** ਸਾਢੇ ਬਾਰਾਂ ਵਜੇ ਤੋਂ ਸ਼ਾਮ ਸਵਾ ਪੰਜ ਵਜੇ ਤੱਕ
ਅਮਰੀਕਾ ਬਨਾਮ ਯੂ.ਕੇ. (ਮਹਿਲਾ ਵਰਗ)
ਆਸਟਰੇਲੀਆ ਬਨਾਮ ਯੂ.ਕੇ.
ਅਫਗਾਨਿਸਤਾਨ ਬਨਾਮ ਜਰਮਨੀ
ਭਾਰਤ ਬਨਾਮ ਕੈਨੇਡਾ
**16 ਨਵੰਬਰ (ਜਲੰਧਰ)** ਸ਼ਾਮ ਸਾਢੇ ਪੰਜ ਵਜੇ ਤੋਂ ਰਾਤ 10 ਵਜੇ ਤੱਕ
ਯੂ.ਕੇ. ਬਨਾਮ ਤੁਰਕਮੇਸਿਤਾਨ (ਮਹਿਲਾ ਵਰਗ)
ਇਟਲੀ ਬਨਾਮ ਸ੍ਰੀਲੰਕਾ
ਅਮਰੀਕਾ ਬਨਾਮ ਨਾਰਵੇ
ਪਾਕਿਸਤਾਨ ਬਨਾਮ ਸਪੇਨ
**17 ਨਵੰਬਰ** (ਆਰਾਮ ਦਾ ਦਿਨ)
**18 ਨਵੰਬਰ (ਬਠਿੰਡਾ)** ਸ਼ਾਮ ਸਾਢੇ ਪੰਜ ਵਜੇ ਤੋਂ ਰਾਤ 10 ਵਜੇ ਤੱਕ
ਭਾਰਤ ਬਨਾਮ ਅਮਰੀਕਾ (ਮਹਿਲਾ ਵਰਗ)
ਪੁਰਸ਼ ਵਰਗ ਦਾ ਪਹਿਲਾ ਸੈਮੀ ਫਾਈਨਲ
(ਪੂਲ 'ਏ' ਦੀ ਜੇਤੂ ਬਨਾਮ ਪੂਲ 'ਬੀ' ਦੀ ਉਪ ਜੇਤੂ
ਦੂਜਾ ਸੈਮੀ ਫਾਈਨਲ
ਪੂਲ 'ਏ' ਦੀ ਉਪ ਜੇਤੂ ਬਨਾਮ ਪੂਲ 'ਬੀ' ਦੀ ਜੇਤੂ
**20 ਨਵੰਬਰ (ਲੁਧਿਆਣਾ)** ਸ਼ਾਮ ਸਾਢੇ ਚਾਰ ਵਜੇ ਤੋਂ ਰਾਤ 10 ਵਜੇ ਤੱਕ
ਪੁਰਸ਼ ਵਰਗ ਵਿਚ ਤੀਜੇ ਤੇ ਚੌਥੇ ਸਥਾਨ ਲਈ ਮੈਚ
ਮਹਿਲਾ ਵਰਗ ਦਾ ਫਾਈਨਲ, ਪਰਸ਼ ਵਰਗ ਦਾ ਫਾਈਨਲ

| ਪੂਲ 'ਏ' ਦੀਆਂ ਟੀਮਾਂ | ਪੂਲ 'ਬੀ' ਦੀਆਂ ਟੀਮਾਂ | ਮਹਿਲਾ ਵਰਗ ਦੀਆਂ ਟੀਮਾਂ |
|---|---|---|
| 1 ਭਾਰਤ | 1 ਪਾਕਿਸਤਾਨ | 1 ਭਾਰਤ |
| 2 ਕੈਨੇਡਾ | 2 ਅਮਰੀਕਾ | 2 ਅਮਰੀਕਾ |
| 3 ਯੂ.ਕੇ. | 3 ਇਟਲੀ | 3 ਯੂ.ਕੇ. |
| 4 ਆਸਟਰੇਲੀਆ | 4 ਅਰਜਨਟੀਨਾ | 4 ਤੁਰਕਮੇਸਿਤਾਨ |
| 5 ਅਫਗਾਨਿਸਤਾਨ | 5 ਨਾਰਵੇ | |
| 6 ਜਰਮਨੀ | 6 ਸਪੇਨ | |
| 7 ਨੇਪਾਲ | 7 ਸ੍ਰੀਲੰਕਾ | |

# ਦੂਜੇ ਕਬੱਡੀ ਵਿਸ਼ਵ ਕੱਪ 'ਚ 14 ਟੀਮਾਂ ਦਾ ਭੇੜ

**■ਭਾਰਤ, ਕੈਨੇਡਾ ਤੇ ਇੰਗਲੈਂਡ ਪੂਲ 'ਏ' 'ਚ ■ਪਾਕਿਸਤਾਨ, ਅਮਰੀਕਾ ਤੇ ਸਪੇਨ ਪੂਲ 'ਬੀ' 'ਚ**

**ਅਰਜਨਟੀਨਾ, ਨਾਰਵੇ, ਅਫਗਾਨਿਸਤਾਨ, ਜਰਮਨੀ, ਨੇਪਾਲ ਤੇ ਸ੍ਰੀਲੰਕਾ ਪਹਿਲੀ ਵਾਰ ਹਿੱਸਾ ਲੈਣਗੇ**



**ਚੰਡੀਗੜ੍ਹ (ਗੁਰਿੰਦਰਜੀਤ ਸਿੰਘ ਪੀਰਜੈਨ):** ਪਹਿਲੀ ਨਵੰਬਰ ਤੋਂ ਬਠਿੰਡਾ ਵਿਖੇ ਧੂਮ ਧੜੱਕੇ ਨਾਲ ਸ਼ੁਰੂ ਹੋਏ ਦੂਜੇ ਪਰਲਜ਼ ਵਿਸ਼ਵ ਕੱਪ ਕਬੱਡੀ 'ਚ 14 ਟੀਮਾਂ ਵਿਚਾਲੇ ਫਸਵੇਂ ਮੁਕਾਬਲੇ ਹੋਣਗੇ। ਵਿਸ਼ਵ ਕੱਪ ਵਿਚ ਹਿੱਸਾ ਲੈ ਰਹੀਆਂ 14 ਟੀਮਾਂ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ। 2010 ਵਿਚ ਖੇਡੇ ਗਏ ਪਹਿਲੇ ਵਿਸ਼ਵ ਕੱਪ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਤੋਂ ਇਲਾਵਾ ਇਸ ਵਾਰ ਅਰਜਨਟੀਨਾ, ਨਾਰਵੇ, ਅਫਗਾਨਿਸਤਾਨ, ਜਰਮਨੀ, ਨੇਪਾਲ ਤੇ ਸ੍ਰੀਲੰਕਾ ਦੀਆਂ ਟੀਮਾਂ ਪਹਿਲੀ ਵਾਰ ਹਿੱਸਾ ਲੈਣਗੀਆਂ।

ਪੂਲ 'ਏ' ਵਿਚ ਪਿਛਲੇ ਚੈਂਪੀਅਨ ਭਾਰਤ, ਕਾਂਸੀ ਦਾ ਤਮਗਾ ਜੇਤੂ ਕੈਨੇਡਾ, ਯੂ.ਕੇ., ਆਸਟਰੇਲੀਆ, ਅਫਗਾਨਿਸਤਾਨ, ਜਰਮਨੀ ਤੇ ਨੇਪਾਲ ਤੇ ਪੂਲ 'ਬੀ' ਵਿਚ ਪਿਛਲੇ ਉਪ ਜੇਤੂ ਪਾਕਿਸਤਾਨ, ਅਮਰੀਕਾ, ਇਟਲੀ, ਅਰਜਨਟੀਨਾ, ਨਾਰਵੇ, ਸਪੇਨ ਤੇ ਸ੍ਰੀਲੰਕਾ ਨੂੰ ਸ਼ਾਮਲ ਕੀਤਾ ਗਿਆ ਹੈ। ਪਹਿਲੀ ਵਾਰ ਮਹਿਲਾਵਾਂ ਦਾ ਵਿਸ਼ਵ ਕੱਪ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਭਾਰਤ, ਅਮਰੀਕਾ, ਯੂ.ਕੇ. ਤੇ ਤੁਰਕਮੇਸਿਤਾਨ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ।

ਦੂਜੇ ਵਿਸ਼ਵ ਕੱਪ ਕਬੱਡੀ ਦਾ ਆਗਾਜ਼ ਪਹਿਲੀ ਨਵੰਬਰ ਨੂੰ ਬਠਿੰਡਾ ਵਿਖੇ ਤਿਆਰ ਕੀਤੇ ਅਤਿ ਆਧੁਨਿਕ ਸਪੋਰਟਸ ਸਟੇਡੀਅਮ ਵਿਚ ਰੰਗਾਰੰਗ ਉਦਘਾਟਨੀ ਸਮਾਰੋਹ ਨਾਲ ਹੋਇਆ। ਦੇਸ਼ ਦੀ ਪ੍ਰਮੁੱਖ ਈਵੈਂਟ ਕੰਪਨੀ ਵਿਜ਼ ਕਰਾਫਟ ਵੱਲੋਂ ਤਿਆਰ ਕੀਤੇ ਉਦਘਾਟਨੀ ਸਮਾਰੋਹ ਵਿਚ ਬਾਲੀਵੁੱਡ ਸਟਾਰ ਸ਼ਾਹਰੁਖ ਖਾਨ ਦੀ ਪੇਸ਼ਕਾਰੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਵਿਸ਼ਵ ਕੱਪ ਦੇ ਫਸਵੇਂ ਮੈਚਾਂ ਦਾ ਆਰੰਭ ਦੋ ਨਵੰਬਰ ਨੂੰ ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਹੋਇਆ ਜਿੱਥੇ ਪੂਲ 'ਏ' ਦੀਆਂ ਟੀਮਾਂ ਆਸਟਰੇਲੀਆ ਤੇ ਨੇਪਾਲ, ਭਾਰਤ ਤੇ ਜਰਮਨੀ ਤੇ ਕੈਨੇਡਾ ਤੇ ਅਫਗਾਨਿਸਤਾਨ ਵਿਚਾਲੇ ਮੈਚ ਖੇਡਿਆ ਗਿਆ।

ਤਿੰਨ ਨਵੰਬਰ ਨੂੰ ਗੁਰਦਾਸਪੁਰ ਵਿਖੇ ਨਾਰਵੇ ਤੇ ਸਪੇਨ, ਇਟਲੀ ਤੇ ਅਰਜਨਟੀਨਾ ਤੇ ਪਾਕਿਸਤਾਨ ਤੇ ਅਮਰੀਕਾ ਵਿਚਾਲੇ ਮੈਚ ਖੇਡੇ ਗਏ। ਚਾਰ ਨਵੰਬਰ ਨੂੰ ਢੁੱਡੀਕੇ (ਮੋਗਾ) ਵਿਖੇ ਭਾਰਤ ਤੇ ਨੇਪਾਲ, ਯੂ.ਕੇ. ਤੇ ਅਫਗਾਨਿਸਤਾਨ ਤੇ ਕੈਨੇਡਾ ਤੇ ਆਸਟਰੇਲੀਆ ਵਿਚਾਲੇ ਮੈਚ ਖੇਡੇ ਜਾਣਗੇ। 20 ਨਵੰਬਰ ਨੂੰ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਪੁਰਸ਼ ਤੇ ਮਹਿਲਾ ਵਰਗ ਦੇ ਫਾਈਨਲ ਖੇਡੇ ਜਾਣਗੇ ਤੇ ਅੰਤ ਵਿਚ ਰੰਗਾਰੰਗ ਸਮਾਪਤੀ ਸਮਾਰੋਹ ਸ਼ਾਮ ਸਾਢੇ ਚਾਰ ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ।

# ਖਿਡਾਰੀਆਂ ਦੀ ਬਜਾਏ ਕਲਾਕਾਰਾਂ 'ਤੇ ਲਕਸ਼ਮੀ ਦੀ ਬਾਰਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੋਣਾਂ ਦੀ ਰੁੱਤ ਨੇ ਦੂਸਰਾ ਵਿਸ਼ਵ ਕਬੱਡੀ ਕੱਪ ਮਹਿੰਗਾ ਕਰ ਦਿੱਤਾ ਹੈ। ਇਸ ਲਈ ਐਤਕੀਂ ਕਲਾਕਾਰਾਂ 'ਤੇ ਸੱਤ ਗੁਣਾਂ ਤੋਂ ਵੱਧ ਪੈਸਾ ਖਰਚਿਆ ਜਾ ਰਿਹਾ ਹੈ ਜਦੋਂਕਿ ਖਿਡਾਰੀਆਂ ਦੇ ਇਨਾਮਾਂ 'ਤੇ ਖਰਚਾ ਢਾਈ ਗੁਣਾਂ ਹੀ ਵਧਾਇਆ ਗਿਆ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਲੋਕਾਂ ਨੂੰ ਖਿੱਚਣ ਲਈ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ ਵੱਡਾ ਖਰਚਾ ਕੀਤਾ ਜਾ ਰਿਹਾ ਹੈ। ਇਨ੍ਹਾਂ ਸਮਾਰੋਹਾਂ 'ਚ ਸ਼ਾਹਰੁਖ ਖਾਨ ਤੇ ਕੈਟਰੀਨਾ ਕੈਫ ਪੁੱਜ ਰਹੇ ਹਨ।

ਸੂਚਨਾ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਪਹਿਲੇ ਵਿਸ਼ਵ ਕਬੱਡੀ ਕੱਪ ਤੋਂ ਐਤਕੀਂ ਵਧੇ ਖਰਚਿਆਂ ਦੀ ਗੱਲ ਸਾਹਮਣੇ ਆਈ ਹੈ। ਪੰਜਾਬ ਸਰਕਾਰ ਨੇ ਪਹਿਲੇ ਵਿਸ਼ਵ ਕੱਪ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ 74,99,772 ਰੁਪਏ ਖਰਚ ਕੀਤੇ ਸਨ ਜਦੋਂਕਿ ਐਤਕੀਂ ਇਨ੍ਹਾਂ ਸਮਾਰੋਹਾਂ 'ਤੇ 5.74 ਕਰੋੜ ਰੁਪਏ ਖਰਚੇ ਜਾ ਰਹੇ ਹਨ ਜੋ ਪਿਛਲੇ ਸਾਲ ਨਾਲੋਂ ਸੱਤ ਗੁਣਾਂ ਤੋਂ ਜ਼ਿਆਦਾ ਹਨ। ਖੇਡ ਵਿਭਾਗ ਵੱਲੋਂ ਵਿਜ਼ ਕਰਾਫਟ ਕੰਪਨੀ ਨੂੰ 5.74 ਕਰੋੜ 'ਚ ਇਨ੍ਹਾਂ ਸਮਾਰੋਹਾਂ ਦਾ ਕੰਮ ਸੌਂਪਿਆ ਗਿਆ ਹੈ। ਬਾਲੀਵੁੱਡ ਸਟਾਰ ਸ਼ਾਹਰੁਖ ਖਾਨ ਸਿਰਫ ਅੱਧੇ ਘੰਟੇ ਦੇ ਤਿੰਨ ਕਰੋੜ ਰੁਪਏ ਲੈਣਗੇ ਜਦੋਂਕਿ ਕੈਟਰੀਨਾ ਕੈਫ ਨੂੰ ਵੀ ਕਰੋੜ ਤੋਂ ਜ਼ਿਆਦਾ ਦੀ ਰਾਸ਼ੀ ਦਿੱਤੀ ਜਾਣੀ ਹੈ। ਇਨ੍ਹਾਂ ਸਮਾਗਮਾਂ ਲਈ ਸਪੋਰਟਰ ਵਿਭਾਗ ਕੋਲ ਅੱਧੀ ਦਰਜਨ ਕੰਪਨੀਆਂ ਨੇ ਪਹੁੰਚ ਕੀਤੀ ਸੀ ਜਿਸ 'ਚੋਂ ਵਿਜ਼ ਕਰਾਫਟ ਕੰਪਨੀ ਦੀ ਚੋਣ ਕੀਤੀ ਗਈ ਹੈ।

ਸਰਕਾਰੀ ਸੂਚਨਾ ਅਨੁਸਾਰ ਪਹਿਲੇ ਵਿਸ਼ਵ ਕਬੱਡੀ ਦੇ ਉਦਘਾਟਨੀ ਤੇ ਸਮਾਪਤੀ ਸਮਾਗਮਾਂ 'ਤੇ ਨਾਰਥ ਜ਼ੋਨ ਕਲਚਰਲ ਸੈਂਟਰ ਵੱਲੋਂ ਸਾਰਾ ਪ੍ਰਬੰਧ ਕੀਤਾ ਗਿਆ ਸੀ ਜਿਸ ਨੇ ਸਰਕਾਰ ਤੋਂ 57 ਲੱਖ ਰੁਪਏ ਲਏ ਸਨ। ਇਸ ਤੋਂ ਇਲਾਵਾ ਗਾਇਕਾਂ 'ਤੇ 17.99 ਲੱਖ ਰੁਪਏ ਖਰਚ ਆਇਆ ਸੀ। ਐਤਕੀਂ ਇਹ ਖਰਚਾ ਸਮੇਤ ਕਲਾਕਾਰਾਂ ਦੇ 5.74 ਕਰੋੜ ਰੁਪਏ ਹੋ ਗਿਆ ਹੈ। ਪਹਿਲੇ ਕਬੱਡੀ ਕੱਪ 'ਤੇ ਸਰਕਾਰ ਨੇ ਕੁੱਲ 5.66 ਕਰੋੜ ਰੁਪਏ ਖਰਚ ਕੀਤੇ ਸਨ ਜਦੋਂਕਿ ਐਤਕੀਂ 17 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਜੋ ਪਿਛਲੇ ਸਾਲ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਪਹਿਲੇ ਵਿਸ਼ਵ ਕੱਪ 'ਤੇ ਸਰਕਾਰ ਨੇ ਖਿਡਾਰੀਆਂ ਨੂੰ 2.19 ਕਰੋੜ ਰੁਪਏ ਦੇ ਇਨਾਮ ਦਿੱਤੇ ਸਨ ਤੇ ਹੁਣ ਦੂਸਰੇ ਕੱਪ 'ਤੇ ਖਿਡਾਰੀਆਂ ਨੂੰ 5.25 ਕਰੋੜ ਰੁਪਏ ਦੇ ਇਨਾਮ ਦਿੱਤੇ ਜਾਣੇ ਹਨ। ਭਾਵੇਂ ਖਿਡਾਰੀਆਂ ਦੇ ਇਨਾਮਾਂ ਦੀ ਰਾਸ਼ੀ 'ਚ ਢਾਈ ਗੁਣਾਂ ਵਾਧਾ ਹੋਇਆ ਹੈ ਪਰ ਕਲਾਕਾਰਾਂ ਨਾਲੋਂ ਫਿਰ ਵੀ ਉਨ੍ਹਾਂ ਨੂੰ ਕਾਫੀ ਘੱਟ ਰਾਸ਼ੀ ਨਸੀਬ ਹੋਣੀ ਹੈ।





ਸਰਕਾਰੀ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਪਹਿਲੇ ਵਿਸ਼ਵ ਕੱਪ ਲਈ 3.32 ਕਰੋੜ ਰੁਪਏ ਦੀ ਸਪਾਂਸਰਸ਼ਿਪ ਲਈ ਗਈ ਸੀ ਜਦੋਂਕਿ ਐਤਕੀਂ ਸਰਕਾਰ ਨੇ ਸਪਾਂਸਰਾਂ ਤੋਂ 11 ਕਰੋੜ ਇਕੱਠੇ ਕਰਨ ਦਾ ਟੀਚਾ ਮਿਥਿਆ ਹੈ। ਪਹਿਲੇ ਵਿਸ਼ਵ ਕੱਪ ਲਈ ਨੌਂ ਸ਼ਰਾਬ ਸਨਅਤਾਂ ਤੇ ਰੀਅਲ ਅਸਟੇਟ ਦੇ ਕਾਰੋਬਾਰ ਨਾਲ ਜੁੜੇ ਅੱਠ ਲੋਕਾਂ ਨੇ 3.32 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਸੀ। ਪੰਜਾਬ ਸਰਕਾਰ ਨੇ ਆਪਣੇ ਪੱਲਿਓਂ 2,33,98,929 ਰੁਪਏ ਖਰਚ ਕੀਤੇ ਸਨ। ਇਸ ਦੇ ਮੁਕਾਬਲੇ ਦੂਸਰੇ ਵਿਸ਼ਵ ਕੱਪ 'ਚ ਪੰਜਾਬ ਸਰਕਾਰ ਆਪਣੇ ਪੱਲਿਓਂ 5.25 ਕਰੋੜ ਰੁਪਏ ਖਰਚ ਕਰ ਰਹੀ ਹੈ। ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਪਰਗਟ ਸਿੰਘ ਦਾ ਕਹਿਣਾ ਸੀ ਕਿ 28 ਅਕਤੂਬਰ ਤੱਕ 8 ਕਰੋੜ ਰੁਪਏ ਦੀ ਸਪਾਂਸਰਸ਼ਿਪ ਮਿਲ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਵਿਜ਼ ਕਰਾਫਟ ਕੰਪਨੀ ਨੂੰ 5.74 ਕਰੋੜ ਦਿੱਤੇ ਜਾਣੇ ਹਨ ਤੇ ਬਾਲੀਵੁੱਡ ਕਲਾਕਾਰਾਂ ਦਾ ਖਰਚਾ ਇਸ ਕੰਪਨੀ ਵੱਲੋਂ ਇਸੇ ਰਾਸ਼ੀ 'ਚੋਂ ਹੀ ਕੀਤਾ ਜਾਣਾ ਹੈ। ਉਨ੍ਹਾਂ ਆਖਿਆ ਕਿ ਖਿਡਾਰੀਆਂ ਦੇ ਇਨਾਮ ਇਸ ਵਾਰ ਦੁੱਗਣੀ ਰਾਸ਼ੀ ਦੇ ਕਰ ਦਿੱਤੇ ਗਏ ਹਨ।

ਬਾਲੀਵੁੱਡ ਦੇ ਕਲਾਕਾਰ ਸੱਦਣ ਦੀ ਸ਼ੁਰੂਆਤ ਫਰਵਰੀ-ਮਾਰਚ 2011 'ਚ ਸ਼ਹੀਦੇ ਆਜ਼ਮ ਭਗਤ ਸਿੰਘ ਸਕੂਲ ਖੇਡਾਂ ਤੋਂ ਹੋਈ ਸੀ। ਇਨ੍ਹਾਂ ਖੇਡਾਂ ਦੇ ਸਮਾਪਤੀ ਸਮਾਰੋਹਾਂ 'ਤੇ ਸਰਕਾਰ ਨੇ ਧਰਮਿੰਦਰ, ਬੌਬੀ ਦਿਓਲ ਤੇ ਸੰਨੀ ਦਿਓਲ ਨੂੰ ਸੱਦਿਆ ਸੀ ਜਿਸ ਕਰਕੇ ਨਾਰਥ ਜ਼ੋਨ ਕਲਚਰ ਸੈਂਟਰ ਨੇ ਇਨ੍ਹਾਂ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦੇ 1.72 ਕਰੋੜ ਰੁਪਏ ਲਏ ਸਨ। ਇਨ੍ਹਾਂ ਖੇਡਾਂ ਵਿਚ ਸਰਕਾਰ ਨੇ ਕਲਾਕਾਰਾਂ 'ਤੇ ਵੀ 21.50 ਲੱਖ ਰੁਪਏ ਖਰਚੇ ਸਨ। ਸਮਾਪਤੀ ਸਮਾਰੋਹ 'ਤੇ ਕੈਟਰੀਨਾ ਕੈਫ ਪੁੱਜੇਗੀ। ਬਾਕੀ ਜਿਸ ਸ਼ਹਿਰ ਵਿਚ ਕਬੱਡੀ ਦਾ ਮੈਚ ਹੋਵੇਗਾ, ਉਸ 'ਚ ਇਕ-ਇਕ ਪੰਜਾਬੀ ਕਲਾਕਾਰ ਪੁੱਜੇਗਾ।

# ਸਿੱਖ ਗੁਰਦੁਆਰਾ ਸਾਹਿਬ, ਸੈਨ ਹੋਜ਼ੇ ਦੀ ਕਮੇਟੀ ਵਲੋਂ ਕੂੜ ਪ੍ਰਚਾਰ ਅਤੇ ਗੁਰੂ ਦੀ ਗੋਲਕ ਦਾ ਉਜਾੜਾ ਜਾਰੀ

# ਕਮੇਟੀ ਨੂੰ ਕੁਝ ਸੁਆਲ

ਸਿੱਖ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਝੂਠੇ ਪ੍ਰਚਾਰ ਦੇ ਸਾਰੇ ਹੱਦਾਂ ਅਤੇ ਬੰਨੇ ਟੱਪ ਲਏ ਹਨ ਅਤੇ ਇਸ ਕੋਲ ਗੁਰਸਿੱਖਾਂ ਦੇ ਖਿਲਾਫ ਕੂੜ ਦਾ ਪ੍ਰਚਾਰ ਕਰਨ ਤੋਂ ਬਿਨਾ ਕੁਝ ਪੱਲੇ ਨਹੀਂ ਰਿਹਾ। ਇਹ ਕਮੇਟੀ ਨਾ ਤਾਂ ਜਨਰਲ ਬਾਡੀ ਨੂੰ ਮੰਨਦੀ ਹੈ, ਨਾ ਆਪਣੀ ਗੱਦੀ ਛੱਡ ਕੇ ਰਾਜ਼ੀ ਹੈ ਅਤੇ ਨਾ ਹੀ ਆਉਣ ਵਾਲੀਆਂ ਚੋਣਾਂ ਵਿਚ ਵਿਰੋਧੀ ਧਿਰ ਨੂੰ ਵੋਟਰ ਲਿਸਟ ਦੇ ਕੇ ਰਾਜ਼ੀ ਹੈ। ਪੰਜਾਬ ਟਾਈਮਜ਼ ਦੇ 29 ਅਕਤੂਬਰ, 2011 ਦੇ ਅੰਕ, ਪੰਨਾ 3 ਤੇ ਸਿੱਖ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਇਕ ਇਸ਼ਤਿਹਾਰ ਦਿੱਤਾ ਹੈ ਅਤੇ ਬੇਹੂਦੀਆਂ ਗੱਲਾਂ ਕਰ ਕੇ ਸੰਗਤਾਂ ਨੂੰ ਭੰਬਲਭੂਸੇ ਵਿਚ ਪਾਉਣ ਦੀ ਕੋਸ਼ਿਸ ਕੀਤੀ ਹੈ।

## ਗੱਲ ਵੋਟਰ ਲਿਸਟ ਦੀ-ਸੁਆਲ ਚਨਾ, ਜੁਆਬ ਗੰਦਮ

ਉਰਦੂ ਦਾ ਅਖਾਣ ਹੈ "ਸੁਆਲ ਚਨਾ, ਜੁਆਬ ਗੰਦਮ।" ਭਾਵ ਸੁਆਲ ਛੋਲਿਆਂ ਬਾਰੇ ਪੁਛਿਆ ਸੀ, ਪਰ ਜੁਆਬ ਕਣਕ ਦਾ ਮਿਲਿਆ ਹੈ। ਸੁਆਲ ਸ. ਬਾਬ (ਭੁਪਿੰਦਰ ਸਿੰਘ) ਢਿਲੋਂ ਤੋਂ ਪੁਛਿਆ ਸੀ ਕਿ ਜਦੋਂ ਤੁਸੀਂ 2005 ਵਿਚ ਸੈਨ ਹੋਜ਼ੇ ਦੀ ਸਿਟੀ ਕੌਂਸਲ ਦੀ ਚੋਣ ਲੜੀ ਸੀ ਤੇ ਤੁਸੀਂ ਸਿਰਫ 321 ਵੋਟਾਂ (ਸਿਰਫ 4%) ਲੈ ਕੇ 7ਵੇਂ ਨੰਬਰ 'ਤੇ ਰਹਿ ਕੇ ਸਿਰਫ ਧੂੜ ਦੇ ਟੱਟੂ ਬਣ ਕੇ ਰਹਿ ਗਏ ਸੀ, ਉਦੋਂ ਤੁਹਾਨੂੰ ਵੋਟਰ ਲਿਸਟ ਮਿਲੀ ਸੀ ਜਾਂ ਨਹੀਂ? ਜੇ ਮਿਲੀ ਸੀ ਤਾਂ ਤੁਸੀਂ ਗੁਰਦੁਆਰਾ ਸਾਹਿਬ ਦੀ ਵੋਟਰ ਲਿਸਟ ਗੁਰਦੁਆਰਾ ਸੁਧਾਰ ਕਮੇਟੀ ਨੂੰ ਮਿਲਣ ਖਿਲਾਫ ਲੜਾਈ ਕਿਉਂ ਵਿੱਢ ਰੱਖੀ ਹੈ? ਸਾਧ ਸੰਗਤ ਜੀ, ਸੁਆਲ ਵੋਟਰ ਲਿਸਟ ਦਾ ਹੈ ਪਰ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਜੁਆਬ ਦਿੱਤਾ ਹੈ ਕਿ ਸ. ਬਾਬ ਢਿਲੋਂ ਸਿਰਫ 2005 ਵਿਚ ਹੀ ਨਹੀਂ ਹਾਰੇ ਸਨ, ਸਗੋਂ 2002 ਵਿਚ ਵੀ ਹਾਰੇ ਸਨ, ਪਰ ਉਦੋਂ ਸਿਰਫ ਤੀਜੇ ਨੰਬਰ ਤੇ ਰਹਿ ਕੇ ਹੀ ਹਾਰੇ ਸਨ!! ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਬਹੁਤ ਧੰਨਵਾਦ, ਪਰ ਮਾਫ ਕਰਨਾ, ਸੁਆਲ ਗੁਰਦੁਆਰਾ ਸਾਹਿਬ ਦੀ ਵੋਟਰ ਲਿਸਟ ਬਾਰੇ ਸੀ!! ਉਸ ਬਾਰੇ ਕਿਉਂ ਚੁਪ ਵੱਟੀ ਹੋਈ ਹੈ?

ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਸਹੁੰ ਚੁੱਕਣ ਦਾ ਬਹੁਤ ਸ਼ੌਂਕ ਜਾਪਦਾ ਹੈ। ਮਹਾਭਾਰਤ ਦਾ ਪ੍ਰਕਾਸ਼ ਕਮੇਟੀ ਨੇ ਕੀਤਾ ਅਤੇ ਇਸ ਅੱਗੇ ਮੱਥੇ ਸੰਗਤਾਂ ਤੋਂ ਟਿਕਵਾਏ। ਚਲੋ ਗਲਤੀ ਵਿਚ ਹੀ ਹੋ ਗਿਆ ਸਹੀ। ਇਸ ਗਲਤੀ ਲਈ ਮਾਫੀ ਕਮੇਟੀ ਨੇ ਅਜੇ ਤਕ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਭਰੇ ਦਰਬਾਰ ਵਿਚ ਅਜੇ ਤਕ ਕਿਉਂ ਨਹੀਂ ਮੰਗੀ? ਇਹ ਸੰਗਤਾਂ ਨੂੰ, ਖਾਸ ਕਰਕੇ ਉਨ੍ਹਾਂ ਸੰਗਤਾਂ ਤੋਂ ਜਿਹੜੀਆਂ ਸੰਗਤਾਂ ਇਨ੍ਹਾਂ ਦੀ ਗਲਤੀ ਦੀਆਂ ਸ਼ਿਕਾਰ ਹੋਈਆਂ ਹਨ, ਕਿਹੜੀ ਗੱਲ ਦੀ ਮਾਫੀ ਮੰਗਵਾ ਰਹੀ ਹੈ? ਕੀ ਸਾਰੀ ਦੀ ਸਾਰੀ ਕਮੇਟੀ ਮਹਾਭਾਰਤ ਦਾ ਪ੍ਰਕਾਸ਼ ਕਰਨ ਦੇ ਹੱਕ ਵਿਚ ਸੀ ਜਾਂ ਕੁਝ ਹੀ ਮੈਂਬਰ? ਕੀ ਇਸ ਸਬੰਧ ਵਿਚ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ ਅਤੇ ਕਿਸੇ ਵੀ ਕਮੇਟੀ ਦੇ ਮੈਂਬਰ ਨੇ ਇਸ ਸਬੰਧੀ ਅਸਹਿਮਤੀ ਨਹੀਂ ਪ੍ਰਗਟਾਈ? ਕੀ ਕਮੇਟੀ ਇਹ ਵੀ ਸਹੁੰ ਖਾ ਸਕਦੀ ਹੈ ਕਿ ਜਿਸ ਤਸਵੀਰ ਵਿਚ ਸੁਖਦੇਵ ਸਿੰਘ ਬੈਨੀਵਾਲ ਕਿਸੇ ਗ੍ਰੰਥ ਨੂੰ ਸੀਸ 'ਤੇ ਰੱਖ ਕੇ ਲਿਜਾ ਰਹੇ ਸਨ ਅਤੇ ਭਾਈ ਗੁਰਮੇਲ ਸਿੰਘ ਉਸ ਅੱਗੇ ਜਲ ਤਰੌਂਕ ਰਹੇ ਸਨ, ਉਹ ਮਹਾਭਾਰਤ ਸੀ ਜਾਂ ਕੋਈ ਹੋਰ ਗ੍ਰੰਥ? ਕੀ ਇਹ ਸਾਰਾ ਕੁਝ ਭਾਈ ਗੁਰਮੇਲ ਸਿੰਘ ਨੂੰ ਕਿਸੇ ਸਾਜਿਸ਼ ਦਾ ਹਿੱਸਾ ਬਣਾਉਣ ਦਾ ਯਤਨ ਨਹੀਂ ਸੀ? ਕੀ ਕਮੇਟੀ ਇਸ ਦੀ ਵੀ ਸਹੁੰ ਖਾ ਸਕਦੀ ਹੈ?

ਕੀ ਕਮੇਟੀ ਜਿਨ੍ਹਾਂ ਚਹੁੰ ਵਿਅਕਤੀਆਂ (ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ, ਗੁਰਦੇਵ ਸਿੰਘ ਤੀਰ ਅਤੇ ਗੁਰਪ੍ਰੀਤ ਕੌਰ ਜਿਨ੍ਹਾਂ ਨੇ ਵੋਟਰ ਲਿਸਟ ਨੂੰ ਰੁਕਵਾਉਣ ਲਈ ਗੁਰਦੁਆਰਾ ਸਾਹਿਬ ਤੇ ਕੇਸ ਕੀਤਾ ਹੈ) ਬਾਰੇ ਵੀ ਸਹੁੰ ਖਾ ਕੇ ਦੱਸ ਸਕਦੀ ਹੈ ਕਿ ਉਹ ਇਨ੍ਹਾਂ ਦੇ ਹੀ ਬੰਦੇ ਨਹੀਂ ਹਨ?

ਸੰਗਤ ਦੇ ਵਾਰ ਵਾਰ ਪੁਛਣ 'ਤੇ ਵੀ ਤੁਸੀਂ ਕਿਉਂ ਨਹੀਂ ਦੱਸ ਰਹੇ ਕਿ 2008 ਤੋਂ ਲੈ ਕੇ ਹੁਣ ਤਕ ਤੁਸੀਂ ਕਾਨੂੰਨੀ ਲੜਾਈਆਂ 'ਤੇ ਕਿੰਨਾ ਪੈਸਾ ਬਰਬਾਦ ਕਰ ਚੁੱਕੇ ਹੋ? ਸੰਗਤ ਦੇ ਵਾਰ ਵਾਰ ਪੁਛਣ 'ਤੇ ਵੀ ਤੁਸੀਂ ਕਿਉਂ ਨਹੀਂ ਦੱਸ ਰਹੇ ਕਿ ਗੁਰਦੁਆਰਾ ਸਾਹਿਬ ਦੇ ਅਕਾਊਂਟ ਵਿਚ ਕਿੰਨੇ ਪੈਸੇ ਹਨ? ਕੀ ਇਹ ਆਮ ਜਾਣਕਾਰੀ ਲੈਣ ਲਈ ਵੀ ਸੰਗਤ ਨੂੰ ਅਦਾਲਤ ਦਾ ਬੂਹਾ ਖੜਕਾਉਣਾ ਪਊ?

## ਸਾਡੇ ਜੁਆਬ ਹਾਜ਼ਰ ਹਨ, ਜ਼ਰਾ ਗੌਰ ਨਾਲ ਪੜ੍ਹ ਲੈਣਾ!

**(1)** ਜਸਵੰਤ ਸਿੰਘ ਹੋਠੀ, ਬਲਬੀਰ ਸਿੰਘ ਢਿੱਲੋਂ, ਬਚਿੱਤਰ ਸਿੰਘ ਸੰਘਾ, ਚਾਹਲ ਪਰਿਵਾਰ ਅਤੇ ਸੰਗਤਾਂ ਦੇ ਹੋਰ ਹਜ਼ਾਰਾਂ ਹੀ ਮੈਂਬਰ ਗੁਰਦੁਆਰਾ ਸੁਧਾਰ ਕਮੇਟੀ ਦੇ ਸਮਰਥਕ ਹਨ। ਇਨ੍ਹਾਂ ਨੇ ਬਹੁਤ ਸਾਲ ਕਮੇਟੀ ਵਿਚ ਤੁਹਾਡੇ ਨਾਲ ਹੀ ਕੰਮ ਕੀਤਾ ਹੈ। ਤੁਹਾਡੀ ਬੇਇਨਸਾਫੀ ਅਤੇ ਆਪਹੁਦਰੇਪਣ ਤੋਂ ਤੰਗ ਆ ਕੇ ਤੇ ਸਾਡੀ ਸੱਚਾਈ ਦੇਖ ਕੇ ਹੀ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹੋਏ ਹਨ। ਅਗਰ ਉਨ੍ਹਾਂ ਵਾਂਗ ਤੁਹਾਡੇ ਕਿਸੇ ਵਿਚ ਵੀ ਜੇ ਗੈਰਤ ਅਤੇ ਰੱਬੀ ਭੈਅ ਹੈ ਤਾਂ ਸਾਡੇ ਨਾਲ ਰਲ ਸਕਦੇ ਹੋ।

**(2)** ਅਸੀਂ ਕੁਲਵੰਤ ਸਿੰਘ ਬਾਰੇ ਪਹਿਲਾਂ ਹੀ ਜੁਆਬ ਦੇ ਚੁੱਕੇ ਹਾਂ।

**(3)** ਤੁਹਾਡੇ ਵਲੋਂ ਡਾ. ਤਰਲੋਚਨ ਸਿੰਘ ਨਾਹਲ ਦੀ ਪੀਐਚ. ਡੀ. ਡਿਗਰੀ ਬਾਰੇ ਫਿਕਰ ਕਰਨਾ ਤੁਹਾਡੀ ਮੱਕਾਰੀ ਦੀ ਹੱਦ ਹੈ ਜਿਸ ਨੂੰ ਆਮ ਸਾਧ ਸੰਗਤ ਭਲੀ ਪ੍ਰਕਾਰ ਸਮਝਦੀ ਹੈ। ਜੇ ਤੁਹਾਡੇ ਮਨ ਵਿਚ ਕੋਈ ਸ਼ੰਕਾ ਹੈ ਤਾਂ ਤੁਹਾਨੂੰ ਡਾ. ਨਾਹਲ ਦੇ ਘਰ ਆਉਣ ਦਾ ਖੁੱਲ੍ਹਾ ਸੱਦਾ ਹੈ ਜਿਥੇ ਉਹ ਗੁਰਸਿੱਖਾਂ ਵਾਂਗ ਬਹੁਤ ਪਿਆਰ ਅਤੇ ਸਤਿਕਾਰ ਨਾਲ ਤੁਹਾਡੇ ਸ਼ੰਕੇ ਨਵਿਰਤ ਕਰ ਸਕਦੇ ਹਨ। ਤੁਸੀਂ ਉਨ੍ਹਾਂ ਦਾ ਪੀਐਚ. ਡੀ. ਥੀਸਿਸ ਪਹਿਲਾਂ ਪੜ੍ਹੋ, ਬਾਦ ਵਿਚ ਫੈਸਲਾ ਕਰੋ।

**(4)** ਮੁੱਦਾ ਅਸੀਂ ਕਦੇ ਵੀ ਨਹੀਂ ਬਦਲਿਆ, ਜੁਆਬ ਦੇਣ ਤੋਂ ਕੰਨੀ ਕਤਰਾਉਣ ਲਈ ਮੁੱਦਾ ਤਾਂ ਤੁਸੀਂ ਬਦਲਦੇ ਹੋ।

**(5)** ਸਾਨੂੰ ਚਿੰਤਾ ਤਾਂ ਪਹਿਲਾਂ ਵੀ ਸੀ ਅਤੇ ਅਸੀਂ ਉਮੀਦ ਰੱਖਦੇ ਸਾਂ ਕਿ ਤੁਸੀਂ ਨਿਰਪੱਖ ਵੋਟਾਂ ਪੁਆ ਕੇ ਸੰਗਤਾਂ ਨਾਲ ਕੀਤੇ ਵਾਅਦੇ ਪੂਰੇ ਕਰੋਗੇ ਅਤੇ ਗੁਰਦੁਆਰਾ ਸਾਹਿਬ ਦੀ ਮਰਯਾਦਾ ਵਲ ਧਿਆਨ ਦੇਵੋਗੇ ਪਰ ਇੰਜ ਨਹੀਂ ਹੋਇਆ। ਤੁਹਾਡੀ ਇਸ ਗੱਲ ਨਾਲ ਅਸੀਂ ਸਹਿਮਤ ਹਾਂ ਕਿ ਤੁਹਾਡਾ ਤਾਨਾਸ਼ਾਹੀ ਰਵੱਈਆ ਦੇਖ ਕੇ ਸਾਨੂੰ ਵਾਕਈ ਗੁਰੂ ਘਰ ਦੇ ਨਿਰਮਾਣ ਤੋਂ ਬਾਦ ਹੀ ਸੁਧਾਰਾਂ ਦੀ ਚਿੰਤਾ ਹੋਰ ਵੀ ਸਤਾਉਣ ਲੱਗੀ। ਇਸ ਦੇ ਕਾਰਨ ਵੀ ਸੁਣ ਲਉ:

(ੳ) ਸਾਨੂੰ 17 ਅਪਰੈਲ 2011 ਤੱਕ ਇਸ ਗੱਲ ਦਾ ਪਹਿਲਾਂ ਪਤਾ ਹੀ ਨਹੀਂ ਲੱਗਾ ਕਿ ਤੁਸੀਂ ਸੰਗਤਾਂ ਨਾਲ ਇੰਨੀ ਵੱਡੀ ਬੇਈਮਾਨੀ ਅਤੇ ਚਲਾਕੀ ਕਰੋਗੇ। (ਅ) ਤੁਸੀਂ ਤਾਂ ਗੁਰਦੁਆਰਾ ਸਾਹਿਬ ਦੀ ਓਪਨਿੰਗ ਤੋਂ ਮਗਰੋਂ ਇਕ ਹਫਤਾ ਵੀ ਨਹੀਂ ਟੱਪਣ ਦਿੱਤਾ ਜਦੋਂ ਗਿਣੀ-ਮਿਥੀ ਸਾਜਿਸ਼ ਅਧੀਨ ਜਨਰਲ ਬਾਡੀ ਨੂੰ ਸੂਚਿਤ ਕੀਤੇ ਬਿਨਾ ਹੀ ਇਕ ਛੋਟੇ ਜਿਹੇ ਕਮਰੇ ਵਿਚ ਗੁਪਤ ਮੀਟਿੰਗ ਰੱਖ ਕੇ ਮਨਮਰਜ਼ੀ ਨਾਲ ਸੰਵਿਧਾਨ ਵਿਚ ਤਬਦੀਲ਼ੀਆਂ ਕਰ ਲਈਆਂ ਅਤੇ ਆਪਣੇ ਆਪ ਨੂੰ ਜਨਰਲ ਬਾਡੀ ਦੀਆਂ ਚੋਣਾਂ ਕਰਾਉਣ ਤੋਂ ਬਿਨਾ ਹੀ ਪੰਜਾਂ ਸਾਲਾਂ ਲਈ ਚੁਣ ਲਿਆ। (ੲ) ਤੁਸੀਂ ਸੰਗਤਾਂ ਦੇ ਅੱਖੀਂ ਘੱਟਾ ਪਾ ਕੇ ਮੱਕਾਰੀ ਭਰੀ "ਸਵੈ-ਇਛਾ ਵਾਲੀ ਸੇਵਾ-ਮੁਕਤੀ" ਦੀ ਯੋਜਨਾ ਦੇ ਤਹਿਤ ਸਾਰੇ ਦੇ ਸਾਰੇ 21 ਕਮੇਟੀ ਮੈਂਬਰਾਂ ਦੀ ਚੋਣ ਕਰਾਉਣ ਤੋਂ ਮੁਕਰ ਗਏ ਅਤੇ 4-4 ਮੈਂਬਰ ਹਰ ਸਾਲ "ਸੇਵਾ-ਮੁਕਤ" ਕਰਨ ਦੀ ਸਕੀਮ ਤਹਿਤ "ਘੁੰਮਣ ਵਾਲੇ ਦਰਵਾਜ਼ੇ" ਦੀ ਕਾਢ ਕੱਢ ਕੇ ਗੁਰਦੁਆਰਾ ਸਾਹਿਬ ਦੀ ਕਮੇਟੀ ਉਪਰ ਆਪ ਅਤੇ ਆਪਣੇ ਝੋਲੀ-ਚੁੱਕਾਂ ਦਾ ਕਬਜਾ ਪੱਕਾ ਕਰਨ ਦੀ ਕੋਸ਼ਿਸ ਕੀਤੀ। (ਸ) ਸਾਨੂੰ ਕੀ ਪਤਾ ਸੀ ਕਿ ਇਸ ਕਮੇਟੀ ਨੇ ਜਨਰਲ ਬਾਡੀ ਨੂੰ ਪੁਛੇ-ਦੱਸੇ ਬਿਨਾ ਹੀ ਮਾਰਚ 2011 ਵਿਚ ਹੀ ਇਸ ਸਾਰੀ ਯੋਜਨਾ ਨੂੰ ਅੰਜਾਮ ਦੇਣ ਲਈ ਮਤਾ ਪਾਸ ਕਰ ਲਿਆ ਸੀ?

ਇਹੀ ਵਜ੍ਹਾ ਹੈ ਕਿ ਇਸ ਬੇਇਨਸਾਫੀ ਨੂੰ ਰੋਕਣ ਲਈ 19 ਅਪਰੈਲ 2011 ਨੂੰ ਗੁਰਦੁਆਰਾ ਸੁਧਾਰ ਕਮੇਟੀ ਹੋਂਦ ਵਿਚ ਆਈ!

**ਕਮੇਟੀ ਨੂੰ ਸੁਆਲ: (1)** ਕਮੇਟੀ ਨੂੰ 3 ਜੁਲਾਈ 2011 ਦੀ ਝੂਠ ਅਤੇ ਮੱਕਾਰੀ ਨਾਲ ਕੀਤੀ ਇਲੈਕਸ਼ਨ ਵਿਚ ਝੂਠ 'ਤੇ ਆਧਾਰਤ ਅਖੌਤੀ ਜਿੱਤ ਦੀ ਗੱਪ ਮਾਰਨ ਦੀ ਬੜੀ ਆਦਤ ਹੈ ਪਰ ਕੀ ਇਸ ਨੂੰ ਇਸ ਗੱਲ ਦਾ ਚੇਤਾ ਭੁਲ ਗਿਆ ਕਿ ਇਸ ਸਾਰੀ ਕਮੇਟੀ ਨੂੰ ਜਨਰਲ ਬਾਡੀ ਨੇ ਭਰੇ ਦਰਬਾਰ ਵਿਚ ਉਸ ਇਲੈਕਸ਼ਨ ਦੇ ਸ਼ੁਰੂ ਹੋਣ ਤੋਂ ਇਕ ਘੰਟਾ ਪਹਿਲਾਂ ਹੀ ਜੈਕਾਰਿਆਂ ਦੀ ਗੂੰਜ ਅਤੇ ਬਹੁਮੱਤ ਨਾਲ ਸਾਰੀ ਕਮੇਟੀ ਨੂੰ ਭੰਗ ਨਹੀਂ ਸੀ ਕੀਤਾ?

**(2)** ਕੀ 14 ਜੁਲਾਈ 2011 ਦੇ ਫੈਸਲੇ ਮੁਤਾਬਿਕ ਮਾਨਯੋਗ ਅਦਾਲਤ ਨੇ ਝੂਠ 'ਤੇ ਆਧਾਰਤ ਉਸ ਇਲੈਕਸ਼ਨ ਨੂੰ ਰੱਦ ਨਹੀਂ ਕੀਤਾ?

**(3)** ਕੀ ਮਾਨਯੋਗ ਅਦਾਲਤ ਨੇ ਇਸ ਕਮੇਟੀ ਵਲੋਂ ਸੰਵਿਧਾਨ ਵਿਚ ਕੀਤੀਆਂ ਤਬਦੀਲੀਆਂ ਨੂੰ ਗੈਰ-ਕਾਨੂੰਨੀ ਨਹੀਂ ਕਰਾਰ ਦਿੱਤਾ?

**(4)** ਕੀ ਤੁਹਾਡੀ ਮੱਕਾਰੀ ਭਰੀ "ਸਵੈ-ਇਛਾ ਵਾਲੀ ਸੇਵਾ-ਮੁਕਤੀ" ਦੀ ਯੋਜਨਾ ਨੂੰ ਮਾਣਯੋਗ ਅਦਾਲਤ ਨੇ ਰੱਦ ਕਰ ਕੇ ਤੁਹਾਡੀ ਸਾਰੀ ਯੋਜਨਾ ਧਰੀ-ਧਰਾਈ ਨਹੀਂ ਰਹਿਣ ਦਿੱਤੀ?

**(5)** ਕੀ ਮਾਣਯੋਗ ਅਦਾਲਤ ਨੇ ਕਮੇਟੀ ਦੇ ਸਾਰੇ 21 ਮੈਂਬਰਾਂ ਦੀ ਚੋਣ ਦਾ ਹੁਕਮ ਨਹੀਂ ਦਿੱਤਾ?

**(6)** ਕੀ ਤੁਸੀਂ ਕੇਸ ਵਿਚ ਦਖਲ ਦੇਣ ਵਾਲੀ ਵੋਟਰ ਲਿਸਟ ਨੂੰ ਰੁਕਵਾਉਣ ਵਾਲੀ ਧਿਰ ਆਪ ਖੜੀ ਨਹੀਂ ਕੀਤੀ ਅਤੇ ਆਪਣੀ ਕੁਰਸੀ ਨੂੰ ਬਚਾਉਣ ਲਈ ਗੁਰਦੁਆਰਾ ਸਾਹਿਬ 'ਤੇ ਕੇਸ ਦਰਜ਼ ਨਹੀਂ ਕਰਵਾਇਆ?

**(7)** ਕੀ ਕੇਸਾਂ ਦਾ ਖਰਚਾ ਗੁਰੂ ਕੀ ਗੋਲਕ ਵਿਚੋਂ ਨਹੀਂ ਹੋ ਰਿਹਾ?

**(8)** ਕੀ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤੁਸੀਂ ਸਹੁੰ ਚੁਕਣ ਲਈ ਤਿਆਰ ਹੋ?

**ਗੁਰੂ ਪਿਆਰੀ ਸਾਧ ਸੰਗਤ ਜੀ, ਸੱਚ ਨੂੰ ਪਛਾਣੋ! ਗੁਰਦੁਆਰਾ ਸੁਧਾਰ ਕਮੇਟੀ ਦੇ ਹੱਥ ਮਜ਼ਬੂਤ ਕਰੋ ਜੋ ਤੁਹਾਡੇ ਹੱਕਾਂ ਲਈ ਜੂਝ ਰਹੀ ਹੈ।**

## ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ

## ਫੋਨ:(408) 509-1082

*Paid Advt.*

# "ਕਿਉ ਕੀਤੋਹ ਵਿਸਾਹੁ"

ਅੱਜ ਵੀ ਸਾਡੇ ਸਮਾਜ ਵਿਚ ਇਹੋ ਜਿਹੇ ਲੋਕ ਹਨ ਜਿਨ੍ਹਾਂ ਨੂੰ ਆਪਣੇ ਘਰ ਨਾਲੋਂ ਗਵਾਂਢੀ ਦਾ ਜ਼ਿਆਦਾ ਫਿਕਰ ਹੁੰਦਾ ਹੈ। ਆਪਣੀ ਧੀ 6 ਵਜੇ ਤੱਕ ਘਰ ਨਾ ਮੁੜੇ ਇਸ ਗੱਲ ਦੀ ਚਿੰਤਾ ਨਹੀਂ, ਗਵਾਂਢੀਆਂ ਦੇ ਧੀ-ਪੁੱਤ ਤਿਆਰ ਹੋ ਕੇ ਕਿਥੇ ਗਏ ਹੋਣਗੇ? ਇਸ ਦਾ ਫਿਕਰ ਵੱਧ ਖਾਈ ਜਾਂਦਾ ਹੈ। ਆਪਣੇ ਘਰ ਦਾ ਹਿਸਾਬ-ਕਿਤਾਬ ਰੱਖਣ ਨਾਲੋਂ ਦੂਜੇ ਦੀ ਆਮਦਨ-ਖਰਚ ਦਾ ਫਿਕਰ ਜ਼ਿਆਦਾ ਲੱਗਾ ਰਹਿੰਦਾ ਹੈ। ਜਿਵੇਂ ਜਸਜੀਤ ਚੇਲੇ ਨੂੰ ਜਿਹੜੀਆਂ ਜਥੇਬੰਦੀਆਂ ਵਿਚ ਉਹ ਕੰਮ ਕਰਦਾ ਹੈ, ਉਨ੍ਹਾਂ ਦਾ ਫਿਕਰ ਨਹੀਂ ਪਰ ਸ. ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਾਰਟੀ ਲਈ ਬਹੁਤ ਫਿਕਰਮੰਦ ਹੈ ਕਿ ਸ. ਮਾਨ ਕੋਈ ਸਿਆਸੀ ਢਾਂਚਾ ਨਹੀਂ ਬਣਾ ਸਕੇ, ਉਨ੍ਹਾਂ ਮਣਾਂ-ਮੂੰਹੀਂ ਪੈਸਾ ਇਕੱਠਾ ਕਰ ਲਿਆ ਹੈ, ਉਨ੍ਹਾਂ ਦੀ ਪਾਰਟੀ ਦਾ ਕੋਈ ਖਜ਼ਾਨਚੀ ਨਹੀਂ ਹੈ। ਦੂਜੇ ਪਾਸੇ ਸਿੱਖ ਯੂਥ ਆਫ ਅਮਰੀਕਾ ਹੈ, ਜਿਸ ਵਿਚ ਅਸੀਂ ਲਗਭਗ 18-19 ਸਾਲ ਇਕੱਠੇ ਕੰਮ ਕੀਤਾ ਹੈ ਅਤੇ ਜਿਸ ਦਾ ਖਜ਼ਾਨਚੀ ਲਗਾਤਾਰ 17 ਸਾਲ ਬਲਬੀਰ ਸਿੰਘ ਢਿੱਲੋਂ ਰਿਹਾ ਹੈ, ਕੀ ਕੋਈ ਸਿੱਖ ਯੂਥ ਆਫ ਅਮਰੀਕਾ ਦਾ ਸੀਨੀਅਰ ਆਗੂ ਜਾਂ ਸੀਨੀਅਰ ਮੈਂਬਰ ਇਸ ਗੱਲ ਦਾ ਹਿਸਾਬ ਦੱਸ ਸਕਦਾ ਹੈ ਕਿ ਉਨ੍ਹਾਂ 17 ਸਾਲਾਂ ਵਿਚ ਕਿੰਨੇ ਪੈਸੇ ਇਕੱਠੇ ਹੋਏ ਤੇ ਕਿੱਥੇ ਖਰਚੇ ਗਏ? ਅੱਜ ਤੱਕ ਜਥੇਬੰਦੀ ਦਾ ਹਿਸਾਬ-ਕਿਤਾਬ ਕਿਹੜੇ ਬੋਰਡ 'ਤੇ ਲਿਖ ਕੇ ਲਾਇਆ ਜਾਂਦਾ ਹੈ ਜਾਂ ਕਿਸ ਨੂੰ ਪੜ੍ਹ ਕੇ ਸੁਣਾਇਆ ਜਾਂਦਾ ਹੈ? ਏ.ਜੀ.ਪੀ.ਸੀ. (ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ) ਜਿਹੜੀ ਸੰਨ 2000 'ਚ ਹੋਂਦ ਵਿਚ ਆਈ, ਜਿਸ ਦੀ ਮਾਂ ਹੋਣ ਦਾ ਦਾਅਵਾ ਜਸਜੀਤ ਸਿੰਘ ਕਰਦਾ ਹੈ, ਜਿਸ ਦਾ ਕਾਰੋਬਾਰ 40 ਗੁਰਦੁਆਰਿਆਂ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਫੈਲਿਆ ਹੋਇਆ ਹੈ, ਉਸ ਦੇ ਖਜ਼ਾਨਚੀ ਅਤੇ ਪਿਛਲੇ 11 ਸਾਲ ਦੇ ਹਿਸਾਬ-ਕਿਤਾਬ ਦਾ ਆਮ ਸੰਗਤ ਨੂੰ ਤਾਂ ਕੀ, ਉਨ੍ਹਾਂ 40 ਗੁਰਦੁਆਰਿਆਂ ਨੂੰ ਵੀ ਨਹੀਂ ਪਤਾ। ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਖਾੜਕੂ ਸੰਘਰਸ਼ ਦੇ ਪੈਸੇ ਦਾ ਹਿਸਾਬ-ਕਿਤਾਬ ਨਹੀਂ ਹੁੰਦਾ ਪਰ ਪਿਛਲੇ 15 ਸਾਲਾਂ ਤੋਂ ਸ. ਦਲਜੀਤ ਸਿੰਘ ਵੱਲੋਂ ਚਲਾਈਆਂ ਗਈਆਂ ਵੱਖ ਵੱਖ ਰਾਜਨੀਤਕ ਜਥੇਬੰਦੀਆਂ ਜਾਂ ਪਾਰਟੀਆਂ ਦਾ ਹਿਸਾਬ-ਕਿਤਾਬ ਕਿਹੜੇ ਦਫਤਰ ਵਿਚ ਪਿਆ ਹੈ ਜਾਂ ਉਨ੍ਹਾਂ ਦੇ ਖਜ਼ਾਨੇ ਵਿਚ ਕਿੰਨਾ ਪੈਸਾ ਆਇਆ ਤੇ ਕਿੱਥੇ ਕਿਥੇ ਖਰਚਿਆ ਗਿਆ ਇਸ ਗੱਲ ਦੀ ਚਿੰਤਾ ਜਸਜੀਤ ਸਿੰਘ ਨੂੰ ਕਿਉਂ ਨਹੀਂ ਹੈ?

ਲਗਭਗ 15 ਸਾਲਾਂ ਬਾਅਦ ਅਮਰੀਕਾ ਤੋਂ ਵਾਪਿਸ ਜਾ ਕੇ ਉਨ੍ਹਾਂ ਫਿਰੌਤੀਆਂ ਦੇ ਪੈਸੇ ਦਾ ਹਿਸਾਬ ਉਨ੍ਹਾਂ ਲੋਕਾਂ ਕੋਲੋਂ ਮੰਗਿਆ ਜਾ ਰਿਹਾ ਹੈ ਜਿਨ੍ਹਾਂ ਕੋਲ ਉਹ ਪੈਸੇ ਲੁਕਾਏ ਗਏ ਸਨ ਪਰ ਉਨ੍ਹਾਂ ਕਰੋੜਾਂ ਰੁਪਈਆਂ ਦਾ ਕੀ ਬਣਿਆ ਜਿਨ੍ਹਾਂ ਨੂੰ ਭਾਈ ਦਲਜੀਤ ਸਿੰਘ ਕੈਨੇਡਾ ਜਾਂ ਅਮਰੀਕਾ ਵਿਚ ਇਨਵੈਸਟ ਕਰਨ ਦੀ ਗੱਲ ਕਰਦੇ ਸਨ। ਸ. ਜਸਜੀਤ ਸਿੰਘ ਚੇਲਾ ਲਗਾਤਾਰ ਪਿਛਲੇ 15 ਸਾਲ ਤੋਂ ਡਾ. ਅਮਰਜੀਤ ਸਿੰਘ ਦੇ ਕੱਪੜਿਆਂ, ਭਾਂਡਿਆਂ ਅਤੇ ਉਸ ਦੇ ਘਰ ਵਿਚ ਪਏ ਫਰਨੀਚਰ ਦਾ ਹਿਸਾਬ ਮੰਗਦਾ ਰਿਹਾ ਹੈ, ਇਥੋਂ ਤੱਕ ਕਿ ਤਿੰਨ ਮੈਂਬਰੀ ਪੰਥਕ ਕਮੇਟੀ ਦੇ ਮੈਂਬਰਾਂ ਨੂੰ ਉਕਸਾ ਕੇ ਡਾ. ਅਮਰਜੀਤ ਸਿੰਘ ਦਾ ਦਫਤਰ ਬੰਦ ਕਰਾਉਣ ਲਈ ਵਾਰ ਵਾਰ ਮੀਟਿੰਗਾਂ ਕੀਤੀਆਂ ਗਈਆਂ। ਦੂਜੇ ਪਾਸੇ ਸਿੱਖ ਯੂਥ ਆਫ ਅਮਰੀਕਾ ਵੱਲੋਂ ਇਕੱਠੇ ਕੀਤੇ ਪੈਸਿਆਂ ਵਿਚੋਂ ਵੀ ਦਸ ਹਜ਼ਾਰ ਡਾਲਰ ਇਹ ਕਹਿ ਕੇ ਦੱਬ ਲਿਆ ਕਿ ਸੱਤ ਹਜ਼ਾਰ ਡਾਲਰ ਚੜ੍ਹਦੀਕਲਾ ਅਖਬਾਰ ਦੀਆਂ ਮਸ਼ੀਨਾਂ ਲਈ ਉਧਾਰ ਲਿਆ ਸੀ ਅਤੇ ਤਿੰਨ ਹਜ਼ਾਰ ਡਾਲਰ ਇਨ੍ਹਾਂ ਦਾ ਛੜਾ ਤਾਇਆ ਜੋ ਅਖਬਾਰ ਚਲਾਉਂਦਾ ਸੀ, ਉਸ ਦਾ ਬਕਾਇਆ ਭੁਗਤਾਨ ਕਰ ਦਿੱਤਾ ਗਿਆ ਹੈ, ਪਰ ਜਦੋਂ 6 ਮਹੀਨੇ ਬਾਅਦ ਹਰਕੀਰਤ ਸਿੰਘ ਤੇ ਚੜ੍ਹਦੀਕਲਾ ਅਖਬਾਰ ਦੇ ਹੋਰ ਪ੍ਰਬੰਧਕਾਂ ਨੇ ਸਿਆਟਲ ਵਿਚ ਪੈਂਤੀ ਹਜ਼ਾਰ ਡਾਲਰ ਇਨ੍ਹਾਂ ਵੱਲ ਚੜ੍ਹਦੀਕਲਾ ਅਖਬਾਰ ਦਾ ਬਕਾਇਆ ਕੱਢ ਦਿੱਤਾ ਪਰ ਉਸ ਦਾ ਅੱਜ ਤੱਕ ਭੁਗਤਾਨ ਨਹੀਂ ਕੀਤਾ ਗਿਆ। ਅਸੀਂ ਉਨ੍ਹਾਂ ਪੈਸਿਆਂ ਦਾ ਹਿਸਾਬ ਕਦੇ ਨਹੀਂ ਮੰਗਿਆ ਜਿਨ੍ਹਾਂ ਦਾ ਸਾਡੇ ਨਾਲ ਕੋਈ ਸਬੰਧ ਨਹੀਂ ਪਰ ਇਹ ਗੱਲ ਕਿਸ ਆਧਾਰ ਉਤੇ ਕਹੀ ਗਈ ਹੈ ਕਿ ਹਰਮਿੰਦਰ ਸਿੰਘ ਸਮਾਣਾ ਦੇ ਘਰ ਹੇਵਰਡ ਵਿਚ ਮਾਨ ਸਾਹਿਬ ਦੀ ਹਾਜਰੀ ਵਿਚ ਲੱਖਾਂ ਡਾਲਰ ਇਕੱਠੇ ਹੋਏ? ਜਦੋਂ ਹਰਮਿੰਦਰ ਸਿੰਘ ਸਮਾਣਾ ਤੋਂ ਇਸ ਫੰਡ ਰੇਜਰ ਬਾਰੇ ਪੁਛਿਆ ਗਿਆ ਤਾਂ ਉਸ ਦਾ ਕਹਿਣਾ ਸੀ, "ਨਾ ਤਾਂ ਮੇਰੇ ਘਰੇ ਕੋਈ ਫੰਡ ਰੇਜਰ ਹੋਇਆ ਅਤੇ ਨਾ ਹੀ ਯੂਥ ਦੇ ਕਿਸੇ ਮੈਂਬਰ ਨੇ ਮੈਨੂੰ ਕੋਈ ਚੈਕ ਦਿੱਤਾ ਹੈ।"

ਜਿਹੜੇ ਪਾਠਕ ਲਗਾਤਾਰ ਇਹ ਲਿਖਤਾਂ ਪੜ੍ਹ ਰਹੇ ਹਨ, ਉਹ ਵੀ ਇਸ ਗੱਲ ਤੋਂ ਜਾਣੂ ਹਨ ਕਿ ਜਿਹੜੀ ਗੱਲ ਸ. ਜਸਜੀਤ ਸਿੰਘ ਨੂੰ ਜੋ ਲਗਾਤਾਰ ਬਹੁਤਾ ਪ੍ਰੇਸ਼ਾਨ ਕਰ ਰਹੀ ਹੈ, ਉਹ ਹੈ ਸ. ਸਿਮਰਨਜੀਤ ਸਿੰਘ ਮਾਨ ਵਲੋਂ ਬੇਅੰਤ ਸਿੰਘ ਦੇ ਬੁੱਤ ਦੇ ਗਲ ਵਿਚ ਛਿੱਤਰਾਂ ਜਾਂ




ਭਾਈ ਦਿਲਾਵਰ ਸਿੰਘ ਦੀਆਂ ਤਸਵੀਰਾਂ ਦਾ ਹਾਰ ਪਾਉਣਾ। ਸ. ਦਲਜੀਤ ਸਿੰਘ ਬਿੱਟੂ ਅਤੇ ਉਸ ਦੀ ਪੰਥਕ ਕਮੇਟੀ ਵਲੋਂ ਚੋਣਾਂ ਦਾ ਬਾਈਕਾਟ ਕਰਕੇ ਕਾਂਗਰਸ ਦੇ ਉਮੀਦਵਾਰਾਂ ਨੂੰ ਜਿਤਾਉਣਾ ਤੇ ਬੇਅੰਤ ਸਿੰਘ ਸਰਕਾਰ ਦਾ ਹੋਂਦ ਵਿਚ ਆਉਣਾ, ਸ. ਦਲਜੀਤ ਸਿੰਘ ਬਿੱਟੂ ਦਾ ਚਾਰ ਸਾਲ ਲਈ ਰੂਪੋਸ਼ ਹੋਣਾ ਅਤੇ ਸਿੱਖ ਜੁਝਾਰੂਆਂ ਦਾ ਵੱਡੇ ਪੱਧਰ 'ਤੇ ਕਤਲੇਆਮ ਵੀ ਬਹੁਤ ਸਾਰੇ ਸਵਾਲ ਖੜ੍ਹੇ ਕਰਦਾ ਹੈ। ਦੂਜੇ ਪਾਸੇ ਹੁਣ ਜਦੋਂ ਕਿ ਭਾਈ ਜਗਤਾਰ ਸਿੰਘ ਹਵਾਰਾ ਤੇ ਬਲਵੰਤ ਸਿੰਘ ਰਾਜੋਆਣਾ ਵਿਰੁਧ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਸੁਣਵਾਈ ਚਲ ਰਹੀ ਹੈ, ਮੀਡੀਆ, ਸਰਕਾਰ ਅਤੇ ਅਦਾਲਤਾਂ ਨੂੰ ਇਹ ਦੱਸਣ ਲਈ ਕਿ ਬੇਅੰਤ ਸਿੰਘ ਸਿੱਖਾਂ ਦਾ ਕਾਤਲ ਹੈ ਅਤੇ ਅੱਜ ਵੀ ਸਿੱਖਾਂ ਦੇ ਮਨ ਵਿਚ ਬਦਲੇ ਦੀ ਭਾਵਨਾ ਉਨੀ ਹੀ ਹੈ, ਦਲਜੀਤ ਸਿੰਘ ਗਰੁਪ ਦੇ ਵਿਰੋਧ ਦੇ ਬਾਵਜੂਦ ਸ. ਸਿਮਰਨਜੀਤ ਸਿੰਘ ਮਾਨ ਨੇ ਆਪਣੇ ਸਾਥੀਆਂ ਨੂੰ ਲੈ ਕੇ ਬੇਅੰਤ ਸਿੰਘ ਦੇ ਗਲ ਵਿਚ ਭਾਈ ਦਿਲਾਵਰ ਸਿੰਘ ਦੀਆਂ ਫੋਟੋਆਂ ਦਾ ਹਾਰ ਪਾਇਆ।

ਜੋ ਵਿਸ਼ਾ ਪਿਛਲੇ ਹਫਤੇ ਚੱਲ ਰਿਹਾ ਸੀ ਉਸ ਵਿਚ ਕੱਥੂ ਨੰਗਲ ਵਿਚ ਵਾਪਰੀ ਘਟਨਾ ਅਤੇ ਦਲਜੀਤ ਸਿੰਘ ਦੀ ਸੋਚ ਅਤੇ ਉਸ ਦੇ ਰਵੱਈਏ ਦੀ ਗੱਲ ਚੱਲ ਰਹੀ ਸੀ। ਉਥੇ ਬਾਦਲ ਅਤੇ ਉਸ ਦੇ ਬਣਾਏ ਬ੍ਰਿਗੇਡ ਬਿਕਰਮਜੀਤ ਮਜੀਠੀਆ, ਰਾਜਿੰਦਰ ਸਿੰਘ ਮਹਿਤਾ ਅਤੇ ਉਸ ਦੇ ਜਿਲ੍ਹਾ ਜਥੇਦਾਰ ਨੇ ਪਹਿਲਾਂ ਹੀ ਪੰਡਾਲ ਤੋਂ ਬਾਹਰ ਕੁੱਝ ਦੇਸੀ ਤੇ ਕੁੱਝ ਬਿਹਾਰੀ ਭਈਆਂ ਨੂੰ ਸ਼ਰਾਬ ਪਿਲਾ ਕੇ ਲੜਨ ਲਈ ਤਿਆਰ ਕੀਤਾ ਹੋਇਆ ਸੀ। ਦੂਜੇ ਪਾਸੇ ਪੁਲਿਸ ਵੱਲੋਂ ਸ. ਸਿਮਰਨਜੀਤ ਸਿੰਘ ਮਾਨ ਅਤੇ ਉਸ ਦੇ ਸਾਥੀਆਂ ਨੂੰ ਉਲਝਾਉਣ ਵਾਸਤੇ ਪੰਡਾਲ ਵਿਚ ਜਾਂਦੇ ਮੇਨ ਗੇਟ ਦੀ ਬਜਾਇ ਦੂਸਰੇ ਪਾਸਿਉਂ ਲਿਜਾਇਆ ਗਿਆ ਜਿਥੇ ਪਹਿਲਾਂ ਹੀ ਹਥਿਆਰਬੰਦ ਗੁੰਡੇ ਮਹਿਤੇ, ਚਾਵਲੇ ਅਤੇ ਮਜੀਠੇ ਦੀ ਅਗਵਾਈ ਵਿਚ ਤਿਆਰ ਖੜੇ ਸਨ। ਇਹ ਗੱਲ ਵੀ ਜ਼ਿਕਰਯੋਗ ਹੈ ਕਿ ਸ. ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਸਾਥੀਆਂ ਕੋਲੋਂ ਪਹਿਲਾਂ ਹੀ ਉਨ੍ਹਾਂ ਦੇ ਰਵਾਇਤੀ ਹਥਿਆਰ ਵੀ ਜਮਾ ਕਰਵਾ ਲਏ ਗਏ ਸਨ। ਸ. ਮਾਨ ਨੇ ਆਪਣੇ ਸਾਥੀਆਂ ਨੂੰ ਹਦਾਇਤ ਦਿੱਤੀ ਕਿ ਉਨ੍ਹਾਂ ਨੇ ਅੱਜ ਸ਼ਾਂਤਮਈ ਪ੍ਰੋਟੈਸਟ ਕਰਨਾ ਹੈ ਅਤੇ ਨਾਲ ਹੀ ਆਪਣੇ ਯੂਥ ਵਿੰਗ ਦੇ ਕੁੱਝ ਆਗੂਆਂ ਨੂੰ ਹਦਾਇਤਾਂ ਦੇ ਕੇ ਪਹਿਲਾਂ ਹੀ ਪੰਡਾਲ ਵਿਚ ਭੇਜ ਦਿੱਤਾ। ਜਦੋਂ ਪੁਲਿਸ ਅਫਸਰ ਸ. ਮਾਨ ਨੂੰ ਵੱਖਰੇ ਪਾਸਿਉਂ ਲਿਜਾ ਰਹੇ ਸਨ ਤਾਂ ਬਾਦਲ ਦਲੀਆਂ ਦੇ ਉਸ ਸ਼ਰਾਬੀ ਟੋਲੇ ਨੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਸ. ਮਾਨ ਉਥੇ ਹੀ ਬੈਠ ਗਏ ਤੇ ਉਨ੍ਹਾਂ ਨੂੰ ਉਨ੍ਹਾਂ ਬਾਦਲੀ ਗੁੰਡਿਆਂ ਵੱਲੋਂ ਛੱਲੀਆਂ ਵਾਂਗ ਕੁੱਟਿਆ ਗਿਆ। ਉਨ੍ਹਾਂ ਦੇ ਚਾਰ ਪੁਰਾਣੇ ਸਾਥੀ ਫੱਟੜ ਹੋਏ ਜਿਨ੍ਹਾਂ ਨੂੰ ਬਾਅਦ ਵਿਚ ਹਸਪਤਾਲ ਭਿਜਵਾਇਆ ਗਿਆ। ਦੂਜੇ ਪਾਸੇ ਸ. ਦਲਜੀਤ ਸਿੰਘ ਉਨ੍ਹਾਂ ਦੇ ਅੰਗ ਰੱਖਿਅਕ ਅਤੇ ਉਨ੍ਹਾਂ ਦੇ ਗਰੁਪ ਨਾਲ ਸਬੰਧਤ ਦੂਸਰੇ ਨੌਜਵਾਨ ਉਨ੍ਹਾਂ ਧਾੜਵੀਆਂ ਤੋਂ ਬਚਦੇ ਹੱਥੋ-ਪਾਈ ਹੁੰਦੇ ਪਿਛਾਂਹ ਹਟਦੇ ਗਏ ਅਤੇ ਅਖੀਰ ਉਸ ਥਾਂ ਤੋਂ ਨਿਕਲਣ ਵਿਚ ਕਾਮਯਾਬ ਹੋ ਗਏ।

ਇੱਧਰ ਸ. ਸਿਮਰਨਜੀਤ ਸਿੰਘ ਮਾਨ ਨੂੰ ਜਿੰਨਾ ਕੁ ਉਹ ਕੁੱਟ ਸਕਦੇ ਸੀ, ਉਨਾ ਕੁੱਟਿਆ ਅਤੇ ਅਖੀਰ ਪੁਲਿਸ ਨੇ ਉਨ੍ਹਾਂ ਨੂੰ ਘੇਰੇ ਵਿਚ ਲੈ ਕੇ ਨਾਲ ਲੱਗਦੀ ਦਾਣਾ ਮੰਡੀ ਵਿਚ ਪਹੁੰਚਾ ਦਿੱਤਾ। ਸਾਰਿਆਂ ਦੀ ਸਲਾਹ ਮੁਤਾਬਿਕ ਬਾਅਦ ਵਿਚ ਅੰਮ੍ਰਿਤਸਰ ਗੈਸਟ ਹਾਊਸ ਵਿਚ ਇੱਕ ਵੱਡੀ ਮੀਟਿੰਗ ਹੋਈ ਜਿਸ ਵਿਚ ਪ੍ਰੈਸ ਵਾਲਿਆਂ ਨੇ ਸ. ਮਾਨ ਨੂੰ ਬਹੁਤ ਸਾਰੇ ਸਵਾਲ ਕੀਤੇ ਤੇ ਉਹ ਧਰਮੀ ਯੋਧਾ ਡਾਂਗਾਂ ਅਤੇ ਕਿਰਪਾਨਾਂ ਦਾ ਝੰਬਿਆ ਪੂਰੇ 45 ਮਿੰਟ ਮੀਡੀਏ ਦੇ ਸਵਾਲਾਂ ਦਾ ਜਵਾਬ ਦਿੰਦਾ ਰਿਹਾ। ਮੇਰੇ ਵਾਰ ਵਾਰ ਇਸ਼ਾਰਾ ਕਰਨ 'ਤੇ ਵੀ ਨਾ ਦਲਜੀਤ ਸਿੰਘ ਅਤੇ ਨਾ ਭਾਈ ਰਾਮ ਸਿੰਘ ਨੇ ਮੀਡੀਏ ਵਾਲਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਅਖੀਰ ਮੈਨੂੰ ਇਹ ਕਾਰਵਾਈ ਰੋਕਣੀ ਪਈ ਜਿਸ ਦਾ ਮੀਡੀਏ ਵਾਲਿਆਂ ਨੇ ਬਹੁਤ ਰੋਸ ਵੀ ਜਤਾਇਆ। ਉਸ ਤੋਂ ਬਾਅਦ ਢਾਈ ਸੌ ਦੇ ਕਰੀਬ ਪਾਰਟੀ ਵਰਕਰ ਉਸ ਘਟਨਾ ਨੂੰ ਲੈ ਕੇ ਪ੍ਰੇਸ਼ਾਨ ਅੰਦਰ ਬਾਹਰ ਘੁੰਮ ਰਹੇ ਸਨ, ਕਿਸੇ ਨੇ ਉਨ੍ਹਾਂ ਨੂੰ ਪਾਣੀ ਤੱਕ ਵੀ ਨਹੀਂ ਪੁਛਿਆ।

ਇੱਕ ਪਾਸੇ ਇੱਕ ਕਮਰੇ ਵਿਚ ਡਾਕਟਰ ਨੂੰ ਬੁਲਾ ਕੇ ਪਾਰਟੀ ਪ੍ਰਧਾਨ ਦਾ ਡਾਕਟਰੀ ਮੁਆਇਨਾ ਅਤੇ ਮੱਲ੍ਹਮ ਪੱਟੀ ਕੀਤੀ ਜਾ ਰਹੀ ਸੀ, ਦੂਸਰੇ ਪਾਸੇ ਇੱਕ ਵੱਖਰੇ ਕਮਰੇ ਵਿਚ ਭਾਈ ਦਲਜੀਤ ਸਿੰਘ ਆਪਣੇ 15 ਤੋਂ 18 ਸਾਥੀਆਂ ਨੂੰ ਲੈ ਕੈ ਉਨ੍ਹਾਂ ਦੀ ਚਾਹ-ਪਾਣੀ ਤੇ ਸਮੋਸੇ ਬਰਫੀਆਂ ਨਾਲ ਸੇਵਾ ਕਰ ਰਹੇ ਸਨ। ਮੈਨੂੰ ਉਸ ਕਮਰੇ ਵਿਚ ਬੁਲਾਇਆ ਗਿਆ। ਮੈਨੂੰ ਕਮਰੇ ਦਾ ਮਾਹੌਲ ਦੇਖ ਕੇ ਨਾਰਾਜ਼ਗੀ ਵੀ ਹੋਈ ਪਰ ਮੈਂ ਇੰਨੀ ਗੱਲ ਹੀ ਕਹੀ ਕਿ ਜਿਹੜੇ ਢਾਈ ਸੌ ਵਰਕਰ ਬਾਹਰ ਖੜ੍ਹੇ ਹਨ, ਉਨ੍ਹਾਂ ਨੂੰ ਵੀ ਚਾਹ-ਪਾਣੀ ਪੁੱਛਿਆ ਜਾਣਾ ਚਾਹੀਦਾ ਹੈ। ਇਸ ਵੇਲੇ ਭਾਈ ਰਾਮ ਸਿੰਘ ਹੋਰਾਂ ਦੀ ਜਿੰਮੇਵਾਰੀ ਲਾਈ ਗਈ ਕਿ ਉਹ ਜ਼ਖਮੀ ਮੈਂਬਰਾਂ ਦੀ ਹਸਪਤਾਲ ਵਿਚ ਦੇਖ-ਰੇਖ ਕਰਨ ਅਤੇ ਨਾਲ ਹੀ ਸ. ਦਲਜੀਤ ਸਿੰਘ ਨੂੰ ਲੈ ਕੇ ਉਸ ਘਟਨਾ ਦੀ ਪੁਲਿਸ ਰਿਪੋਰਟ ਕਰਾਉਣ ਪਰ ਦਲਜੀਤ ਸਿੰਘ ਤੇ ਸੁਰਿੰਦਰਪਾਲ ਸਿੰਘ ਠਰੂਆ ਨੇ ਕੋਈ ਵੀ ਪੁਲਿਸ ਰਿਪੋਰਟ ਕਰਾਉਣ ਤੋਂ ਸਾਫ ਨਾਂਹ ਕਰ ਦਿੱਤੀ।

ਸ਼ਾਮੀਂ ਜਦੋਂ ਮੈਂ, ਭਾਈ ਦਲਜੀਤ ਸਿੰਘ ਤੇ ਭਾਈ ਸੁਰਿੰਦਰਪਾਲ ਸਿੰਘ ਠਰੂਆ ਜਲੰਧਰ ਤੱਕ ਇਕੋ ਗੱਡੀ ਵਿਚ ਆਏ, ਰਸਤੇ ਵਿਚ ਆਉਂਦਿਆਂ ਇਸ ਘਟਨਾ ਦੀ ਸਾਰੀ ਜਿੰਮੇਵਾਰੀ ਭਾਈ ਰਾਮ ਸਿੰਘ ਉਪਰ ਸੁਟੀ ਗਈ ਅਤੇ ਉਸ ਬਾਰੇ ਕੁਝ ਬੋਲ ਕੁਬੋਲ ਵੀ ਬੋਲੇ ਗਏ ਪਰ ਜਦੋਂ ਮੈਂ ਭਾਈ ਦਲਜੀਤ ਸਿੰਘ ਨੂੰ ਪਾਰਟੀ ਵਰਕਰਾਂ ਨੂੰ ਉਥੇ ਆਉਣ ਤੋਂ ਰੋਕਣ ਅਤੇ ਸ. ਮਾਨ ਨੂੰ ਉਥੇ ਲੜਾਈ ਵਿਚ ਇਕੱਲੇ ਛੱਡ ਕੇ ਨਿਕਲ ਜਾਣ ਦਾ ਕਾਰਨ ਪੁਛਿਆ, ਭਾਈ ਰਾਮ ਸਿੰਘ ਬਾਰੇ ਵਰਤੀ ਜਾ ਰਹੀ ਸ਼ਬਦਾਵਲੀ ਬਾਰੇ ਮੋੜਵਾਂ ਸਵਾਲ ਕੀਤਾ ਤਾਂ ਇੰਨੀ ਤਲਖੀ ਪੈਦਾ ਹੋ ਗਈ ਕਿ ਬਿਆਸ ਤੋਂ ਲੈ ਕੇ ਜਲੰਧਰ ਤੱਕ ਕਿਸੇ ਨੇ ਵੀ ਇੱਕ ਸ਼ਬਦ ਨਹੀਂ ਬੋਲਿਆ।

ਜਦੋਂ ਜਲੰਧਰ ਵਾਲੀ ਘਟਨਾ ਵਾਪਰੀ, ਸ. ਮਾਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਲੁਧਿਆਣੇ ਜੇਲ੍ਹ ਵਿਚ ਲਿਜਾਇਆ ਗਿਆ ਤਾਂ ਭਾਈ ਦਲਜੀਤ ਸਿੰਘ ਨੇ ਪਾਰਟੀ ਦੇ ਕੰਮਕਾਜ ਨੂੰ ਛੱਡ ਕੇ ਐਕਸ਼ਨ ਕਮੇਟੀ ਦੀ ਜਿੰਮੇਵਾਰੀ ਸੰਭਾਲ ਲਈ। ਇਹ ਐਕਸ਼ਨ ਕਮੇਟੀ ਸਿਰਸੇ ਵਾਲੇ ਸਾਧ ਗੁਰਮੀਤ ਰਾਮ ਰਹੀਮ ਵਲੋਂ ਰਚਾਏ ਗਏ ਅਡੰਬਰ ਦੇ ਖਿਲਾਫ ਬਣਾਈ ਗਈ ਸੀ ਅਤੇ ਇਸ ਵਿਚ ਉਹ ਸਾਰੇ ਭਗੌੜੇ ਲੀਡਰ ਸ਼ਾਮਿਲ ਸਨ, ਉਸ ਤੋਂ ਸਾਵਧਾਨ ਰਹਿਣ ਲਈ ਵੀ ਦਲਜੀਤ ਸਿੰਘ ਨੂੰ ਪਰੇਰਿਆ ਗਿਆ ਸੀ। ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਦੋ ਵਾਰ ਸ. ਦਲਜੀਤ ਸਿੰਘ ਨੂੰ ਬੁਲਾ ਕੇ ਉਸ ਦੀਆਂ ਪਾਰਟੀ ਪ੍ਰਤੀ ਜਿੰਮੇਵਾਰੀਆਂ ਅਤੇ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਹੁੰਦਿਆਂ ਉਨ੍ਹਾਂ ਲੋਕਾਂ ਨਾਲ ਕੰਮ ਕਰਨ ਦੀ ਰੁਚੀ ਜੋ ਪਹਿਲਾਂ ਹੀ ਕੌਮ ਵੱਲੋਂ ਪਰਖੇ ਗਏ ਸਨ, ਪ੍ਰਤੀ ਸੁਚੇਤ ਕਰਦਿਆਂ ਉਸ ਨਾਲ ਪਾਰਟੀ ਨੂੰ ਹੋਣ ਵਾਲੇ ਨੁਕਸਾਨ ਬਾਰੇ ਵੀ ਸਮਝਾ ਦਿੱਤਾ ਗਿਆ ਸੀ, ਪਰ ਦਲਜੀਤ ਸਿੰਘ ਦੇ ਹਠੀ ਰਵੱਈਏ ਨੇ ਪਾਰਟੀ ਦੀ ਪ੍ਰਵਾਹ ਕੀਤੇ ਬਿਨਾ ਉਸ ਕੰਮ ਵਿਚ ਪੂਰੀ ਜਿੰਮੇਵਾਰੀ ਲਈ। ਨਤੀਜਾ ਕੀ ਹੋਇਆ? ਤਲਵੰਡੀ ਸਾਬੋ ਵਿਚ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਵਰਤ ਕੇ ਇੱਕ ਇਹੋ ਜਿਹਾ ਮਾਹੌਲ ਖੜਾ ਕੀਤਾ ਗਿਆ ਕਿ ਸਾਰੀ ਕੌਮ ਮਰ ਮਿਟਣ ਲਈ ਤਿਆਰ ਹੋ ਗਈ। ਆਪ ਇਹ ਲੀਡਰ ਉਸ ਇਕੱਠੀ ਹੋਈ ਸੰਗਤ ਨੂੰ ਧੋਖਾ ਦੇ ਕੇ ਕਿਵੇਂ ਸਰਕਾਰ ਨਾਲ ਤੇ ਡੇਰੇ ਵਾਲੇ ਸਾਧ ਨਾਲ ਮੀਟਿੰਗਾਂ ਕਰਦੇ ਰਹੇ? ਇਸ ਦੀ ਜਾਣਕਾਰੀ ਆਉਣ ਵਾਲੇ ਸਮੇਂ ਵਿਚ ਦਿਆਂਗੇ। ਇੱਕ ਵਾਰ ਨਹੀਂ ਸ. ਦਲਜੀਤ ਸਿੰਘ, ਸ. ਮੋਹਕਮ ਸਿੰਘ, ਸ. ਜਸਵੀਰ ਸਿਘ ਅਤੇ ਇਨ੍ਹਾਂ ਸਰਨਿਆਂ, ਬਰਨਾਲਿਆਂ ਨੇ ਵਾਰ ਵਾਰ ਕੌਮ ਨੂੰ ਪਿੱਠ ਵਿਖਾਈ, ਇਸ ਦਾ ਜ਼ਿਕਰ ਚੱਲਦਾ ਰਹੇਗਾ।

*(ਚਲਦਾ)*

**ਰੇਸ਼ਮ ਸਿੰਘ, ਬੇਕਰਜ਼ਫੀਲਡ**
**ਫੋਨ:661-209-0118**

The views expressed in this article published as ad are that of it`s writer. *Paid Advt.*

**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250



# ਰੇਡੀਓ ਚੜ੍ਹਦੀ ਕਲਾ ਸੁਣੋ

CK RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

- Royal Bazar, San Jose
- Preet Fabric, Fremont
- Sidhartha International, Fremont
- Roshni, Union City
- Kash Fabrics, Hayward
- Maya Fashion, Newark
- LA Merchandise, Yuba City

DESI WORLD RADIO Pure Desi Entertainment

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com

Radio CK, PO Box 296, Fremont, CA 94537






**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana

Ph:317-884-3557


Sharanjeet Kaur

Ph:317-332-1387

spkaurus@yahoo.co.in - www.shopherbalife.com/skaur


# ਐਸ. ਅਸ਼ੋਕ ਭੌਰਾ ਦੀ ਪੁਸਤਕ 'ਗੱਲੀ ਬਾਤੀਂ' 5 ਨੂੰ ਰਿਲੀਜ਼ ਹੋਵੇਗੀ

ਫਰੀਮਾਂਟ (ਬਿਊਰੋ): ਪੰਜਾਬ ਦੇ ਨਾਮਵਰ ਲੇਖਕ, ਪੱਤਰਕਾਰ, ਕਾਲਮਨਵੀਸ ਅਤੇ ਸ਼ਬਦਾਂ ਦੇ ਜਾਦੂਗਰ ਕਰਕੇ ਜਾਣੇ ਜਾਂਦੇ ਐਸ. ਅਸ਼ੋਕ ਭੌਰਾ ਦੀ ਕਰੀਬ ਸੱਤ ਸੌ ਸਫਿਆਂ ਦੀ ਵੱਡ-ਅਕਾਰੀ ਸਚਿੱਤਰ ਪੁਸਤਕ 'ਗੱਲੀਂ ਬਾਤੀਂ' 5 ਨਵੰਬਰ ਸਨਿਚਰਵਾਰ ਨੂੰ ਪੰਜਾਬ ਲੋਕ ਰੰਗ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਸਭਾ ਬੇ-ਏਰੀਆ, ਇੰਡੋ ਯੂ.ਐਸ. ਡਾਇਲਾਗ, ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਤੇ ਪੰਜਾਬੀ ਗੀਤਕਾਰ ਮੰਚ ਦੇ ਸਹਿਯੋਗ ਨਾਲ ਇੰਡੀਆ ਕਿਚਨ 3878, ਵਾਲਨਟ ਐਵਨਿਊ, ਫਰੀਮਾਂਟ ਵਿਖੇ ਰਿਲੀਜ਼ ਕੀਤੀ ਜਾ ਰਹੀ ਹੈ। ਇਹ ਪ੍ਰੋਗਰਾਮ ਦੁਪਹਿਰ 12 ਵਜੇ ਤੋਂ ਸ਼ਾਮੀ 5 ਵਜੇ ਤੱਕ ਚੱਲੇਗਾ।




ਪੰਜਾਬ ਲੋਕ ਰੰਗ ਦੇ ਮੁੱਖ ਸੰਚਾਲਕ ਸੁਰਿੰਦਰ ਧਨੋਆ ਅਨੁਸਾਰ ਐਸ. ਅਸ਼ੋਕ ਭੌਰਾ ਪਿਛਲੇ ਵਰ੍ਹਿਆਂ ਤੋਂ 'ਅਜੀਤ' (ਜਲੰਧਰ) ਅਤੇ' ਪੰਜਾਬੀ ਟ੍ਰਿਬਿਊਨ' ਵਿਚ ਲਿਖਣ ਤੋਂ ਬਾਅਦ ਇਸ ਵੇਲੇ ਅਮਰੀਕਾ ਤੋਂ ਛਪਦੀ ਮੁੱਖ ਅਖ਼ਬਾਰ 'ਪੰਜਾਬ ਟਾਈਮਜ਼' ਅਤੇ ਕੈਨੇਡਾ ਦੀ ਸਿਰਕੱਢ ਅਖਬਾਰ 'ਇੰਡੋ ਕੈਨੇਡੀਅਨ ਟਾਈਮਜ਼' ਰਾਹੀਂ ਨਰਿੰਦਰ ਸਿੰਘ ਕਪੂਰ ਤੇ ਜਸਵੰਤ ਸਿੰਘ ਕੰਵਲ ਤੋਂ ਬਾਅਦ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਪੰਜਾਬੀ ਲੇਖਕ ਹੈ। ਇਹ ਉਸ ਦੀ ਪੰਜਾਬੀ ਪੁਸਤਕ ਹੈ ਤੇ ਇਸ ਤੋਂ ਪਹਿਲਾਂ ਪੰਜਾਬ ਦੇ ਢਾਡੀ ਗੀਤਕਾਰਾਂ ਬਾਰੇ 'ਕਲਮਾਂ ਦੇ ਸਿਰਨਾਵੇਂ', ਹਿੰਦੋਸਤਾਨੀ ਸੰਗੀਤ ਬਾਰੇ 'ਭਾਰਤ ਦੇ ਮਹਾਨ ਸੰਗੀਤਕਾਰ' (ਚਾਰ ਭਾਸ਼ਾਵਾਂ ਅੰਗਰੇਜ਼ੀ, ਪੰਜਾਬੀ, ਹਿੰਦੀ ਤੇ ਉਰਦੂ ਵਿਚ) ਅਤੇ 'ਪੰਜਾਬ ਦੇ ਲੋਕ ਸਾਜ਼' ਪੰਜਾਬੀ ਸਾਹਿਤ ਦੀ ਝੋਲੀ ਵਿਚ ਉਹ ਪਾ ਚੁੱਕਾ ਹੈ। ਜ਼ਿਕਰਯੋਗ ਹੈ ਕਿ 'ਗੱਲੀਂ ਬਾਤੀਂ' ਪੁਸਤਕ ਜਨਵਰੀ ਵਿਚ ਅਮਰੀਕਾ ਦੀ ਨਾਮੀ ਪਬਲੀਕੇਸ਼ਨ ਵੱਲੋਂ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਹੋਰ ਜਾਣਕਾਰੀ ਲਈ ਸੁਰਿੰਦਰ ਧਨੋਆ ਫੋਨ 510-377-4197, ਤਾਰਾ ਸਾਗਰ ਫੋਨ 510-453-5779 ਜਾਂ ਫਿਰ ਇੰਡੀਆ ਕਿਚਨ ਫੋਨ 510-896-3620 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# ਘਰ ਕਿਰਾਏ ਲਈ ਖਾਲੀ ਹਨ

ਲੈਥਰੋਪ, ਕੈਲੀਫੋਰਨੀਆ ਵਿਚ ਦੋ ਘਰ ਕਿਰਾਏ ਲਈ ਉਪਲਬਧ ਹਨ। 2 ਬੈਡਰੂਮ, 2 ਬਾਥ, ਖੂਬਸੂਰਤ ਯਾਰਡ, ਬਹੁਤ ਵਧੀਆ ਲੋਕੇਸ਼ਨ, ਫਰੀਵੇ ਅਤੇ ਗਰੌਸਰੀ ਸਟੋਰਾਂ ਦੇ ਬਿਲਕੁਲ ਕਰੀਬ ਕਿਰਾਇਆ 775 ਡਾਲਰ ਮਹੀਨਾ

**ਕਾਲ ਕਰੋ: 408-314-2975**



# MRP TRAVEL

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*


**408-929-8005**

E-mail:mrptravel@gmail.com

2123 Port Way, San Jose, CA 95133

*CST: 2097308-40*

*Passport & Visa services also available*



Asiana Airlines · Emirates · KOREAN AIR · SINGAPORE AIRLINES · CATHAY PACIFIC · Lufthansa · CHINA AIRLINES

*India Vacation tour package also available.*

*BUS tickets also available from Delhi to Punjab with lowest fare.*


## Matrimonials

### ਵਰ ਦੀ ਲੋੜ ਹੈ

Parents seek US citizen Jatt Sikh boy in Medical profession for Jatt Sikh, 27, 5'-7" MBBS girl, preparing for USMLE, 1st step cleared. Call:510-304-9292 or e-mail: jassi@jassigill.com

Wanted US/Canadian/UK/ Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

### ਕੰਨਿਆ ਦੀ ਲੋੜ ਹੈ

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com


*To Advertise with Punjab Times*

***Call: 847-359-0746***

*Visit us on the web:wwwpunjabtimesusa.com*



FARMERS INSURANCE GROUP Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella *Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**

**Insurance Agent**

License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਨਸ਼ਿਆਂ ਦਾ ਕਾਰੋਬਾਰ 500 ਅਰਬ ਡਾਲਰ ਤੋਂ ਟੱਪਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਸ਼ਵ ਭਰ ਵਿਚ ਪੈਟਰੋਲ ਤੇ ਹਥਿਆਰਾਂ ਤੋਂ ਬਾਅਦ ਨਸ਼ਿਆਂ ਦਾ ਸਭ ਤੋਂ ਵੱਡਾ ਵਪਾਰ ਹੁੰਦਾ ਹੈ। ਨਸ਼ਿਆਂ ਦਾ ਕਾਰੋਬਾਰ ਪੰਜ ਸੌ ਅਰਬ ਡਾਲਰ ਨੂੰ ਪਾਰ ਕਰ ਗਿਆ ਹੈ। ਦੁਨੀਆ ਭਰ ਵਿਚ 19 ਕਰੋੜ ਲੋਕ ਨਸ਼ੇ ਦੇ ਆਦੀ ਹੋ ਚੁੱਕੇ ਹਨ। ਇਹ ਅੰਕੜੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਤੋਂ ਸਾਹਮਣੇ ਆਏ ਹਨ ਜੋ ਪੰਜਾਬ ਯੂਨੀਵਰਸਿਟੀ ਵਿਚ 'ਫਿੰਗੋਡੈਪ' ਵੱਲੋਂ ਕਰਵਾਈ ਗਈ ਕੌਮਾਂਤਰੀ ਕਾਨਫਰੰਸ ਮੌਕੇ ਜਨਤਕ ਕੀਤੀ ਗਈ।

ਇਸ ਰਿਪੋਰਟ ਵਿਚ ਪੰਜਾਬ ਤੇ ਭਾਰਤ ਵਿਚ ਨਸ਼ਿਆਂ ਦੇ ਵਧ ਰਹੇ ਸੇਵਨ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚ ਦਸ ਲੱਖ ਹੈਰੋਇਨ ਲੈਣ ਦੇ ਆਦੀ ਰਜਿਸਟਰਡ ਹਨ ਜਦੋਂਕਿ ਹੋਰ ਪੰਜਾਹ ਲੱਖ ਲੋਕ ਇਸ ਦਾ ਸੇਵਨ ਕਰ ਰਹੇ ਹਨ। ਪੰਜਾਬ ਦੇ ਸਰਹੱਦੀ ਖੇਤਰਾਂ ਦੇ 18 ਤੋਂ 26 ਸਾਲ ਦੇ 55 ਫੀਸਦੀ ਨੌਜਵਾਨ ਨਸ਼ੇ ਦੇ ਆਦੀ ਹਨ ਜਦੋਂਕਿ ਰਾਜ ਵਿਚ




ਬੀ.ਐਸ.ਐਫ ਵੱਲੋਂ ਫੜੀ ਸਮੈਕ ਦਿਖਾ ਰਹੇ ਅਧਿਕਾਰੀ।

ਨਸ਼ੇ ਦੇ ਟੀਕੇ ਲਾਉਣ ਵਾਲਿਆਂ ਦੀ ਗਿਣਤੀ 14 ਹਜ਼ਾਰ ਨੂੰ ਟੱਪ ਗਈ ਹੈ। ਇਨ੍ਹਾਂ ਵਿਚੋਂ 26 ਫੀਸਦੀ ਵਿਅਕਤੀਆਂ ਨੂੰ ਐਚ.ਆਈ.ਵੀ. ਲਾਗ ਦੇ ਖ਼ਤਰੇ ਦਾ ਡਰ ਬਣ ਗਿਆ ਹੈ। ਸਰਹੱਦੀ ਅੰਮ੍ਰਿਤਸਰ ਜ਼ਿਲ੍ਹੇ ਦੇ ਯੁਵਕ ਨਸ਼ਿਆਂ ਦੇ ਸਭ ਤੋਂ ਵੱਧ ਆਦੀ ਹਨ। ਇਸ ਤੋਂ ਬਾਅਦ ਤਰਨਤਾਰਨ, ਗੁਰਦਾਸਪੁਰ, ਲੁਧਿਆਣਾ, ਮੋਗਾ ਹੁਸ਼ਿਆਰਪੁਰ ਤੇ ਰੋਪੜ ਦਾ ਨਾਂ ਆਉਂਦਾ ਹੈ। ਤਸੱਲੀ ਦੀ ਗੱਲ ਇਹ ਕਿ ਨਸ਼ੇ ਲੈਣ ਵਾਲਿਆਂ ਵਿਚ ਸਿਰਫ ਇਕ ਫੀਸਦੀ ਔਰਤਾਂ ਸ਼ਾਮਲ ਹਨ। ਟੀਕੇ ਰਾਹੀਂ ਨਸ਼ਾ ਲੈਣ ਵਾਲਿਆਂ ਦੀ ਗਿਣਤੀ 40 ਫੀਸਦੀ ਦੇ ਨੇੜੇ ਹੈ। ਉਂਜ ਦਸ ਫੀਸਦੀ ਹੋਰਾਂ ਨੇ ਵੀ ਨਸ਼ੇ ਦਾ ਸੁਆਦ ਚਖ਼ਣ ਦਾ ਤਜ਼ਰਬਾ ਕੀਤਾ ਹੋਇਆ ਹੈ। ਪੰਜਾਬ ਨਾਲ ਲਗਦੇ ਰਾਜ ਹਰਿਆਣਾ ਵਿਚ 35 ਫੀਸਦੀ ਯੁਵਕ ਨਸ਼ੇ ਦਾ ਸੇਵਨ ਕਰਨ ਦੇ ਆਦੀ ਹਨ ਜਦੋਂਕਿ ਯੂ.ਪੀ. ਵਿਚ ਵੀ ਇਹ ਦਰ ਇੰਨੀ ਹੀ ਹੈ। ਫਿੰਗੋਡੈਪ ਦੀ ਸਰਗਰਮ ਮੈਂਬਰ ਡਾ. ਕਮਲ ਵਿਲਕੂ ਨੇ ਪੰਜਾਬ ਬਾਰੇ ਇਕ ਰਿਪੋਰਟ ਤਿਆਰ ਕੀਤੀ ਹੈ। ਡਾ. ਵਿਲਕੂ ਨੇ ਕਿਹਾ ਕਿ ਪੰਜਾਬ ਵਿਚ ਸਭ ਤੋਂ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਇੱਥੇ ਸਰਕਾਰੀ ਤੇ ਗੈਰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਆਦੀ ਹੀ ਇਨ੍ਹਾਂ ਸੈਂਟਰਾਂ ਨੂੰ ਚਲਾ ਰਹੇ ਹਨ ਤੇ ਉਹ ਆਪਣੇ ਭਾਈਚਾਰੇ ਨੂੰ ਖੋਰਾ ਨਹੀਂ ਲੱਗਣ ਦੇਣਾ ਚਾਹੁੰਦੇ। ਇਸ ਜਾਲ ਵਿਚ ਨਸ਼ੇੜੀਆਂ ਨੂੰ ਫਸਾਈ ਰੱਖਣ ਲਈ ਕੇਂਦਰਾਂ ਦੇ ਮਾਲਕ ਤੇ ਇਨ੍ਹਾਂ ਦਾ ਸਟਾਫ ਹੀ ਗੈਰਕਾਨੂੰਨੀ ਤੌਰ 'ਤੇ ਦਾਖ਼ਲ ਮਰੀਜ਼ਾਂ ਨੂੰ ਨਸ਼ੇ ਦੀ ਬਾਹਰੋਂ ਸਪਲਾਈ ਮੰਗਵਾ ਕੇ ਦੇ ਰਿਹਾ ਹੈ।

ਉਨ੍ਹਾਂ ਸੁਝਾਅ ਦਿੱਤਾ ਕਿ ਨਸ਼ਾ ਛੁਡਾਊ ਕੇਂਦਰ ਦੇ ਸੰਚਾਲਕ ਦਾਖ਼ਲ ਲੋਕਾਂ ਨੂੰ ਨਸ਼ੇ ਛੱਡਣ ਲਈ ਪ੍ਰੇਰਨ। ਇਕ ਹੋਰ ਸਮਾਜ ਸੇਵੀ ਸੰਸਥਾ ਐਸ.ਪੀ.ਵਾਈ.ਐਮ. ਦੇ ਡਾਇਰੈਕਟਰ ਡਾ. ਰਾਜੇਸ਼ ਤੇ ਉਨ੍ਹਾਂ ਦੀ ਪਤਨੀ ਜੀਨਤ ਵੱਲੋਂ ਪੰਜਾਬ ਵਿਚ ਨਸ਼ਾ ਛੁਡਾਊ ਕੇਂਦਰ ਚਲਾਉਣ ਵਾਲੇ ਮਾਲਕਾਂ ਨੂੰ ਸੱਦ ਕੇ ਇਮਾਨਦਾਰੀ ਨਾਲ ਸੇਵਾ ਕਰਨ ਦੀ ਸੂਰਤ ਵਿਚ ਵੱਡੀ ਵਿੱਤੀ ਮਦਦ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਜਾਇਜ਼ ਢੰਗ ਨਾਲ ਸੈਂਟਰ ਖੋਲ੍ਹਣ ਵਾਲਿਆਂ ਦੀ ਵੀ ਪੂਰੀ ਵਿੱਤੀ ਮਦਦ ਕਰਨਗੇ। ਉਨ੍ਹਾਂ ਵੱਲੋਂ ਚੰਡੀਗੜ੍ਹ ਦੇ ਸੈਕਟਰ 18 ਵਿਚ ਐਸ.ਪੀ.ਵਾਈ.ਐਮ. ਨਾਂ ਦਾ ਨਮੂਨੇ ਦਾ ਨਸ਼ਾ ਛੁਡਾਊ ਕੇਂਦਰ ਖੋਲ੍ਹਿਆ ਜਾ ਰਿਹਾ ਹੈ।

# ਹੁਣ ਕੰਪਿਊਟਰ ਸਿਖਾਏਗਾ ਪੰਜਾਬੀ

**ਚੰਡੀਗੜ੍ਹ:** ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਨੂੰ ਸਿੱਖਣ ਤੇ ਸਿਖਾਉਣ ਲਈ ਪੰਜਾਬੀ ਗਿਆਨ (ਕੰਪਿਊਟਰ ਐਪਲੀਕੇਸ਼ਨ ਟੂ ਲਰਨ ਐਂਡ ਟੀਚ ਪੰਜਾਬੀ) ਨਾਂ ਦਾ ਵਿਸ਼ੇਸ਼ ਸਾਫ਼ਟਵੇਅਰ ਤਿਆਰ ਕੀਤਾ ਗਿਆ ਹੈ ਜਿਸ ਦਾ ਵਿਭਾਗ ਵਿਖੇ ਡੈਮੋ ਪ੍ਰਦਰਸ਼ਨ ਕੀਤਾ ਗਿਆ। ਇਸ ਨਵੀਂ ਉਪਲਬਧੀ ਬਾਰੇ ਵਿਸਥਾਰ ਵਿਚ ਚਰਚਾ ਕਰਦਿਆਂ ਵੱਖ-ਵੱਖ ਵਿਦਵਾਨਾਂ ਨੇ ਇਸ ਕਾਰਜ ਦੀ ਭਰਵੀਂ ਸ਼ਲਾਘਾ ਕੀਤੀ।

ਡਾਇਰੈਕਟਰ ਕੰਪਿਊਟਰ ਸੈਂਟਰ ਡਾ. ਕੰਵਲਜੀਤ ਸਿੰਘ ਨੇ ਕਿਹਾ ਕਿ ਇਹ ਪੰਜਾਬੀ ਭਾਸ਼ਾ ਦੇ ਵਿਕਾਸ ਹਿੱਤ ਵੱਡਮੁੱਲਾ ਕਾਰਜ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਸਾਫ਼ਟਵੇਅਰ ਦੀ ਵਰਤੋਂ ਕਿਸੇ ਵੀ ਨਿੱਜੀ ਕੰਪਿਊਟਰ 'ਤੇ ਬੜੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਪਰ ਭਵਿੱਖ ਵਿਚ ਇਸ ਬਾਰੇ ਉਹ ਅਜਿਹੀ ਡਿਵਾਈਸ ਦਾ ਨਿਰਮਾਣ ਕਰਵਾਉਣਗੇ ਜਿਸ ਤਹਿਤ ਇਹ ਸਾਫ਼ਟਵੇਅਰ ਹਰੇਕ ਵਿਅਕਤੀ ਦੀ ਪਹੁੰਚ ਵਿਚ ਹੋਵੇਗਾ।

ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬੀ

**ਪੰਜਾਬੀ ਯੂਨੀਵਰਸਿਟੀ ਵੱਲੋਂ ਸਾਫ਼ਟਵੇਅਰ ਤਿਆਰ**




ਯੂਨੀਵਰਸਿਟੀ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਹਿੱਤ ਕੰਮ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸੇ ਕੜੀ ਤਹਿਤ ਵਿਭਾਗ ਵੱਲੋਂ ਉਪ ਕੁਲਪਤੀ ਡਾ. ਜਸਪਾਲ ਸਿੰਘ ਦੀ ਸਰਪ੍ਰਸਤੀ ਹੇਠ ਪੰਜਾਬੀ ਗਿਆਨ ਇਸ ਪ੍ਰੋਜੈਕਟ ਨੂੰ ਮੁਕੰਮਲ ਕੀਤਾ ਗਿਆ ਹੈ। ਪੰਜਾਬੀ ਵਿਭਾਗ ਦੇ ਸੀਨੀਅਰ ਟੈਕਨੀਕਲ ਅਸਿਸਟੈਂਟ ਡਾ. ਰਾਜਵਿੰਦਰ ਸਿੰਘ ਤੇ ਉਸ ਦੇ ਸਹਿਯੋਗੀਆਂ ਵੱਲੋਂ ਸਖ਼ਤ ਮਿਹਨਤ ਸਦਕਾ ਤਿਆਰ ਕੀਤੇ ਇਸ ਸਾਵਟਵੇਅਰ ਜ਼ਰੀਏ ਕੋਈ ਵੀ ਵਿਅਕਤੀ ਘਰ ਬੈਠਿਆ ਹੀ ਬਿਨਾਂ ਕਿਸੇ ਦੀ ਮਦਦ ਤੋਂ ਪੰਜਾਬੀ ਪੜ੍ਹਨਾ ਤੇ ਲਿਖਣਾ ਸਿੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਡਾ. ਰਾਜਵਿੰਦਰ ਸਿੰਘ ਨਿਰੰਤਰ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਹਿੱਤ ਕਾਰਜਸ਼ੀਲ ਹਨ ਜਿਨ੍ਹਾਂ ਵੱਲੋਂ ਤਿਆਰ ਕੀਤੇ ਜਾ ਚੁੱਕੇ ਗੁਰਮੁਖੀ ਟਾਈਪਿੰਗ ਟਿਊਟਰ, ਯੂਨੀਕੋਡ ਕੀ-ਬੋਰਡ ਲੇ-ਆਊਟ ਡਰਾਈਵਰ, ਯੂਨੀਕੋਡ ਫੌਂਟ ਕਨਵਰਟਰ ਬਹੁਤ ਹੀ ਮਕਬੂਲ ਟੂਲਜ਼ ਹਨ। ਉਨ੍ਹਾਂ ਕਿਹਾ ਕਿ ਇਸ ਨੂੰ ਨਿੱਜੀ ਕੰਪਿਊਟਰ 'ਤੇ ਇੰਸਟਾਲ ਕਰਕੇ ਬੜੀ ਅਸਾਨੀ ਨਾਲ ਪੰਜਾਬੀ ਸਿੱਖਣ ਤੇ ਸਿਖਾਉਣ ਲਈ ਵਰਤਿਆ ਜਾ ਸਕਦਾ ਹੈ। ਇਸ ਡੈਮੋ ਪ੍ਰਦਰਸ਼ਨ 'ਚ ਵਿਭਾਗ ਦੇ ਸਮੂਹ ਅਧਿਆਪਕਾਂ ਸਣੇ ਰਿਸਰਚ ਸਕਾਲਰ ਤੇ ਵਿਦਿਆਰਥੀ ਵੀ ਹਾਜ਼ਰ ਸਨ।


## ਬਾਦਲ ਦਾ ਸਾਬਕਾ ਓ.ਐਸ.ਡੀ. ਭੰਵਰਾ ਵੀ ਬਰੀ

**ਚੰਡੀਗੜ੍ਹ:** ਮੁਹਾਲੀ ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓ.ਐਸ.ਡੀ. ਰਹੇ ਹਰਦੀਪ ਸਿੰਘ ਭੰਵਰਾ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦੋਸ਼ ਮੁਕਤ ਕਰਾਰ ਦਿੰਦਿਆਂ ਬਰੀ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਸ ਕੇਸ ਵਿਚ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਕੋਈ ਪੁਖਤਾ ਸਬੂਤ ਸਾਹਮਣੇ ਨਹੀਂ ਆਏ ਹਨ ਤੇ ਨਾ ਹੀ ਵਿਜੀਲੈਂਸ ਦੀ ਪੜਤਾਲੀਆ ਟੀਮ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਬਾਰੇ ਕੋਈ ਠੋਸ ਸਬੂਤ ਅਦਾਲਤ ਵਿਚ ਪੇਸ਼ ਕਰ ਸਕੀ ਹੈ।

ਜ਼ਿਕਰਯੋਗ ਹੈ ਕਿ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਬਾਦਲ ਪਰਿਵਾਰ ਸਮੇਤ ਹੋਰਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਭੰਵਰਾ ਸਮੇਤ ਕੁਝ ਹੋਰ ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਹਰਦੀਪ ਸਿੰਘ ਭੰਵਰਾ ਨੂੰ ਪਹਿਲਾਂ ਦਿੱਤਾ ਜੁਡੀਸ਼ਲ ਰਿਮਾਂਡ ਖ਼ਤਮ ਹੋਣ 'ਤੇ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਰਜਿੰਦਰ ਅਗਰਵਾਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਖੁੱਲ੍ਹੀ ਅਦਾਲਤ ਵਿਚ ਹੋਈ ਮਾਮਲੇ ਦੀ ਸੁਣਵਾਈ ਦੌਰਾਨ ਹਰਦੀਪ ਸਿੰਘ ਭੰਵਰਾ ਨੂੰ ਬਰੀ ਕਰ ਦਿੱਤਾ ਗਿਆ। ਅਦਾਲਤ ਨੇ ਬਰੀ ਕੀਤੇ ਮੁਲਜ਼ਮ ਨੂੰ ਇਕ ਲੱਖ ਰੁਪਏ ਦਾ ਨਿੱਜੀ ਮੁਚੱਲਕਾ ਤੇ ਏਨੀ ਹੀ ਰਾਸ਼ੀ ਦਾ ਜ਼ਮਾਨਤੀ ਬਾਂਡ ਭਰਨ ਦੇ ਹੁਕਮ ਜਾਰੀ ਕੀਤੇ ਹਨ ਤਾਂ ਜੋ ਜੇਕਰ ਇਸ ਕੇਸ ਦੇ ਫੈਸਲੇ ਨੂੰ ਕਿਸੇ ਉਚ ਅਦਾਲਤ ਵਿਚ ਚੁਣੌਤੀ ਦਿੱਤੀ ਜਾਂਦੀ ਹੈ ਜਾਂ ਫਿਰ ਕਿਸੇ ਕਾਰਨ ਭ੍ਰਿਸ਼ਟਾਚਾਰ ਮਾਮਲੇ 'ਚ ਦਰਜ ਐਫ.ਆਈ.ਆਰ. ਦੀਆਂ ਪਰਤਾਂ ਕਿਸੇ ਹੋਰ ਅਦਾਲਤ ਵਿਚ ਖੁੱਲ੍ਹਦੀਆਂ ਹਨ ਤਾਂ ਬਰੀ ਕੀਤੇ ਮੁਲਜ਼ਮ ਨੂੰ ਉਸ ਅਦਾਲਤ ਵਿਚ ਪੇਸ਼ ਹੋਣਾ ਯਕੀਨੀ ਬਣਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਪੰਜਾਬ ਵਿਜੀਲੈਂਸ ਵੱਲੋਂ 24 ਜੂਨ 2003 ਨੂੰ ਬਾਦਲ ਪਰਿਵਾਰ ਤੇ ਹੋਰਾਂ ਵਿਰੁੱਧ ਭ੍ਰਿਸ਼ਟਾਚਾਰ ਤੇ ਆਮਦਨ ਤੋਂ ਵੱਧ ਨਾਮੀ ਤੇ ਬੇਨਾਮੀ ਜਾਇਦਾਦ ਬਣਾਉਣ ਦਾ ਮਾਮਲਾ ਮੁਹਾਲੀ ਦੇ ਵਿਜੀਲੈਂਸ ਥਾਣਾ ਫੇਜ਼-8 ਵਿਚ ਦਰਜ ਕਰਵਾਇਆ ਗਿਆ ਸੀ। ਇਸ ਮਾਮਲੇ ਵਿਚ ਹਰਦੀਪ ਸਿੰਘ ਭੰਵਰਾ ਵੀ ਨਾਮਜ਼ਦ ਸੀ। ਜੱਜ ਰਜਿੰਦਰ ਅਗਰਵਾਲ ਦੀ ਅਦਾਲਤ ਵੱਲੋਂ ਇਸ ਮਾਮਲੇ ਵਿਚ ਬੀਤੇ ਵਰ੍ਹੇ ਇਕ ਅਕਤੂਬਰ ਨੂੰ ਬਾਦਲ ਪਰਿਵਾਰ ਸਮੇਤ 10 ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ।

# ਹਲਕਾ ਗਿੱਦੜਬਾਹਾ ਬਣਿਆ ਸੁਖਬੀਰ ਲਈ ਵੱਡੀ ਵੰਗਾਰ

**ਸ੍ਰੀ ਮੁਕਤਸਰ ਸਾਹਿਬ:** ਇਨ੍ਹੀਂ ਦਿਨੀਂ ਵਿਧਾਨ ਸਭਾ ਹਲਕਾ ਗਿੱਦੜਬਾਹਾ ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਚਾਲੇ ਸਿਆਸੀ ਰੱਸਾਕਸ਼ੀ ਦਾ ਕਾਰਨ ਬਣਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੇ ਆਖਰੀ ਦਿਨਾਂ ਵਿਚ ਕਰਵਾਏ ਜਾਣ ਵਾਲੇ ਵਿਸ਼ਵ ਕਬੱਡੀ ਕੱਪ ਮੁਕਾਬਲੇ ਦੇ ਬਹਾਨੇ ਗਿੱਦੜਬਾਹਾ ਦੇ ਵੋਟਰਾਂ ਨੂੰ ਖੁਸ਼ ਕਰਕੇ ਮਨਪ੍ਰੀਤ ਸਿੰਘ ਬਾਦਲ ਨੂੰ ਢਾਹ ਲਾਉਣ ਲਈ ਸਿਆਸੀ ਹੱਥਕੰਡੇ ਵਰਤੇ ਜਾ ਰਹੇ ਹਨ।



ਮਨਪ੍ਰੀਤ ਬਾਦਲ ਇਸ ਹਲਕੇ ਤੋਂ ਚਾਰ ਵਾਰ ਵਿਧਾਨ ਸਭਾ ਚੋਣਾਂ ਜਿੱਤ ਚੁੱਕੇ ਹਨ ਤੇ ਉਨ੍ਹਾਂ ਹੁਣ ਵੀ ਇਸ ਹਲਕੇ ਤੋਂ ਚੋਣ ਲੜਣ ਦਾ ਐਲਾਨ ਕੀਤਾ ਹੋਇਆ ਹੈ। ਇਸ ਦੌਰਾਨ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਗੁਰਦਾਸ ਸਿੰਘ ਬਾਦਲ ਨੇ ਗਿੱਦੜਬਾਹਾ ਹਲਕੇ ਤੋਂ ਖੁਦ ਚੋਣ ਲੜਣ ਦਾ ਐਲਾਨ ਕਰਕੇ ਅਕਾਲੀ ਦਲ ਨੂੰ ਹੋਰ ਫਿਕਰਮੰਦ ਕਰ ਦਿੱਤਾ ਹੈ। ਹਲਕਾ ਗਿੱਦੜਬਾਹਾ ਵਿਚ ਮਨਪ੍ਰੀਤ ਬਾਦਲ ਤੇ ਗੁਰਦਾਸ ਸਿੰਘ ਬਾਦਲ ਦੀ ਮਜ਼ਬੂਤ ਪਕੜ ਹੈ। ਦੂਜੇ ਪਾਸੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਇਸ ਹਲਕੇ ਤੋਂ ਮਨਪ੍ਰੀਤ ਬਾਦਲ ਨੂੰ ਹਰਾਉਣ ਦਾ ਐਲਾਨ ਕਰ ਚੁੱਕੇ ਹਨ। ਗਿੱਦੜਬਾਹਾ ਹਲਕੇ ਤੋਂ ਸ਼੍ਰੋਮਣੀ ਕਮੇਟੀ ਦੀ ਚੋਣ ਦੌਰਾਨ ਵੀ ਅਕਾਲੀ ਦਲ ਤੇ ਪੀ.ਪੀ.ਪੀ. 'ਚ ਸਖ਼ਤ ਮੁਕਾਬਲਾ ਹੋਇਆ ਸੀ। ਇਹ ਚੋਣ ਤਾਂ ਭਾਵੇਂ ਅਕਾਲੀ ਦਲ ਜਿੱਤ ਗਿਆ ਪਰ ਮਨਪ੍ਰੀਤ ਦੀ ਮਜ਼ਬੂਤ ਪਕੜ ਦਾ ਉਨ੍ਹਾਂ ਨੂੰ ਅਹਿਸਾਸ ਹੋ ਗਿਆ। ਇਸ ਲਈ ਅਕਾਲੀ ਦਲ ਵੱਲੋਂ ਹਲਕਾ ਗਿੱਦੜਬਾਹਾ 'ਚ ਮਨਪ੍ਰੀਤ ਬਾਦਲ ਦੇ ਆਧਾਰ ਨੂੰ ਖੋਰਾ ਲਾਉਣ ਲਈ ਇਸ ਕਬੱਡੀ ਕੱਪ ਦਾ ਵੀ ਲਾਹਾ ਲਿਆ ਜਾ ਰਿਹਾ ਹੈ।

ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਵੋਟਰਾਂ ਨੂੰ ਖੁਸ਼ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਦਾ ਦੇ ਖੇਡ ਮੈਦਾਨ ਉਪਰ ਕਰੋੜਾਂ ਰੁਪਏ ਖਰਚ ਕਰਕੇ ਖੜ੍ਹੇ ਪੈਰੀਂ ਸਟੇਡੀਅਮ, ਵੀ.ਆਈ.ਪੀ ਸੜਕਾਂ, ਪਾਰਕਿੰਗ, ਖਿਡਾਰੀਆਂ ਦੇ ਅਰਾਮ ਕਮਰੇ ਤੇ ਹੋਰ ਸਾਮਾਨ ਤਿਆਰ ਕਰਵਾਇਆ ਜਾ ਰਿਹਾ ਹੈ। ਸਟੇਡੀਅਮ ਤੱਕ ਆਉਣ ਵਾਲੀ ਵੀ.ਆਈ.ਪੀ. ਸੜਕ ਦੀ ਤਿਆਰੀ 'ਤੇ ਤਕਰੀਬਨ 50 ਲੱਖ ਤੇ ਸਟੇਡੀਅਮ ਦੀ ਉਸਾਰੀ 'ਤੇ ਤਕਰੀਬਨ 46 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਖੇਡ ਮਾਹਰਾਂ ਅਨੁਸਾਰ ਦੋਦਾ ਨਾਲੋਂ ਮੁਕਤਸਰ ਸਟੇਡੀਅਮ ਕਈ ਦਰਜੇ ਬਿਹਤਰ ਹੈ। ਪਿੰਡ ਦੋਦਾ ਤੋਂ ਅੱਠ ਕਿਲੋਮੀਟਰ ਦੂਰ ਮੁਕਤਸਰ ਵਿਖੇ ਬਣਿਆ-ਬਣਾਇਆ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਮੌਜੂਦ ਹੈ ਜਿੱਥੇ ਬਿਨਾਂ ਕੋਈ ਖਰਚਾ ਕੀਤਿਆਂ ਇਹ ਮੁਕਾਬਲੇ ਹੋ ਸਕਦੇ ਹਨ।

# ਇਜ਼ਹਾਰ ਆਲਮ ਨੂੰ ਕਲੀਨ ਚਿੱਟ ਦੇ ਕੇ ਬਾਦਲ ਕਸੂਤੇ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਵਾਦਾਂ ਵਿਚ ਘਿਰੇ ਸਾਬਕਾ ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਨੂੰ ਕਲੀਨ ਚਿੱਟ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਤਾਂ ਕਿਸੇ ਨੇ ਦੱਸਿਆ ਹੀ ਨਹੀਂ ਕਿ ਆਲਮ ਨਿਰਦੋਸ਼ ਸਿੱਖਾਂ ਦਾ ਕਾਤਲ ਹੈ ਤੇ ਨਾ ਉਨ੍ਹਾਂ ਕਦੇ ਆਲਮ ਬਾਰੇ ਅਜਿਹੀ ਕੋਈ ਗੱਲ ਹੀ ਸੁਣੀ ਹੈ। ਸ. ਬਾਦਲ ਨੇ ਉਲਟਾ ਸਵਾਲ ਕੀਤਾ ਕਿ ਦਿਖਾਉ ਜੇ ਤੁਹਾਡੇ ਕੋਲ ਉਸ ਵਿਰੁੱਧ ਕੋਈ ਸਬੂਤ ਹੈ। ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਸੰਤ ਹਰਨਾਮ ਸਿੰਘ ਧੁੰਮਾ ਵੱਲੋਂ ਇਜ਼ਹਾਰ ਆਲਮ 'ਤੇ ਲਾਏ ਗੰਭੀਰ ਦੋਸ਼ਾਂ ਬਾਰੇ ਇਥੇ ਸੰਗਤ ਦਰਸ਼ਨ ਦੌਰਾਨ ਪੁੱਛਣ 'ਤੇ ਸ. ਬਾਦਲ ਨੇ ਕਿਹਾ ਕਿ ਹੁਣ ਤੱਕ ਤਾਂ ਕੋਈ ਵੀ ਆਲਮ ਵਿਰੁੱਧ ਨਹੀਂ ਬੋਲਿਆ ਤੇ ਨਾ ਹੀ ਉਦੋਂ ਕਿਸੇ ਨੇ ਮਾਮਲਾ ਉਠਾਇਆ ਸੀ ਕਿ ਆਲਮ ਗਲਤ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ. ਇਜ਼ਹਾਰ ਆਲਮ ਮਲੇਰਕੋਟਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਨ ਤੇ ਉਨ੍ਹਾਂ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਸੰਭਾਵੀ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ। ਦੂਜੇ ਪਾਸੇ ਸੰਤ ਹਰਨਾਮ ਸਿੰਘ ਧੁੰਮਾ ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਕਾਲੀ ਦਲ ਦੀ ਹਮਾਇਤ ਕੀਤੀ ਸੀ, ਆਲਮ ਨੂੰ ਨਿਰਦੋਸ਼ ਸਿੱਖਾਂ ਦਾ ਕਾਤਲ ਦੱਸ ਰਹੇ ਹਨ। ਉਧਰ ਸ. ਬਾਦਲ ਦੀ ਇਸ ਟਿੱਪਣੀ ਤੋਂ ਖਫ਼ਾ ਦਲ ਖ਼ਾਲਸਾ ਨੇ ਪੁੱਛਿਆ ਹੈ ਕਿ ਬਜ਼ੁਰਗਾਂ ਤੇ ਨੌਜਵਾਨਾਂ ਨੂੰ ਤਸੀਹੇ ਕੇਂਦਰ ਵਿਚ ਗੈਰ-ਕਾਨੂੰਨੀ ਢੰਗ ਤਰੀਕਿਆਂ ਨਾਲ ਮਾਰ ਮੁਕਾਉਣ ਵਾਲੇ ਕੀ ਹੁਣ ਵਿਧਾਨ ਸਭਾ ਵਿਚ ਬੈਠ ਕੇ ਪੰਜਾਬ ਕੇ ਲੋਕਾਂ ਦੀ ਨੁਮਾਇੰਦਗੀ ਕਰਨਗੇ।

ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੰਭਾਵਿਤ ਉਮੀਦਵਾਰ ਬਣਾਏ ਜਾਣ ਦੀ ਚਰਚਾ ਦੇ ਮੱਦੇਨਜ਼ਰ ਜਥੇਬੰਦੀ ਨੇ ਇਲਜ਼ਾਮ ਲਾਇਆ ਹੈ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਇਜ਼ਹਾਰ ਆਲਮ ਨੂੰ ਟਿਕਟ ਨਾਲ ਨਿਵਾਜ਼ ਕੇ ਅਕਾਲੀ ਦਲ ਸਿੱਖਾਂ ਦੀਆਂ ਜ਼ਖ਼ਮੀ ਭਾਵਨਾਵਾਂ ਨੂੰ ਵਲੂੰਧਰ ਰਿਹਾ ਹੈ। ਦਲ ਖ਼ਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਅਕਾਲੀ ਦਲ ਨੇ ਸ੍ਰੀ ਆਲਮ ਨੂੰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਹੇਠ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰਨ ਦੀ ਥਾਂ ਆਪਣੀ ਪਾਰਟੀ ਵਿਚ ਜਗ੍ਹਾ ਦੇ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ।

ਉਨ੍ਹਾਂ ਕਿਹਾ ਕਿ ਆਲਮ ਨੂੰ ਕਲੀਨ ਚਿੱਟ ਦੇ ਕੇ ਸ. ਬਾਦਲ ਨੇ ਮੌਕਾਪ੍ਰਸਤੀ ਵਾਲੀ ਰਾਜਨੀਤੀ ਦਾ ਸਬੂਤ ਦਿੱਤਾ ਹੈ। ਉਨ੍ਹਾਂ ਜਗਤਾਰ ਸਿੰਘ ਵੱਲੋਂ ਲਿਖੀ ਕਿਤਾਬ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਿਤਾਬ ਵਿਚ ਆਲਮ ਨੇ ਪੱਟੀ ਵਿਖੇ ਹੋਏ ਇਕ ਜਨਤਕ ਸਮਾਗਮ ਵਿਚ ਫ਼ਰਜ਼ੀ ਮੁਕਾਬਲੇ ਦੀ ਘਟਨਾਵਾਂ ਬਾਬਤ ਮੰਨਿਆ ਹੈ।

## ਇਜ਼ਹਾਰ ਆਲਮ ਨੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਸੀ: ਧਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਅਕਾਲੀ ਦਲ ਦੇ ਮਾਲੇਰਕੋਟਲਾ ਹਲਕੇ ਦੇ ਇੰਚਾਰਜ ਤੇ ਸਾਬਕਾ ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਪਰ ਇੰਟੈਲੀਜੈਂਸ ਬਿਊਰੋ (ਆਈ. ਬੀ.) ਦੇ ਸਾਬਕਾ ਡਾਇਰੈਕਟਰ ਮਲੋਏ ਕ੍ਰਿਸ਼ਨ ਧਰ ਨੇ ਅਹਿਮ ਖੁਲਾਸਾ ਕੀਤਾ ਹੈ ਕਿ ਆਲਮ ਨੇ ਖਾੜਕੂਵਾਦ ਦੇ ਦੌਰ ਦੌਰਾਨ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਸਨ। ਕਈ ਹੋਰ ਧਿਰਾਂ ਆਲਮ ਨੂੰ ਕਲੀਨ ਚਿੱਟ ਦਿਤੇ ਜਾਣ ਦਾ ਪਹਿਲਾਂ ਹੀ ਵਿਰੋਧ ਕਰ ਚੁੱਕੀਆਂ ਹਨ।

ਪੁਸਤਕ 'ਓਪਨ ਸੀਕਰਿਟਸ' (ਖੁੱਲ੍ਹੇ ਭੇਤ) ਨਾਲ ਚਰਚਾ ਵਿਚ ਆਏ ਸ੍ਰੀ ਧਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਮੁਹੰਮਦ ਇਜ਼ਹਾਰ ਆਲਮ ਨੂੰ ਕਲੀਨ ਚਿੱਟ ਦੇਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੁਹੰਮਦ ਇਜ਼ਹਾਰ ਆਲਮ ਨੇ ਉਸ ਵੇਲੇ ਕਾਨੂੰਨ ਦੀ ਲਕਸ਼ਮਣ ਰੇਖਾ ਪਾਰ ਕੀਤੀ ਸੀ ਤੇ ਅਜਿਹੇ ਸ਼ਖ਼ਸ ਨੂੰ ਟਿਕਟ ਦੇਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਉਨ੍ਹਾਂ ਲਿਖਿਆ ਹੈ ਕਿ ਆਲਮ ਨੇ ਉਸ ਵੇਲੇ ਕਾਨੂੰਨ ਨੂੰ ਛਿੱਕੇ ਟੰਗ ਕੇ ਮਨੁੱਖੀ ਹੱਕਾਂ ਦਾ ਘਾਣ ਕੀਤਾ। ਚੇਤੇ ਰਹੇ ਕਿ ਖਾੜਕੂਵਾਦ ਦੇ ਦੌਰ ਦੌਰਾਨ ਆਈ.ਬੀ. ਨੇ ਸ੍ਰੀ ਧਰ ਦੀ ਡਿਊਟੀ ਪੰਜਾਬ ਵਿਚ ਲਾਈ ਸੀ ਅਤੇ ਸ੍ਰੀ ਧਰ ਨੇ ਆਪਣੀ ਪੁਸਤਕ ਵਿਚ ਪੰਜਾਬ ਦੇ ਕੁਝ ਅਖੌਤੀ ਆਗੂਆਂ ਅਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਬਾਰੇ ਅਪਣਾਈ ਘਾਤਕ ਨੀਤੀ ਦਾ ਵਿਸਥਾਰ ਸਹਿਤ ਖੁਲਾਸਾ ਕੀਤਾ ਸੀ।

# ਦਲ ਖਾਲਸਾ ਅਲਾਇੰਸ

## ਭਾਰਤ ਸਰਕਾਰ, ਹਿੰਦੂਤਵੀ ਤੇ ਬ੍ਰਾਹਮਣਵਾਦੀ ਆਤੰਕਵਾਦੀ ਹਨ

ਹਿੰਦੁਸਤਾਨ 'ਚ ਰਹਿੰਦਿਆਂ ਸਿੱਖ ਚਾਰ ਪੜਾਵਾਂ 'ਚ ਹਿੰਦੂਆ ਦਾ ਗੁਲਾਮ ਹੈ। ਪਹਿਲਾ, ਸਿੱਖ ਨੂੰ ਜਨਮ ਸਰਟੀਫਿਕੇਟ ਹਿੰਦੂ ਕੋਡ ਮੁਤਾਬਿਕ ਪ੍ਰਾਪਤ ਹੁੰਦਾ ਹੈ। ਦੂਜਾ, ਸਿੱਖ ਨੂੰ ਮੌਤ ਸਰਟੀਫਿਕੇਟ ਹਿੰਦੂ ਕੋਡ ਮੁਤਾਬਿਕ ਪ੍ਰਾਪਤ ਹੁੰਦਾ ਹੈ। ਤੀਜਾ, ਸਿੱਖ ਨੂੰ ਵਿਆਹ ਦਾ ਸਰਟੀਫਿਕੇਟ ਹਿੰਦੂ ਕੋਡ ਮੁਤਾਬਿਕ ਪ੍ਰਾਪਤ ਹੁੰਦਾ ਹੈ। ਚੌਥਾ, ਸਿੱਖ ਨੂੰ ਆਪਣੀ ਕਿਰਤ ਕਮਾਈ ਦਾ ਟੈਕਸ ਹਿੰਦੂ ਕੋਡ ਮੁਤਾਬਿਕ ਭਰਨਾ ਪੈਂਦਾ ਹੈ। ਹਿੰਦੁਸਤਾਨ 'ਚ ਰਹਿੰਦਿਆਂ ਇਹ ਸਾਰੇ ਹਿੰਦੂ ਕੋਡ ਸਿੱਖ ਕੌਮ 'ਤੇ ਲਾਗੂ ਹਨ ਪਰ ਇਹ ਸਾਰੇ ਕੋਡ ਇਸਾਈਆਂ ਅਤੇ ਮੁਸਲਿਮਾਨਾਂ 'ਤੇ ਲਾਗੂ ਨਹੀਂ ਹਨ, ਐਸਾ ਕਿਉਂ? ਕਿਉਂਕਿ ਸਿੱਖ ਕੌਮ ਹਿੰਦੁਸਤਾਨ 'ਚ ਗੁਲਾਮ ਹੈ। ਦੁਨੀਆਂ ਵਿਚ ਵੱਖ-ਵੱਖ ਧਰਮਾਂ ਦੇ ਲੋਕਾਂ ਕੋਲ ਆਪੋ-ਆਪਣੇ ਮੁਲਕ ਹਨ ਪਰ ਸਿੱਖਾਂ ਕੋਲ ਆਪਣਾ ਮੁਲਕ ਨਹੀਂ ਹੈ, ਕਿਉਂ? ਕਿਉਂਕਿ ਸਿੱਖ ਗੁਲਾਮ ਹਨ।

ਦੁਨੀਆਂ ਵਿਚ ਇਸਾਈ ਹਨ, ਇਨ੍ਹਾਂ ਕੋਲ ਆਪਣਾ ਮੁਲਕ ਹੈ। ਦੁਨੀਆਂ ਵਿਚ ਮੁਸਲਿਮ ਹਨ, ਇਨ੍ਹਾਂ ਕੋਲ ਆਪਣੇ ਮੁਲਕ ਹਨ। ਦੁਨੀਆਂ ਵਿਚ ਹਿੰਦੂ ਹਨ, ਇਨ੍ਹਾਂ ਕੋਲ ਆਪਣਾ ਮੁਲਕ ਹੈ। ਦੁਨੀਆਂ ਵਿਚ ਸਿੱਖ ਵੀ ਹਨ ਪਰ ਸਿੱਖਾਂ ਕੋਲ ਆਪਣਾ ਮੁਲਕ ਨਹੀਂ ਹੈ। ਜੇ ਦੂਸਰੀਆਂ ਨਸਲਾਂ ਅਤੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਆਪਣੀ ਹੋਂਦ ਨੂੰ ਬਚਾਉਣ ਲਈ ਆਪਣੇ ਮੁਲਕ ਦੀ ਲੋੜ ਮਹਿਸੂਸ ਹੋਈ ਤਾਂ ਉਨ੍ਹਾਂ ਨੇ ਬਣਾ ਲਏ। ਕੀ ਸਿੱਖ ਨਸਲ ਅਤੇ ਸਿੱਖ ਧਰਮ ਨੂੰ ਬਚਾਉਣ ਲਈ ਸਾਨੂੰ ਆਪਣੇ ਮੁਲਕ ਦੀ ਲੋੜ ਨਹੀਂ? ਜੇ ਹਿੰਦੁਸਤਾਨ ਦੀ ਸਰਹੱਦ 'ਤੇ ਜਾ ਕੇ ਲੜਨਾ ਪਵੇ ਤਾਂ ਸਿੱਖ ਬਹਾਦਰ ਕੌਮ ਹੈ। ਜੇ ਇਹੀ ਬਹਾਦਰ ਸਿੱਖ ਕੌਮ, ਹਿੰਦੁਸਤਾਨ ਦੇ ਅੰਦਰ ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣ ਦੇ ਹੱਕ ਮੰਗ ਲਵੇ ਤਾਂ ਕੱਟੜਪੰਥੀ ਹਿੰਦੁਸਤਾਨੀ ਨਾਅਰੇ ਲਾਉਂਦੇ ਹਨ-ਦੇਸ਼ ਕੇ ਗਦਾਰੋਂ ਕੋ, ਮਾਰੋ ਇਨ ਸਰਦਾਰੋਂ ਕੋ।

ਅਜਿਹੇ ਹਾਲਾਤ ਵਿਚ ਸਿੱਖਾਂ ਕੋਲ ਦੋ ਹੀ ਰਾਹ ਹਨ-ਜਾਂ ਤਾਂ ਹਿੰਦੁਸਤਾਨ ਅੰਦਰ ਗੁਲਾਮ ਬਣ ਕੇ ਰਹਿਣਾ ਸਿੱਖ ਲੈਣ ਜਾਂ ਫਿਰ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝਣ। ਸੋ, ਸਿੱਖ ਕੌਮ ਨੇ ਦੋਹਾਂ 'ਚੋਂ ਇੱਕ ਰਾਹ ਚੁਣ ਲਿਆ ਹੈ, ਖਾਲਿਸਤਾਨ ਦੀ ਪ੍ਰਾਪਤੀ ਦਾ। ਸਿੱਖ ਕੌਮ ਦੇ ਜੋਸ਼ੀਲੇ ਤੇ ਜੁਝਾਰੂ ਲੀਡਰਾਂ ਨੇ 29 ਅਪਰੈਲ 1986 ਨੂੰ ਖਾਲਿਸਤਾਨ ਦਾ ਐਲਾਨ ਕੀਤਾ ਸੀ ਅਤੇ 7 ਅਕਤੂਬਰ 1987 ਨੂੰ ਖਾਲਿਸਤਾਨ ਦੀ ਸਰਕਾਰ ਦੀ ਤਰਫੋਂ ਕੌਂਸਲ ਆਫ ਖਾਲਿਸਤਾਨ ਹੋਂਦ 'ਚ ਆਈ ਸੀ। ਸੋ, ਹੁਣ ਸਿੱਖ ਕੌਮ ਦੇ ਸਹਿਯੋਗ ਨਾਲ ਖਾਲਿਸਤਾਨ ਦੀ ਪ੍ਰਾਪਤੀ ਲਈ ਕੌਂਸਲ ਆਫ ਖਾਲਿਸਤਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਾ ਸਿੱਖ ਐਜੂਕੇਸ਼ਨਲ ਟਰਸਟ ਕੈਨੇਡਾ, ਦਲ ਖਾਲਸਾ ਅਲਾਇੰਸ ਸੰਘਰਸ਼ ਕਰ ਰਹੇ ਹਨ। ਡਾ. ਸੋਹਣ ਸਿੰਘ ਪੰਥਕ ਕਮੇਟੀ ਵਾਲੇ ਖਾਲਿਸਤਾਨ ਦੀ ਬੇੜੀ 'ਚ ਵੱਟੇ ਹਨ। ਇਸ ਪੰਥਕ ਕਮੇਟੀ ਦੇ ਸਪੋਕਸਮੈਨ ਡਾ. ਅਮਰਜੀਤ ਸਿੰਘ ਉਤੇ ਭਾਰਤੀ ਖੁਫੀਆ ਏਜੰਸੀ ਰਾਅ ਦਾ ਏਜੰਟ ਹੋਣ ਦੇ ਦੋਸ਼ ਹਨ। ਅਕਾਲੀ ਦਲ (ਬਾਦਲ) ਅਤੇ ਕਾਂਗਰਸੀ ਖਾਲਿਸਤਾਨੀਆਂ ਦੇ ਕਾਤਲ ਹਨ। ਕੰਵਰਪਾਲ ਸਿੰਘ ਬਿੱਟੂ, ਅਤਿੰਦਰਪਾਲ ਸਿੰਘ, ਮੋਹਕਮ ਸਿੰਘ ਤੇ ਜਸਵੀਰ ਸਿੰਘ ਰੋਡੇ ਸਰਕਾਰੀ ਏਜੰਸੀਆਂ ਦੀਆਂ ਕਠਪੁਤਲੀਆਂ ਹਨ।

ਸਤਿਕਾਰਯੋਗ ਪਾਠਕੋ, *ਨਾ ਔਰੰਗਜੇਬ ਕਿਧਰੇ ਗਿਆ ਹੈ, ਨਾ ਬਾਬਰ ਅਜੇ ਮਰਿਆ ਹੈ, ਨਾ ਈਸਟ ਇੰਡੀਆ ਕੰਪਨੀ ਜਲਾਵਤਨ ਹੋਈ ਹੈ, ਨਾ ਅੰਗਰੇਜ਼ ਨੂੰ ਦੇਸ਼ ਨਿਕਾਲਾ ਮਿਲਿਆ ਹੈ। *ਅਜੇ ਤਾਂ ਜਲ੍ਹਿਆਂਵਾਲਾ ਬਾਗ ਵੀ ਇਥੇ ਹੀ ਕਿਧਰੇ ਸੰਤਾਪ ਭੋਗ ਰਿਹਾ ਹੈ। *ਕਾਤਲ ਲਈ ਜਮਹੂਰੀਅਤ ਤਾਂ ਇੱਕ ਬੁਰਕਾ ਹੈ, ਜੋ ਕਦੇ ਕੋਈ ਪਹਿਨਦਾ ਹੈ, ਕਦੇ ਕੋਈ! ਬੁਰਕੇ ਅੰਦਰਲਾ ਸ਼ਾਸ਼ਕ ਕਦੇ ਹਿਟਲਰ ਬਣ ਜਾਂਦਾ ਹੈ, ਕਦੇ ਮੁਸੋਲੀਨੀ, ਕਦੇ ਔਰੰਗਜੇਬ, ਕਦੇ ਅੰਗਰੇਜ, ਕਦੇ ਇੰਦਰਾ, ਕਦੇ ਰਾਜੀਵ, ਕਦੇ ਬੇਅੰਤ ਸਿੰਘ, ਕਦੇ ਰੇਅ-ਰਿਬੈਰੋ, ਕਦੇ ਕੇ.ਪੀ.ਐਸ. ਗਿੱਲ। *ਹਿੰਦੁਸਤਾਨੀ ਜਮਹੂਰੀਅਤ ਹਿੰਦੂ ਅਤਿਵਾਦੀ ਕਾਤਲਾਂ ਲਈ ਘੱਟਗਿਣਤੀ ਸਿੱਖਾਂ ਦੀ ਬੇਬਸੀ ਦਾ ਰੇਤਲਾ ਟਿੱਬਾ ਹੈ, ਜਿਸ ਨੂੰ ਕਦੇ ਜੂਨ 1984 ਉਡਾ ਕੇ ਲੈ ਜਾਂਦੀ ਹੈ ਤੇ ਕਦੇ ਨਵੰਬਰ ਚੌਰਾਸੀ। *ਭਾਰਤੀ ਸੰਵਿਧਾਨ ਹਿੰਦੂ ਅਤਿਵਾਦੀਆਂ ਹੱਥੋਂ ਕਤਲ ਹੋ ਚੁੱਕਾ ਹੈ। *ਭਾਰਤੀ ਜਮਹੂਰੀਅਤ ਹਿੰਦੂ ਅਤਿਵਾਦ ਵਲੋਂ ਜਲਾਵਤਨ ਕਰ ਦਿੱਤੀ ਗਈ ਹੈ। *ਭਾਰਤੀ ਪਾਰਲੀਮੈਂਟ ਦੀਆਂ ਗੋਲ ਕੰਧਾਂ ਦੇ ਢਕੌਂਸਲੇ 'ਚ ਜਮਹੂਰੀਅਤ ਦੇ ਕਸਾਈ ਜੁੜਦੇ ਹਨ ਜੋ ਹਿੰਦੁਸਤਾਨ 'ਚ ਘੱਟਗਿਣਤੀਆਂ ਨੂੰ ਜ਼ਿਬ੍ਹਾ ਕਰਨ ਦੀਆਂ ਤਰਤੀਬਾਂ ਘੜਦੇ ਹਨ। *ਭਾਰਤੀ ਲੋਕਤੰਤਰ ਹਿੰਦੂ ਅਤਿਵਾਦ ਹੱਥੋਂ ਅਗਵਾ ਹੋ ਗਿਆ ਹੈ। *ਭਾਰਤੀ ਲੋਕਤੰਤਰ ਹਿੰਦੂ ਅਤਿਵਾਦ ਦੇ ਹੱਥੋਂ ਬੇਗੁਨਾਹਾਂ ਦੇ ਖੂਨ ਵਾਲੇ ਛੱਪੜ 'ਚ ਡੁੱਬ ਕੇ ਮਰ ਰਿਹਾ ਹੈ। *ਭਾਰਤੀ ਲੋਕਤੰਤਰ ਹਿੰਦੂ ਅਤਿਵਾਦ 'ਚ ਗੁੰਮ ਹੋ ਗਿਆ ਹੈ ਪਰ ਕਿਤੇ ਰਿਪੋਰਟ ਦਰਜ ਨਹੀਂ ਹੋਈ। *ਭਾਰਤੀ ਲੋਕਤੰਤਰ ਹਿੰਦੂ ਅਤਿਵਾਦ ਵਲੋਂ ਕਤਲ ਕਰ ਦਿੱਤਾ ਗਿਆ ਹੈ ਪਰ ਕਾਨੂੰਨ ਨੇ ਕੋਈ ਕਾਰਵਾਈ ਨਹੀਂ ਕੀਤੀ। *ਭਾਰਤੀ ਸੰਵਿਧਾਨ ਪਾੜ ਦਿੱਤਾ ਗਿਆ ਪਰ ਕੁੱਝ ਨਹੀਂ ਵਾਪਰਿਆ। *ਜਿੱਥੇ ਘੱਟ ਗਿਣਤੀਆਂ ਦੇ ਲੋਕ ਗਾਜਰਾਂ-ਮੂਲੀਆਂ ਵਾਂਗ ਵੱਢੇ ਟੁੱਕੇ ਜਾਣ, ਉਸ ਨੂੰ ਆਪਣਾ ਮੁਲਕ ਕਹਿਣ ਤੋਂ ਪਹਿਲਾਂ, ਆਪਣੇ ਆਪ ਨੂੰ ਕਿਸੇ ਮਾਨਸਿਕ ਹਸਪਤਾਲ 'ਚੋਂ ਚੈਕ ਕਰਵਾ ਲੈਣਾ ਚਾਹੀਦਾ ਹੈ। ਸੱਚ ਤਾਂ ਇਹ ਹੈ ਕਿ ਹੁਣ ਭਾਰਤ (ਹਿੰਦੁਸਤਾਨ) ਦੇ ਨਾਂ ਉਤੇ ਇੱਕ ਕਸਾਈਖਾਨਾ ਹੈ, ਜਿਥੇ ਘਟਗਿਣਤੀਆਂ ਜ਼ਿਬ੍ਹਾ ਹੁੰਦੀਆਂ ਹਨ, ਜਿਥੇ ਲੋਕ ਝਟਕੇ ਦੇ ਬੱਕਰੇ ਦੀ ਤਰ੍ਹਾਂ ਠਾਣਿਆਂ 'ਚ ਪੁਠੇ ਲਟਕਾਏ ਜਾਂਦੇ ਹਨ। *ਹਿੰਦੁਸਤਾਨ 'ਚ ਹਿੰਦੂਤਵੀ ਗੁੰਡਿਆਂ ਦੀ ਸਲਤਨਤ ਦੇ ਨਾਗਰਿਕ ਹੋਣ 'ਤੇ ਬਹੁਤ ਸ਼ਰਮ ਆਉਂਦੀ ਹੈ। *ਸਭ ਪਾਸੇ ਮੌਤ ਦੇ ਬਾਜ਼ਾਰ ਹਨ, ਸੌਦੇਬਾਜ਼ੀ ਹੈ, ਸਵਾਰਥ ਹਨ, ਲਾਚਾਰੀ ਹੈ, ਹੰਝੂ ਹਨ, ਆਹਾਂ ਹਨ, ਹੌਕੇ ਹਨ, ਹਟਕੋਰੇ ਹਨ, ਤਰਲੇ ਹਨ, ਸੰਗਲ ਹਨ, ਹੱਥਕੜੀਆਂ ਹਨ, ਬੰਦੂਕਾਂ ਹਨ, ਗੱਲ ਘੁਟੀਆਂ ਇਛਾਵਾਂ ਹਨ, ਚੁੱਲੇ ਵਿਚ ਸੜਦਾ ਪੇਟ ਦਾ ਸੰਤਾਪ ਹੈ। *ਹੁਣ ਭਾਰਤ (ਹਿੰਦੁਸਤਾਨ) ਮੁਲਕ ਮੁਲਕ ਨਹੀਂ ਰਿਹਾ ਅਤੇ ਹਾਕਮ ਹਨ ਕਿ ਨੀਦੋਂ ਹੀ ਨਹੀਂ ਜਾਗਦੇ, ਜਿਹੜੇ ਆਗੂ ਸ. ਸਿਮਰਨਜੀਤ ਸਿੰਘ ਮਾਨ ਅਤੇ ਸ. ਗਜਿੰਦਰ ਸਿੰਘ ਵਰਗੇ ਜਾਗੇ ਹਨ, ਉਹ ਦੇਸ਼ ਧਰੋਹੀ ਵਜੋਂ ਜਾਣੇ ਜਾਂਦੇ ਹਨ। *ਐ ਭਾਰਤ, ਤੇਰੇ ਦੇਸ਼ ਅੰਦਰ ਲੋਥਾਂ ਦੀ ਗਿਣਤੀ ਹੋ ਸਕਦੀ ਹੈ ਪਰ ਮਰ ਗਏ ਸੁਫਨਿਆਂ ਨੂੰ ਕੋਈ ਨਹੀਂ ਗਿਣ ਸਕਦਾ।

*ਆਜ਼ਾਦੀ ਪੈਰਾਂ ਵਿਚ ਪਾਏ ਕਾਨੂੰਨਾਂ ਦੇ ਸੰਗਲ ਨਹੀਂ ਹੁੰਦੇ। *ਆਜ਼ਾਦੀ ਮੌਤ ਦਾ ਵਪਾਰ ਨਹੀਂ ਹੈ। *ਆਜ਼ਾਦੀ ਬਾਜ਼ਾਰ ਵਿਚ ਵਿਕਦਾ ਘੱਟਗਿਣਤੀਆਂ ਦਾ ਮਾਸ ਨਹੀਂ ਹੈ। *ਆਜ਼ਾਦੀ ਤਾਂ ਜੀਉਣ ਦਾ ਸੁੱਚਾ ਸੰਕਲਪ ਹੈ। *ਜਿੱਥੇ ਜ਼ਿੰਦਗੀ ਧਰਤੀ 'ਤੇ ਰੀਂਗਦੀ ਹੋਵੇ, ਜਿੱਥੇ ਨਿੱਕੇ-ਨਿੱਕੇ ਬਾਲ ਜੂਠ ਦੇ ਟੁਕੜਿਆਂ 'ਤੇ ਪਲਦੇ ਹੋਣ, ਜਿੱਥੇ ਸ਼ਾਸ਼ਨ ਬੰਦੂਕ ਦੀ ਨੋਕ 'ਤੇ ਚਲਦਾ ਹੋਵੇ, ਜਿੱਥੇ ਸ਼ਾਸ਼ਨ ਤੇ ਕਾਨੂੰਨ ਘੱਟਗਿਣਤੀਆਂ ਤੇ ਗਰੀਬਾਂ ਦੇ ਖੂਨ ਦਾ ਤਿਹਾਇਆ ਹੋਵੇ, ਉਥੇ ਆਜ਼ਾਦੀ ਦਾ ਸੰਕਲਪ ਸਾਹ ਨਹੀਂ ਲੈ ਸਕਦਾ। *ਭਾਰਤ, ਹੁਣ ਅਸੀਂ ਤੇਰੇ ਜੀਣ ਦੀ ਦੁਆ ਕਿਵੇਂ ਕਰੀਏ? ਸਾਨੂੰ ਤਾਂ ਆਪਣੇ ਜੀਣ ਦਾ ਅਤੇ ਪੰਜਾਬ ਖਾਲਿਸਤਾਨ ਨੂੰ ਬਚਾਉਣ ਦਾ ਫਿਕਰ ਪੈ ਗਿਆ ਹੈ। *ਹਿੰਦੁਸਤਾਨ 1947 'ਚ ਵੀ ਸੜ ਰਿਹਾ ਸੀ ਅਤੇ ਅੱਜ ਵੀ ਸੜ ਰਿਹਾ ਹੈ। ਹਿੰਦੁਸਤਾਨ ਦੇ ਹਰ ਖਿਤੇ ਵਿਚ ਉਸ ਵਕਤ ਵੀ ਅੱਗ ਮੱਚਦੀ ਸੀ, ਹੁਣ ਵੀ ਵਿਦਰੋਹ ਦੇ ਭਾਂਬੜ ਹਨ। ਅੱਜ ਹਿੰਦੁਸਤਾਨ ਦਾ ਪੱਛਮ ਸੜ ਰਿਹਾ ਹੈ, ਉਤਰ ਤੜਫ ਰਿਹਾ ਹੈ, ਪੂਰਬ ਰਾਖ ਹੋ ਰਿਹਾ ਹੈ, ਦੱਖਣ ਲਾਲ ਪੀਲਾ ਹੋਇਆ ਬੈਠਾ ਹੈ। ਹਿੰਦੁਸਤਾਨ, ਲਾਲ ਕਿਲੇ ਅੱਗੇ ਜੁੜੇ ਤਮਾਸ਼ਬੀਨਾਂ ਦੀ ਭੀੜ 'ਚ ਦਮ ਘੁਟੀ ਖਲੋਤਾ ਹੈ। ਹੌਂਕਦੀਆਂ ਸੜਕਾਂ ਤੇ ਦੌੜਦਾ ਹਿੰਦੁਸਤਾਨ ਥੱਕ-ਟੁੱਟ ਰਿਹਾ ਹੈ। ਦੇਸ਼ ਦੇ ਲੀਡਰ ਅਤੇ ਪੂਰਾ ਪ੍ਰਸ਼ਾਸਨ ਕਰਪਟ ਹੋ ਚੁੱਕਾ ਹੈ।

ਐ ਹਿੰਦੂਤਵੀ ਅਤਿਵਾਦ, ਯਾਦ ਰੱਖ ਕਿ ਸਿੱਖ ਰਾਜ ਦਾ ਝੰਡਾ ਝੂਲਿਆ ਸੀ ਅਤੇ ਝੂਲੇਗਾ, ਸਿੱਖ ਕੌਮ ਆਪਣੀ ਹੋਂਦ ਦਾ ਪ੍ਰਗਟਾਵਾ 1469 ਤੋਂ ਲੈ ਕੇ ਹੁਣ ਤੱਕ ਕਰਦੀ ਹੈ। ਇੰਨੇ ਥੋੜੇ ਜਿਹੇ ਸਮੇਂ 'ਚ ਸਿੱਖ ਕੌਮ ਨੇ ਤਿੰਨ ਵਾਰ ਸਿੱਖ ਰਾਜ ਸਥਾਪਿਤ ਕੀਤਾ ਹੈ ਅਤੇ ਹੁਣ ਚੌਥੀ ਵਾਰ ਸਥਾਪਿਤ ਕਰਨ ਲਈ ਸੰਘਰਸ਼ ਕਰ ਰਹੀ ਹੈ। ਸਿੱਖ ਕੌਮ ਨੇ ਪਹਿਲਾ ਖਾਲਸਾ ਰਾਜ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ 'ਚ 1710 'ਚ ਸਥਾਪਿਤ ਕੀਤਾ ਸੀ। ਦੂਸਰਾ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 'ਚ ਸਥਾਪਿਤ ਕੀਤਾ ਸੀ। ਤੀਸਰਾ ਰਾਜ ਅੰਗਰੇਜਾਂ ਤੋਂ ਪਿਛੋਂ 1947 'ਚ ਸਥਾਪਿਤ ਕੀਤਾ ਸੀ, ਜੋ ਹਿੰਦੂ ਆਗੂਆਂ ਨੇ ਛਲ ਕਪਟ ਕਰਕੇ ਧੋਖੇ ਨਾਲ ਸਿੱਖ ਲੀਡਰਾਂ ਤੋਂ ਹਥਿਆ ਲਿਆ ਸੀ। ਹੁਣ ਅਸੀਂ ਹਿੰਦੂਆਂ ਤੋਂ ਕੁੱਝ ਮੰਗ ਨਹੀਂ ਰਹੇ ਅਤੇ ਨਾ ਹੀ ਕੁੱਝ ਖੋਹ ਜਾਂ ਲੁੱਟ ਰਹੇ ਹਾਂ। ਅਸੀਂ ਤਾਂ 1849 'ਚ ਧੋਖੇ ਨਾਲ ਖੋਹਿਆ ਹੋਇਆ ਅਤੇ 1947 'ਚ ਧੋਖੇ ਨਾਲ ਦਬਿਆ ਹੋਇਆ ਸਿੱਖ ਰਾਜ ਹੀ ਵਾਪਿਸ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਹਾਂ।

ਸਿੱਖ ਕੌਮ ਚੌਥੀ ਵਾਰ ਰਾਜ ਸਥਾਪਿਤ ਕਰਨ ਲਈ ਸੰਘਰਸ਼ ਕਰ ਰਹੀ ਹੈ। ਜੇ ਸਿੱਖ ਕੌਮ ਤਿੰਨ ਵਾਰ ਰਾਜ ਸਥਾਪਿਤ ਕਰ ਸਕਦੀ ਹੈ ਤਾਂ ਹੁਣ ਚੌਥੀ ਵਾਰ ਵੀ ਅਵਸ਼ ਖਾਲਿਸਤਾਨੀ ਰਾਜ ਸਥਾਪਿਤ ਹੋਵੇਗਾ। ਹਿੰਦੂ ਮੱਤ ਕਰੋੜਾਂ ਸਾਲਾਂ ਦੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਕੀ ਹਿੰਦੂ ਮੱਤ ਨੇ 1947 ਤੋਂ ਪਹਿਲਾਂ ਇੱਕ ਘੰਟਾ ਵੀ ਕਦੇ ਰਾਜ ਸਥਾਪਿਤ ਕੀਤਾ ਹੈ, ਕਦੇ ਆਪਣੀ ਕਰੰਸੀ ਜਾਰੀ ਕੀਤੀ ਹੈ? ਤਾਂ ਦਸੋ। ਸਿੱਖ ਕੌਮ ਨੇ ਤਾਂ ਤਿੰਨ ਵਾਰ ਰਾਜ ਸਥਾਪਿਤ ਕੀਤਾ ਹੈ ਅਤੇ ਇੱਕ ਵਾਰ ਤਾਂ ਦਲ ਖਾਲਸਾ ਅਲਾਇੰਸ ਦੇ ਵਡੇਰਿਆਂ ਨੇ ਦਿੱਲੀ ਫਤਿਹ ਕਰਕੇ ਉਸ ਉਪਰ ਖਾਲਸਾਈ ਪਰਚਮ ਵੀ ਲਹਿਰਾ ਦਿੱਤਾ ਸੀ।

ਜੋ ਲੋਕ ਖਾਲਿਸਤਾਨ ਦਾ ਸਿੱਧਾ ਜਾਂ ਅਸਿੱਧਾ ਵਿਰੋਧ ਕਰਦੇ ਹਨ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਕੋਲ ਕੀ ਗਾਰੰਟੀ ਹੈ ਕਿ ਹਿੰਦੁਸਤਾਨ 'ਚ ਰਹਿੰਦਿਆਂ- *ਸਿੱਖਾਂ ਨਾਲ ਸੰਨ '47 ਕਾਂਡ ਦੁਬਾਰਾ ਨਹੀਂ ਵਾਪਰੇਗਾ? * 1978 ਵਰਗਾ ਨਿੰਰਕਾਰੀ ਕਾਂਡ ਦੁਬਾਰਾ ਨਹੀਂ ਵਾਪਰੇਗਾ? *ਜੂਨ 1984 ਵਰਗਾ ਭਿਆਨਕ ਕਾਂਡ ਦੁਬਾਰਾ ਨਹੀਂ ਹੋਵੇਗਾ? *ਨਵੰਬਰ 1984 ਵਰਗੀ ਕਤਲੇਆਮ ਦੁਬਾਰਾ ਨਹੀਂ ਹੋਵੇਗੀ? *ਸਿੱਖਾਂ ਦੇ ਕਾਤਲਾਂ ਜਗਦੀਸ਼ ਟਾਇਟਲਰ, ਕੇ.ਪੀ.ਐਸ. ਗਿੱਲ, ਸੁਮੇਧ ਸੈਣੀ, ਇਜ਼ਹਾਰ ਆਲਮ ਵਰਗਿਆਂ ਆਦਿ ਨੂੰ ਹਿੰਦੁਸਤਾਨੀ ਕਾਨੂੰਨ ਸਜ਼ਾਵਾਂ ਦੇਵੇਗਾ? *ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਵਾਲੇ ਸਾਰੇ ਅਧਿਕਾਰ ਪ੍ਰਾਪਤ ਹੋ ਸਕਣਗੇ? *ਹਿੰਦੂਆਂ ਵਲੋਂ ਸਿੱਖ ਕੌਮ ਨੂੰ ਇੱਕ ਵੱਖਰਾ ਧਰਮ ਸਵੀਕਾਰ ਕਰ ਲਿਆ ਜਾਵੇਗਾ? *ਸਿੱਖ ਕੌਮ ਨੂੰ ਮਿਲੇ ਜ਼ਰਾਇਮ ਪੇਸ਼ਾ ਕੌਮ ਦੇ ਖਿਤਾਬ ਧੋਤੇ ਜਾਣਗੇ? *ਸਿੱਖਾਂ ਨੂੰ ਅਤਿਵਾਦੀ, ਵੱਖਵਾਦੀ, ਆਤੰਕਵਾਦੀ ਕਹਿ ਕੇ ਨਹੀਂ ਪੁਕਾਰਿਆ ਜਾਵੇਗਾ ਅਤੇ ਨਾ ਹੀ ਪਾਕਿਸਤਾਨ ਦੇ ਏਜੰਟ ਹੋਣ ਦੀ ਸ਼ੱਕ ਰਹੇਗੀ? *ਸਿੱਖਾਂ ਦੇ ਗੁਰਦੁਆਰੇ ਨਹੀਂ ਸਾੜੇ ਜਾਣਗੇ ਅਤੇ ਸਿੱਖ ਨਹੀਂ ਲਿਤਾੜੇ ਜਾਣਗੇ? *ਕੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਮਿਲ ਜਾਣਗੇ? *ਕੀ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ? *ਕੀ ਪੰਜਾਬ ਦੇ ਬਿਜਲੀ ਪਾਣੀ ਅਤੇ ਖੇਤੀਬਾੜੀ ਦੀ ਲੁੱਟ ਬੰਦ ਹੋ ਜਾਵੇਗੀ? *ਪੰਜਾਬ ਵਿਚੋਂ ਨਸ਼ਿਆਂ ਦੀ ਰੋਕਥਾਮ ਲਈ ਸਖਤ ਉਪਰਾਲੇ ਕੀਤੇ ਜਾਣਗੇ? *ਦੇਸ਼ ਦੇ ਸਾਰੇ ਪ੍ਰਾਂਤਾਂ ਨੂੰ ਵੱਧ ਅਧਿਕਾਰ ਦੇਣ ਵਾਲਾ ਅਨੰਦਪੁਰ ਦਾ ਮਤਾ ਪ੍ਰਵਾਨ ਕਰ ਲਿਆ ਜਾਵੇਗਾ? *ਅਨੰਦ ਮੈਰਿਜ ਐਕਟ ਪ੍ਰਵਾਨ ਕਰ ਲਿਆ ਜਾਵੇਗਾ?

*ਜੇ ਤੁਹਾਡੇ ਕੋਲ ਇਨ੍ਹਾਂ ਗੱਲਾਂ ਦਾ ਜਵਾਬ ਕੋਈ ਨਹੀਂ ਅਤੇ ਗਾਰੰਟੀ ਵੀ ਕੋਈ ਨਹੀਂ ਤਾਂ ਤੁਹਾਨੂੰ ਗੁਰਸਿੱਖ ਇਤਿਹਾਸ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਸਿੱਖ ਕੌਮ ਰਾਜ ਭਾਗ ਕੁਰਬਾਨੀਆਂ ਕਰਕੇ ਹਿੰਦੁਸਤਾਨੀਆਂ ਨੂੰ ਦੁਆ ਸਕਦੀ ਹੈ ਤਾਂ ਆਪਣਾ ਬਣਦਾ ਰਾਜ ਭਾਗ ਵਾਪਸ ਵੀ ਲੈ ਸਕਦੀ ਹੈ। ਜੇ ਸਿੱਖ ਕੌਮ ਪਹਿਲਾਂ ਵੀ ਆਪਣੇ ਰਾਜ ਭਾਗ ਸਥਾਪਿਤ ਕਰ ਸਕਦੀ ਸੀ ਤਾਂ ਹੁਣ ਵੀ ਆਪਣੇ ਬੀਤੇ ਇਤਿਹਾਸ ਦੀ ਰੌਸ਼ਨੀ 'ਚ ਕਰ ਸਕਦੀ ਹੈ। ਇਸ ਲਈ ਸਮਾਂ ਘੱਟ ਵੱਧ ਜਰੂਰ ਲੱਗ ਸਕਦਾ ਹੈ।

ਸਾਡੇ ਲਈ ਪੁਰਾਤਨ ਮੁਸਲਿਮ ਹਕੂਮਤਾਂ ਅਤੇ 1947 ਤੋਂ ਬਾਅਦ ਹਿੰਦੂ ਹਕੂਮਤਾਂ ਇਕੋ ਜਿਹੀਆਂ ਹਨ ਕਿਉਂਕਿ *ਕੱਲ ਮੁਸਲਿਮ ਹਕੂਮਤ ਨੇ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕੀਤਾ ਸੀ, ਅੱਜ ਹਿੰਦੂ ਹਕੂਮਤ ਨੇ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਕੀਤਾ ਹੈ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਸਨ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਹਨ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਸੱਪ ਦੇ ਬੱਚੇ ਕਿਹਾ ਸੀ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਨੂੰ ਆਤੰਕਵਾਦੀ ਕਿਹਾ ਹੈ। *ਕੱਲ ਮੁਸਲਿਮ ਹਕੂਮਤ ਨੇ ਹਿੰਦੂਆਂ ਨੂੰ ਘੋੜੇ ਰੱਖਣ ਦੀ ਮਨਾਹੀ ਕੀਤੀ ਸੀ, ਅੱਜ ਹਿੰਦੂ ਹਕੂਮਤ ਨੇ ਸਿਰਦਾਰ ਕਪੂਰ ਸਿੰਘ ਨੂੰ ਅੰਬੈਸਡਰ ਕਾਰ ਖਰੀਦਣ ਅਤੇ ਰੱਖਣ ਦੀ ਮਨਾਹੀ ਕੀਤੀ ਸੀ (ਪੜ੍ਹੋ ਸਾਚੀ ਸਾਖੀ)। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਦੇ ਕਾਤਲਾਂ (ਗੰਗੂ ਦੇ ਵਾਰਸਾਂ) ਨੂੰ ਜਾਗੀਰਾਂ ਦਿੱਤੀਆਂ ਸਨ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਦੇ ਕਾਤਲਾਂ ਨੂੰ (ਜਗਦੀਸ਼ ਟਾਇਟਲਰ ਅਤੇ ਕੇ.ਪੀ.ਐਸ. ਗਿੱਲ ਵਰਗਿਆਂ ਨੂੰ) ਵਜ਼ੀਰੀਆਂ ਅਤੇ ਤਗਮੇ ਦਿੱਤੇ ਹਨ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਸੀ, ਅੱਜ ਹਿੰਦੂ ਹਕੂਮਤ ਨੇ ਸਿੱਖ ਨੂੰ ਦੋ ਜੀਪਾਂ ਮਗਰ ਬੰਨ ਕੇ ਵਿਚਾਲਿਉਂ ਪਾੜ ਕੇ ਸ਼ਹੀਦ ਕੀਤਾ ਹੈ। *ਕੱਲ ਮੁਸਲਿਮ ਹਕੂਮਤ ਨੇ ਸੱਤ ਸੱਤ ਮਹੀਨਿਆਂ ਦੇ ਬੱਚਿਆਂ ਨੂੰ ਨੇਜਿਆਂ 'ਤੇ ਟੰਗਿਆ ਸੀ, ਅੱਜ ਹਿੰਦੂ ਹਕੂਮਤ ਨੇ ਸੱਤ ਮਹੀਨੇ ਦੀ ਬੱਚੀ ਦੇ ਸਰੀਰ ਤੋਂ ਕਪੜੇ ਉਤਾਰ ਕੇ, ਸਰੀਰ 'ਤੇ ਮਿੱਠਾ ਮੱਲ ਕੇ ਕੀੜੀਆਂ ਦੇ ਭੌਣ 'ਤੇ ਬਿਠਾਇਆ ਹੈ। ਇਹ ਮੇਰੀ ਆਪਣੀ ਬੱਚੀ ਦੀ ਵਾਰਤਾ ਹੈ ਜੋ ਅਮਰੀਕਨ ਕਾਂਗਰਸ ਦੇ ਰਿਕਾਰਡ ਵਿਚ ਕਾਂਗਰਸਮੈਨ ਡੈਨ ਬਰਟਨ ਵਲੋਂ ਦਰਜ ਹੈ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਸੀ, ਅੱਜ ਹਿੰਦੂ ਹਕੂਮਤ ਨੇ ਜਿਊਂਦੇ ਸਿੱਖਾਂ ਦੀਆਂ ਅੱਖਾਂ ਕਢੀਆਂ, ਜਮੂਰਾਂ ਨਾਲ ਨਹੁੰ ਖਿੱਚ ਖਿੱਚ ਤੋੜੇ, ਤੱਤੇ ਸਰੀਏ ਸਰੀਰਾਂ ਵਿਚ ਦੀ ਲੰਘਾਏ, ਆਦਿ। *ਕੱਲ ਮੁਸਲਿਮ ਹਕੂਮਤ ਨੇ ਸਿੱਖਾਂ ਨੂੰ ਉਬਲਦੀਆਂ ਦੇਗਾਂ 'ਚ ਉਬਾਲਿਆ ਸੀ, ਅੱਜ ਹਿੰਦੂ ਹਕੂਮਤ ਨੇ ਸਿੱਖਾਂ ਨੂੰ ਉਬਲਦੇ ਪਾਣੀ ਦੇ ਕੜਾਹਿਆਂ 'ਚ ਜਿਉਂਦਿਆਂ ਉਬਾਲ ਕੇ ਸ਼ਹੀਦ ਕੀਤਾ ਹੈ। *ਕੱਲ ਮੁਸਲਿਮ ਹਕੂਮਤ ਵੇਲੇ ਚੰਦੂ ਤੇ ਗੰਗੂ ਆਦਿ ਸਿੱਖਾਂ ਦੇ ਖਿਲਾਫ ਭੁਗਤੇ ਸਨ, ਅੱਜ ਹਿੰਦੂ ਰਾਜ ਵੇਲੇ, ਅਕਾਲੀ ਦਲ (ਬਾਦਲ) ਅਤੇ ਡਾ. ਸੋਹਣ ਸਿੰਘ ਪੰਥਕ ਕਮੇਟੀ ਵਾਲੇ ਵੀ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਖਿਲਾਫ ਭੁਗਤ ਰਹੇ ਹਨ। *ਕੱਲ ਅੰਗਰੇਜ਼ ਹਕੂਮਤ ਨੇ ਜਲ੍ਹਿਆਂਵਾਲੇ ਬਾਗ ਰਾਹੀਂ ਸਿੱਖ ਕਤਲੇਆਮ ਕੀਤੀ ਸੀ, ਅੱਜ ਹਿੰਦੂ ਹਕੂਮਤ ਨੇ ਨਵੰਬਰ 1984 'ਚ ਸਿੱਖ ਕਤਲੇਆਮ ਕੀਤੀ ਹੈ। *

ਇੰਡੀਅਨ ਗੌਰਮਿੰਟ ਟੈਰੋਰਿਸਟ-ਇੰਡੀਆ ਦੀ ਗੌਰਮਿੰਟ ਨੇ ਜੂਨ 1984 'ਚ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਆਪਣੇ ਹੀ ਮੁਲਕ ਦੇ ਬੇਕਸੂਰ ਨਾਗਰਿਕਾਂ ਦਾ ਬੜੀ ਬੇਰਹਿਮੀ ਨਾਲ ਕਤਲੇਆਮ ਕੀਤਾ, ਇਸ ਲਈ ਇੰਡੀਆ ਦੀ ਗੌਰਮਿੰਟ ਟੈਰੋਰਿਸਟ (ਦਹਿਸ਼ਤਪਸੰਦ) ਹੈ। ਇੰਡੀਅਨ ਹਿੰਦੂ ਟੈਰੋਰਿਸਟ-ਇੰਡੀਆ ਦੇ ਹਿੰਦੂਆਂ ਨੇ ਨਵਬੰਰ 1984 'ਚ ਬੜੀ ਬੇਰਹਿਮੀ ਨਾਲ ਸਿੱਖਾਂ ਦੀ ਕਤਲੇਆਮ ਕੀਤੀ, ਬੜੀ ਬੇਰਹਿਮੀ ਨਾਲ ਇਸਾਈਆਂ ਦਾ ਕਤਲੇਆਮ ਕੀਤਾ, ਬੜੀ ਬੇਰਹਿਮੀ ਨਾਲ ਮੁਸਲਮਾਨਾਂ ਦਾ ਕਤਲੇਆਮ ਕੀਤਾ, ਇਸ ਲਈ ਭਾਰਤੀ ਹਿੰਦੂਤਵੀ ਅਤਿਵਾਦੀ ਤੇ ਆਤੰਕਵਾਦੀ ਹਨ। ਭਾਰਤੀ ਬ੍ਰਾਹਮਣਵਾਦ ਦੇ ਆਗੂਆਂ ਨੇ ਵੱਡੀ ਗਿਣਤੀ 'ਚ ਇੱਕਠੇ ਹੋ ਕੇ ਬਾਬਰੀ ਮਸਜਿਦ ਨੂੰ ਢਾਹੁਣ ਲਈ ਹਿੰਦੂ ਅਤਿਵਾਦੀਆਂ ਦੀ ਅਗਵਾਈ ਕੀਤੀ, ਇਸ ਲਈ ਭਾਰਤੀ ਬ੍ਰਾਹਮਣਵਾਦੀ ਆਤੰਕਵਾਦੀ ਹਨ।

ਖਾਲਿਸਤਾਨ ਦੀ ਪ੍ਰਾਪਤੀ ਲਈ,
ਹੰਭਲਾ ਸਾਡਾ-ਸਾਥ ਤੁਹਾਡਾ।

ਤੁਹਾਡੇ ਮਿਲਵਰਤਣ ਅਤੇ
ਵਿਚਾਰਾਂ ਦੀ ਉਡੀਕ ਰਹੇਗੀ।

ਨਾ ਮੈਂ ਹਿੰਦੁਸਤਾਨੀ-ਨਾ ਮੈਂ ਪਾਕਿਸਤਾਨੀ
ਮੈਂ ਹਾਂ ਖਾਲਿਸਤਾਨੀ

**ਪਰਮਜੀਤ ਸਿੰਘ ਸੇਖੋਂ (ਦਾਖਾ) ਪ੍ਰਧਾਨ,**
**ਦਲ ਖਾਲਸਾ ਅਲਾਇੰਸ, ਫੋਨ:510-774-5909**

ਪੰਜਾਬ ਟਾਈਮਜ਼

*ਸਨਿਚਰਵਾਰ, 5 ਨਵੰਬਰ 2011*

# ਵਿਰਾਸਤ ਨਾਲ ਵਧੀਕੀ

ਖਾਲਸਾ ਵਿਰਾਸਤ ਕੰਪਲੈਕਸ ਦੇ ਮਾਮਲੇ 'ਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਕਾਂਗਰਸ ਦੇ ਆਗੂਆਂ ਵਿਚਕਾਰ ਬਿਆਨਬਾਜ਼ੀ ਲਗਾਤਾਰ ਚੱਲ ਰਹੀ ਹੈ। ਮਸਲਾ ਇਸ ਵਾਰ ਇਸ ਕੰਪਲੈਕਸ ਦੇ ਉਦਘਾਟਨ ਦਾ ਬਣਿਆ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ ਅਤੇ ਦੋਵੇਂ ਧਿਰਾਂ ਆਪੋ-ਆਪਣੇ ਸਿਆਸੀ ਮੁਫਾਦ ਨੂੰ ਅੱਗੇ ਰੱਖ ਕੇ ਚੱਲ ਰਹੀਆਂ ਹਨ। ਅਕਾਲੀ ਦਲ ਇਸ ਮਾਮਲੇ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਯਤਨਸ਼ੀਲ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੁੱਪ-ਚੁਪੀਤੇ ਇਸ ਕੰਪਲੈਕਸ ਦੇ ਉਦਘਾਟਨ ਲਈ ਸੱਦਾ 'ਸਿੱਖ' ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦੇ ਆਏ। ਪੰਜਾਬ ਕਾਂਗਰਸ ਇਹ ਕਦੀ ਵੀ ਨਹੀਂ ਚਾਹੇਗੀ ਕਿ ਚੋਣਾਂ ਦੇ ਮਾਹੌਲ ਵਿਚ ਪ੍ਰਧਾਨ ਮੰਤਰੀ ਇਉਂ ਅਕਾਲੀ ਦਲ ਦੇ ਸਮਾਗਮ ਵਿਚ ਆਉਣ। ਇਉਂ ਇਸ ਮਾਮਲੇ ਵਿਚ ਤੀਜੀ ਧਿਰ ਵੀ ਬਣ ਗਈ ਤੇ ਉਹ ਧਿਰ ਹੈ ਖੁਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ। ਉਨ੍ਹਾਂ ਮੁੱਖ ਮੰਤਰੀ ਵੱਲੋਂ ਦਿੱਤਾ ਸੱਦਾ ਚਾਈਂ ਚਾਈਂ ਸਵੀਕਾਰ ਕਰ ਲਿਆ ਪਰ ਜਦੋਂ ਇਸ ਮਾਮਲੇ 'ਤੇ ਦੋਹਾਂ ਧਿਰਾਂ ਵਿਚਕਾਰ ਬਿਆਨਬਾਜ਼ੀ ਤਿੱਖੀ ਹੋਈ ਅਤੇ ਪੰਜਾਬ ਦੇ ਕਾਂਗਰਸੀ ਆਗੂ ਇਕੱਠੇ ਹੋ ਕੇ ਕੇਂਦਰੀ ਲੀਡਰਸ਼ਿਪ ਨੂੰ ਜਾ ਮਿਲੇ ਤਾਂ ਡਾ. ਮਨਮੋਹਨ ਸਿੰਘ ਪਹਿਲਾਂ ਵਾਂਗ ਹੀ ਖਾਮੋਸ਼ ਹੋ ਗਏ। ਦਰਅਸਲ, ਸਿਆਸਤ ਦਾ ਪਿੜ ਉਨ੍ਹਾਂ ਨੂੰ ਇਕ ਵੀ ਦਿਨ ਰਾਸ ਨਹੀਂ ਆਇਆ ਹੈ। ਸਿਆਸੀ ਸ਼ਤਰੰਜ ਵਿਚ ਹੁਣ ਤੱਕ ਜਿੰਨੀ ਹੇਠੀ ਉਨ੍ਹਾਂ ਆਪਣੀ ਕਰਵਾਈ ਹੈ, ਸ਼ਾਇਦ ਹੀ ਕਿਸੇ ਹੋਰ ਆਗੂ ਜਾਂ ਸ਼ਖ਼ਸ ਨੇ ਕਰਵਾਈ ਹੋਵੇ। ਪਹਿਲਾਂ ਤਾਂ ਕਾਂਗਰਸ ਨੇ ਉਨ੍ਹਾਂ ਦਾ ਕਦੇ ਸਿੱਖ ਅਤੇ ਕਦੇ ਅਰਥਸ਼ਾਸਤਰੀ ਵਜੋਂ ਨਾਂ ਚਲਾ ਕੇ ਲਾਹਾ ਲਿਆ। ਸਿਤਮ ਦੀ ਗੱਲ ਇਹ ਰਹੀ ਕਿ ਉਹ ਅਚੇਤ ਜਾਂ ਸੁਚੇਤ ਕਾਂਗਰਸ ਦੀਆਂ ਇਨ੍ਹਾਂ ਚਾਲਾਂ-ਕੁਚਾਲਾਂ ਦਾ ਲਗਾਤਾਰ ਹਿੱਸਾ ਬਣਦੇ ਰਹੇ। ਕਈ ਮਾਮਲਿਆਂ ਵਿਚ ਪੱਤਰਕਾਰਾਂ ਵੱਲੋਂ ਵੀ ਕਈ ਤਿੱਖੀਆਂ ਚੋਭਾਂ ਲਾਉਣ ਦੇ ਬਾਵਜੂਦ ਉਹ ਟੱਸ ਤੋਂ ਮੱਸ ਨਹੀਂ ਹੋਏ। ਪਹਿਲਾਂ ਭ੍ਰਿਸ਼ਟਾਚਾਰ ਅਤੇ ਹੋਰ ਮਾਮਲਿਆਂ ਵਿਚ ਵੀ ਉਨ੍ਹਾਂ ਇਹੀ ਪਹੁੰਚ ਅਪਨਾ ਲਈ ਸੀ, ਉਹ ਕਿਸੇ ਵੀ ਸਵਾਲ ਦਾ ਜਵਾਬ ਦੇਣ ਦੀ ਥਾਂ ਉੱਕਾ ਹੀ ਖਾਮੋਸ਼ ਹੋ ਗਏ ਅਤੇ ਫਿਰ ਜਦੋਂ ਬੋਲੇ ਤਾਂ ਬਹੁਤ ਦੇਰ ਹੋ ਚੁੱਕੀ ਸੀ ਪਰ ਹੁਣ ਵਾਲਾ ਮਸਲਾ ਤਾਂ ਐਨ ਵੱਖਰਾ ਹੈ। ਉਂਜ ਇਸ ਨਾਲ ਇਕ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ 'ਕਠਪੁਤਲੀਆਂ' ਨਾਲ ਮੁੱਢ ਤੋਂ ਹੀ ਅਜਿਹਾ ਹੀ ਹੁੰਦਾ ਆਇਆ ਹੈ। ਪ੍ਰਧਾਨ ਮੰਤਰੀ ਇਸ ਦੀ ਵੱਖਰੀ ਅਤੇ ਵਿਕੋਲਿਤਰੀ ਮਿਸਾਲ ਨਹੀਂ ਬਣੇ ਹਨ!

ਫਿਰ ਵੀ ਜੇ ਰਤਾ ਕੁ ਗਹਿਰਾਈ ਨਾਲ ਵਾਚਿਆ ਜਾਵੇ ਤਾਂ ਇਹ ਮਸਲਾ ਇਕੱਲੇ ਉਦਘਾਟਨ ਜਾਂ ਦੋ ਧਿਰਾਂ ਦੀ ਸਿਆਸੀ ਖਿੱਚੋਤਾਣ ਨਾਲ ਨਹੀਂ ਜੁੜਿਆ ਹੋਇਆ। ਵੱਖ ਵੱਖ ਸਿਆਸੀ ਧਿਰਾਂ ਲਈ ਇਹ ਉਦਘਾਟਨ ਤਾਂ ਮੌਕੇ 'ਤੇ ਸਿਆਸੀ ਲਾਹਾ ਲੈਣ ਦਾ ਕੋਈ ਜ਼ਰੀਆ ਹੋ ਸਕਦਾ ਹੈ ਪਰ ਅੱਜ ਅਸਲ ਮਸਲਾ ਤਾਂ ਵਿਰਾਸਤ ਦੀ ਸਾਂਭ-ਸੰਭਾਲ ਦਾ ਹੈ ਜਿਸ ਤੋਂ ਹਰ ਧਿਰ ਬੇਮੁੱਖ ਹੋਈ ਬੈਠੀ ਹੈ। ਇਨ੍ਹਾਂ ਦੀ ਹਰ ਸਰਗਰਮੀ ਤੋਂ ਬੇਰੁਖੀ ਦੀ ਝਲਕ ਦੇਖੀ ਜਾ ਸਕਦੀ ਹੈ। ਜਿਸ ਖਾਲਸਾ ਵਿਰਾਸਤ ਕੰਪਲੈਕਸ ਦੇ ਉਦਘਾਟਨ ਦਾ ਹੁਣ ਇੰਨਾ ਰੌਲਾ ਪਿਆ ਹੋਇਆ ਹੈ, ਉਸ ਬਾਰੇ ਵੀ ਮੁੱਖ ਰੂਪ ਵਿਚ ਇਹੀ ਗੱਲ ਕਰਨੀ ਬਣਦੀ ਹੈ ਤੇ ਵਾਰ ਵਾਰ ਕਰਨੀ ਬਣਦੀ ਹੈ ਤਾਂ ਕਿ ਇਹ ਸਿਆਸੀ ਧਿਰਾਂ ਅਤੇ ਆਗੂ ਅਗਾਂਹ ਤੋਂ ਵਿਰਾਸਤ ਨਾਲ ਇਉਂ ਖਿਲਵਾੜ ਨਾ ਕਰਨ! ਖਾਲਸਾ ਵਿਰਾਸਤ ਕੰਪਲੈਕਸ ਵਿਚ ਸਿੱਖ ਇਤਿਹਾਸ ਨੂੰ ਸਾਂਭਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਇਸ ਕੰਪਲੈਕਸ ਦੇ ਆਸੇ-ਪਾਸੇ ਵਾਲੀ ਥਾਂ ਉਹ ਥਾਂ ਹੈ ਜਿੱਥੇ ਦਸਮ ਪਾਤਸ਼ਾਹ ਨੇ ਖਾਲਸਾ ਸਾਜਿਆ, ਸੰਗਤ ਨੂੰ ਅਨਿਆਂ ਖਿਲਾਫ ਡਟਣ ਦਾ ਸੱਦਾ ਦਿੱਤਾ ਅਤੇ ਬਾਅਦ ਵਿਚ ਦੁਸ਼ਮਣਾਂ ਨਾਲ ਲੋਹਾ ਲਿਆ। ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਦੀਆਂ ਸਭ ਨਿਸ਼ਾਨੀਆਂ ਸਾਂਭੀਆਂ ਜਾਂਦੀਆਂ, ਜਿੱਥੇ ਜਿੱਥੇ ਉਹ ਅਤੇ ਉਨ੍ਹਾਂ ਦੇ ਸਿੱਖ ਵਿਚਰਦੇ ਰਹੇ, ਉਨ੍ਹਾਂ ਥਾਵਾਂ ਨੂੰ ਜਿਸ ਹਾਲਤ ਵਿਚ ਵੀ ਹੁਣ ਇਹ ਹਨ, ਸੰਭਾਲ ਲਿਆ ਜਾਂਦਾ ਪਰ ਨਿਸ਼ਾਨੀਆਂ ਜਿਉਂ ਦੀਆਂ ਤਿਉਂ ਸਾਂਭਣ ਦੀ ਬਜਾਏ ਉਨ੍ਹਾਂ ਦੀ ਥਾਂ ਕੰਕਰੀਟ ਦਾ ਜੰਗਲ ਉਸਾਰ ਦਿੱਤਾ ਗਿਆ। ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਅਜਿਹੇ ਮਾਮਲਿਆਂ ਬਾਰੇ ਸਿਆਸੀ ਆਗੂਆਂ ਦੀ ਪਹੁੰਚ ਸਦਾ ਅਜਿਹੀ ਹੀ ਰਹੀ ਹੈ। ਵਿਰਾਸਤ ਸਾਂਭਣ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਦੀ ਢਿੱਲ-ਮੱਠ ਦਾ ਇਨ੍ਹਾਂ ਆਗੂਆਂ ਨੇ ਰੱਜ ਕੇ ਫਾਇਦਾ ਉਠਾਇਆ ਹੈ। ਅਜਿਹਾ ਇਸ ਕਰਕੇ ਵੀ ਹੋਇਆ ਹੈ ਕਿਉਂਕਿ ਹਰ ਮਸਲੇ ਨੂੰ ਸਿਆਸਤ ਦੀ ਐਨਕ ਵਿਚੋਂ ਦੇਖਿਆ ਜਾਂਦਾ ਹੈ ਅਤੇ ਉਸ ਮੁਤਾਬਕ ਕੰਮ ਵਿੱਢੇ ਜਾਂਦੇ ਹਨ। ਖਾਲਸਾ ਵਿਰਾਸਤ ਕੰਪਲੈਕਸ ਇਸ ਦੀ ਉੱਘੜਵੀਂ ਮਿਸਾਲ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਵੇਲੇ ਇਸ ਕੰਪਲੈਕਸ ਦਾ ਉਦਘਾਟਨ ਕੀਤਾ ਜਾ ਚੁੱਕਾ ਹੈ। ਉਸ ਵੇਲੇ ਕੰਪਲੈਕਸ ਦੇ ਪਹਿਲੇ ਪੜਾਅ ਦਾ ਉਦਘਾਟਨ 14 ਅਪਰੈਲ 2006 ਨੂੰ ਕੀਤਾ ਗਿਆ ਸੀ। ਉਦੋਂ ਉਨ੍ਹਾਂ ਵੀ ਇਹ ਉਦਘਾਟਨ ਉਸੇ ਤਰ੍ਹਾਂ ਕਾਹਲੀ ਵਿਚ ਹੀ ਕੀਤਾ ਸੀ ਜਿਸ ਤਰ੍ਹਾਂ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰਵਾ ਰਹੇ ਹਨ। ਫਿਰ ਫਰਕ ਕਿੱਥੇ ਹੈ? ਜ਼ਾਹਿਰ ਹੈ ਕਿ ਦੋਹਾਂ ਧਿਰਾਂ ਲਈ ਮਸਲਾ ਸਿਰਫ ਸਿਆਸੀ ਲਾਹੇ ਦਾ ਰਿਹਾ ਹੈ; ਸਿੱਖੀ ਜਾਂ ਪੰਜਾਬ ਦਾ ਮਾਮਲਾ ਇਨ੍ਹਾਂ ਲਈ ਗੌਣ ਹੈ। ਖਾਲਸੇ ਦਾ ਤਿੰਨ ਸੌ ਸਾਲਾ ਸਥਾਪਨਾ ਦਿਹਾੜਾ ਵੀ ਸਿਆਸਤ ਦੇ ਹਿਸਾਬ ਨਾਲ ਹੀ ਮਨਾਇਆ ਗਿਆ ਸੀ, ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਇਹ ਕੰਪਲੈਕਸ ਤਿਆਰ ਹੋਣ ਵਿਚ ਇੰਨੇ ਸਾਲ ਲੱਗ ਜਾਂਦੇ! ਇਹ ਵੱਡੇ ਸਵਾਲ ਹਨ ਜਿਹੜੇ ਇਨ੍ਹਾਂ ਸਿਆਸਤਦਾਨਾਂ ਨੂੰ ਪੁੱਛਣੇ ਬਣਦੇ ਹਨ, ਜਿਨ੍ਹਾਂ ਨੇ ਪੰਜਾਬ ਅਤੇ ਪੰਥ ਦੀ ਥਾਂ ਆਪਣੀ ਸਿਆਸਤ ਨੂੰ ਮੁੱਖ ਰੱਖਿਆ। ਕੇਂਦਰ ਦੀਆਂ ਸਿਆਸੀ ਕਲਾਬਾਜ਼ੀਆਂ ਤਾਂ ਬਾਅਦ ਵਿਚ ਆਉਂਦੀਆਂ ਹਨ। ਕੇਂਦਰ ਦੇ ਲੀਡਰ ਸਿਰਫ ਇਹ ਦੇਖਦੇ ਹਨ ਕਿ ਕਿਹੜਾ ਲੀਡਰ ਵਧੇਰੇ ਮੁਆਫਕ ਬੈਠਦਾ ਹੈ। ਕੇਂਦਰ ਦੀ ਇਸ ਸਿਆਸਤ ਨੂੰ ਸਮਝਣ ਲਈ ਸ਼ਾਇਦ ਪੰਜਾਬ ਦੇ ਕਿਸੇ ਲੀਡਰ ਕੋਲ ਨਾ ਵਕਤ ਹੈ ਅਤੇ ਨਾ ਹੀ ਸਮਝ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਰ ਲਈ ਤਿਆਰ!*

ਘੋੜਾ ਅਕਲ ਦਾ ਦੌੜਦਾ ਦਿਸੇ ਜੇਕਰ, ਝੱਟਪੱਟ ਲਗਾਮਾਂ ਨੂੰ ਕੱਸਦੇ ਹਾਂ।
ਜੇ ਕੋਈ 'ਨੀਤੀ' ਦਾ ਮਸ਼ਵਰਾ ਦਏ ਸਾਨੂੰ, ਕਹਿ ਕੇ 'ਬੇਵਕੂਫੀ' ਖਿੜਖਿੜ ਹੱਸਦੇ ਹਾਂ।
ਦੁਸ਼ਮਣ ਢਾਹੁਣ ਲਈ ਧੜੇ ਜੇ ਹੋਣ 'ਕੱਠੇ, ਐਸੇ 'ਕੱਠ ਤੋਂ ਦੂਰ ਹੀ ਨੱਸਦੇ ਹਾਂ।
ਪਾਇਆ ਜਾਲ ਵਿਰੋਧੀ ਦਾ ਦਿਸੇ ਭਾਵੇਂ, ਚਾਈਂ ਚਾਈਂ ਜਾ ਓਸ ਵਿਚ ਫੱਸਦੇ ਹਾਂ।
'ਤਾਂਹ ਨੂੰ ਜਾਣ ਦੀ ਲਾਲਸਾ ਨਹੀਂ ਕੋਈ, ਹੌਲੀ ਹੌਲੀ ਜ਼ਮੀਨ ਵਿਚ ਧੱਸਦੇ ਹਾਂ।
ਹਾਲੇ ਮੰਨੀ ਨਹੀਂ ਆਪਾਂ ਨੇ ਹਾਰ ਦੇਖੋ! ਹਰ ਚੋਣ ਵਿਚ ਹਾਰ ਕੇ ਦੱਸਦੇ ਹਾਂ!!

# ਨਾ-ਬਰਾਬਰੀ ਖਿਲਾਫ ਕੌਮਾਂਤਰੀ ਲੋਕ ਰੋਹ

*'ਔਕਿਊਪਾਈ ਵਾਲ ਸਟਰੀਟ' ਮੁਹਿੰਮ ਨੇ ਸੰਸਾਰ ਭਰ ਵਿਚ ਰੋਸ ਅਤੇ ਰੋਹ ਵਿਖਾਵਿਆਂ ਲਈ ਰਾਹ ਖੋਲ੍ਹਿਆ ਹੈ। ਇਨ੍ਹਾਂ ਰੋਸ ਵਿਖਾਵਿਆਂ ਦੀ ਤੀਬਰਤਾ ਦੱਸਦੀ ਹੈ ਕਿ ਪੂੰਜੀ ਦਾ ਸੰਕਟ ਕਿਸ ਕਦਰ ਫੈਲ ਚੁੱਕਾ ਹੈ ਅਤੇ ਹੁਣ ਇਹ ਬੇਕਾਬੂ ਹੋਇਆ ਵੱਖ ਵੱਖ ਥਾਈਂ ਅਜਿਹੇ ਤਿੱਖੇ ਵਿਖਾਵਿਆਂ ਦੇ ਰੂਪ ਵਿਚ ਪ੍ਰਗਟ ਰਿਹਾ ਹੈ। ਨਰਦੇਵ ਸਿੰਘ ਨੇ ਇਸ ਲੇਖ ਵਿਚ ਪੂੰਜੀ ਦੇ ਇਸ ਸੰਕਟ ਦੇ ਵੱਖ ਵੱਖ ਨੁਕਤਿਆਂ ਬਾਰੇ ਪੁਣ-ਛਾਣ ਕੀਤੀ ਹੈ ਅਤੇ ਇਸ ਨੂੰ ਇਕ ਖਾਸ ਪ੍ਰਸੰਗ ਵਿਚ ਬੰਨ੍ਹ ਕੇ ਦੇਖਣ-ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।-ਸੰਪਾਦਕ*

"ਅਸੀਂ 99 ਫੀਸਦ ਹਾਂ ਤੇ ਉਹ ਸਿਰਫ 1 ਫੀਸਦ ਹਨ। ਅਸੀਂ ਹੁਣ ਰੁਕਣ ਵਾਲੇ ਨਹੀਂ ਹਾਂ। ਹੁਣ ਨਵਾਂ ਸੰਸਾਰ ਸੰਭਵ ਹੈ।" ਅਜਿਹੇ ਨਾਅਰੇ ਅੱਜ ਅਮਰੀਕਾ ਅੰਦਰ 'ਵਾਲ ਸਟਰੀਟ ਤੇ ਕਬਜ਼ਾ ਕਰੋ' ਦੀ ਮੁਹਿੰਮ ਤੋਂ ਸ਼ੁਰੂ ਹੋ ਕੇ ਪੂਰੀ ਦੁਨੀਆ ਅੰਦਰ ਲੋਕਾਂ ਦੇ ਪ੍ਰਤੀਰੋਧ ਦਾ ਪ੍ਰਤੀਕ ਬਣ ਚੁੱਕੇ ਹਨ। ਪੂੰਜੀਵਾਦੀ ਪ੍ਰਬੰਧ ਖਿਲਾਫ਼ ਦੁਨੀਆ ਪੱਧਰ 'ਤੇ ਅੰਦਰੋਂ ਅੰਦਰੀ ਧੁਖ ਰਹੇ ਲੋਕਾਂ ਦੀ ਆਵਾਜ਼, ਅਮਰੀਕੀ ਲੋਕਾਂ ਦੀ ਅਵਾਜ਼ 'ਚ ਮਿਲਣੀ ਸ਼ੁਰੂ ਹੋ ਗਈ ਹੈ। ਹਰ ਥਾਂ ਲੋਕ ਅਮੀਰੀ ਤੇ ਗਰੀਬੀ ਦੇ ਵਧਦੇ ਪਾੜੇ, ਰੁਜ਼ਗਾਰ, ਸਿਹਤ ਤੇ ਸਿੱਖਿਆ ਉਤੇ ਕਟੌਤੀਆਂ, ਘਟਦੀਆਂ ਉਜਰਤਾਂ ਆਦਿ ਲਈ



**ਨਰਦੇਵ ਸਿੰਘ**

ਵੱਡੀਆਂ ਪੂੰਜਪਤੀ ਕਾਰਪੋਰੇਸ਼ਨਾਂ ਤੇ ਬੈਂਕਾਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾ ਰਹੇ ਹਨ। ਉਹ ਸਪੱਸ਼ਟ ਸ਼ਬਦਾਂ ਵਿਚ ਬਰਾਬਰੀ ਦੀ ਮੰਗ ਕਰ ਰਹੇ ਹਨ। ਨਿਊਯਾਰਕ ਤੋਂ ਸ਼ੁਰੂ ਹੋ ਕੇ ਇਹ ਮੁਹਿੰਮ ਪਹਿਲਾਂ ਅਮਰੀਕਾਂ ਦੇ ਸੈਕੜੇ ਸ਼ਹਿਰਾਂ ਤੱਕ ਫੈਲ ਗਈ, ਫਿਰ 15 ਅਕਤੂਬਰ ਨੂੰ ਦੁਨੀਆ ਪੱਧਰ 'ਤੇ ਇਸ ਮੁਹਿੰਮ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਯੂਰਪ, ਉੱਤਰੀ ਅਮਰੀਕਾ, ਲਾਤੀਨੀ ਅਮਰੀਕਾ, ਏਸ਼ੀਆ ਤੇ ਅਫ਼ਰੀਕਾ ਦੇ 82 ਦੇਸ਼ਾਂ ਦੇ 951 ਸ਼ਹਿਰਾਂ ਅੰਦਰ ਲੋਕਾਂ ਨੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ। ਰੋਮ ਅੰਦਰ ਦਹਿ-ਹਜ਼ਾਰਾਂ ਲੋਕ ਸੜਕਾਂ 'ਤੇ ਆਏ। ਲੰਡਨ, ਸਿਡਨੀ, ਜਨੇਵਾ, ਜੋਹਨਸਬਰਗ, ਬਰੱਸਲਜ਼, ਟੋਕੀਓ, ਨਿਊਜ਼ੀਲੈਂਡ ਦੇ ਆਕਲੈਂਡ ਆਦਿ ਥਾਵਾਂ ਉਤੇ ਲੋਕਾਂ ਨੇ ਵਿੱਤੀ ਸੰਸਥਾਵਾਂ ਖਿਲਾਫ ਖੁੱਲ੍ਹੇਆਮ ਪ੍ਰਦਰਸ਼ਨ ਕੀਤੇ। ਅਮਰੀਕਾ ਤੋਂ ਸ਼ੁਰੂ ਹੋ ਕੇ ਇਹ ਪ੍ਰਦਰਸ਼ਨ ਯੂਰਪ ਤੋਂ ਹੁੰਦੇ ਹੋਏ, ਏਸ਼ੀਆ ਤੇ ਅਸਟਰੇਲੀਆ ਤੱਕ ਫੈਲ ਗਏ।

ਕੌਮਾਂਤਰੀ ਪੱਧਰ 'ਤੇ ਇਕ-ਜੁੱਟ ਰੂਪ ਵਿਚ ਇਕੋ ਸਮੇਂ ਸਾਹਮਣੇ ਆਇਆ ਲੋਕਾਂ ਦਾ ਇਹ ਪ੍ਰਤੀਰੋਧ ਕੁੱਝ ਪੱਖਾਂ ਤੋਂ ਖਾਸ ਮਾਅਨੇ ਰੱਖਦਾ ਹੈ। ਪਹਿਲਾ-ਇਸ ਪ੍ਰਤੀਰੋਧ ਦਾ ਕੇਂਦਰ ਪੂੰਜੀਵਾਦ ਦੇ ਗੜ੍ਹ ਅਮਰੀਕਾ ਅਤੇ ਯੂਰਪ ਹਨ; ਭਾਵ ਪੂੰਜੀਵਾਦ ਨੂੰ ਆਪਣੇ ਮਜ਼ਬੂਤ ਕਿਲਿਆਂ ਦੇ ਅੰਦਰੋਂ ਹੀ ਤਿੱਖੀ ਵੰਗਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜਾ-ਲੋਕਾਂ ਦਾ ਇਹ ਪ੍ਰਤੀਰੋਧ ਆਪ-ਮੁਹਾਰਾ ਹੈ ਜਿਸ ਦੀ ਅਗਵਾਈ ਪੂੰਜੀਵਾਦ ਦੀਆਂ ਰਵਾਇਤੀ ਵਿਰੋਧੀ ਮਾਰਕਸਵਾਦੀ ਸ਼ਕਤੀਆਂ ਦੇ ਹੱਥ ਨਹੀਂ ਹੈ। ਫਿਰ ਵੀ ਲੋਕਾਂ ਵੱਲੋਂ ਪੂੰਜੀ ਦੇ ਥੰਮ੍ਹ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਤੇ ਬੈਂਕਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਅਮੀਰੀ-ਗਰੀਬੀ ਦੇ ਪਾੜੇ ਵਿਰੁੱਧ ਬਰਾਬਰੀ ਦੀ ਮੰਗ ਕਰਨਾ, ਆਪਣੇ ਆਪ ਹੀ ਪੂੰਜੀ ਵਿਰੁੱਧ ਵਧ ਰਹੇ ਲੋਕ ਰੋਹ ਦਾ ਪ੍ਰਤੀਕ ਹੈ। ਤੀਜਾ-ਧਰਮ, ਨਸਲ, ਫਿਰਕੇ ਜਾਂ ਕੌਮ ਦੇ ਮਸਲਿਆਂ ਤੋਂ ਉੱਪਰ ਉੱਠ ਕੇ ਕੌਮਾਂਤਰੀ ਪੱਧਰ ਤੇ ਸਿੱਧੇ ਰੂਪ 'ਚ ਪੂੰਜੀਵਾਦੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਇਸ ਲੋਕ ਰੋਹ ਦੇ ਵਿਸ਼ਾਲ ਦਾਇਰੇ ਤੇ ਉੱਚੀ ਚੇਤਨਾ ਨੂੰ ਸਪੱਸ਼ਟ ਦਿਖਾਉਂਦਾ ਹੈ। ਚੌਥਾ-ਇਹ ਪ੍ਰਤੀਰੋਧ ਕੋਈ ਸਥਾਨਕ ਜਾਂ ਵਕਤੀ ਵਰਤਾਰਾ ਨਹੀਂ ਹੈ ਸਗੋਂ ਇਸ ਦੀ ਲਗਾਤਾਰਤਾ ਨੂੰ ਅਰਬ ਜਗਤ ਦੀਆਂ ਬਗਾਵਤਾਂ, ਬਰਤਾਨੀਆਂ ਅੰਦਰ ਥੁੜਾਂ ਮਾਰੇ ਲੋਕਾਂ ਵੱਲੋਂ ਵਿਆਪਕ ਦੰਗਿਆਂ, ਇਸਰਾਈਲ ਅੰਦਰ 4 ਲੱਖ ਤੋਂ ਵੱਧ ਲੋਕਾਂ ਵੱਲੋਂ ਸਮਾਜਿਕ ਨਾ ਬਰਾਬਰੀ ਵਿਰੁੱਧ ਇਤਿਹਾਸਕ ਪ੍ਰਦਰਸ਼ਨ, ਯੂਰਪ ਅੰਦਰ ਗਰੀਸ ਅਤੇ ਸਪੇਨੀ ਲੋਕਾਂ ਦੇ ਰੋਹ ਭਰਭੂਰ ਪ੍ਰਦਰਸ਼ਨਾਂ, ਅਮਰੀਕਾ ਦੇ ਵਿਸਕੋਸਿਨ ਮਜ਼ਦੂਰਾਂ ਦੇ ਸੰਘਰਸ਼, ਇੰਗਲੈਂਡ ਵਿਚ ਫੀਸਾਂ ਵਿਚ ਵਾਧੇ ਤੇ ਫਰਾਂਸ ਵਿਚ ਪੈਨਸ਼ਨ ਵਿਚ ਕਟੌਤੀ ਵਿਰੁੱਧ ਵਿਸ਼ਾਲ ਪ੍ਰਦਰਸ਼ਨਾਂ ਵਿਚੋਂ ਸਪਸ਼ਟ ਵੇਖਿਆ ਜਾ ਸਕਦਾ ਹੈ। ਪੰਜਵਾਂ-ਇਹ ਪ੍ਰਤੀਰੋਧ ਸਿੱਧੇ ਤੌਰ 'ਤੇ 2008 ਤੋਂ ਪੈਦਾ ਹੋਏ ਪੂੰਜੀਵਾਦੀ ਸੰਕਟ ਤੇ ਉਹਦੇ ਹੱਲ ਲਈ ਅਪਣਾਈਆਂ ਨੀਤੀਆਂ ਦੀ ਉਪਜ ਹੈ। ਹੁਣ ਜਦੋਂ ਇਸ ਸੰਕਟ ਦੇ ਹੱਲ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਤਾਂ ਇਸ ਪ੍ਰਤੀਰੋਧ ਨੂੰ ਰੋਕ ਸਕਣਾ ਵੀ ਪੂੰਜੀਵਾਦੀ ਸਿਆਸੀ-ਆਰਥਿਕ ਮਾਹਿਰਾਂ ਲਈ ਕਾਫੀ ਮੁਸ਼ਕਿਲ ਹੈ। ਨਿਸ਼ਚਤ ਹੀ ਇਸ ਲੋਕ ਰੋਹ ਨੇ ਉਨ੍ਹਾਂ ਮਾਹਿਰਾਂ ਨੂੰ ਲਾਜਵਾਬ ਕਰ ਦਿੱਤਾ ਹੈ ਜੋ ਅਜੇ ਦੋ ਸਾਲ ਪਹਿਲਾਂ ਹੀ 2008 ਦੇ ਸੰਕਟ ਵਿਚੋਂ ਉਭਰ ਆਉਣ ਦੇ ਦਮਗਜੇ ਮਾਰ ਰਹੇ ਸਨ। ਇਹ ਉਨ੍ਹਾਂ ਬੁਧੀਜੀਵੀਆਂ ਲਈ ਵੀ ਕਰਾਰਾ ਜਵਾਬ ਹੈ ਜੋ ਰੂਸ ਦੇ ਢਹਿ-ਢੇਰੀ ਹੋਣ ਮਗਰੋਂ ਮਾਰਕਸਵਾਦ ਦੇ ਖਾਤਮੇ ਤੇ ਪੂੰਜੀਵਾਦ ਦੇ ਸਦੀਵੀ ਰਹਿਣ ਦੇ ਹੰਕਾਰ ਭਰੇ ਐਲਾਨ ਕਰ ਰਹੇ ਸਨ।

ਇਹ ਪ੍ਰਤੀਰੋਧ ਸਿੱਧੇ ਤੌਰ 'ਤੇ 2008 ਦੇ ਕੌਮਾਂਤਰੀ ਆਰਥਿਕ ਮੰਦੀ ਨਾਲ ਜੁੜਿਆ ਹੋਇਆ ਹੈ। ਇਸ ਸੰਕਟ ਸਮੇਂ ਜਦੋਂ ਅਮਰੀਕਾ ਦੇ ਵੱਡੇ ਬੈਂਕ ਤੇ ਵਿੱਤੀ ਸੰਸਥਾਵਾਂ ਦਿਵਾਲੀਆ ਹੋ ਗਏ ਤਾਂ ਦੁਨੀਆ ਦੀ ਆਰਥਿਕਤਾ ਵਿਚ ਭੁਚਾਲ ਜਿਹਾ ਆ ਗਿਆ। ਲੋਕਾਂ ਦਾ ਕੋਈ ਫਿਕਰ ਕੀਤੇ ਤੋਂ ਬਿਨਾ ਇਨ੍ਹਾਂ ਪੂੰਜੀਵਾਦੀ ਸੰਸਥਾਵਾਂ ਨੂੰ ਬਚਾਉਣ ਲਈ ਸਰਕਾਰਾਂ ਹਰਕਤ ਵਿਚ ਆ ਗਈਆਂ। ਦਿਵਾਲੀਆ ਹੋਏ ਬੈਂਕਾਂ ਤੇ ਕੰਪਨੀਆਂ ਨੂੰ ਖਰਬਾਂ ਡਾਲਰਾਂ ਦੇ 'ਬੇਲ ਆਊਟ' ਪੈਕੇਜ ਦਿੱਤੇ ਗਏ। ਇਸ ਮੰਦੀ ਦੇ ਪ੍ਰਭਾਵ ਤੋਂ ਬਚਣ ਲਈ ਸਾਡੇ ਵਰਗੇ ਮੁਲਕਾਂ ਨੇ ਵੀ ਵੱਡੇ ਪੂੰਜੀਪਤੀਆਂ ਲਈ ਲੱਖਾਂ ਕਰੋੜ ਰੁਪਏ ਦੇ 'ਉਤਸ਼ਾਹ ਵਧਾਓ' (ਸਟਿਮੂਲਸ ਪੈਕੇਜ) ਪੈਕਜ ਦਿੱਤੇ। ਅੰਦਾਜ਼ੇ ਅਨੁਸਾਰ ਤੇਜ਼ੀ ਨਾਲ ਦਿੱਤੇ ਅਜਿਹੇ ਪੈਕੇਜਾਂ ਕਾਰਣ ਰਾਜਕੀ ਕਰਜ਼ਿਆਂ ਵਿਚ 30 ਫੀਸਦ ਤੱਕ ਵਾਧਾ ਹੋ ਗਿਆ। ਸਿੱਟੇ ਵਜੋਂ ਯੂਰਪ ਦੇ ਕਈ ਮੁਲਕਾਂ ਦੇ ਦਿਵਾਲੀਏ ਹੋਣ ਜਾਂ ਅਮਰੀਕਾਂ ਵਰਗੇ ਘਾਗ ਮੁਲਕ ਦੀ ਰੇਟਿੰਗ ਘਟਣ ਦੀ ਨੌਬਤ ਆ ਗਈ। ਇਨ੍ਹਾਂ ਬੇਲ ਆਊਟਾਂ ਦੇ ਸਿੱਟੇ ਵਜੋਂ ਦਿਵਾਲੀਆ ਹੋਏ ਵੱਡੇ ਬੈਂਕ ਤੇ ਕਾਰਪੋਰੇਸ਼ਨਾਂ ਤਾਂ ਭਾਵੇਂ ਤਿੰਨਾਂ ਸਾਲਾਂ 'ਚ ਦੁਬਾਰਾ ਪਹਿਲਾਂ ਦੀ ਤਰ੍ਹਾਂ ਮਾਲਾ-ਮਾਲ ਹੋ ਗਏ, ਲੇਕਿਨ ਲੋਕਾਂ ਨੂੰ ਇਸਦੀ ਵੱਡੀ ਕੀਮਤ ਚੁਕਾਉਣੀ ਪਈ।

ਇਕ ਪਾਸੇ ਇਨ੍ਹਾਂ ਖਰਬਾਂ ਡਾਲਰਾਂ ਦੇ ਬੇਲ ਆਊਟਾਂ ਦੀ ਪੂਰਤੀ ਕਾਰਣ ਪੈਦਾ ਹੋਏ ਵੱਡੇ ਵਿੱਤੀ ਘਾਟਿਆ ਦੀ ਪੂਰਤੀ ਲਈ ਸਿਹਤ, ਸਿੱਖਿਆ ਤੇ ਪੈਨਸ਼ਨ ਜਿਹੀਆਂ ਸਮਾਜਿਕ ਸਰੁੱਖਿਆ ਸਹੂਲਤਾਂ ਤੇ ਲੋਕ ਭਲਾਈ ਸਕੀਮਾਂ ਤੇ ਵੱਡੇ ਕੱਟ ਲਾਏ ਗਏ; ਦੂਜੇ ਪਾਸੇ ਮੰਦੀ ਦੇ ਸਿੱਟੇ ਵਜੋਂ ਵਧਦੀ ਬੇਰੁਜ਼ਗਾਰੀ ਤੇ ਇਸ ਦੇ ਸਿੱਟੇ ਵਜੋਂ ਘਟਦੀਆਂ ਉਜਰਤਾਂ ਨੇ ਲੋਕਾਂ ਦੇ ਜੀਵਨ ਪੱਧਰ 'ਚ ਵੱਡਾ ਨਿਘਾਰ ਲਿਆਂਦਾ, ਜਦੋਂ ਕਿ ਇਨ੍ਹਾਂ ਨੀਵੀਆਂ ਉਜਰਤਾਂ ਨੂੰ ਸਰਮਾਏਦਾਰ ਕੰਪਨੀਆਂ ਨੇ ਆਪਣੇ ਮੁਨਾਫੇ ਵਧਾਉਣ ਲਈ ਵਰਤਿਆ। ਸਿੱਟੇ ਵਜੋਂ ਅਮੀਰ ਤੇ ਗਰੀਬ 'ਚ ਪਾੜਾ ਨਾ-ਸਹਿਣਯੋਗ ਹੱਦ ਤੀਕ ਵਧਦਾ ਜਾ ਰਿਹਾ ਹੈ। ਅਮਰੀਕਾ, ਯੂਰਪ ਤੋਂ ਲੈ ਕੇ ਚੀਨ ਤੇ ਭਾਰਤ ਤੱਕ ਇਕੋ ਹਾਲਤ ਸਾਹਮਣੇ ਆ ਰਹੀ ਹੈ ਜੋ ਤਾਜ਼ਾ ਲੋਕ ਰੋਹ ਦਾ ਮੂਲ ਕਾਰਣ ਹੈ।

ਮੈਰਿਲ ਲਾਈਂਚ ਤੇ ਕੈਪਗਮੀਨੀ ਵੱਜੋਂ ਜਾਰੀ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ ਉੱਚੀ ਆਮਦਨ ਵਾਲੇ 1.1 ਕਰੋੜ ਲੋਕਾਂ ਦੀ ਆਮਦਨ 2009 ਦੌਰਾਨ 17 ਫੀਸਦ ਤੇ 2010 ਦੌਰਾਨ 9.7 ਫੀਸਦ ਵਧ ਕੇ 42700 ਅਰਬ ਡਾਲਰ ਹੋ ਗਈ ਜੋ ਅਮਰੀਕਾ ਤੇ ਯੂਰਪ ਦੇ ਰਾਜਕੀ ਘਾਟਿਆਂ ਤੋਂ ਵੀ ਵੱਧ ਹੈ। ਖੁਦ ਅਮਰੀਕਾ ਜੋ ਬੇਲ ਆਊਟ ਦੇਣ ਵਾਲਿਆਂ 'ਚੋਂ ਮੋਹਰੀ ਹੈ, ਤੇ ਜੋ ਆਉਣ ਵਾਲੇ ਦਹਾਕੇ 'ਚ ਸਮਾਜਿਕ ਖਰਚਿਆਂ ਉਤੇ 4000 ਅਰਬ ਡਾਲਰ ਦੀ ਕਟੌਤੀ ਕਰਨ ਜਾ ਰਿਹਾ ਹੈ, ਜਿੱਥੇ ਬੇਰੁਜ਼ਗਾਰੀ ਦੀ ਦਰ 10 ਫੀਸਦ ਤੱਕ ਪਹੁੰਚ ਚੁੱਕੀ ਹੈ, ਜਿਸਦੇ ਆਮ ਔਸਤਨ ਘਰ ਦੀ ਆਮਦਨ 'ਚ ਪਿਛਲੇ ਸਾਲ ਦੇ ਮੁਕਾਬਲੇ 2.3 ਫੀਸਦ (ਭਾਵ 1154 ਡਾਲਰ) ਦੀ ਕਮੀ ਆਈ ਹੈ ਜੋ ਪਿਛਲੇ ਦਹਾਕੇ ਨਾਲੋਂ 7.1 ਫੀਸਦ ਤੱਕ ਘੱਟ ਹੈ, ਜਿੱਥੇ 30 ਸਾਲ ਤੋਂ ਘੱਟ ਉਮਰ ਵਾਲੇ 37.3 ਫੀਸਦ ਜੋੜੇ ਗਰੀਬੀ 'ਚ ਰਹਿ ਰਹੇ ਹਨ, ਜਿੱਥੇ ਉਨ੍ਹਾਂ ਵਰਕਰਾਂ ਦੀ ਗਿਣਤੀ ਵਧ ਰਹੀ ਹੈ, ਜੋ ਆਮ ਨਾਲੋਂ ਅੱਧੀਆਂ ਉਜਰਤਾਂ (14 ਡਾਲਰ ਪ੍ਰਤੀ ਘੰਟਾ) 'ਤੇ ਕੰਮ ਕਰਨ ਲਈ ਮਜਬੂਰ ਹਨ, ਜਿੱਥੇ ਬੇਰੁਜਗਾਰ ਰਹਿਣ ਦਾ ਔਸਤਨ ਸਮਾਂ 2007 ਵਿਚ 16.6 ਹਫਤਿਆਂ ਤੋਂ ਵਧ ਕੇ ਹੁਣ 40.5 ਹਫਤਿਆਂ ਤੱਕ ਪਹੁੰਚ ਚੁੱਕਿਆ ਹੈ ਜੋ 63 ਸਾਲਾਂ 'ਚ ਸਭ ਤੋਂ ਵੱਧ ਹੈ, ਉਥੇ ਹੀ ਨਿਊਯਾਰਕ ਦੀ ਕੁਲ ਆਮਦਨ ਦਾ ਅੱਧਾ ਹਿੱਸਾ ਸਿਰਫ 1 ਫੀਸਦ ਉਚ ਵਰਗ ਦੇ ਹੱਥਾਂ 'ਚ ਚਲਾ ਜਾਂਦਾ ਹੈ, 2009 ਵਿਚ ਦੇਸ਼ ਦੀ ਕੁਲ ਦੌਲਤ ਦਾ 35.6 ਫੀਸਦ ਹਿੱਸਾ 1 ਫੀਸਦ ਉੱਚ ਵਰਗ ਦੇ ਹੱਥਾਂ ਵਿਚ ਕੇਂਦਰਤ ਸੀ, ਉਪਰਲੇ 5 ਫੀਸਦ ਪਰਿਵਾਰਾਂ ਕੋਲ ਕੁੱਝ ਆਮਦਨ ਦਾ 21.7 ਫੀਸਦ ਹਿੱਸਾ ਸੀ ਜਦੋਂ ਕਿ ਹੇਠਲੇ 20 ਫੀਸਦ ਪਰਿਵਾਰਾਂ ਕੋਲ ਸਿਰਫ 3.4 ਫੀਸਦ ਹੀ ਸੀ।

ਯੂਰਪ ਇਸ ਦੀ ਇਕ ਹੋਰ ਉਦਾਹਰਣ ਹੈ: ਸਪੇਨ, ਪੁਰਤਗਾਲ, ਇਟਲੀ ਅਤੇ ਗਰੀਸ ਵਰਗੇ ਮੁਲਕ ਡੂੰਘੇ ਕਰਜ਼ਾ ਸੰਕਟ ਵਿਚ ਫਸ ਚੁੱਕੇ ਹਨ ਤੇ ਇਨ੍ਹਾਂ ਨੇ ਪੂਰੇ 'ਯੂਰੋ ਜ਼ੋਨ' ਸਮੇਤ ਅਮਰੀਕੀ ਆਰਥਿਕਤਾ ਨੂੰ ਵੀ ਸੰਕਟ ਵਿਚ ਧੱਕ ਦਿੱਤਾ ਹੈ। ਇਸ ਸੰਕਟ ਨੂੰ ਹੱਲ ਕਰਨ ਲਈ ਯੂਰਪੀ ਯੂਨੀਅਨ, ਕੌਮਾਂਤਰੀ ਮੁਦਰਾ ਫੰਡ ਅਤੇ ਯੂਰਪੀ ਕੇਂਦਰੀ ਬੈਂਕ ਦੀ ਤਿਕੜੀ ਵੱਲੋਂ ਅਪਣਾਈਆਂ ਨੀਤੀਆਂ ਨੇ ਲੋਕਾਂ ਦਾ ਦਿਵਾਲਾ ਕੱਢ ਦਿੱਤਾ ਹੈ; ਖਾਸ ਕਰਕੇ ਗਰੀਸ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਹੈ। 2011 ਦੌਰਾਨ ਗਰੀਸ ਦਾ ਕੁਝ ਘਰੇਲੂ ਉਤਪਾਦਨ 5.5 ਫੀਸਦ ਸੁੰਗੜ ਗਿਆ ਹੈ ਤੇ 2012 ਦੌਰਾਨ 2.5 ਫੀਸਦ ਹੋਰ ਸੁੰਗੜਨ ਦਾ ਖਦਸ਼ਾ ਹੈ। ਸਿੱਟੇ ਵੱਜੋਂ ਸਰਕਾਰੀ ਖਰਚੇ 'ਚ ਕਟੌਤੀ, ਲੇ-ਆਫ, ਉਜਰਤਾਂ ਤੇ ਪੈਨਸ਼ਨਾਂ 'ਚ ਕਟੌਤੀ ਤੇ ਨਵੇਂ ਟੈਕਸਾਂ ਨੇ ਲੋਕਾਂ ਦੀ ਖਰੀਦ ਨੂੰ ਸ਼ਕਤੀ ਬੇਹੱਦ ਘਟਾ ਦਿੱਤਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦੀ ਦਰ 2010 ਵਿਚ 11 ਫੀਸਦ ਤੋਂ ਵਧ ਕੇ 16 ਫੀਸਦ ਹੋ ਗਈ ਹੈ ਜਦੋਂ ਕਿ ਗਰੀਸ ਵਰਕਰਾਂ ਦੀ ਆਮ ਸਭਾ ਅਨੁਸਾਰ ਇਹ ਦਰ 26 ਫੀਸਦ ਹੈ। ਸਿੱਟੇ ਵਜੋਂ ਨਿਆਂ ਮੰਤਰਾਲੇ ਅਨੁਸਾਰ ਇਸ ਸਾਲ ਦਿਵਾਲੀਏ ਕੇਸਾਂ ਵਿਚ 60 ਫੀਸਦ ਵਾਧਾ ਹੋਇਆ ਹੈ ਜਦੋਂ ਕਿ 2007 ਦੇ ਮੁਕਾਬਲੇ ਇਹ ਵਾਧਾ 206 ਫੀਸਦ ਹੈ। ਗਰੀਸ ਨੂੰ ਬਚਾਉਣ ਲਈ ਜਾਰੀ ਕੀਤੇ ਤਾਜ਼ਾ 'ਬੇਲ ਆਊਟ' ਦੇ ਇਵਜ਼ ਵਜੋਂ ਲਾਗੂ ਕੀਤੀਆਂ ਜਾਣ ਵਾਲੀਆਂ ਨਵੀਆਂ 'ਸੰਜਮੀ ਨੀਤੀਆਂ' ਵਿਚ 30000 ਪਬਲਿਕ ਸੈਕਟਰ ਦੀਆਂ ਨੌਕਰੀਆਂ ਖਤਮ ਕਰਨਾ, ਪ੍ਰਾਈਵੇਟ ਸੈਕਟਰ ਨਾਲ ਉਜਰਤਾਂ ਸਬੰਧੀ ਕੀਤਾ ਸਮਝੌਤਾ ਰੱਦ ਕਰਕੇ ਉਜਰਤਾਂ ਨੂੰ ਹੋਰ ਘਟਾਉਣਾ, ਗਰੀਸ ਦੀ ਰਾਜਕੀ ਜਾਇਦਾਦ ਨੂੰ ਕੌਡੀਆਂ ਦੇ ਭਾਅ ਕੌਮਾਂਤਰੀ ਕਾਰਪੋਰੇਸ਼ਨਾਂ ਦੇ ਹਵਾਲੇ ਕਰਨਾ, ਪੈਨਸ਼ਨਾਂ 'ਚ ਕਟੌਤੀ ਕਰਨਾ ਤੇ ਟੈਕਸਾਂ 'ਚ ਹੋਰ ਵਾਧਾ ਕਰਨਾ ਸ਼ਾਮਲ ਹੈ। ਲੋਕਾਂ ਤੇ ਲੱਦਿਆ ਜਾ ਰਿਹਾ ਇਹ ਅਸਹਿ ਬੋਝ ਹੀ, ਲੱਖਾਂ ਦੀ ਗਿਣਤੀ 'ਚ ਲੋਕਾਂ ਨੂੰ ਸੜਕਾਂ ਤੇ ਲਿਆ ਰਿਹਾ ਹੈ।

ਚੀਨ ਤੇ ਭਾਰਤ ਜਿਨ੍ਹਾਂ ਨੂੰ 2008 ਦੇ ਸੰਕਟ ਤੋਂ ਬਾਅਦ ਪੂੰਜੀਵਾਦ ਦੇ ਭਵਿੱਖ ਵਜੋਂ ਪੇਸ਼ ਕੀਤਾ ਗਿਆ, ਉਭਰਦੀਆਂ ਆਰਥਿਕਤਾਵਾਂ ਕਿਹਾ ਗਿਆ, ਉੱਥੇ ਵੀ ਹਾਲਤ ਵਿਸਫੋਟਕ ਬਣ ਰਹੀ ਹੈ। ਚੀਨ ਜਿਸਦਾ ਵਿਕਾਸ ਮਾਡਲ ਬੇਹੱਦ ਨੀਵੀਆਂ ਉਜਰਤਾਂ, ਨਿਰਮਾਣ ਖੇਤਰ 'ਚ ਭਾਰੀ ਨਿਵੇਸ਼ ਤੇ ਨਿਰਯਾਤ ਦੇ ਆਧਾਰਤ ਹੈ, ਡੂੰਘੇ ਸੰਕਟ ਵੱਲ ਵੱਧ ਰਿਹਾ ਹੈ। ਚੀਨ ਜਿੱਥੇ ਕੁਝ ਆਰਥਿਕਤਾ ਦਾ 46 ਫੀਸਦ ਹਿੱਸਾ ਸਥਾਈ ਪੂੰਜੀ 'ਚ ਨਿਵੇਸ਼ ਹੈ, ਲੇਕਿਨ ਲਗਾਤਾਰ ਨੀਵੀਆਂ ਉਜਰਤਾਂ ਦੀ ਵਜ੍ਹਾ ਕਰਕੇ ਉਸਦੀ ਆਪਣੀ ਮੰਡੀ ਦਾ ਵਿਕਾਸ ਸੀਮਤ ਹੈ। ਹੁਣ ਜਦੋਂ ਅਮਰੀਕਾ ਤੇ ਯੂਰਪ ਦੀ ਮੰਡੀ ਸੁੰਗੜ ਰਹੀ ਤਾਂ ਲਾਜ਼ਮੀ ਹੀ ਚੀਨ ਲਈ ਵਾਧੂ ਪੈਦਾਵਾਰ ਦਾ ਸੰਕਟ ਪੈਦਾ ਹੋ ਰਿਹਾ ਹੈ। ਇਸਦੀ ਨੌਜਵਾਨ ਪੀੜੀ ਵੱਲੋਂ ਉਜਰਤਾਂ 'ਚ ਵਾਧੇ ਦੀ ਮੰਗ ਤੇ ਅਮਰੀਕਾ ਯੂਰਪ ਅੰਦਰ ਡਿਗ ਰਹੀਆਂ ਉਜਰਤਾਂ ਦੀ ਵਜ੍ਹਾ ਕਰਕੇ ਇਸਦੀ ਮੁਕਾਬਲੇਬਾਜ਼ੀ ਦੀ ਸ਼ਕਤੀ ਘਟ ਰਹੀ ਹੈ ਤੇ ਨਾਲ ਹੀ ਭਾਰਤ ਤੇ ਵੀਅਤਨਾਮ ਜਿਹੇ ਹੋਰ ਵੀ ਨੀਵੀਆਂ ਉਜਰਤਾਂ ਵਾਲੇ ਮੁਲਕਾਂ ਵੱਲ ਨੂੰ ਪੂੰਜੀ ਦਾ ਜਾਣਾ ਸੁਭਾਵਕ ਹੈ। 2008 ਦੇ ਸੰਕਟ ਮਗਰੋਂ ਦਿੱਤੇ ਸਸਤੇ ਕਰਜ਼ਿਆਂ ਦੀ ਵਜ੍ਹਾ ਕਰਕੇ ਪ੍ਰਫੁਲਤ ਹੋਇਆ ਨਿਰਮਾਣ ਉਦਯੋਗ ਸੁੰਗੜਨਾ ਸ਼ੁਰੂ ਹੋ ਗਿਆ ਹੈ, ਵਧਦੀਆਂ ਵਿਆਜ਼ ਦਰਾਂ ਇਸ ਦੇ ਛੋਟੇ ਤੇ

*(ਬਾਕੀ ਸਫਾ 40 'ਤੇ)*

# ਰਜਤ ਗੁਪਤਾ:ਆਪਣੇ ਵਜ਼ਨ ਹੇਠ ਸ਼ਿਕਨ ਹੋਇਆ ਬੁੱਤ


ਸਵਾਲ ਸੰਵਾਦ
ਦਲਜੀਤ ਅਮੀ
ਫੋਨ:+91-97811-21873



ਭਾਰਤੀ ਮੂਲ ਦੀ ਆਲਮੀ ਕਾਮਯਾਬੀ ਦਾ ਨੁਮਾਇੰਦਾ ਬੁੱਤ, ਆਪਣੇ ਹੀ ਵਜ਼ਨ ਹੇਠ ਸ਼ਿਕਨ ਹੋ ਗਿਆ ਹੈ। ਭਾਰਤ ਦੀ ਮੌਜੂਦਾ ਕੇਂਦਰੀ ਸਰਕਾਰ ਅਤੇ ਆਲਮੀ ਵਿੱਤੀ ਨਿਜ਼ਾਮ ਵੱਲੋਂ ਪਹਿਲਕਦਮੀ, ਕਾਮਯਾਬੀ, ਪ੍ਰਬੰਧਕੀ ਮੁਹਾਰਤ ਅਤੇ ਖੁਸ਼ਹਾਲੀ ਦੇ ਨੁਮਾਇੰਦੇ ਵਜੋਂ ਵਡਿਆਏ ਗਏ ਰਜਤ ਗੁਪਤਾ ਨੂੰ ਜਾਅਲਸਾਜ਼ੀ ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਇਕ ਕਰੋੜ ਅਮਰੀਕੀ ਡਾਲਰ ਦੀ ਜ਼ਾਮਨੀ ਭਰ ਕੇ ਉਨ੍ਹਾਂ ਦੀ ਜ਼ਮਾਨਤ ਤਾਂ ਹੋ ਗਈ ਹੈ ਪਰ ਇਸ ਰਾਹਤ ਦੇ ਵਕਤੀ ਸਾਬਤ ਹੋਣ ਦੀਆਂ ਸੰਭਾਵਨਾਵਾਂ ਹਨ। ਰਜਤ ਗੁਪਤਾ ਪਿਛਲੇ ਦੋ ਸਾਲਾਂ ਦੌਰਾਨ ਅਜਿਹੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤੇ ਜਾਣ ਵਾਲੇ 56ਵੇਂ ਮੁਲਜ਼ਮ ਹਨ। ਇਨ੍ਹਾਂ ਵਿਚੋਂ 51 ਜਣੇ ਮੁਜਰਮ ਸਾਬਤ ਹੋਏ ਹਨ ਜਾਂ ਉਨ੍ਹਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਦੁਨੀਆ ਦੇ ਸਭ ਤੋਂ ਵੱਡੇ ਵਿੱਤੀ ਅਦਾਰਿਆਂ ਦੇ ਉੱਚ ਅਹੁਦਿਆਂ ਅਤੇ ਸੰਯੁਕਤ ਰਾਸ਼ਟਰ ਦੇ ਸਲਾਹਕਾਰ ਤੱਕ ਰਹਿਣ ਵਾਲੇ ਬੰਦੇ ਨੂੰ ਬਿਨਾ ਠੋਸ ਸਬੂਤਾਂ, ਗਵਾਹਾਂ ਜਾਂ ਸ਼ੱਕੀ ਹਾਲਾਤ ਤੋਂ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ। ਸਵਾਲ ਰਜਤ ਗੁਪਤਾ ਦੇ ਉੱਤੇ ਲੱਗੇ ਇਲਜ਼ਾਮ ਦਾ ਨਹੀਂ ਹੈ, ਮੌਜੂਦਾ ਦੌਰ ਦੇ ਰਾਜਤੰਤਰੀ ਖ਼ਾਸੇ ਨਾਲ ਇਸ ਦਾ ਮੇਲ ਅਸਲ ਸਵਾਲ ਹੈ। ਭਾਰਤ ਦੇ ਪ੍ਰਧਾਨ ਮੰਤਰੀ ਦਾ ਨੇੜਲਾ, ਅਮਰੀਕੀ ਰਾਸ਼ਟਰਪਤੀ ਦਾ ਪਤਵੰਤਾ ਮਹਿਮਾਨ, ਪਾਕਿਸਤਾਨੀ ਵਿੱਤ ਮੰਤਰੀ ਦਾ ਕਾਰੋਬਾਰੀ ਹਿੱਸੇਦਾਰ ਅਤੇ ਰੂਸ ਦੇ ਸਰਕਾਰੀ ਬੈਂਕ ਦਾ ਵਿਦੇਸ਼ੀ ਮੂਲ ਦਾ ਇਕੋ-ਇਕ ਨਿਰਦੇਸ਼ਕ ਰਜਤ ਗੁਪਤਾ ਮੌਜੂਦਾ ਆਲਮੀ ਨਿਜ਼ਾਮ ਦੀ ਵਿੱਤੀ ਚੂਲ ਦਾ ਨੁਮਾਇੰਦਾ ਹੈ। ਉਸ ਉੱਤੇ ਲੱਗਿਆ ਇਲਜ਼ਾਮ ਕਿਰਦਾਰ ਦੀ ਕਮਜ਼ੋਰੀ ਹੈ ਜਾਂ ਇਸ ਦਾ ਮਰਜ਼ ਮੌਜੂਦਾ ਨਿਜ਼ਾਮ ਦੇ ਅਸਲੇ ਨਾਲ ਜੁੜਦਾ ਹੈ।

ਰਜਤ ਗੁਪਤਾ ਦੀ ਗ੍ਰਿਫ਼ਤਾਰੀ ਨਾਲ ਆਲਮੀ ਵਿੱਤੀ ਮੰਦੀ ਨਾਲ ਜੁੜੇ ਗੌਣ ਰੁਝਾਨ ਦੀ ਤਸਦੀਕ ਹੋਈ ਹੈ। ਇਸ ਮਸਲੇ ਨੂੰ ਦੁਨੀਆ ਨੂੰ ਮੰਦੀ ਵਿਚ ਛੱਡ ਕੇ ਆਪ ਬਚ ਨਿਕਲਣ ਦੀ ਤਰਕੀਬ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਧਾਰਨਾ ਸਹੀ ਜਾਪਦੀ ਹੈ। ਰਜਤ ਗੁਪਤਾ ਦਾ ਕਰੀਬੀ ਦੋਸਤ ਅਤੇ ਕਾਰੋਬਾਰ ਵਿਚ ਹਿੱਸੇਦਾਰ ਰਾਜਾਰਤਨਮ ਪਹਿਲਾਂ ਹੀ ਜੇਲ੍ਹ ਵਿਚ ਹੈ। ਰਜਤ ਗੁਪਤਾ ਉੱਤੇ ਇਲਜ਼ਾਮ ਰਾਜਾਰਤਨਮ ਦੇ ਮਾਮਲੇ ਦੇ ਦੂਜੇ ਪਾਸੇ ਨਾਲ ਜੁੜਿਆ ਹੋਇਆ ਹੈ। ਇਸ ਇਲਜ਼ਾਮ ਦੀ ਤਫ਼ਸੀਲ ਜਾਨਣ ਤੋਂ ਪਹਿਲਾਂ ਇਨ੍ਹਾਂ ਦੇ ਕਾਰੋਬਾਰ ਬਾਬਤ ਸਮਝ ਲੈਣਾ ਜ਼ਰੂਰੀ ਹੈ।

ਰਜਤ ਗੁਪਤਾ ਬੰਗਾਲੀ ਮੂਲ ਦਾ ਭਾਰਤੀ ਹੈ। ਉਸ ਨੇ ਦਿੱਲੀ ਤੋਂ ਮਕੈਨੀਕਲ ਇੰਜੀਨੀਅਰਿੰਗ ਕਰਨ ਤੋਂ ਬਾਅਦ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਤੋਂ ਬਿਜਨਸ ਮੈਨੇਜਮੈਂਟ ਦੀ ਪੜ੍ਹਾਈ ਕੀਤੀ। ਮੈਕਿੰਸੀ ਐਂਡ ਕੰਪਨੀ ਵਿਚ ਨੌਕਰੀ ਸ਼ੁਰੂ ਕਰਕੇ ਉਹ 1994 ਵਿਚ ਇਸ ਦਾ ਪ੍ਰਬੰਧਕੀ ਨਿਰਦੇਸ਼ਕ ਬਣ ਗਿਆ। ਇਸ ਨੂੰ ਵਿੱਤੀ ਕਾਰੋਬਾਰ ਵਿਚ ਆਲਮੀ ਪੱਧਰ ਉੱਤੇ ਸਭ ਤੋਂ ਜ਼ਿਆਦਾ ਅਸਰਅੰਦਾਜ਼ ਕੰਪਨੀ ਮੰਨਿਆ ਜਾਂਦਾ ਹੈ। ਕੰਪਨੀ ਦੇ ਇਸ ਰੁਤਬੇ ਵਿਚ ਰਜਤ ਗੁਪਤਾ ਦਾ ਚੋਖਾ ਹਿੱਸਾ ਹੈ ਜੋ ਪ੍ਰਬੰਧਕੀ ਨਿਰਦੇਸ਼ਕ ਦੇ ਅਹੁਦੇ ਤੱਕ ਪਹੁੰਚਣ ਵਾਲਾ ਪਹਿਲਾਂ ਗ਼ੈਰ-ਅਮਰੀਕੀ ਬਣਿਆ। ਰਜਤ ਨੇ ਆਪਣੀ ਮਿਲਣਸਾਰਤਾ ਨਾਲ ਆਪਣੇ ਅਸਰ-ਰਸੂਖ਼ ਵਿਚ ਵਾਧਾ ਕੀਤਾ। ਇਸ ਕੰਪਨੀ ਵਿਚੋਂ 2003 ਵਿਚ ਸੇਵਾਮੁਕਤ ਹੋਣ ਤੋਂ ਬਾਅਦ ਸੰਯੁਕਤ ਰਾਸ਼ਟਰ ਦੇ ਸਕੱਤਰ ਜਰਨਲ ਕੋਫੀ ਅਨਾਨ ਨੇ 2005 ਵਿਚ ਰਜਤ ਗੁਪਤਾ ਨੂੰ ਪ੍ਰਬੰਧਕੀ ਸੁਧਾਰਾਂ ਦਾ ਸਲਾਹਕਾਰ ਬਣਾਇਆ। ਸੰਨ 2006 ਵਿਚ ਰਜਤ ਗੁਪਤਾ ਗੋਲਡਮੈਨ ਸੈਕਸ ਦੇ ਨਿਰਦੇਸ਼ਕਾਂ ਦੇ ਬੋਰਡ ਵਿਚ ਸ਼ਾਮਿਲ ਹੋ ਗਿਆ। ਕੰਪਨੀ ਦੀ ਵੈੱਬਸਾਈਟ ਮੁਤਾਬਕ ਗੋਲਡਮੈਨ ਸੈਕਸ ਦੇ ਤਤਕਾਲੀ ਚੇਅਰਮੈਨ ਲਾਇਡ ਸੀ. ਬਲੈਂਕਫੇਨ ਨੇ ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿਚ ਕਿਹਾ ਸੀ, "ਆਪਣੇ ਬੱਤੀ ਸਾਲਾਂ ਦੇ ਪੇਸ਼ਾਵਰ ਜੀਵਨ ਵਿਚ ਰਜਤ ਗੁਪਤਾ ਆਲਮੀ ਪੱਧਰ ਉੱਤੇ ਵੱਖ-ਵੱਖ ਅਦਾਰਿਆਂ, ਸਰਕਾਰਾਂ ਅਤੇ ਕਾਰੋਬਾਰੀਆਂ ਦਾ ਬੇਸ਼ਕੀਮਤੀ ਸਲਾਹਕਾਰ ਰਿਹਾ ਹੈ। ਇਹ ਸਾਡੇ ਸ਼ੇਅਰ ਮਾਲਕਾਂ ਦੀ ਖ਼ੁਸ਼ਕਿਸਮਤੀ ਹੈ ਕਿ ਉਨ੍ਹਾਂ ਦੀ ਰਣਨੀਤਕ ਤੇ ਵਿਹਾਰਕ ਮੁਹਾਰਤ ਅਤੇ ਸੂਝ ਸਾਡੇ ਬੋਰਡ ਵਿਚ ਕੰਮ ਆਏਗੀ।" ਇਸ ਤੋਂ ਬਾਅਦ 2007 ਵਿਚ ਉਹ ਪ੍ਰੋਕਟਰ ਐਂਡ ਗੈਂਬਲ ਦੇ ਨਿਰਦੇਸ਼ਕਾਂ ਦੇ ਬੋਰਡ ਵਿਚ ਵੀ ਆ ਗਿਆ।



ਰਜਤ ਗੁਪਤਾ

ਰਾਜਾਰਤਨਮ ਸ੍ਰੀਲੰਕਾ ਮੂਲ ਦਾ ਤਾਮਿਲ ਅਮਰੀਕੀ ਹੈ। ਉਸ ਦਾ ਪਿਤਾ ਸਿੰਗਰ ਸਲਾਈ ਮਸ਼ੀਨ ਦੀ ਕੰਪਨੀ ਵਿਚ ਦੱਖਣੀ ਏਸ਼ੀਆ ਦਾ ਮੁਖੀ ਸੀ। ਗਿਆਰਾਂ ਸਾਲ ਦੀ ਉਮਰ ਵਿਚ 1961 ਵਿਚ ਇੰਗਲੈਂਡ ਪੜ੍ਹਨ ਗਿਆ ਰਾਜਾਰਤਨਮ 2009 ਵਿਚ ਸ੍ਰੀਲੰਕਾਈ ਮੂਲ ਦਾ ਸਭ ਤੋਂ ਅਮੀਰ ਬੰਦਾ ਬਣ ਗਿਆ। ਰਾਜਾਰਤਨਮ ਨੇ ਅਮਰੀਕਾ ਵਿਚ ਬੈਂਕ ਵਿਚ ਨੌਕਰੀ ਸ਼ੁਰੂ ਕੀਤੀ। ਉਸ ਨੇ ਕਰਜ਼ਿਆਂ ਦੇ ਅਧਿਐਨ ਅਤੇ ਇਲੈਕਟਰੌਨਿਕ ਸਨਅਤ ਵਿਚ ਮੁਹਾਰਤ ਹਾਸਲ ਕੀਤੀ। ਉਹ 1985 ਵਿਚ ਨਿਵੇਸ਼ ਨਾਲ ਜੁੜੀ ਬੈਂਕ ਨੀਧਾਮ ਐਂਡ ਕੰਪਨੀ ਵਿਚ ਪੜਚੋਲੀਏ ਵਜੋਂ ਭਰਤੀ ਹੋਇਆ ਅਤੇ 1987 ਵਿਚ ਇਸ ਦੇ ਖੋਜ ਮਹਿਕਮੇ ਦਾ ਮੁਖੀ ਬਣ ਗਿਆ। ਇਸ ਤੋਂ ਬਾਅਦ 1991 ਵਿਚ ਉਹ ਨੀਧਾਮ ਐਂਡ ਕੰਪਨੀ ਦਾ ਪ੍ਰਧਾਨ ਬਣ ਗਿਆ। ਇਸੇ ਕੰਪਨੀ ਵੱਲੋਂ ਉਸ ਨੇ 'ਨੀਧਾਮ ਐਮਰਜਿੰਗ ਗਰੋਥ ਫੰਡ' ਦੇ ਨਾਮ ਹੇਠ ਹੈੱਜ ਫੰਡ ਕੰਪਨੀ ਸ਼ੁਰੂ ਕੀਤੀ। ਬਾਅਦ ਵਿਚ ਇਸ ਕੰਪਨੀ ਦਾ ਨਾਮ ਬਦਲ ਕੇ 'ਗੈਲੀਓਨ ਗੁਰੱਪ' ਰੱਖ ਦਿੱਤਾ ਗਿਆ। ਇਸ ਕੰਪਨੀ ਦੀ ਪੂੰਜੀ 2008 ਵਿਚ ਸੱਤ ਅਰਬ ਅਮਰੀਕੀ ਡਾਲਰ ਦਰਜ ਕੀਤੀ ਗਈ ਸੀ। ਅਕਤੂਬਰ 2009 ਵਿਚ ਰਾਜਾਰਤਨਮ ਨੂੰ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ.ਬੀ. ਆਈ.) ਨੇ 'ਇੰਨਸਾਈਡ ਟ੍ਰੇਡਿੰਗ' ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ। ਮੁਜਰਮ ਸਾਬਤ ਹੋਣ ਉੱਤੇ ਉਸ ਨੂੰ ਅਦਾਲਤ ਨੇ ਗਿਆਰਾਂ ਸਾਲ ਦੀ ਕੈਦ ਕਰ ਦਿੱਤੀ।

ਹੈੱਜ ਫੰਡ ਦੇ ਕਾਰੋਬਾਰ ਨੂੰ ਸਮਝਣ ਤੋਂ ਬਾਅਦ ਹੀ ਰਜਤ ਗੁਪਤਾ ਅਤੇ ਰਾਜਾਰਤਨਮ ਦਾ ਮਾਮਲਾ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਹੈੱਜ ਫੰਡ ਦਾ ਕਾਰੋਬਾਰ ਵਿੱਤੀ ਅਦਾਰਿਆਂ ਦੇ ਨਿਵੇਸ਼ ਉੱਤੇ ਟਿਕਿਆ ਹੁੰਦਾ ਹੈ। ਨਿਵੇਸ਼ਕਾਰਾਂ ਦੇ ਜੋਖਮ ਨੂੰ ਘੱਟ ਕਰਨਾ ਜਾਂ ਬਚਾਉਣਾ ਹੈੱਜ ਫੰਡ ਕੰਪਨੀਆਂ ਦਾ ਕੰਮ ਹੈ। ਹੈੱਜ ਫੰਡ ਕੰਪਨੀਆਂ ਦੇ ਫ਼ੈਸਲੇ ਵਿੱਤੀ ਬਾਜ਼ਾਰ ਦੇ ਲਗਾਤਾਰ ਅਧਿਐਨ ਰਾਹੀਂ ਲਏ ਜਾਂਦੇ ਹਨ। ਇਹ ਆਪਣੀ ਜਾਣਕਾਰੀ ਕਿਸੇ ਤੀਜੀ ਧਿਰ ਨਾਲ ਸਾਂਝੀ ਨਹੀਂ ਕਰਦੀਆਂ ਅਤੇ ਗਾਹਕਾਂ ਨਾਲ ਵੀ ਚੋਣਵੀਂ ਜਾਣਕਾਰੀ ਦਿੰਦੀਆਂ ਹਨ। ਗਾਹਕਾਂ ਨਾਲ ਕੀਤੇ ਵਾਅਦੇ ਨੂੰ ਨਿਭਾਉਣ ਅਤੇ ਉਨ੍ਹਾਂ ਦਾ ਵਿਸ਼ਵਾਸ ਕਾਇਮ ਰੱਖਣ ਲਈ ਹੈੱਜ ਫੰਡ ਕੰਪਨੀਆਂ ਆਪਣੀ ਪੂੰਜੀ ਬਾਜ਼ਾਰ ਵਿਚ ਲਗਾਉਂਦੀਆਂ ਹਨ। ਇਹ ਕੰਪਨੀਆਂ ਇਕ ਤਰ੍ਹਾਂ ਨਾਲ ਵਿੱਤੀ ਅਦਾਰਿਆਂ ਲਈ ਪੂੰਜੀ ਨੂੰ ਘੱਟ-ਤੋਂ ਘੱਟ ਜੋਖਮ ਨਾਲ ਵਧਾਉਣ ਦਾ ਕੰਮ ਕਰਦੀਆਂ ਹਨ। ਇਨ੍ਹਾਂ ਦੇ ਫ਼ੈਸਲਿਆਂ ਦੀ ਨਿਗਰਾਨੀ ਨਾ ਹੋਣ ਕਾਰਨ ਵਿੱਤੀ ਪ੍ਰਬੰਧ ਵਿਚ ਬੇਤਰਤੀਬਾ ਉਤਰਾਅ-ਚੜ੍ਹਾਅ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਤਰ੍ਹਾਂ ਵਿੱਤੀ ਬਾਜ਼ਾਰ ਦੇ ਭੇਡਚਾਲ ਖ਼ਾਸੇ ਨੂੰ ਯਕੀਨੀ ਬਣਾਉਣ ਵਿਚ ਹੈੱਜ ਫੰਡ ਦਾ ਹਿੱਸਾ ਰਹਿੰਦਾ ਹੈ। ਨੁਕਸਾਨ ਵਾਲੀ ਥਾਂ ਤੋਂ ਮੁਨਾਫ਼ੇ ਵਾਲੀ ਜਗ੍ਹਾ ਪੂੰਜੀ ਲਗਾਉਣਾ ਹੈੱਜ ਫੰਡ ਦੀ ਤਰਜੀਹ ਰਹਿੰਦੀ ਹੈ। ਹੈੱਜ ਫੰਡ ਕੰਪਨੀਆਂ ਆਪਣੀਆਂ ਲੋੜਾਂ ਮੁਤਾਬਕ ਸ਼ੇਅਰ ਬਾਜ਼ਾਰ ਦੇ ਭਾਅ, ਸੱਟਾ ਬਾਜ਼ਾਰ ਦੇ ਰੁਖ਼, ਵਿਆਜ ਦਰਾਂ ਅਤੇ ਮਹਿੰਗਾਈ ਵਿਚ ਅਸਰਅੰਦਾਜ਼ ਹੁੰਦੀਆਂ ਹਨ।

ਰਾਜਾਰਤਨਮ ਦੀ ਹੈੱਜ ਫੰਡ ਕੰਪਨੀ 'ਗੈਲੀਓਨ ਗੁਰੱਪ' ਵਿਚ ਰਜਤ ਗੁਪਤਾ ਦਾ ਹਿੱਸਾ ਸੀ। ਅਦਾਰੇ ਦੀ ਗ਼ੈਰ-ਜਨਤਕ ਜਾਣਕਾਰੀ ਨੂੰ ਆਪਣੇ ਕਾਰੋਬਾਰ ਲਈ ਵਰਤਣਾ ਗ਼ੈਰ-ਕਾਨੂੰਨੀ ਹੈ। ਅਜਿਹਾ ਕਰਨਾ ਜਾਅਲਸਾਜ਼ੀ ਦੇ ਘੇਰੇ ਵਿਚ ਆਉਂਦਾ ਹੈ ਕਿਉਂਕਿ ਇਸ ਤਰ੍ਹਾਂ ਕਿਸੇ ਇਕ ਬੰਦੇ ਜਾਂ ਅਦਾਰੇ ਦੇ ਫਾਇਦੇ ਲਈ ਬਾਕੀਆਂ ਦਾ ਨੁਕਸਾਨ ਹੁੰਦਾ ਹੈ। ਬੈਂਕਾਂ, ਵਿੱਤੀ ਅਦਾਰਿਆਂ, ਸੱਟਾ ਬਾਜ਼ਾਰ, ਸ਼ੇਅਰ ਬਾਜ਼ਾਰ ਅਤੇ ਕਰਜ਼ਿਆਂ ਦਾ ਸਮੁੱਚਾ ਕਾਰੋਬਾਰ ਅਦਾਰਿਆਂ ਦੇ ਭੇਤਾਂ ਉੱਤੇ ਟਿਕਿਆ ਹੋਇਆ ਹੈ। ਜੇ ਇਕ ਵਿੱਤੀ ਅਦਾਰੇ ਦਾ ਭੇਤ ਦੂਜੇ ਤੱਕ ਪਹੁੰਚ ਜਾਵੇ ਤਾਂ ਇਹ ਸ਼ੇਅਰ ਕੀਮਤਾਂ, ਵਿਆਜ ਦਰਾਂ, ਸੱਟਾਬਾਜ਼ਾਰ ਅਤੇ ਮਹਿੰਗਾਈ ਉੱਤੇ ਅਸਰਅੰਦਾਜ਼ ਹੁੰਦਾ ਹੈ। ਮਿਸਾਲ ਦੇ ਤੌਰ ਉੱਤੇ ਵਿੱਤੀ ਸਲਾਹਕਾਰ ਅਦਾਰਿਆਂ ਦਾ ਕੰਮ ਵਿੱਤੀ ਅਦਾਰਿਆਂ ਨੂੰ ਪੈਸੇ ਲਗਾਉਣ, ਨਾ ਲਗਾਉਣ ਜਾਂ ਉਡੀਕ ਕਰਨ ਬਾਬਤ ਸਲਾਹ ਦੇਣਾ ਹੈ। ਜੇ ਕਿਸੇ ਵੱਡੇ ਬੈਂਕ ਦੀ ਯੋਜਨਾਬੰਦੀ ਦਾ ਪਤਾ ਕਿਸੇ ਦੂਜੇ ਬੈਂਕ ਜਾਂ ਅਦਾਰੇ ਨੂੰ ਲੱਗ ਜਾਵੇ ਤਾਂ ਉਹ ਆਪਣੇ ਮੁਨਾਫ਼ੇ ਨੂੰ ਯਕੀਨੀ ਬਣਾਉਣ ਲਈ ਅਗਾਮੀ ਪਹਿਲਕਦਮੀ ਕਰੇਗਾ। ਇਸ ਕਾਰੋਬਾਰ ਦੇ ਭੇਡਚਾਲ ਵਾਲੇ ਖ਼ਾਸਾ ਕਾਰਨ ਬੇਰੋਕ ਰੁਝਾਨ ਚੱਲਣ ਨੂੰ ਦੇਰ ਨਹੀਂ ਲੱਗਦੀ। ਸ਼ੇਅਰ ਬਾਜ਼ਾਰ ਇਸ ਖ਼ਾਸੇ ਦੀ ਰੋਜ਼ਾਨਾ ਨੁਮਾਇੰਦਗੀ ਕਰਦੇ ਹਨ। ਇਸੇ ਅਹਿਮੀਅਤ ਕਾਰਨ ਵਿੱਤੀ ਸਲਾਹਕਾਰ ਅਦਾਰਿਆਂ ਕੋਲ ਬਾਜ਼ਾਰ ਦੇ ਉਛਾਲ ਜਾਂ ਨਿਮਾਣ ਦਾ ਰੁਝਾਨ ਤੋਰਨ ਦੀ ਕੁੰਡੀ ਰਹਿੰਦੀ ਹੈ। ਇਸ ਕੁੰਡੀ ਨਾਲ ਭ੍ਰਿਸ਼ਟਾਚਾਰ ਅਤੇ ਜਾਅਲਸਾਜ਼ੀ ਦੀ ਸੰਭਾਵਨਾ ਜੁੜੀ ਹੋਈ ਹੈ। ਨਤੀਜੇ ਵਜੋਂ ਮਸਨੂਈ ਕਿੱਲਤ ਅਤੇ ਮਹਿੰਗਾਈ ਪੈਦਾ ਕਰਨਾ ਉਨ੍ਹਾਂ ਦੇ ਰੋਜ਼ਾਨਾ ਕਾਰੋਬਾਰ ਦਾ ਹਿੱਸਾ ਹੈ।

ਰਜਤ ਗੁਪਤਾ ਉੱਤੇ 'ਇੰਨਸਾਇਡ ਟ੍ਰੇਡਿੰਗ' ਦਾ ਇਲਜ਼ਾਮ ਹੈ। ਅਦਾਰੇ ਦੇ ਭੇਤ ਦੱਸ ਕੇ ਕਿਸੇ ਦੇ ਕਾਰੋਬਾਰ ਵਿਚ ਮੱਦਦ ਕਰਨਾ 'ਇੰਨਸਾਇਡ ਟ੍ਰੇਡਿੰਗ' ਹੈ। ਜਿਸ ਇਲਜ਼ਾਮ ਤਹਿਤ ਰਾਜਾਰਤਨਮ ਮੁਜਰਮ ਸਾਬਤ ਹੋਇਆ ਹੈ, ਉਸੇ ਦਾ ਦੂਜਾ ਸਿਰਾ ਰਜਤ ਗੁਪਤਾ ਹੈ। ਐਫ.ਬੀ.ਆਈ. ਨੇ ਇਲਜ਼ਾਮ ਲਗਾਇਆ ਹੈ ਕਿ ਗੋਲਡਮੈਨ ਸੈਕਸ ਅਤੇ ਪ੍ਰੋਕਟਰ ਐਂਡ ਗੈਂਬਲ ਦੀਆਂ ਬੈਠਕਾਂ ਦੀ ਜਾਣਕਾਰੀ ਰਜਤ ਗੁਪਤਾ ਨੇ ਰਾਜਾਰਤਨਮ ਨੂੰ ਦਿੱਤੀ। ਨਤੀਜੇ ਵਜੋਂ ਉਸ ਦੀਆਂ ਚਾਲਾਂ ਵੱਡੇ ਮੁਨਾਫ਼ੇ ਕਮਾਉਣ ਵਿਚ ਕਾਮਯਾਬ ਹੋਈਆਂ। ਐਫ.ਬੀ.ਆਈ. ਮੁਤਾਬਕ ਦੋ ਮੌਕਿਆਂ ਉੱਤੇ ਗੋਲਡਮੈਨ ਸੈਕਸ ਦੇ ਬੋਰਡ ਦੀ ਬੈਠਕ ਤੋਂ ਬਾਅਦ 39 ਸੈਕਿੰਡ ਦੇ ਅੰਦਰ ਹੀ ਰਜਤ ਗੁਪਤਾ ਨੇ ਅਹਿਮ ਜਾਣਕਾਰੀ ਰਾਜਾਰਤਨਮ ਨੂੰ ਮੁਹੱਈਆ ਕਰ ਦਿੱਤੀ। ਰਾਜਾਰਤਨਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਰਜਤ ਗੁਪਤਾ ਖ਼ਿਲਾਫ਼ ਕਾਰਵਾਈ ਦੀਆਂ ਸੰਭਾਵਨਾਵਾਂ ਲਗਾਤਾਰ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਸਨ। ਐਫ.ਬੀ.ਆਈ. ਵੱਲੋਂ ਕਾਰਵਾਈ ਵਿਚ ਦੇਰੀ ਦਾ ਕਾਰਨ ਦੱਸਿਆ ਗਿਆ ਹੈ ਕਿ ਰਜਤ ਗੁਪਤਾ ਖ਼ਿਲਾਫ਼ ਠੋਸ ਸਬੂਤ ਨਹੀਂ ਹੈ ਪਰ ਹਾਲਾਤ ਵਿਚੋਂ ਉਸ ਦਾ ਦੋਸ਼ ਉਘੜ ਕੇ ਸਾਹਮਣੇ ਆਉਂਦਾ ਹੈ। ਰਾਜਾਰਤਨਮ ਨੇ ਆਪਣੇ ਦੋਸਤ ਖ਼ਿਲਾਫ਼ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਐਫ.ਬੀ.ਆਈ. ਦੀ ਕਾਰਵਾਈ ਤੋਂ ਜਾਪਦਾ ਹੈ ਕਿ ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਭਾਵੇਂ ਰਜਤ ਗੁਪਤਾ ਅਦਾਲਤ ਵਿਚੋਂ ਬਰੀ ਵੀ ਹੋ ਜਾਵੇ ਪਰ ਰਾਜਾਰਤਨਮ ਦੇ ਦੋਸ਼ ਦਾ ਦੂਜਾ ਸਿਰਾ ਉਹੀ ਹੈ।

ਇਸ ਮਾਮਲੇ ਦਾ ਅਦਾਲਤੀ ਫ਼ੈਸਲਾ ਭਾਵੇਂ ਕੁਝ ਵੀ ਹੋਵੇ ਪਰ ਆਲਮੀ ਵਿੱਤੀ ਕਾਰੋਬਾਰ ਵਿਚ ਹੋ ਰਹੇ ਘਾਲੇ-ਮਾਲੇ ਦੀ ਨਜ਼ਰਸਾਨੀ ਬਹੁਤ ਜ਼ਰੂਰੀ ਹੈ। ਪੂੰਜੀ ਦੇ ਵਹਿਣ ਅਤੇ ਵਿੱਤੀ ਬਾਜ਼ਾਰ ਨਾਲ ਰੋਜ਼ਗਾਰ ਤਾਂ ਭਾਵੇਂ ਗਿਣਤੀ ਦੇ ਲੋਕਾਂ ਦਾ ਜੁੜਿਆ ਹੋਇਆ ਹੈ ਪਰ ਇਹ ਸਮੁੱਚੇ ਆਲਮ ਉੱਤੇ ਅਸਰਅੰਦਾਜ਼ ਹੋ ਰਿਹਾ ਹੈ। ਇਸ ਕਾਰੋਬਾਰ ਨਾਲ ਜੁੜੇ ਕਾਰੋਬਾਰੀ ਸਰਕਾਰਾਂ ਦੀਆਂ ਨੀਤੀਆਂ ਉੱਤੇ ਅਸਰਅੰਦਾਜ਼ ਹੋ ਰਹੇ ਹਨ ਅਤੇ ਲੋਕ ਕਲਿਆਣ ਨਾਲ ਜੁੜੇ ਅਦਾਰਿਆਂ ਨੂੰ ਲਗਾਤਾਰ ਖੋਰਾ ਲਗਾ ਰਹੇ ਹਨ। ਇਸ ਨੁਕਤੇ ਨੂੰ ਬਰੀਕੀ ਵਿਚ ਸਮਝਣ ਲਈ ਰਜਤ ਗੁਪਤਾ ਦਾ ਭਾਰਤ ਵਿਚਲਾ ਕਾਰੋਬਾਰ ਦੇਖ ਲੈਣਾ ਜ਼ਰੂਰੀ ਹੈ।

ਰਜਤ ਗੁਪਤਾ ਨੂੰ ਭਾਰਤ ਦੀ ਕੇਂਦਰ ਸਰਕਾਰ ਨੇ ਭਾਰੀ ਰਿਆਇਤਾਂ ਦਿੱਤੀਆਂ ਸਨ। ਉਸ ਨੇ ਭਾਰਤ ਵਿਚ ਪਬਲਿਕ ਹੈਲਥ ਫਾਊਂਡੇਸ਼ਨ ਆਫ਼ ਇੰਡੀਆ (ਪੀ.ਐਚ.ਐਫ਼.ਆਈ.) ਨਾਮ ਦੀ ਗ਼ੈਰ-ਸਰਕਾਰੀ ਸੰਸਥਾ ਬਣਾਈ ਸੀ। ਕੇਂਦਰ ਸਰਕਾਰ ਨੇ ਜੁਲਾਈ 2006 ਵਿਚ ਇਸ ਸੰਸਥਾ ਨੂੰ ਯਕਮੁਸ਼ਤ 65 ਕੋਰੜ ਰੁਪਏ ਦੀ ਗ੍ਰਾਂਟ ਦਿੱਤੀ ਸੀ। ਬਾਅਦ ਵਿਚ 2007-08 ਦੇ ਬਜਟ ਵਿਚੋਂ ਇਸ ਸੰਸਥਾ ਨੂੰ 36.15 ਕਰੋੜ ਰੁਪਏ ਹੋਰ ਦਿੱਤੇ ਗਏ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਤੱਤਕਾਲੀ ਮੁੱਖ ਸਕੱਤਰ ਤੇ ਮੌਜੂਦਾ ਸਲਾਹਕਾਰ ਟੀ ਕੁੱਟੀ ਅਯੱਪਾ ਨਾਇਰ ਚਾਰ ਹੋਰ ਅਫ਼ਸਰਾਂ ਸਮੇਤ ਇਸ ਸੰਸਥਾ ਦੇ ਸਲਾਹਕਾਰ ਹਨ। ਯੋਜਨਾ ਕਮਿਸ਼ਨ ਦੇ ਮੌਜੂਦਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਇਸ ਸੰਸਥਾ ਦੇ ਸਲਾਹਕਾਰ ਬੋਰਡ ਵਿਚ ਸ਼ਾਮਿਲ ਹਨ। ਪ੍ਰਧਾਨ ਮੰਤਰੀ ਨੇ ਰਜਤ ਗੁਪਤਾ ਦੀ ਹੈਦਰਾਬਾਦ ਵਾਲੀ ਸੰਸਥਾ ਇੰਡੀਅਨ ਸਕੂਲ ਆਫ਼ ਬਿਜਨਸ (ਆਈ.ਐਸ.ਬੀ) ਦੀ ਚੋਖੀ ਸਰਪ੍ਰਸਤੀ ਕੀਤੀ ਹੈ। ਇਹ ਸੰਸਥਾ ਵਿਦਿਆਰਥੀਆਂ ਤੋਂ ਵੱਡੀਆਂ ਫੀਸਾਂ ਲੈਂਦੀ ਹੈ ਪਰ ਰਜਤ ਗੁਪਤਾ ਦੇ ਪਰਉਪਕਾਰੀ ਕੰਮਾਂ ਵਿਚ ਸ਼ੁਮਾਰ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਨੇ ਜ਼ੋਰ ਪਾ ਕੇ ਪੰਜਾਬ ਸਰਕਾਰ ਤੋਂ 105 ਕਰੋੜ ਦੀ ਕੀਮਤ ਵਾਲੀ 70 ਏਕੜ ਜ਼ਮੀਨ ਰਜਤ ਗੁਪਤਾ ਦੇ ਬਿਜਨਸ ਸਕੂਲ ਨੂੰ ਦਿਵਾਈ ਹੈ। ਪੰਜਾਬ ਸਰਕਾਰ ਨੇ ਮੁਹਾਲੀ ਵਿਚ ਕਿਸਾਨਾਂ ਤੋਂ ਖਰੀਦ ਕੇ ਇਹ ਜ਼ਮੀਨ ਇਕ ਰੁਪਏ ਪ੍ਰਤੀ ਏਕੜ ਦੀ ਕੀਮਤ ਉੱਤੇ 99 ਸਾਲਾਂ ਲਈ ਦਿੱਤੀ ਹੈ। ਅਗਲੇ ਸਾਲ ਇਸ ਸਕੂਲ ਵਿਚ 280 ਵਿਦਿਆਰਥੀ ਦਾਖ਼ਲ ਕੀਤੇ ਜਾਣਗੇ ਅਤੇ ਰਜਤ ਗੁਪਤਾ ਦਾ ਪਰਉਪਕਾਰੀ ਕੰਮ ਮੁਹਾਲੀ ਵਿਚ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦੇਵੇਗਾ। ਤਹਿਲਕਾ ਦੇ ਪੱਤਰਕਾਰ ਇਫ਼ਤਿਖਾਰ ਗਿਲਾਨੀ ਨੇ ਆਪਣੇ ਲੇਖ ਵਿਚ ਦਰਜ ਕੀਤਾ ਹੈ ਕਿ ਪ੍ਰਾਈਵੇਟ-ਪਬਲਿਕ ਪਾਰਟਨਰਸ਼ਿਪ (ਸਰਕਾਰੀ-ਨਿੱਜੀ ਹਿੱਸੇਦਾਰੀ) ਤਹਿਤ ਸਾਰੀਆਂ ਸੂਬਾ ਸਰਕਾਰਾਂ ਨੂੰ ਪੀ.ਐਚ.ਐਫ਼.ਆਈ. ਦੀ ਮੱਦਦ ਲਈ ਕਿਹਾ ਗਿਆ ਹੈ। ਇਸ ਦਾ ਮਤਲਬ ਹੈ ਕਿ ਚਾਲੀ ਏਕੜ ਮੁਫ਼ਤ ਜ਼ਮੀਨ ਅਤੇ ਪ੍ਰੋਜੈਕਟ ਦੀ 20 ਤੋਂ 50 ਫ਼ੀਸਦੀ ਕੀਮਤ (ਤਕਰੀਬਨ 140 ਕਰੋੜ)। ਨਤੀਜੇ ਵਜੋਂ ਆਂਧਰਾ ਪ੍ਰਦੇਸ਼ ਸਰਕਾਰ ਨੇ 43 ਏਕੜ ਜ਼ਮੀਨ ਅਤੇ 30 ਕਰੋੜ ਰੁਪਏ ਪੀ.ਐਚ.ਐਫ਼.ਆਈ. ਨੂੰ ਦਿੱਤੇ ਹਨ। ਗੁਜਰਾਤ ਨੇ 50 ਏਕੜ ਜ਼ਮੀਨ ਅਤੇ 25 ਕਰੋੜ ਰੁਪਏ ਲਗਾਏ ਹਨ। ਉੜੀਸਾ ਸਰਕਾਰ ਨੇ ਭੁਵਨੇਸ਼ਵਰ ਲਾਗੇ 40 ਏਕੜ ਜ਼ਮੀਨ ਦਿੱਤੀ ਹੈ।

ਮੁਫ਼ਤ ਜ਼ਮੀਨ ਅਤੇ ਵੱਡੀਆਂ ਰਕਮਾਂ ਦੇਣ ਤੋਂ ਇਲਾਵਾ ਸਰਕਾਰਾਂ ਰਜਤ ਗੁਪਤਾ ਦੇ ਕਾਰੋਬਾਰ ਵਿਚ ਨੀਤੀਆਂ ਰਾਹੀਂ ਵੀ ਹਿੱਸਾ ਪਾ ਰਹੀ ਹੈ। ਪੀ.ਐਚ.ਐਫ਼.ਆਈ. ਨੂੰ ਮੈਡੀਕਲ ਕੌਂਸਲ ਆਫ਼ ਇੰਡੀਆ ਜਾਂ ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ ਦੀ ਮਾਨਤਾ ਨਹੀਂ ਹੈ। ਹੈਦਰਾਬਾਦ ਸਰਕਾਰ ਵੱਲੋਂ ਪੀ.ਐਚ.ਐਫ਼.ਆਈ. ਵਿਚ ਪੜ੍ਹਨ ਵਾਲੇ ਹਰ ਮੁਲਾਜ਼ਮ ਉੱਤੇ 2.5 ਲੱਖ ਰੁਪਏ ਸਾਲਾਨਾ ਖਰਚੇ ਜਾਂਦੇ ਹਨ। ਦੂਜਾ ਪਾਸਾ ਇਹ ਹੈ ਕਿ ਅਮਲੇ ਦੀ ਘਾਟ ਅਤੇ ਖਾਲੀ ਖ਼ਜ਼ਾਨੇ ਦਾ ਹਵਾਲਾ ਦੇ ਕੇ ਮੁਲਾਜ਼ਮਾਂ ਨੂੰ ਉੱਚ ਵਿਦਿਆ ਲਈ ਇਜਾਜ਼ਤ ਨਹੀਂ ਦਿੱਤੀ ਜਾਂਦੀ। ਰਜਤ ਗੁਪਤਾ ਦੀ ਪ੍ਰਧਾਨ ਮੰਤਰੀ ਨਾਲ ਨੇੜਤਾ ਰੂਸ ਦੇ ਸਰਕਾਰੀ ਬੈਂਕ ਸਬੇਰਬੈਂਕ ਲਈ ਵੀ ਲਾਹੇਮੰਦ ਸਾਬਤ ਹੋਈ ਹੈ। ਤਹਿਲਕਾ ਵਿਚ ਇਫ਼ਤਿਖਾਰ ਗਿਲਾਨੀ ਨੇ ਲਿਖਿਆ ਹੈ, "ਪ੍ਰਧਾਨ ਮੰਤਰੀ (ਮਨਮੋਹਨ ਸਿੰਘ) ਨਾਲ ਨੇੜਤਾ ਕਾਰਨ ਰੂਸ ਦੇ ਸਭ ਤੋਂ ਵੱਡੇ ਸਰਕਾਰੀ ਬੈਂਕ ਨੇ ਰਜਤ ਗੁਪਤਾ ਨੂੰ ਆਪਣੇ ਬੋਰਡ ਵਿਚ ਸ਼ਾਮਿਲ ਕਰ ਲਿਆ। ਉਹ ਰੂਸੀ ਬੈਂਕ ਦੇ ਬੋਰਡ ਵਿਚ ਪਹਿਲਾਂ ਵਿਦੇਸ਼ੀ ਨਿਰਦੇਸ਼ਕ ਸੀ ਅਤੇ ਬਾਕੀਆਂ ਤੋਂ ਪੰਜ ਗੁਣਾ ਤਨਖ਼ਾਹ ਲੈਂਦਾ ਸੀ। ਉਸ ਕਾਰਨ ਸਬੇਰਬੈਂਕ ਦਾ ਭਾਰਤ ਵਿਚ ਦਾਖ਼ਲਾ ਸੁਖਾਲਾ ਹੋ ਗਿਆ। ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਇਜਾਜ਼ਤ ਨਾਲ ਅਗਸਤ 2009 ਦੌਰਾਨ ਸਬੇਰਬੈਂਕ ਦੀ ਸਾਖ਼ ਦਿੱਲੀ ਵਿਚ ਖੁੱਲ੍ਹ ਗਈ। ਰਜਤ ਗੁਪਤਾ ਦੇ ਅਸਰ-ਰਸੂਖ਼ ਨੂੰ ਵਰਤਣ ਲਈ ਉਸ ਨੂੰ ਬੈਂਕ ਦੇ ਰਣਨੀਤਕ ਸਲਾਹਕਾਰ (ਸਟਰੈਟਜਿਕ ਐਡਵਾਈਜਰ) ਵਜੋਂ ਰੱਖ ਲਿਆ ਗਿਆ ਹੈ।"

ਪੀ.ਐਚ.ਐਫ਼.ਆਈ. ਵਰਗੇ ਗ਼ੈਰ-ਮਾਨਤਾ ਪ੍ਰਾਪਤ ਅਦਾਰੇ ਦੀ ਸਰਕਾਰੀ ਸਰਪ੍ਰਸਤੀ ਨਿੱਜੀਕਰਨ ਨੂੰ ਲਾਗੂ ਕਰਨ ਅਤੇ ਅਵਾਮ ਦੀ ਸਿਹਤ ਦੀ ਕੀਮਤ ਉੱਤੇ ਨਿੱਜੀ ਕਾਰੋਬਾਰੀਆਂ ਦਾ ਮੁਨਾਫ਼ਾ ਯਕੀਨੀ ਬਣਾਉਣ ਦੀ ਮਸ਼ਕ ਹੈ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਵਿਚ ਘਿਰੀ ਮੈਡੀਕਲ ਕੌਂਸਲ ਆਫ਼ ਇੰਡੀਆ (ਐਮ.ਸੀ.ਆਈ.) ਅਤੇ ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ ਨੂੰ ਦਰਕਿਨਾਰ ਕਰਕੇ ਪੀ.ਐਚ.ਐਫ਼.ਆਈ. ਨੂੰ ਤਰਜੀਹ ਦੇਣੀ ਭਾਰਤ ਦੀਆਂ ਸਿਹਤ ਜ਼ਰੂਰਤਾਂ ਵੱਲ ਕੀਤੀ ਪਹਿਲਕਦਮੀ ਨਹੀਂ ਹੈ। ਇਸ ਸੰਸਥਾ ਵਿਚ ਦਾਖ਼ਲੇ ਲਈ ਪੂੰਜੀ ਤੋਂ ਇਲਾਵਾ ਇਕਮਾਤਰ ਯੋਗਤਾ ਸਿਫ਼ਾਰਸ਼ੀ ਚਿੱਠੀ ਹੈ। ਇਸ ਤਰ੍ਹਾਂ ਸਮਾਜਿਕ ਨਾ-ਬਰਾਬਰੀ ਨੂੰ ਪੱਕੇ ਪੈਰੀਂ ਕਰਨ ਦਾ ਢਾਂਚਾ ਉਸਾਰਿਆ ਜਾ ਰਿਹਾ ਹੈ। ਪਤਵੰਤਿਆਂ ਦੇ ਜਮਾਂਦਰੂ 'ਲਾਇਕ' ਪੁੱਤਾਂ-ਧੀਆਂ ਹੀ ਵਿਦਿਅਕ ਯੋਗਤਾ ਹਾਸਿਲ ਕਰਨ ਦੇ ਹੱਕਦਾਰ ਰਹਿ ਗਏ ਹਨ। ਇਸ ਕੰਮ ਵਿਚ 'ਛੇ ਤੋਂ ਚੌਦਾਂ ਸਾਲ ਦੇ ਬੱਚਿਆਂ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ' ਦਾ ਕਾਨੂੰਨ ਬਣਾਉਣ ਵਾਲੀ ਸਰਕਾਰ ਸਰਪ੍ਰਸਤ ਹੈ। ਪੀ.ਐਚ.ਐਫ਼.ਆਈ. ਦੀ ਵੈੱਬਸਾਇਟ ਉੱਤੇ ਹਿੱਸੇਦਾਰਾਂ ਦੀ ਸੂਚੀ ਦਿੱਤੀ ਗਈ ਹੈ ਜਿਸ ਵਿਚ ਕੇਂਦਰ ਸਰਕਾਰ ਦੇ ਨਾਲ ਤੇਰ੍ਹਾਂ ਸੂਬਾ ਸਰਕਾਰਾਂ ਸ਼ਾਮਿਲ ਹਨ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੇ ਸਿਹਤ ਤੇ ਪਰਿਵਾਰ ਕਲਿਆਣ, ਵਿਗਿਆਨ ਤੇ ਤਕਨਾਲੋਜੀ ਮੰਤਰਾਲੇ ਅਤੇ ਯੋਜਨਾ ਕਮਿਸ਼ਨ ਸ਼ਾਮਿਲ ਹਨ। ਕੌਮੀ ਪੇਂਡੂ ਸਿਹਤ ਮਿਸ਼ਨ ਅਤੇ ਨੈਸ਼ਨਲ ਵੈਕਟਰ ਬੌਰਨ ਡਸੀਜ਼ ਕੰਟਰੋਲ ਪ੍ਰੋਗਰਾਮ ਵਰਗੀਆਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਇਸ ਸੰਸਥਾ ਦੀਆਂ ਹਿੱਸੇਦਾਰ ਹਨ। ਕੌਮਾਂਤਰੀ ਹਿੱਸੇਦਾਰਾਂ ਵਿਚ ਔਸਏਡ (ਆਸਟਰੇਲੀਆ ਏਡ), ਯੂਰਪੀਅਨ ਕਮਿਸ਼ਨ, ਨੌਰਵੇਅ ਇੰਡੀਆ ਪਾਰਟਨਰ ਇੰਨੀਸ਼ੀਏਟਿਵ (ਐਨ.ਆਈ.

(ਬਾਕੀ ਸਫਾ 40 'ਤੇ)



ਪ੍ਰਧਾਨ ਮੰਤਰੀ ਨੇ ਜ਼ੋਰ ਪਾ ਕੇ ਪੰਜਾਬ ਸਰਕਾਰ ਤੋਂ 105 ਕਰੋੜ ਦੀ ਕੀਮਤ ਵਾਲੀ 70 ਏਕੜ ਜ਼ਮੀਨ ਰਜਤ ਗੁਪਤਾ ਦੇ ਬਿਜਨਸ ਸਕੂਲ ਨੂੰ ਦਿਵਾਈ ਹੈ। ਪੰਜਾਬ ਸਰਕਾਰ ਨੇ ਮੁਹਾਲੀ ਵਿਚ ਕਿਸਾਨਾਂ ਤੋਂ ਖਰੀਦ ਕੇ ਇਹ ਜ਼ਮੀਨ ਇਕ ਰੁਪਏ ਪ੍ਰਤੀ ਏਕੜ ਦੀ ਕੀਮਤ ਉੱਤੇ 99 ਸਾਲਾਂ ਲਈ ਦਿੱਤੀ ਹੈ। ਅਗਲੇ ਸਾਲ ਇਸ ਸਕੂਲ ਵਿਚ 280 ਵਿਦਿਆਰਥੀ ਦਾਖ਼ਲ ਕੀਤੇ ਜਾਣਗੇ ਅਤੇ ਰਜਤ ਗੁਪਤਾ ਦਾ ਪਰਉਪਕਾਰੀ ਕੰਮ ਮੁਹਾਲੀ ਵਿਚ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦੇਵੇਗਾ।

# ਫੁੱਲਾਂ ਦੀ ਸੁਗੰਧ ਲੈ ਕੇ ਭੌਰੇ ਉਡ ਜਾਂਦੇ ਨੇ...

**ਲੇਖਕ, ਪੱਤਰਕਾਰ ਤੇ ਕਾਲਮਨਵੀਸ ਐਸ. ਅਸ਼ੋਕ ਭੌਰਾ ਇਨ੍ਹੀਂ ਦਿਨੀਂ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਸਦਾ ਹੈ। ਉਸ ਦਾ ਕਾਲਮ "ਗੱਲੀਂ-ਬਾਤੀਂ" ਪੰਜਾਬ ਟਾਈਮਜ਼ ਵਿਚ 2008 ਤੋਂ 2010 ਤੱਕ ਛਪਦਾ ਰਿਹੈ ਅਤੇ ਅੱਜ ਕੱਲ੍ਹ ਉਸ ਦਾ ਕਾਲਮ "ਨੈਣ-ਨਕਸ਼" ਛਪਦਾ ਹੈ। "ਗੱਲੀਂ-ਬਾਤੀਂ" ਕਾਲਮ ਵਿਚਲੇ ਲੇਖਾਂ ਨੂੰ ਅਸ਼ੋਕ ਨੇ ਕੁਝ ਸਮਾਂ ਪਹਿਲਾਂ ਇਸੇ ਨਾਂ ਹੇਠ ਪੁਸਤਕ ਰੂਪ ਵਿਚ ਛਪਵਾਇਆ ਜੋ ਰਸਮੀ ਤੌਰ 'ਤੇ ਫਰੀਮਾਂਟ ਵਿਚ 5 ਨਵੰਬਰ ਨੂੰ ਇਕ ਸਮਾਗਮ ਵਿਚ ਰਿਲੀਜ਼ ਹੋ ਰਹੀ ਹੈ। ਹਥਲਾ ਲੇਖ ਸ. ਤਰਲੋਚਨ ਸਿੰਘ ਦੁਪਾਲਪੁਰ ਨੇ 2008 ਵਿਚ ਲਿਖਿਆ ਸੀ। ਕੁਝ ਪਾਠਕਾਂ ਦੀ ਮੰਗ ਉਤੇ ਅਸੀਂ ਮੁੜ ਛਾਪ ਰਹੇ ਹਾਂ। -ਸੰਪਾਦਕ**

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਸਿਆਣੇ ਕਹਿੰਦੇ ਨੇ ਹੁਸਨ ਤੇ ਹੁਨਰ 'ਕੱਠੇ ਹੁੰਦੇ ਹਨ ਤਾਂ ਜੋਬਨ ਦੀ ਕਿੱਕਲੀ ਪੈਂਦੀ ਹੈ। ਪਰ ਇਨ੍ਹਾਂ ਦੇ 'ਕੱਠੇ ਹੋਣ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹੁੰਦੀਆਂ ਹਨ। ਮੈਂ ਜਿਸ ਇਨਸਾਨ ਦੀ ਗੱਲ ਕਰਨ ਲੱਗਾ ਹਾਂ ਉਹ ਇਨ੍ਹਾਂ ਦੋਹਾਂ 'ਚ ਹੀ ਘਿਉ-ਖਿਚੜੀ ਹੈ। ਪੜ੍ਹਨ ਵਾਲੇ ਤੇ ਸੁਣਨ ਵਾਲੇ ਐਸ. ਅਸ਼ੋਕ ਭੌਰਾ ਦੇ ਨਾਂ ਤੋਂ ਚੰਗੀ ਤਰ੍ਹਾਂ ਵਾਕਫ ਹਨ। ਉਹਦੇ ਕੋਲ ਸ਼ਬਦਾਂ ਦੀ ਜੜ੍ਹਤ ਹੈ ਤੇ ਇਨ੍ਹਾਂ ਦਾ ਜਾਦੂ ਵੀ, ਮਦਾਰੀ ਦੇ ਕ੍ਰਿਸ਼ਮੇ ਵਾਂਗ ਉਹਦੀ ਹਰ ਲਿਖਤ ਨਿਖਰਵੀਂ ਹੁੰਦੀ ਹੈ ਤੇ ਜਦੋਂ ਉਹ ਬੋਲਦਾ ਹੈ ਤਾਂ ਸੁਣਨ ਵਾਲੇ ਜਾਣਦੇ ਹਨ ਕਿ ਚੁੱਪ ਕਰਾਉਣ ਦਾ ਵਰਦਾਨ ਉਹਦੇ ਕੋਲ ਹੈ। ਮੈਂ ਸਭਿਆਚਾਰ ਬਾਰੇ ਕਦੇ ਕੁਝ ਨਹੀਂ ਲਿਖਿਆ। ਪਾਠਕ ਜਾਣਦੇ ਹਨ ਕਿ ਮੇਰੀ ਲਿਖਣ ਸ਼ੈਲੀ ਵੱਖਰੀ ਹੈ ਅਤੇ ਮੇਰੇ ਵਿਸ਼ਿਆਂ ਦਾ ਪਿੜ ਵੱਖਰਾ ਹੈ। ਜੇ ਮੇਰੀ ਲਿਖਤ ਵਿਚੋਂ ਭੌਰੇ ਦੀ ਮਹਿਕ ਆਉਣ ਲੱਗੇ ਤਾਂ ਸਮਝਿਓ ਇਹ ਉਸੇ ਦੀ ਛੋਹ ਦਾ ਨਤੀਜਾ ਹੈ।

ਭੌਰੇ ਦੀ ਉਮਰ ਹੁਣ 48 ਸਾਲ ਹੈ, 35 ਸਾਲਾਂ ਤੋਂ ਲਿਖ ਹੀ ਨਹੀਂ ਰਿਹਾ, ਛਪ ਵੀ ਰਿਹਾ ਹੈ। ਪਹਿਲੀ ਲਿਖਤ ਉਹਦੀ ਸੱਤਵੀਂ 'ਚ ਪੜ੍ਹਦੇ ਦੀ 'ਅਜੀਤ' ਨੇ ਛਾਪੀ ਸੀ। ਨਿਰੰਤਰ ਲਿਖਣਾ ਤੇ ਸੁਨਿਆਰ ਦੀ ਘੜਤ ਵਾਂਗ ਗਹਿਣਾ ਸ਼ਿੰਗਾਰਨਾ ਭੌਰੇ ਨੂੰ ਹੀ ਆਉਂਦਾ ਹੈ। ਜਦੋਂ ਖਾਣੇ ਦੀਆਂ ਕਿਸਮਾਂ ਬਹੁਤ ਸਾਰੀਆਂ ਹੋਣ ਤੇ ਉਹ ਵੀ ਸੁਆਦਲੀਆਂ ਤਾਂ ਬੰਦਾ ਸ਼ਸ਼ੋਪੰਜ ਵਿਚ ਪੈ ਜਾਂਦਾ ਹੈ ਕਿ ਪਹਿਲਾਂ ਕੀ ਖਾਵਾਂ? ਇਹੋ ਹਾਲ ਮੇਰਾ ਹੈ ਕਿ ਉਹਦੀ ਗੱਲ ਕਿਧਰੋਂ ਸ਼ੁਰੂ ਕੀਤੀ ਜਾਵੇ। ਇਸ ਲਈ ਖਲਾਰਾ ਪੈ ਗਿਆ ਤਾਂ ਬੁਰਾ ਨਾ ਮੰਨਿਓ। ਉਂਜ ਵੀ ਜੇ ਕਿਤੇ ਲੀਹੋਂ ਲੱਥਾ ਜਾਪਾਂ ਤਾਂ ਸਮਝਿਓ ਬਿਗਾਨੇ ਪਿੰਡ ਗਿਆ ਬੰਦਾ ਰਾਹ-ਥਾਂ ਭੁੱਲ ਹੀ ਜਾਂਦਾ ਹੈ।

ਇਕ ਵਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਾਫਲੇ ਵਿਚ ਮੈਂ ਵੀ ਸ਼ਾਮਲ ਸੀ। ਜਦੋਂ ਅਸੀਂ ਭੌਰੇ ਪਿੰਡ 'ਚੋਂ ਲੰਘਣ ਲੱਗੇ ਤਾਂ ਸ. ਬਾਦਲ ਨੇ ਮੁੱਖ ਸਕੱਤਰ ਨੂੰ ਕਿਹਾ 'ਇਥੋਂ ਦਾ ਮੁੰਡਾ ਹੈ ਇਕ ਅਸ਼ੋਕ ਭੌਰਾ ਉਹਦੇ ਘਰੇ ਚਲਣੈ ਦੋ ਮਿੰਟ।' ਹੈਰਾਨੀ ਇਹ ਸੀ ਕਿ ਰੁਝੇਵਿਆਂ 'ਚੋਂ ਮੁੱਖ ਮੰਤਰੀ ਨੇ ਦੋ ਮਿੰਟ ਨਹੀਂ ਢਾਈ ਘੰਟੇ ਉਹਦੇ ਘਰ ਉਹਦੇ ਨਾਲ ਗੱਲਾਂ ਕਰਦਿਆਂ ਗੁਜ਼ਾਰ ਦਿੱਤੇ। ਭੌਰੇ ਨਾਲ ਮੇਰੀ ਉਦੋਂ ਪਹਿਲੀ ਹੱਥ-ਘੁਟਣੀ ਸੀ ਹਾਲਾਂ ਕਿ ਟਾਟਾ ਦੀਆਂ ਗੱਡੀਆਂ ਵਾਂਗ ਉਹਦੀਆਂ ਲਿਖਤਾਂ ਮੇਰੀ ਪਸੰਦ ਬਹੁਤ ਦੇਰ ਤੋਂ ਰਹੀਆਂ ਹਨ।


ਮੇਰੇ ਜ਼ਿਹਨ ਵਿਚ ਜਿਹੜਾ ਉਹਦਾ ਸਰਵਪੱਖੀ ਅਨੁਭਵ ਹੈ ਉਹਦੀ ਗੱਲ ਕਰਨ ਤੋਂ ਪਹਿਲਾਂ ਕੁਝ ਖਾਸ ਲੋਕਾਂ ਦੀਆਂ ਟਿੱਪਣੀਆਂ ਤੁਹਾਡੇ ਨਾਲ ਸਾਂਝੀਆਂ ਕਰਨ ਲੱਗਾ ਹਾਂ।

ਕੁਲਦੀਪ ਮਾਣਕ ਕਹੇਗਾ, "ਭੌਰੇ ਨਾਲ ਢਾਈ ਦਹਾਕਿਆਂ ਤੋਂ ਮੈਂ ਗਲਵੱਕੜੀਆਂ ਪਾਉਂਦਾ ਆਇਆ ਹਾਂ। ਉਹਦੀਆਂ ਬਹੁਤ ਸਾਰੀਆਂ ਗੱਲਾਂ ਮੈਨੂੰ ਮੇਰੇ ਗੀਤਾਂ ਵਾਂਗ ਚੇਤੇ ਹਨ। ਮੈਂ ਜ਼ਿੰਦਗੀ 'ਚ ਕਦੇ ਉਹਦੀ ਪਿੱਠ ਨਹੀਂ ਲੱਗਣ ਦਿੱਤੀ।"

ਮਾਹਿਲਪੁਰ ਦੇ ਪਹਿਲੇ ਸ਼ੌਂਕੀ ਮੇਲੇ 'ਤੇ ਜਦੋਂ ਸੁਰਿੰਦਰ ਕੌਰ ਆਈ ਤਾਂ ਭਰਵੇਂ ਇਕੱਠ 'ਚ ਕਹਿਣ ਲੱਗੀ, "ਅਸ਼ੋਕ ਤੁਹਾਡੇ ਲਈ ਲਿਖਾਰੀ ਹੋਵੇਗਾ ਮੇਰਾ ਤਾਂ ਇਹ ਪੁੱਤ ਐ।"

ਗੁਰਦਾਸ ਮਾਨ ਦੀ ਟਿੱਪਣੀ ਦੇਖੋ, "ਜੇ ਪਿਛਲੇ ਢਾਈ ਦਹਾਕਿਆਂ ਦੀ ਪੰਜਾਬੀ ਗਾਇਕੀ 'ਚੋਂ ਅਸ਼ੋਕ ਭੌਰੇ ਨੂੰ ਮਨਫੀ ਕਰ ਲਈਏ ਤਾਂ ਗਾਇਕੀ ਦਾ ਬਹੁਤਾ ਮੇਕਅੱਪ ਉਤਰ ਜਾਵੇਗਾ।"

ਪੰਜਾਬੀ ਸੱਭਿਆਚਾਰ ਦੇ ਥੰਮ੍ਹ ਜਗਦੇਵ ਸਿੰਘ ਜੱਸੋਵਾਲ ਨੇ ਜਲੰਧਰ ਦੂਰਦਰਸ਼ਨ 'ਤੇ ਬੋਲਦਿਆਂ ਕਿਹਾ, "ਅਸ਼ੋਕ ਜਦੋਂ ਲਿਖਦੈ ਤਾਂ ਉਹਦੇ ਅੰਦਰ ਸ਼ਬਦ ਝਗੜਦੇ ਨੇ 'ਮੈਨੂੰ ਬਾਹਰ ਕੱਢ-ਮੈਨੂੰ ਬਾਹਰ ਕੱਢ' ਲਈ ਮਿਹਣੇ ਤਾਅਨੇ ਦਿੰਦੇ ਹਨ। ਉਹਦੀ ਹਰ ਲਿਖਤ ਮੁਕਲਾਵੇ ਵਾਲੀ ਰਾਤ ਵਰਗੀ ਹੁੰਦੀ ਐ।"




ਸੰਗੀਤਕਾਰ ਚਰਨਜੀਤ ਅਹੂਜਾ ਦੇ ਲਫਜ਼ ਹਨ, "ਅਸ਼ੋਕ ਦੇ ਜਦੋਂ ਮੈਂ ਸਰਦੂਲ ਸਿਕੰਦਰ ਦੀ ਆਵਾਜ਼ ਵਿਚ ਗੀਤ ਰਿਕਾਰਡ ਕੀਤੇ ਤਾਂ ਹੈਰਾਨ ਸਾਂ ਕਿ ਉਹ ਗਾਣੇ ਵੀ ਲਿਖ ਲੈਂਦਾ ਹੈ।"



ਐਸ. ਅਸ਼ੋਕ ਭੌਰਾ

ਲੁਧਿਆਣੇ ਪ੍ਰੋ. ਮੋਹਨ ਸਿੰਘ ਮੇਲੇ 'ਤੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਕਿਹਾ, "ਭੌਰਾ ਕਿਤੇ ਨਾਵਲ ਲਿਖਣ ਲੱਗ ਜਾਵੇ ਤਾਂ ਸਾਰੇ ਨਾਵਲਾਂ 'ਤੇ ਫਿਲਮਾਂ ਬਣ ਜਾਣਗੀਆਂ।"

ਥਰੀਕਿਆਂ ਵਾਲਾ ਦੇਵ ਉਹਨੂੰ "ਮਹਾਨ ਲਿਖਾਰੀ" ਆਖਦੈ, ਬਾਬੂ ਸਿੰਘ ਮਾਨ ਦੀਆਂ ਨਜ਼ਰਾਂ ਵਿਚ ਉਹ "ਤੇਰਾਂ ਕਲਾਂ ਸੰਪੂਰਨ" ਹੈ, ਚਰਨ ਸਿੰਘ ਸਫਰੀ ਕਹਿੰਦਾ ਹੁੰਦਾ ਸੀ, "ਅਸ਼ੋਕ ਗਾਇਕੀ ਲਈ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਐ।"

ਜਦੋਂ 'ਤਾਰਾ-ਰਾ ਰਾ' ਨਾਲ ਦਲੇਰ ਮਹਿੰਦੀ ਅੱਗੇ ਨਿਕਲਿਆ ਤੇ ਉਹਦੀ ਘਰ ਵਾਲੀ ਕਹਿਣ ਲੱਗੀ, "ਗਾਇਕ ਤਾਂ ਮੰਨੂ ਜੇ ਤੇਰੇ ਬਾਰੇ ਕਿਤੇ ਅਸ਼ੋਕ ਭੌਰਾ ਲਿਖੇ।"

ਪ੍ਰਿੰਸੀਪਲ ਸਰਵਣ ਸਿੰਘ (ਖੇਡ ਲਿਖਾਰੀ) ਨੇ ਇਕ ਵਾਰ ਕਿਹਾ ਸੀ, "ਭੌਰੇ ਦੀਆਂ ਹਕੀਮਪੁਰ ਤੇ ਮੰਨਣਹਾਣੇ ਦੇ ਕੁਸ਼ਤੀ ਦੰਗਲ ਦੀਆਂ ਰਿਪੋਰਟਾਂ ਪੜ੍ਹ ਕੇ ਵੇਖਿਓ ਬਿਨ ਪੀਤਿਓਂ ਨਸ਼ਾ ਚੜ੍ਹ ਜੂ।"

ਬਰਜਿੰਦਰ ਸਿੰਘ ਹਮਦਰਦ ਦੇ ਲਫ਼ਜ਼ ਹਨ, "ਅਸ਼ੋਕ ਭੌਰਾ ਮੇਰਾ ਪੁੱਤਰ ਵੀ ਹੈ ਤੇ ਭਰਾ ਵੀ।"

ਤੇ ਹੁਣ ਦੱਸੋ ਮੈਂ ਕੀਹਦਾ ਕੀਹਦਾ ਮਾਣ ਰੱਖ ਲਾਂ?

ਕੁਝ ਸਮਾਂ ਪਹਿਲਾਂ ਦਿੱਲੀ ਦੂਰਦਰਸ਼ਨ ਦੇ ਕੌਮੀ ਪ੍ਰਸਾਰਣ ਵਿਚ ਮੁਲਾਕਾਤ ਕਰਦੀ ਕੁੜੀ ਦੇ ਇਕ ਸਵਾਲ ਦੇ ਜੁਆਬ ਵਿਚ ਅਸ਼ੋਕ ਭੌਰੇ ਨੇ ਕਿਹਾ, "ਮੈਂ 42 ਸਾਲਾਂ ਦਾ ਹਾਂ। 17 ਸਾਲ ਪੜ੍ਹਦਾ ਰਿਹਾ। 23 ਸਾਲ ਪੜ੍ਹਾਉਂਦਾ ਰਿਹਾ, 4 (ਹੁਣ 5) ਕਿਤਾਬਾਂ ਲਿਖਤੀਆਂ, 7 ਸਾਲ ਸ਼ੌਂਕੀ ਮੇਲਾ ਲਾ'ਤਾ, ਦਸ ਹਜ਼ਾਰ ਤੋਂ ਉਪਰ ਲੇਖ ਲਿਖ ਤੇ, 400 ਤੋਂ ਵਧ ਗੀਤ, 24 ਦੇਸ਼ ਦੇਖ ਲਏ, 70 ਵਾਰ ਜਹਾਜ਼ ਚੜ੍ਹ ਆਇਆਂ, ਦੋ ਮੇਰੇ ਬੇਟੇ ਆ ਇਕ ਵਿਆਨਾ ਪੜ੍ਹਦੈ ਤੇ ਦੂਜਾ ਪੰਜਾਬ ਮੈਡੀਕਲ ਕਰਦੈ। 18 ਸਾਲ ਵਿਆਹ ਨੂੰ ਹੋ ਗਏ, 234 ਦੂਰਦਰਸ਼ਨ ਤੇ 173 ਰੇਡੀਓ ਸਟੇਸ਼ਨ ਤੋਂ ਪ੍ਰੋਗਰਾਮ ਕਰਤੇ, ਤਿੰਨ ਸੌ ਤੋਂ ਵਧ ਸਟੇਜਾਂ 'ਤੇ ਹਾਲੇ ਚਰਖਾ ਕੱਤ ਰਿਹਾਂ। ਉਹ ਵਿਚਾਰੀ ਹੈਰਾਨ ਹੋ ਕੇ ਪੁੱਛਣ ਲੱਗੀ, "ਇਨੀ ਉਮਰ 'ਚ ਇਹ ਕਿਵੇਂ?" ਭੌਰੇ ਦਾ ਜਵਾਬ ਸੀ, "ਪਤਾ ਮੈਨੂੰ ਵੀ ਨਹੀਂ, ਉਪਰ ਆਲਾ ਜਾਣੇ।"

ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਨੇ ਜਦੋਂ ਉਹਦੀ ਕਿਤਾਬ 'ਭਾਰਤ ਦੇ ਮਹਾਨ ਸੰਗੀਤਕਾਰ' ਪੜ੍ਹੀ ਤਾਂ ਕਹਿਣ ਲੱਗਾ, "ਅਸ਼ੋਕ ਦੀਆਂ ਲਿਖਤਾਂ ਦਾ ਮੈਂ ਦੀਵਾਨਾ ਹਾਂ, ਵਾਰਤਕ ਵਿਚ ਵੀ ਉਹ ਸੰਗੀਤ ਦੀ ਗੱਲ ਕਰਦਿਆਂ ਸੁਰ-ਤਾਲ ਤੇ ਰੁਦਰ ਅਖੀਰ ਤੱਕ ਨਿਭਾਉਂਦਾ ਹੈ ਪਰ ਹੱਕਾ-ਬੱਕਾ ਇਸ ਕਰਕੇ ਰਹਿ ਜਾਨਾਂ ਕਿ ਮਕੈਨੀਕਲ ਇੰਜੀਨੀਅਰਿੰਗ ਵਿਚ ਮਾਸਟਰ ਡਿਗਰੀ ਵਾਲਾ ਬੰਦਾ ਤਾਨਪੁਰੇ ਦੀਆਂ ਬਾਤਾਂ ਕਿਵੇਂ ਪਾ ਲੈਂਦੈ?"

ਜਿਹੜੇ ਉਹਨੂੰ ਸਿਰਫ ਪੱਤਰਕਾਰ, ਲੇਖਕ ਤੇ ਬੁਲਾਰੇ ਵਜੋਂ ਜਾਣਦੇ ਨੇ ਉਹ ਸੋਚਦੇ ਨੇ ਕਿ ਸ਼ਾਇਦ ਉਹਦੀ ਫੁੱਲ ਟਾਈਮ ਜਾਬ ਇਹੋ ਹੈ ਪਰ ਅਸਲ 'ਚ ਉਹ ਸਰਕਾਰੀ ਸਕੂਲ 'ਚ ਮਾਸਟਰ ਲੱਗਾ ਹੋਇਐ (ਸੀ), ਇਹਦਾ ਪਤਾ ਡੀ. ਸੀ. ਕ੍ਰਿਸ਼ਨ ਕੁਮਾਰ ਨੂੰ ਵੀ ਉਦੋਂ ਲੱਗਾ ਜਦੋਂ ਉਹਨੇ ਬੰਗਾ ਸ਼ਹਿਰ ਦੇ ਸਰਕਾਰੀ ਸਕੂਲ 'ਚ ਉਹਨੂੰ ਬਾਰ੍ਹਵੀਂ ਜਮਾਤ ਨੂੰ ਪੰਜਾਬੀ ਪੜ੍ਹਾਉਂਦਿਆਂ ਵੇਖਿਆ। ਇਕ ਵਾਰ ਕਿਸੇ ਨੇ ਜ਼ਿਲ੍ਹੇ ਦੇ ਮੁੱਖ ਸਿੱਖਿਆ ਅਫਸਰ ਨੂੰ ਪੁੱਛਿਆ, ਅਸ਼ੋਕ ਸਕੂਲ ਵੜਦੈ? ਉਹਦਾ ਜੁਆਬ ਸੀ, "ਬੈਂਕਾਂ ਆਲੇ ਤੇ ਪੁਲੀਸ ਆਲੇ ਵੀ ਖਿਡਾਰੀ ਪਾਲਦੇ ਆ, ਜੇ ਅਸ਼ੋਕ ਵਰਗਾ ਹੁਨਰੀ ਮੁੰਡਾ ਸਿੱਖਿਆ ਵਿਭਾਗ 'ਚ ਹੈ ਤਾਂ ਇਹ ਮਾਣ ਵਾਲੀ ਗੱਲ ਹੈ।" ਉਸ ਦੇ ਨਾਲ ਦੇ ਦੱਸਦੇ ਹਨ, ਉਹ ਸਕੂਲ ਘੱਟ ਵੜੇ ਜਾਂ ਵਧ ਪਰ ਹਾਲੇ ਤੀਕਰ ਇਹ ਰਿਕਾਰਡ ਹੈ ਕਿ ਉਹਦਾ ਪੜ੍ਹਾਇਆ ਨਿਆਣਾ ਇਕ ਵੀ ਫੇਲ੍ਹ ਨੀ ਹੋਇਆ।

ਅਸ਼ੋਕ ਭੌਰੇ ਨੇ ਨਰਿੰਦਰ ਬੀਬਾ ਸੁਰਿੰਦਰ ਕੌਰ ਤੋਂ ਲੈ ਕੇ ਲਤਾ ਮੰਗੇਸ਼ਕਰ ਤੇ ਮੈਡੋਨਾ ਤੱਕ ਮੁਲਾਕਾਤ ਕਰਕੇ ਲਿਖਿਆ। ਚਮਕੀਲੇ ਤੋਂ ਮਾਈਕਲ ਜੈਕਸਨ ਤੱਕ ਲਿਖਣ ਵਾਲਾ ਵੀ ਭੌਰਾ ਹੀ ਹੈ। ਢਾਡੀ ਚਰਨ ਸਿੰਘ ਆਲਮਗੀਰ ਤੋਂ ਲੈ ਕੇ ਸੋਹਣ ਸਿੰਘ ਸੀਤਲ ਤੱਕ ਅਸ਼ੋਕ ਹੀ ਲਿਖ ਸਕਦੈ। ਸਬੂਤ 'ਪੰਜਾਬ ਦੇ ਢਾਡੀ' ਕਿਤਾਬ ਹੈ। ਫਿਰੋਜ਼ਦੀਨ ਸ਼ਰਫ ਤੋਂ ਬਚਨ ਬੇਦਿਲ ਤੱਕ ਗੀਤਕਾਰਾਂ ਦੀਆਂ ਕਹਾਣੀਆਂ 'ਤੇ ਉਹਨੇ ਕਿਤਾਬ ਲਿਖੀ 'ਕਲਮਾਂ ਦੇ ਸਿਰਨਾਵੇਂ'।

ਇਮਰਾਨ ਖਾਨ, ਮੁਹੰਮਦ ਅਜ਼ਹਰੂਦੀਨ, ਸਚਿਨ ਤੇ ਫੁੱਟਬਾਲਰ ਇੰਦਰ ਸਿੰਘ, ਜਰਨੈਲ ਸਿੰਘ ਪਨਾਮ ਤੇ ਹਾਕੀ ਆਲੇ ਸੁਰਜੀਤ ਬਾਰੇ ਵੀ ਖੇਡ ਜਗਤ 'ਚ ਚੰਗਾ ਲਿਖਿਐ। ਉਹਨੇ ਢਾਡੀਆਂ, ਕਵੀਸ਼ਰਾਂ, ਗੀਤਕਾਰਾਂ, ਗਾਇਕਾਂ, ਸੰਗੀਤਕਾਰਾਂ, ਸਾਜਾਂ ਬਾਰੇ ਤਾਂ ਰੱਜ ਕੇ ਲਿਖਿਆ ਹੀ ਹੈ ਪਰ ਹੋਰ ਕੋਈ ਵੀ ਵਿਸ਼ਾ ਉਹਨੇ ਛੱਡਿਆ ਕੋਈ ਨਹੀਂ। ਸਾਇੰਸ, ਸਿੱਖਿਆ, ਵਪਾਰ, ਰਾਜਨੀਤੀ ਬਾਰੇ ਲਿਖ ਲੈਂਦਾ ਹੈ। ਉਹ ਮਸ਼ਕਰੀ 'ਚ ਕਹੇਗਾ, "ਅਸੀਂ ਤਾਂ ਕਰਿਆਨੇ ਦੀ ਦੁਕਾਨ ਖੋਲ੍ਹੀ ਹੈ ਲਿਖਣ ਦੀ, ਜਿਹੜਾ ਮਰਜ਼ੀ ਸੌਦਾ ਲੈ ਜੇ।"

ਦੁਰਗੇ ਰੰਗੀਲੇ ਦਾ 'ਰੰਗਲੇ ਤੋਤੇ ਨੇ ਛਾਲ ਗੁੱਸੇ ਵਿਚ ਮਾਰੀ', ਕੁਲਦੀਪ ਮਾਣਕ ਦਾ 'ਕਿੱਸਾ ਡਾਕੂ ਹਰਫੂਲ ਸਿੰਘ', ਨੂਰੀ ਦਾ 'ਸੱਪ ਬਾਰੀ ਵਿਚੋਂ ਸਾਹ ਦੇਵੇ', ਸਰਦੂਲ ਦਾ 'ਬਿਸ਼ਨ ਕੌਰ ਭਾਬੀ', ਪ੍ਰਵੀਨ ਭਾਰਟਾ ਦਾ 'ਮਾਹੀ ਦੀਏ ਮੂਰਤੇ' ਅਤੇ ਪ੍ਰਮਿੰਦਰ ਸੰਧੂ ਦਾ 'ਪਿੱਪਲਾਂ ਦੇ ਟਾਹਣ ਹਿੱਲਦੇ' ਗੀਤ ਅਸ਼ੋਕ ਭੌਰੇ ਦੇ ਲਿਖੇ ਹੋਏ ਹਨ। ਉਹ ਆਪਣਾ ਢਿੱਡ ਨੰਗਾ ਕਿਵੇਂ ਕਰਦੈ, "ਮੈਨੂੰ ਖੁਸ਼ੀ ਹੈ ਕਿ ਮੈਂ ਕੁਲਦੀਪ ਮਾਣਕ ਨਾਲ ਬੜੇ ਜਾਮ ਖੜਕਾਏ ਪਰ ਮੈਨੂੰ ਮਾਣ ਹੈ ਕਿ ਪੈਗ ਮੈਂ ਮਾਈ ਮੋਹਣੋ ਜਾਣੀ ਕਿ ਜਗਮੋਹਣ ਕੌਰ ਨਾਲ ਵੀ ਪੀਤੈ। ਵਿਕਾਸ ਜਿੰਨਾ ਕਰੋਗੇ ਵਿਰੋਧ ਉਨਾ ਹੀ ਵਧੇਗਾ ਤੇ ਵਿਰੋਧ ਬਿਨਾ ਵਿਕਾਸ ਹੁੰਦਾ ਹੀ ਨਹੀਂ। ਇਸ ਲਈ ਹੋ ਸਕਦੈ ਮੇਰੇ ਪ੍ਰਸ਼ੰਸਕਾਂ, ਪਾਠਕਾਂ, ਹਿਤੈਸ਼ੀਆਂ, ਮਿੱਤਰਾਂ ਨਾਲੋਂ ਵਿਰੋਧੀਆਂ, ਈਰਖਾਲੂਆਂ ਤੇ ਜ਼ਹਿਰ ਉਗਲਣ ਵਾਲਿਆਂ ਦੀ ਗਿਣਤੀ ਵੀ ਸ਼ਾਇਦ ਵਧ ਹੋਵੇ।"

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਭੌਰੇ ਨੇ ਜੋ ਖੱਟਿਆ-ਵੱਟਿਆ ਹੈ ਉਹ ਵਾਧੂ ਗੁਣਾਂ ਨਾਲ ਹੀ ਹਥਿਆਇਆ ਹੈ। ਉਹਦੇ ਵਰਗੇ ਮਕੈਨੀਕਲ ਇੰਜੀਨੀਅਰ ਹੋਰ ਬੜੇ ਨੇ। ਉਹ ਮੰਨਦੈ ਕਿ ਮੈਂ 27 ਦੇਸ਼ ਆਪਣੀ ਲਿਖਣ ਕਲਾ ਕਰਕੇ ਵੇਖੇ ਨੇ। ਉਹਨੇ ਕਸ਼ਮੀਰ ਨਹੀਂ ਵੇਖਿਆ ਸਵਿਟਜ਼ਰਲੈਂਡ ਦੀ ਸੁੰਦਰਤਾ ਰੱਜ ਕੇ ਵੇਖ ਲਈ ਹੈ, ਉਹ ਯੂ.ਐਨ.ਓ. 'ਚ ਭਾਸ਼ਣ ਦੇ ਆਇਐ, ਜਿਨ੍ਹਾਂ ਨੇ ਉਹਦੇ ਏਡਜ਼ ਬਾਰੇ ਲੇਖ ਪੜ੍ਹੇ ਨੇ ਉਹ ਉਹਨੂੰ ਡਾਕਟਰ ਹੀ ਸਮਝੀ ਜਾਂਦੇ ਨੇ, ਕਈ ਵਿਗਿਆਨੀ ਤੇ ਕਈ ਸਟੇਜ ਦਾ ਧਨੀ।

ਜਿਨ੍ਹਾਂ ਲੋਕਾਂ ਨੇ ਮਾਹਿਲਪੁਰ ਦਾ ਸ਼ੌਂਕੀ ਮੇਲਾ ਵੇਖਿਆ ਹੈ ਉਹੀ ਜਾਣਦੇ ਨੇ, ਉਹ ਕਿੱਡਾ ਵੱਡਾ ਪ੍ਰਬੰਧਕ ਹੈ ਜਦੋਂ ਸਾਰਾ ਪ੍ਰਸ਼ਾਸਨ ਉਹਦੇ ਪਿੱਛੇ ਤੁਰਿਆ ਫਿਰਦਾ ਸੀ। ਜਦੋਂ ਸਰਕਾਰ ਨੂੰ ਮੇਲੇ 'ਤੇ ਛੁੱਟੀ ਕਰਨੀ ਪਈ। ਵਰਦੀਆਂ ਗੋਲੀਆਂ 'ਚ ਉਹਨੂੰ ਸੁਰੱਖਿਆ ਘੇਰਾ ਦਿੱਤਾ ਜਾਂਦਾ ਰਿਹਾ, ਢਾਡੀ ਅਮਰ ਸਿੰਘ ਸ਼ੌਂਕੀ ਨੂੰ ਮੁੜ ਕੇ ਅਮਰ ਕਰਨ ਵਾਲਾ ਭੌਰਾ ਹੀ ਹੈ। ਉਹਦੇ ਮੇਲੇ 'ਚ ਭੌਰੇ ਦੇ ਸੱਦੇ 'ਤੇ ਗਵਰਨਰ ਤੇ ਉਹਦੇ ਸਲਾਹਕਾਰ ਆਉਂਦੇ ਰਹੇ ਤੇ ਇਕ ਵਾਰ ਤਤਕਾਲੀਨ ਖੇਤੀਬਾੜੀ ਮੰਤਰੀ ਹੁੰਦਿਆਂ ਜਦੋਂ ਦਿਲਬਾਗ ਸਿੰਘ ਆਏ ਤਾਂ 'ਕੱਠ ਤੇ ਕਲਾਕਾਰ ਵੇਖ ਕੇ ਕਹਿਣ ਲੱਗੇ, "ਅੱਜ ਮੈਨੂੰ ਪਤਾ ਲੱਗਾ ਮੇਰੇ ਪਿੰਡ ਦਾ ਮੁੰਡਾ ਅਖ਼ਬਾਰਾਂ ਹੀ ਲਿਖ ਲਿਖ ਕੇ ਨਹੀਂ ਭਰਦਾ, ਏਨੇ ਵੱਡੇ 'ਕੱਠ ਵੀ ਕਰ ਲੈਂਦੈ। ਮੈਂ ਉਹਦੀ ਹਿੰਮਤ ਤੇ ਕੰਮ ਕਰਨ ਦੀ ਸਮਰੱਥਾ ਨੂੰ ਅਸ਼ੀਰਵਾਦ ਦੇਨੈਂ।"

ਉਹਦੀ ਜ਼ਿੰਦਗੀ ਵਿਚ ਦੁੱਖ ਇਹ ਰਿਹੈ ਕਿ ਉਹਦਾ ਨਿੱਕੇ ਹੁੰਦੇ ਦਾ ਬਾਪ ਰਾਮ ਦਿੱਤਾ ਤੁਰ ਗਿਆ ਤੇ ਪਿਓ ਆਲਾ ਪਿਆਰ ਫਿਰ ਮਾਂ ਪ੍ਰਕਾਸ਼ ਕੌਰ ਦੀ ਮਮਤਾ 'ਚੋਂ ਹੀ ਮਿਲਿਆ ਤੇ ਉਹ ਖੁਸ਼ ਹੈ ਕਿ ਉਹਦੀ ਮਾਂ 95 ਵਰ੍ਹਿਆਂ ਦੀ ਹੋ ਕੇ ਵੀ ਚੜ੍ਹਦੀ ਕਲਾ 'ਚ ਹੈ (ਹੁਣ ਮਾਤਾ ਇਸ ਜਹਾਨ 'ਤੇ ਨਹੀਂ ਰਹੀ) ਤੇ ਉਹ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸ਼ਗਨ ਆਪਣੀ ਪਤਨੀ ਕਸ਼ਮੀਰ ਕੌਰ ਤੇ 'ਅਜੀਤ' ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਦੀ ਝੋਲੀ ਵਿਚ ਹੀ ਪਾਉਂਦਾ ਹੈ।



ਐਸ. ਅਸ਼ੋਕ ਭੌਰਾ ਆਪਣੀ ਪਤਨੀ ਕਸ਼ਮੀਰ ਕੌਰ ਅਤੇ ਪੁੱਤਰਾਂ ਮਨਵੀਰ ਭੌਰਾ ਤੇ ਅਨਮੋਲ ਭੌਰਾ ਨਾਲ

ਉਹਦੇ ਲਈ ਬਰਜਿੰਦਰ ਸਿੰਘ ਪਿਓ ਸਮਾਨ ਹੈ। ਕੋਈ ਸ਼ੱਕ ਨਹੀਂ ਕਿ ਜਲੰਧਰ ਦੂਰਦਰਸ਼ਨ ਨੇ ਭੌਰੇ ਦੇ ਕੱਦ ਦਾ ਪੈਮਾਨਾ ਬਹੁਤ ਵੱਡਾ ਕੀਤੈ। ਸਤਿੰਦਰ ਸੱਤੀ ਤੋਂ ਪਹਿਲਾਂ 'ਲਿਸ਼ਕਾਰਾ' ਉਹੀ ਪੇਸ਼ ਕਰਦਾ ਸੀ। ਉਹਨੇ ਆਪ 'ਰੰਗਲੀ ਧਰਤ ਪੰਜਾਬ ਦੀ' ਅਤੇ ਬੱਚਿਆਂ ਦਾ ਪ੍ਰੋਗਰਾਮ 'ਛਾਈਆਂ-ਮਾਈਆਂ' ਤਿਆਰ ਕਰਕੇ ਪੇਸ਼ ਕੀਤੇ ਤੇ 2006 ਦਾ ਨਵੇਂ ਵਰ੍ਹੇ ਦਾ ਪ੍ਰੋਗਰਾਮ ਇਸੇ ਕੇਂਦਰ ਤੋਂ 'ਛਣਕਾਟਾ ਪੈਂਦਾ ਗਲੀ ਗਲੀ' ਚਲਾਉਣ ਵਾਲਾ ਵੀ ਅਸ਼ੋਕ ਭੌਰਾ ਹੀ ਸੀ।

ਸਾਡਾ ਸਮਾਜ ਵਧ ਉਮਰ ਦੇ ਪੁਰਸ਼ ਤੇ ਘੱਟ ਉਮਰ ਦੀ ਇਸਤਰੀ ਦੇ ਸਬੰਧਾਂ ਨੂੰ ਸਵਿਕਾਰ ਨਹੀਂ ਕਰਦਾ। ਇਹ ਰਿਸ਼ਤੇ ਅਕਸਰ ਹਾਸੇ ਮਖੌਲ ਤੇ ਤਰਸ ਦੇ ਪਾਤਰ ਬਣਦੇ ਹਨ ਪਰ ਕਮਾਲ ਵੇਖੋ ਕਿ ਆਪਣੀ ਉਮਰ ਤੋਂ ਵੱਡੇ ਕੰਮਾਂ ਨਾਲ ਫੇਰੇ ਲੈਣ ਵਾਲਾ ਭੌਰਾ ਪ੍ਰਵਾਨਿਤ ਹੈ ਤੇ ਇਨ੍ਹਾਂ ਸ਼ਗਨਾਂ ਦਾ ਬੁਗਚੂ ਵੱਜੀ ਜਾ ਰਿਹਾ ਹੈ।

ਭੌਰੇ ਨੂੰ ਜੇ ਕਦੇ ਪੁੱਛੋ ਕਿ ਉਸ ਦੇ ਨਾਂ ਅੱਗੇ 'ਐਸ.' ਕੀ ਹੈ? ਤਾਂ ਉਹਦਾ ਲੜ ਸਿਰਾ ਘੱਟ ਹੀ ਫੜਾਉਂਦੈ ਪਰ ਸੁਣਨ ਵਿਚ ਇਹ ਆਇਆ ਹੈ ਕਿ ਇਹ ਵਾਦਨ ਪਿਆਰ ਦੀ ਪੀਂਘ 'ਚੋਂ ਧਮਾਲ ਨਾਲ ਜੁੜਿਆ ਹੈ। ਇਹ ਐਸ. ਕੌਣ ਹੈ, ਕੌਣ ਨਹੀਂ, ਇਹਦੇ ਬਾਰੇ ਉਹਦੀ ਵਹੁਟੀ ਕਸ਼ਮੀਰ ਨੂੰ ਵੀ ਨਹੀਂ ਪਤਾ। ਜੇ ਨਿਮਰਤਾ, ਸਾਦਗੀ, ਸਬਰ, ਸੰਤੋਖ, ਸੰਜਮ ਦੇ ਗੁਣ ਸਿਖਣੇ ਹਨ ਤਾਂ ਭੌਰੇ ਦੇ ਕਲਾਵੇ 'ਚ ਵੜ ਕੇ ਵੇਖਿਓ ਉਹ ਗਰਮ ਲੋਹੇ ਨੂੰ ਵੀ ਠੰਡਾ ਸੀਤ ਕਰਨਾ ਜਾਣਦੈ।


ਨਵਾਂ ਸ਼ਹਿਰ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਭੌਰੇ ਦਾ ਵੱਡੇ ਕੱਦ ਵਾਲਾ ਭੌਰਾ ਮੰਨਦੈ ਕਿ ਮੈਂ ਨਿੱਕੀ ਉਮਰੇ ਜ਼ਿੰਦਗੀ ਦਾ ਜੋਬਨ ਵੀ ਵੇਖਿਆ ਹੈ। ਦਰਦ ਵੀ, ਜੰਮਦੇ ਵੀ ਵੇਖੇ ਨੇ ਮਰਦੇ ਵੀ, ਅਮਿਤੋਜ ਨਾਲ ਯਾਰੀ ਪਾਲੀ ਐ, ਪਾਸ਼ ਨਾਲ, ਸ਼ਮਸ਼ੇਰ ਨਾਲ ਤੇ ਸੰਤ ਰਾਮ ਉਦਾਸੀ ਨਾਲ ਵੀ। ਚਿੱਠੀਆਂ ਉਹ ਵੀ ਆਈਆਂ ਨੇ ਜਿਨ੍ਹਾਂ 'ਚ ਲਿਖਿਆ ਹੁੰਦਾ ਹੈ, ਅਸ਼ੋਕ ਮੈਂ ਤੈਨੂੰ ਪਿਆਰ ਕਰਦੀ ਆਂ ਚੱਲ ਬੈਡ ਰੂਮ 'ਚ ਜਾਣ ਤੋਂ ਪਹਿਲਾਂ ਲਾਵਾਂ ਲਈਏ। ਤੇ ਖ਼ਤਰਨਾਕ ਖ਼ਤ ਵੀ ਮਿਲੇ ਹਨ 'ਤੇਰੇ ਢੂਹੇ ਚੀਂ ਗੋਲੀਆਂ ਲੰਘਾ ਦਿਆਂਗੇ।' ਅਜਿਹੇ ਤਿੰਨ ਸੌ ਸੋਲਾਂ ਖ਼ਤਾਂ ਨੂੰ ਉਹਨੇ ਕਿਤਾਬੀ ਰੂਪ 'ਚ ਛਾਪਣ ਦਾ ਯਤਨ ਵੀ ਕੀਤੈ। ਤੇ ਜਾਣਦਾ ਮੈਂ ਵੀ ਨਹੀਂ ਕਿ ਅੱਗ ਤੇ ਪਾਣੀ ਦਾ ਮੇਲ ਉਹ ਕਿਵੇਂ ਕਰਵਾਉਂਦਾ ਰਿਹਾ ਹੈ।

ਇਕ ਵਾਰ ਮੈਂ ਉਹਨੂੰ ਪੁੱਛਿਆ ਧੰਨਵਾਦ ਕੀਹਦਾ ਕਰੋਗੇ ਤਾਂ ਜੁਆਬ ਸੀ, "ਜੇ ਤੁਹਾਡੇ ਕੋਲ ਆਪਣਾ ਘਰ ਹੈ, ਜੀਵਨ ਅਰੋਗ ਹੈ, ਚਾਰ ਚੰਗੇ ਮਿੱਤਰ ਹਨ, ਵਹੁਟੀ ਚੰਗੀ ਐ, ਬੱਚੇ ਹੋਣਹਾਰ ਨੇ, ਭੋਜਨ ਮਨਪਸੰਦ ਮਿਲਦੈ, ਪੜ੍ਹਨ-ਲਿਖਣ ਦੀ ਯੋਗਤਾ ਹੈ ਤਾਂ ਮਾਲਕ ਦਾ ਧੰਨਵਾਦ ਕਰੋ ਕਿਉਂਕਿ ਤੁਸੀਂ ਆਮ ਨਹੀਂ, ਖਾਸ ਹੋ ਤੇ ਤੁਹਾਡੀ ਗਿਣਤੀ ਸੰਸਾਰ ਦੇ ਪਰਵੰਤੇ ਸੱਜਣਾਂ ਵਿਚ ਹੈ।" ਇਕ ਵਾਰ ਗੁਰਭਜਨ ਸਿੰਘ ਕਹਿਣ ਲੱਗਾ, "ਅਸ਼ੋਕ ਭੌਰੇ ਨੂੰ ਬਦਰੂਹਾਂ ਤੋਂ ਬਚਾਇਆ ਕਰੋ, ਇਹ ਬਦਰੂਹਾਂ ਹਰ ਮੋੜ 'ਤੇ ਖੜੀਆਂ ਮਿਲ ਜਾਂਦੀਆਂ ਹਨ।" ਪਰ ਅਸ਼ੋਕ ਦੀ ਟਿੱਪਣੀ ਸੀ, "ਮੈਂ ਤੰਗ ਗਲੀਆਂ 'ਚੋਂ ਲੰਘਦਾ ਹੀ ਨਹੀਂ।"

ਹਾਲੇ ਤੀਕਰ ਕੋਈ ਵੀ ਚੰਗੀ ਕਿਤਾਬ ਰੱਦੀ ਦੀ ਟੋਕਰੀ 'ਚੋਂ ਨਹੀਂ ਲੱਭੀ ਤੇ 'ਪੰਜਾਬ ਟਾਈਮਜ਼' ਵਿਚ ਛਪਣਾ ਸਾਡੇ ਸਾਰਿਆਂ ਲਈ ਮਾਣ ਹੈ। ਉਹਦੇ ਸ਼ਬਦਾਂ ਦੇ ਜਾਦੂ ਦੀ ਬੁਣਤੀ ਨੂੰ ਸਲਾਮ ਹੈ।

ਤੇ ਮੁਕਲਾਵੇ ਆਈ ਡੋਲੀ 'ਚੋਂ ਲੱਥਦੀ ਬਹੂ ਵਾਂਗ ਅਸ਼ੋਕ ਦੇ ਸਿਰ ਤੋਂ ਪਾਣੀ ਵਾਰ ਕੇ ਪੀ ਹੀ ਲੈਣਾ ਚਾਹੀਦੈ।

# ਸਵਰਨ ਸਿੰਘ ਟਹਿਣਾ ਦੀ ਪੁਸਤਕ 'ਅੰਬਰੋਂ ਟੁੱਟੇ ਤਾਰੇ' ਜਲਦ ਰਿਲੀਜ਼ ਹੋਵੇਗੀ




**ਜਲੰਧਰ:** ਦੇਸ਼-ਵਿਦੇਸ਼ ਦੇ ਅਖ਼ਬਾਰਾਂ, ਰਸਾਲਿਆਂ ਵਿਚ ਪੰਜਾਬੀ ਸੰਗੀਤ ਜਗਤ ਬਾਰੇ ਲਿਖਣ ਵਾਲੇ ਨੌਜਵਾਨ ਲੇਖਕ ਸਵਰਨ ਸਿੰਘ ਟਹਿਣਾ ਦੀ ਨਵੀਂ ਪੁਸਤਕ 'ਅੰਬਰੋਂ ਟੁੱਟੇ ਤਾਰੇ' ਜਲਦ ਰਿਲੀਜ਼ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਕਿਤਾਬ ਵਿਚ ਉਨ੍ਹਾਂ ਕਲਾਕਾਰਾਂ ਬਾਰੇ ਲੇਖ ਦਰਜ ਹਨ, ਜਿਹੜੇ ਇਸ ਜਹਾਨ ਤੋਂ ਰੁਖਸਤ ਹੋ ਚੁੱਕੇ ਹਨ ਪਰ ਉਨ੍ਹਾਂ ਨੇ ਆਪਣੀ ਗਾਇਕੀ, ਗੀਤਕਾਰੀ, ਅਦਾਕਾਰੀ ਜ਼ਰੀਏ ਕਲਾ ਜਗਤ ਨੂੰ ਖ਼ੂਬ ਅਮੀਰੀ ਪ੍ਰਦਾਨ ਕੀਤੀ। ਇਸ ਤੋਂ ਪਹਿਲਾਂ ਸ੍ਰੀ ਟਹਿਣਾ ਪੰਜ ਪੁਸਤਕਾਂ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਸ੍ਰੀ ਟਹਿਣਾ ਨੇ ਦੱਸਿਆ ਕਿ 'ਪੰਜਾਬੀ ਲੇਖਕ ਡਾਟ ਕਾਮ' ਵੱਲੋਂ ਛਾਪੀ ਗਈ ਇਸ ਪੁਸਤਕ ਵਿਚ ਪੰਦਰਾਂ ਕਲਾਕਾਰਾਂ ਬਾਰੇ ਲੇਖ ਦਰਜਨ ਹਨ ਜਿਨ੍ਹਾਂ ਵਿਚ ਆਸਾ ਸਿੰਘ ਮਸਤਾਨਾ, ਅਮਰ ਸਿੰਘ ਚਮਕੀਲਾ, ਇੰਦਰਜੀਤ ਹਸਨਪੁਰੀ, ਸਨਮੁਖ ਸਿੰਘ ਆਜ਼ਾਦ, ਸੁਰਜੀਤ ਗਾਮੀ, ਸੀਤਲ ਸਿੰਘ ਸੀਤਲ, ਪਰਮਿੰਦਰ ਸੰਧੂ, ਆਸੀ ਅਨਪੜ੍ਹ, ਸੁਰਜੀਤ ਬਿੰਦਰਖੀਆ, ਦਿਲਸ਼ਾਦ ਅਖ਼ਤਰ, ਕੁਲਵਿੰਦਰ ਢਿੱਲੋਂ, ਸੋਨੀ ਪਾਬਲਾ, ਗੁਰਮੀਤ ਨਾਗਰਾ ਤੇ ਨੀਲੇ ਖ਼ਾਨ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਪੁਸਤਕ ਅਗਲੇ ਹਫ਼ਤੇ ਤੱਕ ਮਾਰਕੀਟ ਤੱਕ ਅੱਪੜਦੀ ਹੋ ਜਾਵੇਗੀ। ਇਸ ਪੁਸਤਕ ਵਿਚ ਜਿੱਥੇ ਇਨ੍ਹਾਂ ਕਲਾਕਾਰਾਂ ਦੇ ਜੀਵਨ ਅਤੇ ਕਲਾ ਬਾਰੇ ਸੰਖੇਪ ਵਿਚ ਲਿਖਿਆ ਗਿਆ ਹੈ, ਉਥੇ ਇਨ੍ਹਾਂ ਕਲਾਕਾਰਾਂ ਦੀਆਂ ਰੰਗਦਾਰ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਪਹਿਲਾਂ ਤਵਿਆਂ ਵਾਲੇ ਯੁੱਗ ਦੇ ਮਹਾਨ ਕਲਾਕਾਰਾਂ ਬਾਰੇ ਲਿਖੀ ਉਨ੍ਹਾਂ ਦੀ ਪੁਸਤਕ 'ਸੁਰਾਂ ਦੇ ਵਾਰਿਸ' ਨੂੰ ਪਾਠਕਾਂ ਦਾ ਖ਼ੂਬ ਹੁੰਗਾਰਾ ਮਿਲਿਆ ਸੀ।

Are You Tired Of All Treatments?
Try
Homeopathic Natural Medicines [HNM]

Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.

EX Member:
☑ The California Homeopathic Society
☑ National Center For Homeopathy- USA

Serving Since 1973

Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116

Natural Medicines Medical Supply
☎ (510) 870 - 5045
(408) 729 – 6691
Fax: (408)292-6200
Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)

ਕੈਲੀਫੋਰਨੀਆ ਵਿਚ ਟੁਲੇਅਰ ਕਾਊਂਟੀ ਵਿਚ ਫਰੀਵੇ 99 ਉਤੇ

## ਦੋ ਮੋਟਲ ਲੀਜ਼ ਲਈ ਉਪਲਬਧ

1. ਦਸ ਯੂਨਿਟਾਂ, ਦਫਤਰ ਅਤੇ ਰਹਿਣ ਲਈ ਕੁਆਰਟਰ ਸਮੇਤ ਡਿਪਾਜ਼ਿਟ $35,000, ਮਾਹਵਾਰ ਕਿਰਾਇਆ $2500
2. 15 ਯੂਨਿਟ ਦਫਤਰ ਤੇ ਰਹਿਣ ਲਈ ਕੁਆਰਟਰ ਤੇ ਸਟੋਰੇਜ ਸਮੇਤ ਡਿਪਾਜ਼ਿਟ $50,000, ਮਾਸਿਕ ਕਿਰਾਇਆ $5,000

ਪਹਿਲੀ ਵਾਰ ਦੇ ਖਰੀਦਦਾਰ ਲਈ ਸੁਨਹਿਰੀ ਮੌਕਾ
ਸਿਰਫ ਗੰਭੀਰ ਖਰੀਦਦਾਰ ਹੀ ਸੰਪਰਕ ਕਰਨ

ਅਮਰੀਕ ਭੰਡਾਲ, ਫੋਨ:559-380-8888

## Indian Oven

11000, I-40 East, Amarillo Texas, 79118 (Exit 77, Right Hand Side)
Ph:1-806-335-3600



Breakfast, Lunch & Dinner (Buffet 11 to 3, Every Day)

ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂ ਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ

*ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ*

Easy Truck Parking, Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

FARMERS INSURANCE GROUP
Symbol of Superior Service

## FARMERS

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

# ਸੈਨ ਹੋਜ਼ੇ ਗਤਕਾ ਮੁਕਾਬਲਿਆਂ 'ਚ ਕੈਲੀਫੋਰਨੀਆ ਗਤਕਾ ਦਲ ਜੇਤੂ



**ਸੈਨ ਹੋਜ਼ੇ (ਬਿਊਰੋ):** ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਕਰਵਾਏ ਗਏ ਨੌਵੇਂ ਗਤਕਾ ਯੁੱਧ-2011 ਮੁਕਾਬਲਿਆਂ ਵਿਚ ਕੈਲੀਫੋਰਨੀਆ ਗਤਕਾ ਦਲ ਦੀ ਝੰਡੀ ਰਹੀ ਪਰ ਕੈਨੇਡਾ ਦੇ ਸਿੰਘ-ਸਿੰਘਣੀਆਂ ਨੇ ਵੀ ਕਿਸੇ ਗੱਲੋਂ ਕੋਈ ਕਸਰ ਨਹੀਂ ਛੱਡੀ ਅਤੇ ਫਸਵਾਂ ਮੁਕਾਬਲਾ ਕਰਦਿਆਂ ਬਰਾਬਰ ਦੀ ਟੱਕਰ ਦਿੱਤੀ। ਕੈਲੀਫੋਰਨੀਆ ਗਤਕਾ ਦਲ ਫਰਿਜ਼ਨੋ ਦਾ ਜਗਮੀਤ ਸਿੰਘ (ਉਮਰ 18 ਸਾਲ ਤੋਂ ਉਤੇ) ਫਰੀ ਸੋਟੀ ਦੇ ਸਭ ਤੋਂ ਔਖੇ ਤੇ ਫਸਵੇਂ ਮੁਕਾਬਲੇ ਵਿਚ ਬਾਜ਼ੀ ਮਾਰਦਿਆਂ ਯੁੱਧ-2011 ਦਾ ਜੇਤੂ ਬਣਿਆ। ਭਾਰਤ ਵਿਚ ਚਾਰ ਵਾਰ ਗੋਲਡ ਮੈਡਲ ਜੇਤੂ ਨਿਊ ਯਾਰਕ ਦੇ ਡਾ. ਓਂਕਾਰ ਸਿੰਘ ਇਸ ਮੁਕਾਬਲੇ ਵਿਚ ਦੂਜੇ ਅਤੇ ਫਰਿਜ਼ਨੋ ਦੇ ਹੀ ਇੰਜੀਨੀਅਰ ਅਮ੍ਰਿਤਪਾਲ ਸਿੰਘ ਤੀਜੇ ਸਥਾਨ 'ਤੇ ਰਹੇ।

ਅਠਾਰਾਂ ਸਾਲ ਤੋਂ ਵੱਧ ਉਮਰ ਦੇ ਵਰਗ ਵਿਚ ਕੈਨੇਡਾ ਤੋਂ ਖਾਲਸਾ ਸਕੂਲ ਸਰੀ ਬੀ.ਸੀ. ਦੀ ਵਿਦਿਆਰਥਣ ਬੀਬੀ ਅੰਮ੍ਰਿਤ ਕੌਰ ਫਰੀ ਸੋਟੀ ਦੇ ਬੱਝਵੇਂ ਪਰ ਸੱਟਾਂ ਖਾ ਕੇ ਫੱਟੜ ਹੋਣ ਵਾਲੇ ਮੁਕਾਬਲੇ ਵਿਚ ਜੇਤੂ ਐਲਾਨੀ ਗਈ ਤੇ ਕੈਨੇਡਾ ਤੋਂ ਹੀ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਸਰੀ ਬੀ.ਸੀ. ਦੀ ਹੋਣਹਾਰ ਸਿਖਿਆਰਥਣ ਬੀਬੀ ਗੁਰਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀ।







ਫਰੀ ਸੋਟੀ ਦੇ 14 ਤੋਂ 17 ਸਾਲ ਦੇ ਉਮਰ ਵਰਗ ਦੇ ਮੁਕਾਬਲੇ ਵਿਚ ਕੈਲੀਫੋਰਨੀਆ ਗਤਕਾ ਦਲ ਅਲ ਸਬਰਾਂਟੇ ਦੇ ਅਮਨਦੀਪ ਸਿੰਘ ਪਹਿਲੇ ਤੇ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਸਰੀ ਬੀ.ਸੀ. ਦੇ ਸਿਮਰਨ ਸਿੰਘ ਦੂਜੇ ਸਥਾਨ 'ਤੇ ਰਹੇ। ਲੜਕੀਆਂ ਦੇ ਫਰੀ ਸੋਟੀ ਦੇ 13 ਤੋਂ 16 ਸਾਲ ਉਮਰ ਵਰਗ ਦੇ ਮੁਕਾਬਲਿਆਂ ਵਿਚ ਕੈਲੀਫੋਰਨੀਆ ਗਤਕਾ ਦਲ ਸਟਾਕਟਨ ਦੀ ਜੈਸਮੀਨ ਕੌਰ ਪਹਿਲੇ ਅਤੇ ਕੈਲੀਫੋਰਨੀਆ ਗਤਕਾ ਦਲ ਫਰਿਜ਼ਨੋ ਦੀ ਪ੍ਰਭਵੀਰ ਕੌਰ ਦੂਜੇ ਸਥਾਨ 'ਤੇ ਰਹੀ।



ਟੋਰਾਂਟੋ, ਕੈਨੇਡਾ ਦੇ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਦੇ ਭਾਈ ਮਨਰੂਪ ਸਿੰਘ ਦੋਹਰੀਆਂ ਕਿਰਪਾਨਾਂ ਘੁੰਮਾਉਣ ਦੇ ਕਲਾਕਾਰੀ ਮੁਕਾਬਲੇ ਵਿਚ ਪਹਿਲੇ ਅਤੇ ਕੈਲੀਫੋਰਨੀਆ ਗਤਕਾ ਦਲ ਰਿਵਰਸਾਈਡ ਦੇ ਸਤਨਾਮ ਸਿੰਘ ਦੂਜੇ ਸਥਾਨ 'ਤੇ ਰਹੇ। ਬੀਬੀਆਂ ਦੇ ਦੋਹਰੀਆਂ ਕਿਰਪਾਨਾਂ ਲਹਿਰਾਉਣ ਦੇ ਸੂਖ਼ਮ ਪਰ ਕਲਾਤਮਕ ਮੁਕਾਬਲੇ ਵਿਚ ਗੁਰਦੁਆਰਾ ਫਰੀਮਾਂਟ ਦੇ ਕੈਲੀਫੋਰਨੀਆ ਗਤਕਾ ਦਲ ਦੀ ਫਰੀਮਾਂਟ ਮਿਸਲ ਦੀ ਜਥੇਦਾਰ ਬੀਬੀ ਪੁਨੀਤ ਕੌਰ ਖ਼ਾਲਸਾ ਜੇਤੂ ਐਲਾਨੀ ਗਈ ਜਦੋਂਕਿ ਕੈਨੇਡਾ ਤੋਂ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਸਰੀ ਬੀ.ਸੀ. ਦੀ ਬੀਬੀ ਗੁਰਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀ।

ਬੀਬੀਆਂ ਦੇ ਇੱਕ ਕਿਰਪਾਨ ਘੁਮਾਉਣ ਦੇ 13 ਤੋਂ 16 ਸਾਲ ਉਮਰ ਵਰਗ ਦੇ ਮੁਕਾਬਲੇ ਵਿਚ ਕੈਲੀਫੋਰਨੀਆ ਗਤਕਾ ਦਲ, ਸਟਾਕਟਨ ਦੀ ਬੀਬੀ ਜਸਬੀਰ ਕੌਰ ਪਹਿਲੇ ਅਤੇ ਕੈਲੀਫੋਰਨੀਆ ਗਤਕਾ ਦਲ, ਅਲ ਸਬਰਾਂਟੇ ਦੀ ਬੀਬੀ ਅਮਨ ਕੌਰ ਰੰਧਾਵਾ ਦੂਜੇ ਸਥਾਨ 'ਤੇ ਰਹੀ। ਬਹੁਤ ਹੀ ਅਦਭੁੱਤ ਤਰੀਕੇ ਨਾਲ ਚਾਰੇ ਪਾਸੇ ਹੱਥਾਂ ਦੀ ਹੁਸ਼ਿਆਰੀ ਤੇ ਸਰੀਰ ਦੀ ਲਚਕ ਨਾਲ ਘੁੰਮਣ ਵਾਲੇ ਚੱਕਰ ਦੇ ਮੁਕਾਬਲੇ ਵਿਚ ਗੁਰਦੁਆਰਾ ਫਰੀਮਾਂਟ ਦੇ ਕੈਲੀਫੋਰਨੀਆ ਗਤਕਾ ਦਲ ਦੀ ਫਰੀਮਾਂਟ ਮਿਸਲ ਦੇ ਗੁਰਵਿੰਦਰ ਸਿੰਘ ਪਹਿਲੇ ਅਤੇ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਟੋਰਾਂਟੋ ਦੇ ਚਰਨਜੀਤ ਸਿੰਘ ਦੂਜੇ ਸਥਾਨ 'ਤੇ ਰਹੇ। ਮਰੱਠੀ ਦੇ 11 ਤੋਂ 14 ਸਾਲ ਦੇ ਸਿੰਘਣੀਆਂ ਦੇ ਮੁਕਾਬਲਿਆਂ ਵਿਚ ਕੈਲੀਫੋਰਨੀਆ ਗਤਕਾ ਦਲ ਦੀ ਫਰੀਮਾਂਟ ਮਿਸਲ ਦੀ ਮਹਿਤਾਬ ਕੌਰ ਖ਼ਾਲਸਾ ਪਹਿਲੇ ਤੇ ਕੈਲੀਫੋਰਨੀਆ ਗਤਕਾ ਦਲ ਫਰਿਜ਼ਨੋ ਦੀ ਮੰਗਲ ਕੌਰ ਦੂਜੇ ਨੰਬਰ 'ਤੇ ਰਹੀ।

ਮਰੱਠੀ ਦੇ ਸਿੰਘਾਂ ਦੇ 11 ਤੋਂ 14 ਸਾਲ ਉਮਰ ਵਰਗ ਦੇ ਮੁਕਾਬਲਿਆਂ ਵਿਚ ਕੈਲੀਫੋਰਨੀਆ ਗਤਕਾ ਦਲ ਰਿਵਰਸਾਈਡ ਦੇ ਸਰਤਾਜ ਸਿੰਘ ਪਹਿਲੇ ਤੇ ਕੈਲੀਫੋਰਨੀਆ ਗਤਕਾ ਦਲ ਅਲ ਸਬਰਾਂਟੇ ਦੇ ਇਕਜੋਤ ਸਿੰਘ ਦੂਜੇ ਸਥਾਨ ਤੇ ਰਹੇ। ਇਸ ਮੁਕਾਬਲੇ ਦੇ 8 ਤੋਂ 10 ਸਾਲ ਉਮਰ ਵਰਗ ਵਿਚ ਕੈਲੀਫੋਰਨੀਆ ਗਤਕਾ ਦਲ, ਰਿਵਰਸਾਈਡ ਦੀ ਜਪਲੀਨ ਕੌਰ ਪਹਿਲੇ ਅਤੇ ਤੇਗਪ੍ਰੀਤ ਸਿੰਘ ਦੂਜੇ ਸਥਾਨ 'ਤੇ ਰਹੇ। ਇਕ ਤੋਂ ਸੱਤ ਸਾਲ ਵਰਗ ਦੇ ਮਰੱਠੀ ਦੇ ਸਾਂਝੇ ਮੁਕਾਬਲਿਆਂ ਵਿਚ ਕੈਲੀਫੋਰਨੀਆ ਗਤਕਾ ਦਲ, ਰਿਵਰਸਾਈਡ ਦੇ ਅਮਨਦੀਪ ਸਿੰਘ ਪਹਿਲੇ ਤੇ ਕੈਲੀਫੋਰਨੀਆ ਗਤਕਾ ਦਲ, ਬੇਕਰਜ਼ਫੀਲਡ ਦੇ ਗੁਰਜੋਤ ਸਿੰਘ ਦੂਜੇ ਥਾਂ ਰਹੇ।

ਰੈਫਰੀ-ਜੱਜਾਂ ਦੀ ਸੇਵਾ ਭਾਈ ਰਾਜ ਸਿੰਘ ਫਰਿਜ਼ਨੋ, ਭਾਈ ਨਾਮਨਿਵਾਸ ਸਿੰਘ, ਭਾਈ ਸਨਮਿਤ ਸਿੰਘ ਵਾਸ਼ਿੰਗਟਨ ਡੀ.ਸੀ. ਤੇ ਭਾਈ ਪਰਮਜੀਤ ਸਿੰਘ ਨੇ ਨਿਭਾਈ। ਜੇਤੂਆਂ ਨੂੰ ਕੁੱਲ ਨੌ ਹਜ਼ਾਰ ਡਾਲਰ ਦੇ ਨਕਦ ਇਨਾਮ ਤੇ ਜੇਤੂ ਸ਼ੀਲਡਾਂ, ਤਗ਼ਮੇ, ਪਲੈਕ ਤੇ ਕੱਪ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ ਦਿੱਤੇ ਗਏ।

ਰੇਡੀਓ 'ਤੇ ਅਤੇ ਅਖਾੜੇ ਵਿਚ ਗਤਕਾ ਯੁੱਧ ਦਾ ਅੱਖੀਂ ਡਿੱਠਾ ਹਾਲ ਸੁਣਾਉਣ ਲਈ ਟੋਰਾਂਟੋ ਤੋਂ ਭਾਈ ਅਮਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨਾਲ ਕੈਲੀਫੋਰਨੀਆ ਗਤਕਾ ਦਲ, ਮਨਟੀਕਾ ਦੇ ਭਾਈ ਰਨਜੀਤ ਸਿੰਘ ਤੇ ਕੈਲੀਫੋਰਨੀਆ ਗਤਕਾ ਦਲ, ਅਲ ਸਬਰਾਂਟੇ ਦੇ ਜਥੇਦਾਰ ਭਾਈ ਦੀਦਾਰ ਸਿੰਘ ਨੇ ਸਾਂਝ ਪਾਈ ਜਿਸ ਦਾ ਚੜ੍ਹਦੀ ਕਲਾ ਰੇਡੀਓ ਤੋਂ ਸਿੱਧਾ ਪ੍ਰਸਾਰਨ ਹੁੰਦਾ ਰਿਹਾ। ਕਵੀਸ਼ਰ ਭਾਈ ਸਰਵਣ ਸਿੰਘ ਨੇ ਤਰੰਨਮ ਵਿਚ ਖਾਲਿਸਤਾਨੀ ਨਜ਼ਮਾਂ ਪੇਸ਼ ਕੀਤੀਆ। ਖਿਡਾਰੀਆਂ ਦੇ ਅੰਕਾਂ ਦਾ ਹਿਸਾਬ ਬੀਬੀ ਅੰਮ੍ਰਿਤ ਕੌਰ ਖਾਲਸਾ, ਬੀਬੀ ਬਿਨੈ ਕੋਰ, ਪੁਨੀਤ ਕੌਰ ਖਾਲਸਾ, ਹਰਰੂਪ ਕੌਰ ਤੇ ਜਥੇਦਾਰ ਬਲਜੀਤ ਸਿੰਘ ਹੁਰਾਂ ਰੱਖਿਆ। ਬਹੁਤ ਸਾਰੀਆਂ ਸੇਵਾਵਾਂ ਭਾਈ ਸੁਰਿੰਦਰ ਸਿੰਘ ਪੁਰੇਵਾਲ ਦੀ ਮੇਹਨਤ ਦਾ ਨਤੀਜਾ ਰਹੀਆਂ।

ਕੈਨੇਡਾ ਤੇ ਕੈਲੀਫੋਰਨੀਆ ਗਤਕਾ ਦਲ ਦੇ ਜਥੇਦਾਰਾਂ ਵਿਚ ਮੁੱਖ ਜਥੇਦਾਰ ਭਾਈ ਚਤਰ ਸਿੰਘ, ਜੱਸਾ ਸਿੰਘ, ਬਲਜੀਤ ਸਿੰਘ, ਹਰਪ੍ਰੀਤ ਸਿੰਘ, ਰਾਜ ਸਿੰਘ, ਨਿਸ਼ਾਨ ਸਿੰਘ, ਦੀਦਾਰ ਸਿੰਘ, ਸਨਮਿਤ ਸਿੰਘ, ਜਤਿੰਦਰਬੀਰ ਸਿੰਘ, ਡਾ. ਓਂਕਾਰ ਸਿੰਘ, ਗਿਆਨ ਸਿੰਘ ਕੈਨੇਡਾ, ਭਾਈ ਜਸਦੇਵ ਸਿੰਘ ਟੋਰਾਂਟੋ, ਜਸਪ੍ਰੀਤ ਸਿੰਘ, ਬੀਬੀ ਪੁਨੀਤ ਕੌਰ ਖਾਲਸਾ ਤੇ ਦਮਨਜੀਤ ਸਿੰਘ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਦੀ ਸੇਵਾ ਭਾਈ ਅਜੀਤ ਸਿੰਘ ਬੈਨੀਵਾਲ, ਭਾਈ ਸੁਖਦੇਵ ਸਿੰਘ ਬੈਨੀਵਾਲ ਤੇ ਭਾਈ ਸੁਰਿੰਦਰ ਸਿੰਘ ਪੁਰੇਵਾਲ ਨੇ ਨਿਭਾਈ।

ਜੇਤੂਆਂ ਨੂੰ ਕੁੱਲ ਨੌ ਹਜ਼ਾਰ ਡਾਲਰ ਦੇ ਨਕਦ ਇਨਾਮ ਤੇ ਜੇਤੂ ਸ਼ੀਲਡਾਂ, ਤਗ਼ਮੇ, ਪਲੈਕ ਤੇ ਕੱਪ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ ਦਿੱਤੇ ਗਏ।

ਲੰਗਰ ਅਤੁੱਟ ਵਰਤਦੇ ਰਹੇ ਤੇ ਪੀਜ਼ੇ ਵੰਡ ਹੁੰਦੇ ਰਹੇ, ਠੰਡੀਆਂ ਮਿੱਠੀਆਂ ਕੁਲਫੀਆਂ-ਕੇਲੇ, ਲੱਸੀ-ਦੁੱਧ ਦੇ ਰੰਗ ਲੱਗੇ ਰਹੇ, ਚਾਹ ਮੁਕੱਣ ਤੇ ਨਾਂ ਆਈ। ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵੱਲੋਂ ਯੁੱਧ-2011 ਲਈ ਬੜਾ ਸ਼ਾਨਦਾਰ ਤੇ ਢੁੱਕਵਾਂ ਤੰਬੂਆਂ, ਕੁਰਸੀਆਂ ਤੇ ਰੌਸ਼ਨੀ ਦਾ ਪ੍ਰਬੰਧ ਕੀਤਾ ਗਿਆ ਸੀ। ਗਤਕੇ ਦੇ ਵਿਲੱਖਣ ਨਜ਼ਾਰੇ ਤਕੱਣ ਲਈ ਟੋਰਾਂਟੋ, ਮਾਂਟਰੀਆਲ ਤੇ ਸਰੀ ਬੀ.ਸੀ. ਤੋਂ ਭਾਈ ਗਿਆਨ ਸਿੰਘ ਦੀ ਜਥੇਦਾਰੀ ਵਿਚ ਸੰਗਤਾਂ ਪਹੁੰਚੀਆਂ ਸਨ। ਬੇ-ਏਰੀਏ, ਲਾਸ ਏਂਜਲਸ, ਰਿਵਰਸਾਈਡ, ਬੇਕਰਜ਼ਫੀਲਡ, ਸਟਾਕਟਨ ਤੋਂ ਵੀ ਸੰਗਤਾਂ ਹਾਜ਼ਰ ਸਨ। ਪ੍ਰਬੰਧਕ ਕਮੇਟੀ ਵੱਲੋਂ ਭਾਈ ਸੁਖਦੇਵ ਸਿੰਘ ਬੈਨੀਵਾਲ ਤੇ ਉਨ੍ਹਾਂ ਦੇ ਬਜ਼ੁਰਗ ਪਿਤਾ ਭਾਈ ਅਜੀਤ ਸਿੰਘ ਬੈਨੀਵਾਲ ਨੇ ਦਿਨ ਰਾਤ ਸੇਵਾ ਨਿਭਾਈ। ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ, ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਬੀਬੀ ਕੰਵਲਜੀਤ ਕੌਰ, ਬਹਾਦਰ ਸਿੰਘ ਦਿਓਲ, ਗੁਰਬਖ਼ਸ਼ ਸਿੰਘ ਢਿੱਲੋਂ, ਗੁਰਦੇਵ ਸਿੰਘ ਕਲਸੀ, ਸੋਹਣ ਸਿੰਘ ਧਨੋਤਾ, ਮਹਿੰਦਰ ਸਿੰਘ ਤੱਖਰ ਤੇ ਹਰਭਜਨ ਸਿੰਘ ਜੌਹਲ ਅਤੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ, ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ, ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਡੀਨੇਟਰ ਡਾ. ਪ੍ਰਿਤਪਾਲ ਸਿੰਘ, ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ, ਡਾ. ਤਰਲੋਚਨ ਸਿੰਘ ਨਾਹਲ, ਭਾਈ ਗੁਰਮੇਲ ਸਿੰਘ ਬਾਠ, ਭਾਈ ਸਾਹਿਬ ਸਿੰਘ, ਸਰਬਜੋਤ ਸਿੰਘ ਸਵੱਦੀ, ਹਰਮਿੰਦਰ ਸਿੰਘ, ਪ੍ਰੀਤਮ ਸਿੰਘ ਜੋਗਾਨੰਗਲ, ਕਮਲਜੀਤ ਸਿੰਘ ਅਟਵਾਲ, ਗੁਰਬਚਨ ਸਿੰਘ ਰਾਣਾ, ਗੁਲਵਿੰਦਰ ਸਿੰਘ, ਬੀਬੀ ਸਰਬਜੀਤ ਕੌਰ ਚੀਮਾ, ਇਕਬਾਲ ਸਿੰਘ ਗਾਖਲ, ਅਮੋਲਕ ਸਿੰਘ ਗਾਖਲ, ਕਿਰਪਾਲ ਸਿੰਘ ਅਟਵਾਲ, ਬਰਿੰਦਰ ਸਿੰਘ ਮਨਟੀਕਾ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਮਨਟੀਕਾ, ਜਰਨੈਲ ਸਿੰਘ ਸੈਨ ਹੋਜ਼ੇ, ਜਸਵਿੰਦਰਪਾਲ ਸਿੰਘ, ਨਸੀਬ ਸਿੰਘ ਮਾਵੀ, ਰਵਿੰਦਰ ਸਿੰਘ ਰਿੰਪੀ, ਸਰਦੂਲ ਸਿੰਘ, ਭਾਈ ਮਨਸਾ ਸਿੰਘ, ਬਾਬਾ ਦਰਸ਼ਨ ਸਿੰਘ, ਝਲਮਣ ਸਿੰਘ ਉਪ ਪ੍ਰਧਾਨ ਗੁਰਦੁਆਰਾ ਸਾਹਿਬ ਅਲਸਬਰਾਂਟੇ, ਭਾਈ ਪਰਮਜੀਤ ਸਿੰਘ ਕਥਾਵਾਚਕ, ਬਲਰਾਜ ਸਿੰਘ ਟਰੇਸੀ, ਇੰਦਰਜੀਤ ਸਿੰਘ ਥਿੰਦ, ਰੇਡੀਓ ਚੜ੍ਹਦੀ ਕਲਾ ਦੇ ਗੁਰਚਰਨ ਸਿੰਘ ਮਾਨ ਆਦਿ ਹੋਰ ਬਹੁਤ ਸਾਰੇ ਸੱਜਣ ਇਨ੍ਹਾਂ ਮੁਕਾਬਲਿਆਂ ਦਾ ਨਜ਼ਾਰਾ ਤੱਕਣ ਲਈ ਪਹੁੰਚੇ। ਸੈਨ ਹੋਜ਼ੇ ਸ਼ਹਿਰ ਦੀ ਕੌਂਸਲਰ ਬੀਬੀ ਰੋਜ਼ ਹਰੈਰਾ ਵੀ ਹਾਜ਼ਰ ਹੋਏ।


Omni Video Productions
Professional Videography & Photography
of Bakersfield
For Booking & Information Contact :
Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com
*Weddings & Receptions *Anniversaries & Birthday Parties
*Stage Show & TV Ads *Interviews & Documentaries
CRANE SETUP
- Photography
- Studio Portraits
- Family Photos
- Business Photography
- Digital Photo Mixing
- Designed Wedding Albums
Quality & Creativity

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ

ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਅਤੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਨਾਲ ਪਵਿੱਤਰ ਕਰਨ ਆਈਆਂ ਗੁਰੂ ਰੂਪ ਸੰਗਤਾਂ ਨੂੰ

# ਖਾਲਸਾਈ ਜੀ ਆਇਆਂ ਨੂੰ





*ਸੰਗਤਾਂ ਦੀ ਚਰਨ ਧੂੜ*

ਦਲਬੀਰ ਸਿੰਘ ਗਿੱਲ ਫੋਨ:530-713-4256

ਪਰਮਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਗਿੱਲ

## ਗਿੱਲ ਬ੍ਰਦਰਜ਼ ਫਾਰਮਸ,
## ਯੂਬਾ ਸਿਟੀ (ਕੈਲੀਫੋਰਨੀਆ)

ੴ ਸਤਿਗੁਰ ਪ੍ਰਸਾਦਿ

# ਯੂਬਾ ਸਿਟੀ ਮਹਾਨ ਨਗਰ ਕੀਰਤਨ



ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਅਤੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਨਾਲ ਪਵਿੱਤਰ ਕਰਨ ਆਈਆਂ ਗੁਰੂ ਰੂਪ ਸੰਗਤਾਂ ਨੂੰ ਖਾਲਸਾਈ ਜੀ ਆਇਆਂ

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

ਨਾਹਰ ਸਿੰਘ ਹੀਰ ਤੇ ਹੈਪੀ ਹੀਰ

**Norcal Valley Pump**

Yuba City, CA, Ph: 530-682-6800

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕ ਦਿਖਾਇਆ।

ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲੱਖ ਲੱਖ ਵਧਾਈ ਹੋਵੇ





ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਜੁਗੋ ਜੁਗ ਅਟੱਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ

## ਮਹਾਨ ਨਗਰ ਕੀਰਤਨ

ਵਿਚ ਹਾਜ਼ਰੀਆਂ ਭਰ ਕੇ ਆਪਣੀ ਚਰਨ ਧੂੜ ਨਾਲ ਸਾਨੂੰ ਵਡਭਾਗੀ ਬਣਾਓ ਜੀ

ਪਿਆਰਾ ਸਿੰਘ ਗੋਸਲ, ਫੋਨ:530-682-6099

ਗੋਸਲ ਫਾਰਮਸ

# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਨਾਰਥ ਅਮੈਰਿਕਾ, ਯੂ ਐਸ ਏ

ਪਿਛਲੇ ਪੰਜ ਸਾਲਾਂ ਦੇ ਭਾਜਪਾ-ਅਕਾਲੀ ਰਾਜ ਦੌਰਾਨ ਨਿੱਘਰ ਚੁਕੇ ਪੰਜਾਬ ਨੂੰ ਭ੍ਰਿਸ਼ਟਾਚਾਰ, ਨਸ਼ਾਖੋਰੀ, ਗਰੀਬੀ, ਕੁਸ਼ਾਸਨ ਅਤੇ ਪਰਿਵਾਰਪ੍ਰਸਤੀ ਦੀ ਦਲਦਲ ਵਿਚੋਂ ਕੱਢਣ ਲਈ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਦੂਰਦ੍ਰਿਸ਼ਟੀ ਵਾਲੇ ਅਗਾਂਹਵਧੂ ਆਗੂ ਕੈਪਟਨ ਅਮਰਿੰਦਰ ਸਿੰਘ ਵਲੋਂ ਅਰੰਭੀ ਗਈ

## "ਪੰਜਾਬ ਬਚਾਓ" ਯਾਤਰਾ ਦਾ ਸਵਾਗਤ



ਤਲਵੰਡੀ ਸਾਬੋ 'ਚ ਯਾਤਰਾ ਦੀ ਸ਼ੁਰੂਆਤ ਵੇਲੇ ਹੋਏ ਰਿਕਾਰਡਤੋੜ ਇਕੱਠ ਲਈ ਪਾਰਟੀ ਆਗੂਆਂ ਰਾਜਿੰਦਰ ਕੌਰ ਭੱਠਲ, ਕੇਵਲ ਸਿੰਘ ਢਿੱਲੋਂ, ਜੱਸੀ ਖੰਗੂੜਾ, ਜੀਤ ਮਹਿੰਦਰਾ ਸਿੱਧੂ ਅਤੇ ਅਜਾਇਬ ਸਿੰਘ ਭੱਟੀ ਨੂੰ ਬਹੁਤ ਬਹੁਤ ਵਧਾਈ

ਆਓ ਸਾਰੇ ਰਲ ਕੇ ਇਸ ਨੂੰ ਕਾਮਯਾਬ ਕਰਨ ਲਈ ਆਪਣਾ ਤਿਲਫੁਲ ਪਾਈਏ।

**ਸ਼ਿਕਾਗੋ ਕਾਂਗਰਸ**

ਅਜੈਬ ਸਿੰਘ ਲੱਖਣ (ਪ੍ਰਧਾਨ), ਸੰਤੋਖ ਸਿੰਘ ਡੀ ਸੀ (ਸੀਨੀਅਰ ਮੀਤ ਪ੍ਰਧਾਨ), ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਹਰਜਿੰਦਰ ਸਿੰਘ ਖੰਗੂੜਾ, ਸਤਨਾਮ ਮਿਨਹਾਸ, ਹਰਦੀਪ ਸਿੰਘ ਗਿੱਲ, ਸਤਿੰਦਰ ਸਿੰਘ ਸੁਸਾਣਾ, ਅੰਮ੍ਰਿਤਪਾਲ ਗਿੱਲ, ਅਸ਼ੋਕ ਕੁਮਾਰ ਯਸ਼ਪਾਲ ਮਾਇਰ, ਅਜਮੇਰ ਸਿੰਘ ਪੰਨੂ, ਨੀਲ ਕੰਠ ਸ਼ਰਮਾ, ਹੈਪੀ ਹੀਰ, ਲੱਕੀ ਸਹੋਤਾ, ਜੱਸੀ ਸਹੋਤਾ, ਲਵ ਕੁਮਾਰ ਮਿਨਹਾਸ, ਸੁਰਿੰਦਰਪਾਲ ਸਿੰਘ ਚੀਮਾ, ਸੰਜੀਵ ਸਿੰਘ ਬਿੱਲੂ, ਜਿੰਦਰ ਬੈਨੀਪਾਲ, ਪੀਟਾ ਸਹੋਤਾ, ਜਸਵਿੰਦਰ ਜੱਸੀ, ਜਸਵਿੰਦਰ ਸਿੰਘ ਗਿੱਲ, ਨਾਜ਼ਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਸੁਰਿੰਦਰ ਭੱਟੀ, ਪਰਮਜੀਤ ਖੰਗੂੜਾ, ਰਛਪਾਲ ਖੰਗੂੜਾ, ਹਰਜਿੰਦਰ ਸਿੰਘ ਦਿਆਲ, ਮਹਿੰਦਰ ਸਿੰਘ ਰਕਾਲਾ, ਭੁਪਿੰਦਰ ਸਿੰਘ ਬਿੱਲਾ।

**ਮਿਲਵਾਕੀ, ਵਿਸਕਾਨਸਿਨ ਕਾਂਗਰਸ**

ਕੁਲਵੰਤ ਸਿੰਘ ਢਿੱਲੋਂ (ਪ੍ਰਧਾਨ), ਹਰਵਿੰਦਰ ਸਿੰਘ ਸਿੱਧੂ (ਮੀਤ ਪ੍ਰਧਾਨ), ਹਰਜੀਤ ਸਿੰਘ ਸੰਧਰ, ਜਗਦੀਸ਼ਰ ਸਿੰਘ ਕਲੇਰ, ਸਤਵਿੰਦਰ ਸਿੰਘ ਪੌਪੀ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ ਚਾਹਲ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਸਿੰਘ ਗਰੇਵਾਲ।

**ਇੰਡੀਆਨਾ ਕਾਂਗਰਸ**

ਸਤਵੰਤ ਸਿੰਘ ਨਿੱਜਰ, ਪ੍ਰਿਥਪਾਲ ਸਿੰਘ ਘੋਤੜਾ, ਅਮਰੀਕ ਸਿੰਘ, ਬਲਜੀਤ ਸਿੰਘ, ਗੁਰਦੀਪ ਸਿੰਘ ਨਿੱਜਰ, ਮਨਜੀਤ ਸਿੰਘ ਨਾਗਰਾ, ਸੰਦੀਪ ਸਿੰਘ ਲਾਡੀ, ਗੁਰਮੁਖ ਸਿੰਘ ਧਾਲੀਵਾਲ, ਕੁਲਵੰਤ ਸਿੰਘ, ਮੱਖਣ ਸਿੰਘ, ਚਤਰਪਾਲ ਸਿੰਘ ਆਹਲੂਵਾਲੀਆ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਸਿੰਘ ਨਿੱਜਰ।

**ਓਹਾਇਓ ਕਾਂਗਰਸ**

ਚਮਕੌਰ ਸਿੰਘ (ਪ੍ਰਧਾਨ ਕਾਂਗਰਸ ਓਹਾਇਓ), ਮੁਖਤਿਆਰ ਸਿੰਘ ਸੇਖੋਂ, ਗੁਰਜੰਟ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ ਹੈਪੀ (ਡੇਅਟਨ), ਰੂਬੀ (ਡੇਅਟਨ), ਕਰਤਾਰ ਸਿੰਘ ਮਾਸਟਰ (ਡੇਅਟਨ), ਸੁਖਵੀਰ ਸੁੱਖੀ, ਹਰਬੰਸ ਗਿੱਲ, ਅਮਨਦੀਪ ਧਾਰਨੀ, ਸੁਖਦੇਵ ਰਕਬਾ, ਚਮਕੌਰ ਚੱਕਰ, ਪਰਮਜੀਤ ਸਿੰਘ ਸਿਨਸਿਨੈਟੀ, ਹਰਪ੍ਰੀਤ ਸਿੰਘ ਸਿਨਸਿਨੈਟੀ, ਅਵਤਾਰ ਸਿੰਘ ਸਪਰਿੰਗਫੀਲਡ-ਸਕੱਤਰ।

**ਨਿਊ ਯਾਰਕ ਕਾਂਗਰਸ**

ਮੰਗਲ ਸਿੰਘ ਸ਼ਾਹੀ, ਮਲਕੀਤ ਸਿੰਘ, ਨਰਿੰਦਰ ਸਿੰਘ ਤੂਰ, ਜਗੀਰ ਸਿੰਘ ਸਬਜ਼ੀ ਮੰਡੀ, ਗੁਰਪ੍ਰੀਤ ਸਿੰਘ ਚੀਮਾ, ਅਸ਼ੋਕ ਕੁਮਾਰ।

**ਮਿਸ਼ੀਗਨ ਕਾਂਗਰਸ:** ਪਲਵਿੰਦਰ ਬਾਠ (ਪ੍ਰਧਾਨ), ਮਨਜਿੰਦਰ ਸਿੰਘ ਬੈਣੀਪਾਲ (ਚੇਅਰਮੈਨ), ਹਰਦੇਵ ਸਰਾਓ, ਲਾਲੀ ਧਾਲੀਵਾਲ ਅਤੇ ਪਾਲੀ ਧਾਲੀਵਾਲ, ਇੰਦਰਜੀਤ ਬਾਠ, ਅਵਤਾਰ ਸਿੰਘ, ਨਿਰਮਲ ਹੇਅਰ, ਜਸਵੰਤ ਚਾਹਲ ਤੇ ਕੁਲਵਿੰਦਰ ਗਿੱਲ, ਗੁਰਬਖਸ਼ ਸਿੰਘ।

**ਕੈਲੀਫੋਰਨੀਆ:** ਅਮੋਲਕ ਸਿੰਘ ਗਾਖਲ, ਮੰਗਲ ਸਿੰਘ ਭੰਡਾਲ।

**ਸ਼ਿਆਟਲ:** ਚੰਨਾ ਆਲਮਗੀਰ, ਧਰਮ ਸਿੰਘ ਮੈਰੀਪੁਰ, ਡਾ. ਹਰਚੰਦ ਸਿੰਘ, ਹਰਦੀਪ ਸਿੰਘ ਗਿੱਲ, ਪਰਮਿੰਦਰ ਭੱਟੀ, ਜਗਦੇਵ ਸੰਧੂ, ਜੱਸੀ ਸਪਰਾਏ, ਪ੍ਰਿਤਪਾਲ ਧਾਲੀਵਾਲ ਝਲਵਾਣਾ, ਰਵਿੰਦਰ ਕੰਗ

**ਮਿਸੀਸਿਪੀ ਕਾਂਗਰਸ:** ਮਨਦੀਪ ਸਿੰਘ, ਆਦਰ ਮਾਨ, ਚੰਦਰਪਾਲ ਖੁਰਾਣਾ, ਪਵਨ ਕੁਮਾਰ ਅਰੋੜਾ, ਸੁਖਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਥਿੰਦ, ਨੀਲਮ ਸਿੰਘ ਸਿੱਧੂ ਅਤੇ ਕਮੇਟੀ।

**ਅਰਕਨਸਾਸ ਕਾਂਗਰਸ:** ਦਲਜੀਤ ਸਿੰਘ ਚਾਹਲ, ਚਰਨ ਸਿੰਘ ਸੋਮਲ, ਅਮਰਜੀਤ ਸਿੰਘ ਕੰਗ, ਪਰਮਿੰਦਰ ਸਿੰਘ ਗਿੱਲ, ਰਾਜਿੰਦਰਪਾਲ ਸਿੰਘ ਚਾਹਲ ਅਤੇ ਕਮੇਟੀ।

**ਸੇਂਟ ਲੁਇਸ (ਮਿਜ਼ੌਰੀ):** ਸੁਖਚੈਨ ਸਿੰਘ ਅਤੇ ਕਮੇਟੀ।

**Issued by:Indian National Overseas Congress, North America, USA ®**


# Sunny Truck & RV Wash

ਫੋਨ:559-834-6200 ਫੈਕਸ:559-834-1577



ਲਾ ਦਿੱਤਾ ਬਈ ਰੋਪੜੀਆ ਜਿੰਦਾ ਤੀਰਥ ਗਾਖਲ ਨੇ

ਸੰਨੀ ਟਰੱਕ ਵਾਸ਼ 'ਤੇ ਆਪਣਾ ਟਰੱਕ ਧੁਆਓ, ਟਰੱਕ ਨੂੰ ਨਵਾਂ ਰੰਗ ਰੂਪ ਦਿਓ

ਤੁਹਾਡੇ ਮਨ ਪਸੰਦ ਕਬੱਡੀ ਖਿਡਾਰੀ ਤੀਰਥ ਗਾਖਲ ਦਾ ਟਰੱਕ ਵਾਸ਼



## ਬਹੁਤ ਹੀ ਵਾਜਬ ਰੇਟ

ਟਰੱਕ ਵਾਸ਼ $30.00
ਟਰੱਕ ਤੇ ਟਰੇਲਰ ਵਾਸ਼ $55.00
ਟਰੇਲਰ ਵਾਸ਼ $30.00
ਟਰੇਲਰ ਵਾਸ਼ਆਊਟ $25.00
ਅੰਡਰ ਕੈਰੀਏਜ $90.00
ਟੈਂਕਰ ਵਾਸ਼ਆਊਟ $100.00
ਇੰਜਨ ਵਾਸ਼ $15.00



## ਤੁਹਾਡੀ ਸਹੂਲਤ ਲਈ ਦੋ ਲੋਕੇਸ਼ਨਾਂ

2713 Vineyard Place, Fowler, Ca 93625
Ph: 559-834-6200
**Open**
Monday to Friday 6AM to 9PM
Saturday-Sunday 7AM to 7PM
From Hwy 99 > Take E manning Ave. exit 121, right turn at first light.

*Mini Mart*
*Featuring Hot & Cold Foods and Beverages*

2255 F St. Livingston, CA 95334
Ph: 209-394-8880
**Open**
Monday to Saturday 7AM to 7PM
Sunday 8AM to 5PM
From Hwy 99 > take Hammatt Ave. exit 201, turn west on Hammatt ave. left at F st.

Ad sponsored by Amolak Singh Gakhal

# ਬਰਤਾਨੀਆ ਵਿਚ 22 ਗ਼ੈਰ ਕਾਨੂੰਨੀ ਭਾਰਤੀ ਕਾਮੇ ਕਾਬੂ

**ਲੰਡਨ:** ਪਿਛਲੇ ਪੰਜ ਹਫਤਿਆਂ ਵਿਚ ਬਰਤਾਨੀਆ ਦੇ ਇਮੀਗ੍ਰੇਸ਼ਨ ਵਿਭਾਗ ਨੇ ਦੇਸ਼ 'ਚ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰ ਰਹੇ 22 ਭਾਰਤੀਆਂ ਨੂੰ ਕਾਬੂ ਕੀਤਾ ਹੈ ਤੇ ਹੁਣ ਬਰਤਾਨਵੀ ਬਾਰਡਰ ਏਜੰਸੀ ਇਨ੍ਹਾਂ ਨੂੰ ਵਾਪਸ ਭੇਜਣ ਲਈ ਕੰਮ ਕਰ ਰਹੀ ਹੈ। ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦੇ ਇਹ ਕਾਮੇ ਇੰਗਲੈਂਡ, ਵੇਲਜ਼ ਤੇ ਸਕਾਟਲੈਂਡ ਵਿਚ ਕਾਰੋਬਾਰਾਂ ਤੇ ਪ੍ਰਾਈਵੇਟ ਸਿਰਨਾਵਿਆਂ 'ਤੇ ਮਾਰੇ ਛਾਪਿਆਂ ਦੌਰਾਨ ਫੜੇ ਗਏ। ਇਨ੍ਹਾਂ ਕਾਰੋਬਾਰਾਂ ਦੇ ਮਾਲਕਾਂ ਨੂੰ ਹੁਣ ਹਰੇਕ ਗੈਰ-ਕਾਨੂੰਨੀ ਵਰਕਰ ਲਈ 10,000 ਪੌਂਡ ਜੁਰਮਾਨਾ ਅਦਾ ਕਰਨਾ ਪਵੇਗਾ ਜਾਂ ਫਿਰ ਉਹ ਇਹ ਸਿੱਧ ਕਰਨਗੇ ਕਿ ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਕੰਮ 'ਤੇ ਰੱਖਣ ਤੋਂ ਪਹਿਲਾਂ ਪੂਰੀ ਜਾਂਚ-ਪੜਤਾਲ ਕੀਤੀ ਸੀ।

ਈਡਨਬਰਗ ਵਿਚ ਕਾਨੂੰਨੀ ਸਲਾਹਕਾਰ ਦੇ ਰਿਕਾਰਡ ਦੀ ਜਾਂਚ-ਪੜਤਾਲ ਮਗਰੋਂ ਤਿੰਨ ਭਾਰਤੀ ਆਦਮੀ ਤੇ ਛੇ ਔਰਤਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ।


Noble Dental Care



Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Shital Shah, DDS


Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,550*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



A & I Transport Inc.

123 E Lee Rd., Watsonville, CA, 95076

Ph:831-763-7805

A&I WATSONVILLE, CA.

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

Weekly Pay Roll

2011-12 ਮਾਡਲ ਦੇ ਨਵੇਂ ਨਕੋਰ ਟਰੱਕ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 1-888-664-4004

Fax: 831-724-2010 e-mail: aa@aitruckingllc.com

ਏ. ਐਂਡ ਆਈ. ਟਰਾਂਸਪੋਰਟ
ਗਾਖਲ ਭਰਾਵਾਂ ਦੀ ਕੰਪਨੀ
ਵਾਟਸਨਵਿਲ, ਕੈਲੀਫੋਰਨੀਆ





Desi World Radio

Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇੰਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ, ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਹੁਣ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento, Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number 1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ



Dhillon Truck Stop
Dhillon Road Service

Interstate 40, exit 356, San Jon, NM

Gill Manj Gurdaspur Wale




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# ਬਾਬਾ ਭਨਿਆਰਾਂਵਾਲਾ 'ਤੇ ਮੁੜ ਕਾਤਲਾਨਾ ਹਮਲਾ

**ਰੋਪੜ (ਪੰਜਾਬ ਟਾਈਮਜ਼ ਬਿਊਰੋ):** ਪਿੰਡ ਧਮਾਣਾ ਸਥਿਤ ਡੇਰਾ ਭਨਿਆਰਾਂਵਾਲੀ ਇਤਿਹਾਸਗੜ੍ਹ ਦੇ ਮੁਖੀ ਬਾਬਾ ਪਿਆਰਾ ਸਿੰਘ ਭਨਿਆਰਾਂਵਾਲੇ 'ਤੇ ਤਿੰਨ ਨੌਜਵਾਨਾਂ ਨੇ ਚਾਕੂਆਂ ਨਾਲ ਹਮਲਾ ਕਰਕੇ ਬਾਬੇ ਤੇ ਪੁਲਿਸ ਪ੍ਰਸ਼ਾਸਨ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਇਨ੍ਹਾਂ ਨੌਜਵਾਨਾਂ ਵੱਲੋਂ ਇਹ ਹਮਲਾ ਬਾਬੇ ਦੀ ਕੋਠੀ 'ਚ ਜਾ ਕੇ ਸ਼ਰੇਆਮ ਕੀਤਾ ਗਿਆ।

ਹਾਸਲ ਜਾਣਕਾਰੀ ਮੁਤਾਬਕ ਜਦੋਂ ਦੁਪਹਿਰ ਦੋ ਵਜੇ ਬਾਬਾ ਪਿਆਰਾ ਸਿੰਘ ਆਪਣੀ ਕੋਠੀ ਵਿਚ ਬੈਂਜੋ ਵਜਾ ਰਿਹਾ ਸੀ ਤਾਂ ਪੈਰੋਕਾਰ ਬਣ ਕੇ ਆਏ ਤਿੰਨ ਨੌਜਵਾਨਾਂ ਨੇ ਪਲਾਸਟਿਕ ਦੇ ਛੁਰਿਆਂ ਨਾਲ ਬਾਬੇ 'ਤੇ ਹਮਲਾ ਕਰ ਦਿੱਤਾ ਜਿਸ ਨਾਲ ਬਾਬਾ ਕਾਫੀ ਜ਼ਖ਼ਮੀ ਹੋ ਗਿਆ। ਉਂਜ ਉਥੇ ਤਾਇਨਾਤ ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਨੌਜਵਾਨਾਂ ਨੂੰ ਕਾਬੂ ਕਰ ਲਿਆ।



ਇਨ੍ਹਾਂ ਹਮਲਾਵਰਾਂ ਨੇ ਬਾਬੇ ਦੀ ਗਰਦਨ, ਕੰਨ ਤੇ ਸਿਰ 'ਚ ਛੁਰਿਆਂ ਨਾਲ ਵਾਰ ਕੀਤੇ। ਇਸ ਘਟਨਾ ਤੋਂ ਬਾਅਦ ਡੇਰੇ ਵਿਚਲੇ ਪੈਰੋਕਾਰਾਂ ਨੇ ਹਮਲਾਵਰਾਂ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿੱਤਾ। ਪੈਰੋਕਾਰਾਂ ਤੇ ਹਮਲਾਵਰਾਂ ਵਿਚ ਹੋਈ ਝੜਪ 'ਚ ਪੁਲਿਸ ਦੇ ਕਈ ਜਵਾਨ ਵੀ ਫੱਟੜ ਹੋ ਗਏ।

ਬਾਬੇ 'ਤੇ ਹਮਲਾ ਕਰਨ ਵਾਲੇ ਤਿੰਨੇ ਨੌਜਵਾਨਾਂ ਦੀ ਪਛਾਣ ਹਰਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਰੌਣੀ ਥਾਣਾ ਪਾਇਲ ਜ਼ਿਲ੍ਹਾ ਲੁਧਿਆਣਾ, ਧਰਮਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਫਤਿਹਗੜ੍ਹ ਸਾਹਿਬ ਤੇ ਗੁਰਵਿੰਦਰ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਰਾਜੇਵਾਲ ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ। ਜ਼ਿਕਰਯੋਗ ਹੈ ਕਿ ਬਾਬੇ ਦੇ ਦੁਆਲੇ ਪਹਿਲਾਂ ਪੀ.ਏ.ਪੀ. ਪੁਲਿਸ ਦਾ ਨਾਕਾ ਤੇ ਦੂਜਾ ਪੰਜਾਬ ਪੁਲਿਸ ਤੇ ਤੀਜਾ ਸੀ.ਆਰ.ਪੀ.ਐਫ. ਜਵਾਨਾਂ ਵੱਲੋਂ ਨਾਕਾ ਲਾਇਆ ਗਿਆ ਹੁੰਦਾ ਹੈ ਤੇ ਮੈਟਲ ਡਿਟੈਕਟਰ ਲਾਏ ਗਏ ਹਨ। ਬਾਬੇ ਨੇ ਪੀ.ਏ.ਪੀ. ਨੂੰ ਹਟਾ ਕੇ ਸੀ.ਆਰ.ਪੀ.ਐਫ. ਦੀ ਇਕ ਹੋਰ ਬਟਾਲੀਅਨ ਲਗਾਉਣ ਦੀ ਮੰਗ ਕੀਤੀ ਹੈ। ਬਾਬਾ ਪਿਆਰਾ ਸਿੰਘ 'ਤੇ ਇਹ ਤੀਜਾ ਕਾਤਲਾਨਾ ਹਮਲਾ ਸੀ। ਇਸ ਤੋਂ ਪਹਿਲਾਂ ਡੇਰੇ ਵਿਚ ਬਣੇ ਅਜਾਇਬਘਰ ਦੀ ਡਿਊਢੀ (ਗੇਟ) 'ਤੇ ਖਾੜਕੂ ਜਥੇਬੰਦੀ ਵੱਲੋਂ ਬੰਬ ਧਮਾਕਾ ਕੀਤਾ ਗਿਆ ਸੀ ਪਰ ਬਾਬੇ ਦੇ ਦੇਰ ਨਾਲ ਪਹੁੰਚਣ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ ਸੀ। ਬੰਬ ਧਮਾਕੇ ਦੀ ਜ਼ਿੰਮੇਵਾਰੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਜਥੇਬੰਦੀ ਨੇ ਲਈ ਸੀ। ਬਾਬਾ ਪਿਆਰਾ ਸਿੰਘ ਇਸ ਜਥੇਬੰਦੀ ਦੀ ਹਿੱਟ ਲਿਸਟ 'ਤੇ ਹੈ। ਉਸ 'ਤੇ ਇਕ ਹੋਰ ਹਮਲਾ ਅੰਬਾਲਾ ਵਿਖੇ ਉਸ ਵੇਲੇ ਨੌਜਵਾਨ ਵੱਲੋਂ ਕੀਤਾ ਗਿਆ ਸੀ ਜਦੋਂ ਉਹ ਅਦਾਲਤ ਵਿਚ ਪੇਸ਼ੀ 'ਤੇ ਜਾਣ ਲੱਗੇ ਸਨ। ਇਹ ਹਮਲਾ ਵੀ ਚਾਕੂਆਂ ਨਾਲ ਕੀਤਾ ਗਿਆ ਸੀ।

# ਬਾਬੇ ਦੀਆਂ ਸਿੱਖ ਧਰਮ ਵਿਰੋਧੀ ਕਾਰਵਾਈਆਂ ਕਾਰਨ ਹੋਇਆ ਹਮਲਾ

**ਰੂਪਨਗਰ:** ਬਾਬਾ ਭਨਿਆਰਾਂਵਾਲੇ 'ਤੇ ਹਮਲਾ ਕਰਨ ਵਾਲੇ ਨੌਜਵਾਨਾਂ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੇ ਇਹ ਕਾਰਾ ਬਾਬੇ ਦੀਆਂ ਸਿੱਖ ਧਰਮ ਵਿਰੋਧੀ ਗਤੀਵਿਧੀਆਂ ਕਾਰਨ ਰੋਹ ਵਿਚ ਆ ਕੇ ਕੀਤਾ ਹੈ। ਰੂਪਨਗਰ ਸਿਵਲ ਹਸਪਤਾਲ ਵਿਚ ਦਾਖਲ ਹਰਵਿੰਦਰ ਸਿੰਘ ਵਾਸੀ ਰੌਣੀ (ਲੁਧਿਆਣਾ) ਨੇ ਦੱਸਿਆ ਕਿ ਭਨਿਆਰਾਂਵਾਲਾ ਸਿੱਖ ਧਰਮ ਖ਼ਿਲਾਫ਼ ਬੋਲਦਾ ਸੀ ਜਿਸ ਕਾਰਨ ਉਨ੍ਹਾਂ ਦੇ ਮਨ ਵਿਚ ਗੁੱਸਾ ਸੀ। ਹਰਵਿੰਦਰ ਨੇ ਦੱਸਿਆ ਕਿ ਉਹ ਦੋ ਅਕਤੂਬਰ ਨੂੰ ਵੀ ਭਨਿਆਰਾਂਵਾਲੇ ਦੇ ਡੇਰੇ 'ਤੇ ਗਏ ਸਨ ਜਿਥੇ ਉਹ ਆਪਣੇ ਆਪ ਨੂੰ ਸਭ ਤੋਂ ਵੱਡਾ ਗੁਰੂ ਦੱਸ ਰਿਹਾ ਸੀ ਜਿਸ ਤੋਂ ਬਾਅਦ ਉਨ੍ਹਾਂ ਦਾ ਗੁੱਸਾ ਹੋਰ ਵਧ ਗਿਆ ਤੇ ਉਨ੍ਹਾਂ ਨੇ ਬਾਬੇ 'ਤੇ ਹਮਲੇ ਦੀ ਯੋਜਨਾ ਬਣਾ ਲਈ।

ਹਰਵਿੰਦਰ ਨੇ ਦੱਸਿਆ ਕਿ ਉਹ ਦੇਸ਼ ਭਗਤ ਕਾਲਜ ਮੰਡੀ ਗੋਬਿੰਦਗੜ੍ਹ ਵਿਖੇ ਹੋਟਲ ਮੈਨੇਜਮੈਂਟ ਦਾ ਕੋਰਸ ਕਰਦਾ ਸੀ ਪਰ ਉਸ ਨੇ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ ਤੇ ਅੱਜਕੱਲ੍ਹ ਕਿਸੇ ਕੰਮ ਦੀ ਭਾਲ ਵਿਚ ਸੀ। ਉਨ੍ਹਾਂ ਨੇ ਦੱਸਿਆ ਕਿ ਹਮਲੇ ਵਿਚ ਸ਼ਾਮਲ ਉਸ ਦਾ ਇਕ ਸਾਥੀ ਉਸ ਦੇ ਸਕੂਲ ਸਮੇਂ ਦਾ ਦੋਸਤ ਹੈ ਜਦੋਂਕਿ ਦੂਜਾ ਸਾਥੀ ਉਸ ਦੇ ਸਕੂਲ ਵਿਚ ਸਕੂਲ ਵੈਨ ਚਲਾਉਂਦਾ ਹੋਣ ਕਾਰਨ ਉਸ ਨਾਲ ਜਾਣ-ਪਛਾਣ ਸੀ।

ਹਰਵਿੰਦਰ ਅਨੁਸਾਰ ਉਹ ਬਾਹਰੋਂ ਹੀ ਪਲਾਸਟਿਕ ਦੀਆਂ ਪਾਈਪਾਂ ਨੂੰ ਚਾਕੂ ਬਣਾ ਕੇ ਭਨਿਆਰੇ ਵਾਲੇ ਦੇ ਡੇਰੇ ਅੰਦਰ ਹਮਲਾ ਕਰਨ ਗਏ ਸਨ। ਉਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਆਪ ਹੀ ਰੋਹ ਵਿਚ ਆ ਕੇ ਭਨਿਆਰੇ ਵਾਲੇ 'ਤੇ ਹਮਲਾ ਕੀਤਾ ਹੈ ਐ ਕਿਸੇ ਹੋਰ ਦੇ ਕਹਿਣ 'ਤੇ ਨਹੀਂ ਕੀਤਾ। ਉਨ੍ਹਾਂ ਵੱਲੋਂ ਕੁਝ ਅਰਸਾ ਪਹਿਲਾਂ ਵੀ ਪਿੰਡ ਧਮਾਣਾ ਵਿਖੇ ਡੇਰੇ ਦਾ ਦੌਰਾ ਕੀਤਾ ਸੀ ਤੇ ਇਥੇ ਲੰਗਰ ਵੀ ਛਕਿਆ ਸੀ। ਸੂਤਰਾਂ ਅਨੁਸਾਰ ਇਹ ਨੌਜਵਾਨ ਆਪਣੇ ਘਰ ਤੋਂ 24 ਅਕਤੂਬਰ ਨੂੰ ਇਹ ਕਹਿ ਕੇ ਆਏ ਸਨ ਕਿ ਉਹ ਸ੍ਰੀ ਹਰਮੰਦਿਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਜਾ ਰਹੇ ਹਨ। ਬਾਬਾ ਭਨਿਆਰਾਂਵਾਲੇ 'ਤੇ ਲੁਧਿਆਣਾ ਜ਼ਿਲ੍ਹੇ ਦੇ ਨੌਜਵਾਨ ਹਰਵਿੰਦਰ ਸਿੰਘ ਤੇ ਗੁਰਵਿੰਦਰ ਸਿੰਘ ਵੱਲੋਂ ਹਮਲਾ ਕਰਨ ਦੀ ਖ਼ਬਰ ਤੋਂ ਉਨ੍ਹਾਂ ਦੇ ਪਿੰਡ ਵਾਸੀ ਹੈਰਾਨ ਹਨ ਕਿਉਂਕਿ ਇਹ ਨੌਜਵਾਨ ਜਿਨ੍ਹਾਂ ਦੀ ਉਮਰ 20 ਤੋਂ 22 ਸਾਲ ਦੇ ਦਰਮਿਆਨ ਹੈ, ਬੇਹੱਦ ਸ਼ਰੀਫ ਜਾਣੇ ਜਾਂਦੇ ਹਨ। ਉਨ੍ਹਾਂ ਦਾ ਤੀਸਰਾ ਸਾਥੀ ਧਰਮਿੰਦਰ ਜ਼ਿਲ੍ਹਾ ਫਤਹਿਗੜ੍ਹ ਵੀ ਸਿੱਧੀ-ਸਾਦੀ ਜ਼ਿੰਦਗੀ ਬਸਰ ਕਰ ਰਿਹਾ ਸੀ।

ਹਰਵਿੰਦਰ ਦੇ ਪਿਤਾ ਗੁਰਦੀਪ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਦੇ ਕਿਸੇ ਵੀ ਖਾੜਕੂ ਸੰਗਠਨ ਨਾਲ ਕੋਈ ਸਬੰਧ ਨਹੀਂ ਹਨ ਕਿਉਂਕਿ ਉਹ ਉਸ ਦੇ ਨਾਲ ਹੀ ਰੌਣੀ ਪਿੰਡ ਵਿਚ ਉਨ੍ਹਾਂ ਦੀ ਵੈਲਡਿੰਗ ਮਟੀਰੀਅਲ ਦੀ ਦੁਕਾਨ 'ਤੇ ਬੈਠਦਾ ਸੀ। ਉਸ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਨਾਲ ਦੇ ਹੀ ਪਿੰਡ ਰਾਜੇਵਾਲ ਦਾ ਵਾਸੀ ਹੈ ਜੋ ਉਸ ਦੇ ਪੁੱਤਰ ਦਾ ਦੋਸਤ ਹੈ। ਤੀਸਰਾ ਲੜਕਾ ਧਰਮਿੰਦਰ ਸਿੰਘ ਵੀ ਇਨ੍ਹਾਂ ਦੋਹਾਂ ਦਾ ਜਿਗਰੀ ਦੋਸਤ ਹੈ। ਉਸ ਨੇ ਦੱਸਿਆ ਕਿ ਹਰਵਿੰਦਰ ਹੋਟਲ ਮੈਨੇਜਮੈਂਟ ਦਾ ਡਿਪਲੋਮਾ ਵਿਚੇ ਛੱਡ ਕੇ ਉਸ ਨਾਲ ਦੁਕਾਨ 'ਤੇ ਕੰਮ ਕਰਨ ਲੱਗ ਪਿਆ ਸੀ।ਜਦਕਿ ਗੁਰਵਿੰਦਰ ਸਿੰਘ ਦੁੱਧ ਦੇ ਚਿਲਿੰਗ ਸੈਂਟਰ 'ਤੇ ਮਲੇਰਕੋਟਲਾ ਵਿਚ ਨੌਕਰੀ ਕਰਦਾ ਸੀ।

ਗੁਰਦੀਪ ਸਿੰਘ ਨੇ ਦੱਸਿਆ ਕਿ ਮਹੀਨਾਂ ਪਹਿਲਾਂ ਇਹ ਤਿੰਨੇ ਦੋਸਤ ਰੋਪੜ ਵੱਲ ਘੁੰਮਣ ਚਲੇ ਗਏ ਜਿਥੇ ਉਨ੍ਹਾਂ ਕੋਲ ਪੈਸੇ ਮੁੱਕ ਗਏ ਸਨ। ਉਹ ਆਪਣੀ ਭੁੱਖ ਦੂਰ ਕਰਨ ਲਈ ਡੇਰਾ ਭਨਿਆਰਾਂਵਾਲਾ ਵਿਖੇ ਪੁੱਜ ਗਏ ਤਾਂ ਕਿ ਉਹ ਉਥੋਂ ਲੰਗਰ ਛਕ ਸਕਣ। ਉਨ੍ਹਾਂ ਦੱਸਿਆ ਕਿ ਉਸ ਦੇ ਪੁੱਤਰ ਨੇ ਉਸ ਨੂੰ ਦੱਸਿਆ ਕਿ ਭਨਿਆਰਾਂਵਾਲੇ ਦੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ 'ਤੇ ਸਿੱਖਾਂ ਬਾਰੇ ਅਪੱਤੀ ਭਰੇ ਸ਼ਬਦ ਵਰਤੇ ਜਾਂਦੇ ਹਨ ਜਿਸ ਕਾਰਨ ਉਨ੍ਹਾਂ ਦੇ ਮਨ ਨੂੰ ਬਹੁਤ ਦੁਖ ਲੱਗਾ। ਗੁਰਦੀਪ ਸਿੰਘ ਨੇ ਆਪਣੇ ਪੁੱਤਰ ਨੂੰ ਸ਼ਾਂਤ ਕਰਨ ਲਈ ਉਸ ਨੂੰ ਇਸ ਖਿਆਲ ਨੂੰ ਦਿਲੋਂ ਕੱਢ ਦੇਣ ਲਈ ਸਮਝਾਇਆ ਪਰ ਉਹ ਅੰਦਰੋਂ-ਅੰਦਰੀਂ ਦੁਖੀ ਹੁੰਦਾ ਹੋਇਆ ਕੁਝ ਦਿਨ ਬਾਅਦ ਉਹ ਆਮ ਵਾਂਗ ਹੋ ਗਿਆ। ਗੁਰਦੀਪ ਸਿੰਘ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਉਹ ਦੱਸੇ ਬਗੈਰ ਘਰੋਂ ਚਲਾ ਗਿਆ। ਉਹ ਲੱਭ ਹੀ ਰਹੇ ਸਨ ਕਿ ਉਨ੍ਹਾਂ ਨੂੰ ਭਨਿਆਰਾਂਵਾਲੇ ਬਾਬਾ ਉਪਰ ਹਮਲਾ ਕਰਨ ਦੀ ਖ਼ਬਰ ਮਿਲੀ ਤੇ ਉਨ੍ਹਾਂ ਦਾ ਪੁੱਤਰ ਹਰਵਿੰਦਰ ਤੇ ਉਸ ਦੇ ਦੋ ਹੋਰ ਦੋਸਤ ਇਸ ਹਮਲੇ ਵਿਚ ਸ਼ਾਮਲ ਹਨ। ਉਨ੍ਹਾਂ ਨੂੰ ਦੁਖ ਹੋਣ ਦੇ ਨਾਲ ਹੈਰਾਨੀ ਹੋਈ ਕਿ ਉਨ੍ਹਾਂ ਦੇ ਪੁੱਤਰ ਤੇ ਦੋ ਹੋਰ ਦੋਸਤਾਂ 'ਤੇ ਸਿੱਖ ਧਰਮ ਬਾਰੇ ਡੇਰੇ ਵਿਚ ਵਰਤੀ ਜਾਂਦੀ ਇਤਰਾਜ਼ਯੋਗ ਸ਼ਬਦਾਵਲੀ ਨੇ ਉਨ੍ਹਾਂ 'ਤੇ ਗਹਿਰਾ ਅਸਰ ਕਰ ਦਿੱਤਾ। ਜਿਸ ਦੇ ਸਿੱਟੇ ਵਜੋਂ ਇਨ੍ਹਾਂ ਨੇ ਏਡਾ ਵੱਡਾ ਜ਼ੋਖ਼ਮ ਉਠਾਉਣ ਦੀ ਯੋਜਨਾ ਬਣਾ ਲਈ ਸੀ।

# ਖਾਲੜਾ ਹੱਤਿਆ ਕਾਂਡ ਦੇ ਚਸ਼ਮਦੀਦ ਗਵਾਹ ਦੀ ਮੌਤ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਮਨੁੱਖੀ ਅਧਿਕਾਰਾਂ ਬਾਰੇ ਸਰਗਰਮ ਕਾਰਕੁਨ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਵੱਲੋਂ ਅਗਵਾ ਕਰਨ ਉਪਰੰਤ ਮਾਰ ਮੁਕਾਉਣ ਦੇ ਮਾਮਲੇ ਦੇ ਚਸ਼ਮਦੀਦ ਗਵਾਹ 42 ਸਾਲਾ ਕੁਲਦੀਪ ਸਿੰਘ ਬਚੜੇ ਦੀ ਮੌਤ ਹੋ ਗਈ ਹੈ। ਕੁਲਦੀਪ ਸਿੰਘ ਜੋ ਪਹਿਲਾਂ ਪੰਜਾਬ ਹੋਮ ਗਾਰਡ (ਪੀ.ਐਚ.ਜੀ.) ਦਾ ਜਵਾਨ ਸੀ, ਨੂੰ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸੀ.ਆਰ.ਪੀ.ਐਫ. ਦੀ ਸੁਰੱਖਿਆ ਮਿਲੀ ਹੋਈ ਸੀ।

ਹਾਸਲ ਜਾਣਕਾਰੀ ਅਨੁਸਾਰ ਦੀਵਾਲੀ ਵਾਲੀ ਰਾਤ ਕੁਲਦੀਪ ਦੀ ਪਤਨੀ ਕੰਵਲਜੀਤ ਨੇ 9 ਵਜੇ ਦੇ ਕਰੀਬ ਸੁਰੱਖਿਆ ਡਿਊਟੀ ਦੇ ਰਹੇ ਸੀ.ਆਰ.ਪੀ.ਐਫ. ਦੇ ਕਰਮਚਾਰੀਆਂ ਨੂੰ ਕੁਲਦੀਪ ਦੀ ਅਚਾਨਕ ਵਿਗੜੀ ਸਿਹਤ ਬਾਰੇ ਦੱਸਿਆ। ਕੁਲਦੀਪ ਦੇ ਮੂੰਹ ਵਿਚੋਂ ਝੱਗ ਵਹਿ ਰਹੀ ਸੀ। ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਵਾਹਨ ਦਾ ਪ੍ਰਬੰਧ ਕਰਕੇ ਕੁਲਦੀਪ ਨੂੰ ਇਥੋਂ ਦੇ ਸਿਵਲ ਹਸਪਤਾਲ ਲਿਆਂਦਾ।ਗਿਆ ਜਿੱਥੇ ਡਾਕਟਰ ਨੇ ਉਸ ਦੀ ਮੌਤ ਦੀ ਪੁਸ਼ਟੀ ਕਰ ਦਿੱਤੀ। ਕੁਲਦੀਪ ਸਿੰਘ ਕੋਈ ਪੰਜ ਕੁ ਮਹੀਨੇ ਪਹਿਲਾਂ ਅਚਾਨਕ ਘਰੋਂ ਗਾਇਬ ਹੋ ਗਿਆ ਸੀ ਤੇ ਅਗਲੇ ਹੀ ਦਿਨ ਉਸ ਨੂੰ ਬਟਾਲਾ ਪੁਲਿਸ ਨੇ ਗੁਰਦੁਆਰੇ 'ਚੋਂ ਲੱਭ ਲਿਆ ਸੀ।

ਕੁਲਦੀਪ ਸਿੰਘ 1985 ਵਿਚ ਮੌਕੇ ਦੇ ਐਸ.ਐਚ.ਓ. (ਝਬਾਲ) ਸਤਨਾਮ ਸਿੰਘ ਦਾ ਗੰਨਮੈਨ ਸੀ ਜਦੋਂ ਜ਼ਿਲ੍ਹਾ ਪੁਲਿਸ ਨੇ ਜਸਵੰਤ ਸਿੰਘ ਖਾਲੜਾ ਨੂੰ ਉਸ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਕਬੀਰ ਪਾਰਕ ਤੋਂ ਅਗਵਾ ਕਰਨ ਉਪਰੰਤ ਤਸ਼ੱਦਦ ਕਰਕੇ ਮਾਰ ਮੁਕਾਇਆ ਸੀ। ਕੁਲਦੀਪ ਇਨ੍ਹਾਂ ਘਟਨਾਵਾਂ ਦਾ ਸੀ.ਬੀ.ਆਈ. ਵੱਲੋਂ ਚਸ਼ਮਦੀਦ ਗਵਾਹ ਸੀ। ਇਸੇ ਕਰਕੇ ਹੀ ਉਸ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪਏ ਸਨ। ਕੁਲਦੀਪ ਨੂੰ ਸੁਰੱਖਿਆ ਲੈਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਸੀ। ਛੋਟੀ ਕਿਸਾਨੀ ਨਾਲ ਸਬੰਧਤ ਕੁਲਦੀਪ ਦੇ ਪਿਤਾ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ। ਉਸ ਦੀਆਂ ਦੋ ਲੜਕੀਆਂ ਤੇ ਅੱਠ ਸਾਲ ਦਾ ਇਕ ਲੜਕਾ ਹੈ।

ਜਸਵੰਤ ਸਿੰਘ ਖਾਲੜਾ ਪੰਜਾਬ ਵਿਚ ਖਾੜਕੂਵਾਦ ਨਾਲ ਸਿੱਝਣ ਦੇ ਨਾਂ ਹੇਠ ਕੋਈ 25000 ਨੌਜਵਾਨਾਂ ਨੂੰ ਮਾਰ ਦੇਣ ਤੇ ਉਨ੍ਹਾਂ ਦੀਆਂ ਲਾਸ਼ਾਂ ਅਣਪਛਾਤੀਆਂ ਕਹਿ ਕੇ ਜਲਾ ਦੇਣ ਦੇ ਮਾਮਲੇ ਦੀ ਸੀ.ਬੀ.ਆਈ. ਵਲੋਂ ਜਾਂਚ ਕਰਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਸਨ। ਖਾਲੜਾ ਕੇਸ ਨਾਲ ਸਬੰਧਤ ਐਸ.ਐਸ.ਪੀ. (ਤਰਨ ਤਾਰਨ) ਅਜੀਤ ਸਿੰਘ ਸੰਧੂ ਨੇ 2006 ਵਿਚ ਗੱਡੀ ਅੱਗੇ ਛਲਾਂਗ ਮਾਰ ਕੇ ਆਤਮ ਹੱਤਿਆ ਕਰ ਲਈ ਸੀ ਜਦੋਂਕਿ ਡੀ.ਐਸ.ਪੀ. ਅਸ਼ੋਕ ਕੁਮਾਰ ਦੀ ਮੌਤ ਹੋ ਗਈ ਸੀ। ਇਸ ਕੇਸ ਵਿਚ ਡੀ.ਐਸ.ਪੀ. ਜਸਪਾਲ ਸਿੰਘ ਸਮੇਤ ਪੁਲਿਸ ਅਧਿਕਾਰੀ ਸੁਰਿੰਦਰਪਾਲ ਸਿੰਘ, ਸਤਨਾਮ ਸਿੰਘ, ਜਸਬੀਰ ਸਿੰਘ ਤੇ ਪ੍ਰਿਥੀਪਾਲ ਸਿੰਘ ਨੂੰ ਸਜ਼ਾ ਸੁਣਾਈ ਗਈ ਹੈ ਜੋ ਹਾਈ ਕੋਰਟ ਵੱਲੋਂ ਵੀ ਬਹਾਲ ਕੀਤੀ ਗਈ ਹੈ। ਹੁਣ ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਜਿਸ ਬਾਰੇ ਬਚਾਓ ਪੱਖ ਤੇ ਦੋਸ਼ੀ ਧਿਰ ਦੋਹਾਂ ਨੇ ਅਪੀਲ ਦਾਇਰ ਕੀਤੀ ਹੋਈ ਹੈ।

# ਕੇ.ਪੀ.ਐਸ. ਗਿੱਲ ਖ਼ਿਲਾਫ਼ ਕਾਰਵਾਈ 'ਤੇ ਅਸਰ ਪੈਣ ਦਾ ਖਦਸ਼ਾ

**ਚੰਡੀਗੜ੍ਹ:** ਖਾਲੜਾ ਕਤਲ ਕੇਸ ਦੇ ਮੁੱਖ ਗਵਾਹ ਕੁਲਦੀਪ ਸਿੰਘ ਬਚੜੇ ਦੀ ਮੌਤ ਨਾਲ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਿਛਲੇ ਪੰਜ ਸਾਲਾਂ ਤੋਂ ਵਿਚਾਰ ਅਧੀਨ ਪਟੀਸ਼ਨ ਅਸਰਅੰਦਾਜ ਹੋਣ ਦੇ ਆਸਾਰ ਹਨ। ਇਸ ਪਟੀਸ਼ਨ ਵਿਚ ਕੇ.ਪੀ.ਐਸ. ਗਿੱਲ ਨੂੰ ਵੀ ਜਸਵੰਤ ਸਿੰਘ ਖਾਲੜਾ ਦੇ ਕਤਲ ਬਾਰੇ ਦੋਸ਼ੀ ਸਮਝੇ ਜਾਣ ਦੀ ਅਪੀਲ ਕੀਤੀ ਗਈ ਹੈ।

ਇਹ ਰਿੱਟ ਪਟੀਸ਼ਨ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਆਪਣੇ ਵਕੀਲ ਰਾਜਵਿੰਦਰ ਸਿੰਘ ਬੈਂਸ ਰਾਹੀਂ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪੁਲਿਸ ਵੱਲੋਂ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ ਮਾਰ ਮੁਕਾਉਣ ਤੋਂ ਪਹਿਲਾਂ ਉਸ ਨੂੰ ਥਾਣਾ ਝਬਾਲ ਦੇ ਤਤਕਾਲੀ ਐਸ.ਐਚ.ਓ. ਸਤਨਾਮ ਸਿੰਘ ਵੱਲੋਂ ਐਸ.ਐਸ.ਪੀ. ਅਜੀਤ ਸਿੰਘ ਸੰਧੂ ਦੀ ਮਾਨਾਂਵਾਲਾ ਸਥਿਤ ਰਿਹਾਇਸ਼ 'ਤੇ ਲਿਜਾਇਆ ਗਿਆ ਸੀ। ਉਥੇ ਖਾਲੜਾ ਨੂੰ ਕੇ.ਪੀ.ਐਸ. ਗਿੱਲ ਨਾਲ ਮਿਲਾਇਆ ਗਿਆ ਸੀ।

ਇਸ ਉਪਰੰਤ ਖਾਲੜਾ ਨੂੰ ਝਬਾਲ ਥਾਣੇ ਵਾਪਸ ਲੈ ਕੇ ਆਉਂਦਿਆਂ ਕਿਹਾ ਗਿਆ ਸੀ ਕਿ ਜੇਕਰ ਉਹ ਕੇ.ਪੀ.ਐਸ. ਗਿੱਲ ਦੀ ਗੱਲ ਮੰਨ ਲਵੇ ਤਾਂ ਉਸ ਦਾ ਬਚਾਅ ਹੋ ਜਾਵੇਗਾ। ਇਸ ਬਾਰੇ ਕੁਲਦੀਪ ਸਿੰਘ ਬਚੜੇ ਨੇ ਸੀ.ਬੀ.ਆਈ. ਦੀ ਅਦਾਲਤ ਵਿਚ ਗਵਾਹੀ ਦਰਜ ਕਰਵਾਈ ਹੋਈ ਹੈ। ਇਸੇ ਆਧਾਰ 'ਤੇ ਹੀ ਬੀਬੀ ਖਾਲੜਾ ਨੇ ਕੇ.ਪੀ.ਐਸ. ਗਿੱਲ ਨੂੰ ਖਾਲੜਾ ਦੇ ਕਤਲ ਲਈ ਜ਼ਿੰਮੇਵਾਰ ਸਮਝੇ ਜਾਣ ਬਾਰੇ ਪਟੀਸ਼ਨ ਪਾਈ ਹੈ।

ਬੀਬੀ ਖਾਲੜਾ ਦੇ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਕੁਲਦੀਪ ਸਿੰਘ ਬਚੜੇ ਦੀ ਮੌਤ ਨਾਲ ਕੇ.ਪੀ.ਐਸ. ਗਿੱਲ ਨੂੰ ਹੇਠਲੀ ਅਦਾਲਤ ਵਿਚ ਕਾਫੀ ਰਾਹਤ ਮਿਲ ਸਕਦੀ ਹੈ ਪਰ ਹਾਈ ਕੋਰਟ ਵਿਚ ਰਿੱਟ ਬਾਰੇ ਸੁਣਵਾਈ ਦੌਰਾਨ ਅਜਿਹੀ ਕੋਈ ਉਮੀਦ ਨਹੀਂ ਹੈ।

ਇਸੇ ਦੌਰਾਨ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਮੀਟਿੰਗ ਕਰਕੇ ਮੰਗ ਕੀਤੀ ਹੈ ਕਿ ਕੁਲਦੀਪ ਸਿੰਘ ਬਚੜੇ ਵੱਲੋਂ ਅਦਾਲਤ ਵਿਚ ਦਰਜ ਗਵਾਹੀ ਜਿਸ ਦੇ ਆਧਾਰ 'ਤੇ ਪੁਲਿਸ ਦੇ ਪੰਜ ਅਧਿਕਾਰੀਆਂ ਨੂੰ ਸਜ਼ਾ ਹੋਈ ਹੈ, ਦੇ ਆਧਾਰ 'ਤੇ ਹੀ ਕੇ.ਪੀ.ਐਸ. ਗਿੱਲ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਸਿੱਖ ਭਾਈਚਾਰੇ ਨੇ ਡੁੱਬਣੋਂ ਬਚਾਈ ਇਟਲੀ ਦੀ ਪਨੀਰ ਸਨਅਤ

**ਜ਼ਿਬੈਲੋ:** ਉੱਤਰੀ ਇਟਲੀ ਵਿਚ ਵਸਿਆ ਸਿੱਖ ਭਾਈਚਾਰਾ ਪਰਮੀਜ਼ਨ ਪਨੀਰ ਬਣਾਉਣ ਦੇ ਡੁੱਬਦੇ ਜਾਂਦੇ ਧੰਦੇ ਨੂੰ ਬਚਾਉਣ ਦਾ ਸਹਾਰਾ ਸਾਬਤ ਹੋ ਰਿਹਾ ਹੈ। ਮਨਜੀਤ ਸਿੰਘ ਸੱਤ ਕੁ ਸਾਲ ਪਹਿਲਾਂ ਭਾਰਤੀ ਪੰਜਾਬ ਤੋਂ ਆਇਆ ਸੀ। ਕੁਝ ਦੇਰ ਟੈਕਸੀ ਚਲਾਉਣ ਤੋਂ ਬਾਅਦ ਉਸ ਨੇ ਘਰ ਵਿਚ ਪਨੀਰ ਦੀ ਫੈਕਟਰੀ ਲਾ ਲਈ ਜਿੱਥੋਂ ਹੁਣ ਦੁਨੀਆਂ ਭਰ 'ਚ ਮਸ਼ਹੂਰ ਇਸ ਪਨੀਰ ਦੇ ਹਜ਼ਾਰਾਂ ਗੋਲੇ ਪੈਦਾ ਕੀਤੇ ਜਾਂਦੇ ਹਨ। ਇਟਲੀ 'ਚ ਤਕਰੀਬਨ 25 ਹਜ਼ਾਰ ਸਿੱਖ ਵਸਦੇ ਹਨ ਜਿਨ੍ਹਾਂ 'ਚੋਂ ਬਹੁਤੇ ਪੰਜਾਬੋਂ ਆਏ ਹਨ। ਬਹੁਤ ਸਾਰੇ ਸਿੱਖ ਲੰਬਾਰਡੀ ਤੇ ਐਮੀਲੀਆ ਰੋਮੈਗਨਾ ਵਿਚ ਪਰਮੀਜ਼ਨ ਪਨੀਰ ਤੇ ਪ੍ਰਾਸਿਊਟੋ ਹੈਮ ਬਣਾਉਂਦੇ ਹਨ।

ਜ਼ਿਆਦਾਤਰ ਡੇਅਰੀਆਂ 'ਚ ਨੌਕਰੀਆਂ ਕਰਦੇ ਹਨ ਪਰ ਮਨਜੀਤ ਸਿੰਘ ਜਿਹੇ ਕੁਝ ਸਿੱਖਾਂ ਨੇ ਇਸ ਧੰਦੇ 'ਚ ਅਹਿਮ ਭੂਮਿਕਾ ਅਖਤਿਆਰ ਕਰ ਲਈ ਹੈ। ਤਿੱਖੇ ਸਵਾਦ ਵਾਲਾ ਇਹ ਸਖਤ ਪਨੀਰ ਪਾਸਤਾ ਪਕਵਾਨਾਂ ਤੇ ਸਲਾਦ ਦੇ ਉਪਰ ਪਰੋਸਿਆ ਜਾਂਦਾ ਹੈ। ਦੋ ਬੱਚਿਆਂ ਦੇ ਪਿਓ 34 ਸਾਲਾ ਮਨਜੀਤ ਸਿੰਘ ਨੇ ਦੱਸਿਆ, ''ਜਦੋਂ ਮੈਂ ਇਥੇ ਪੁੱਜਿਆ ਸੀ ਤਾਂ ਕੁਝ ਵੀ ਕਰਨ ਲਈ ਤਿਆਰ ਸੀ ਪਰ ਪਨੀਰ ਬਣਾਉਣ 'ਚ ਮੇਰਾ ਮਨ ਭਿੱਜ ਗਿਆ ਹੈ।'' ਜ਼ਿਬੈਲੋ 'ਚ ਪਰਮੀਜ਼ਨ ਪਲਾਂਟ ਚਲਾਉਣ ਵਾਲੇ ਗ੍ਰੈਜ਼ਿਆਨੋ ਕਾਸਿਆਲੀ ਨੇ 2004 ਵਿਚ ਦਿਲ ਦਾ ਬਾਈਪਾਸ ਅਪਰੇਸ਼ਨ ਕਰਾਉਣ ਮਗਰੋਂ ਮਨਜੀਤ ਸਿੰਘ ਨੂੰ ਆਪਣੇ ਕੋਲ ਰੱਖਿਆ ਸੀ ਤੇ ਉਸ ਨੇ ਕਿਹਾ ਕਿ ਉਸ ਨੇ ਮਨਜੀਤ ਨੂੰ ਇਹ ਗੁਰ ਸਿਖਾ ਕੇ ਮਜ਼ਾ ਆਇਆ ਕਿਉਂਕਿ ਇਤਾਲਵੀ ਤਾਂ ਹੁਣ ਇਸ ਧੰਦੇ ਤੋਂ ਕਿਨਾਰਾ ਕਰ ਰਹੇ ਹਨ।

ਉਸ ਨੇ ਕਿਹਾ, ''ਇਸ ਧੰਦੇ 'ਚ ਹੁਣ ਇਤਾਲਵੀ ਨਹੀਂ ਰਹੇ। ਪਰਮੀਜ਼ਨ ਬਣਾਉਣ ਲਈ ਲੰਮਾ ਸਮਾਂ ਕੰਮ ਕਰਨਾ ਪੈਂਦਾ ਹੈ। ਤੁਹਾਨੂੰ ਛੁੱਟੀਆਂ 'ਚ ਵੀ ਤੇ ਸਾਲ 'ਚ ਹਰ ਦਿਨ ਕੰਮ ਕਰਨਾ ਪੈਂਦਾ ਹੈ। ਇਤਾਲਵੀਆਂ ਕੋਲ ਪੈਸਾ ਆ ਗਿਆ ਤੇ ਨੌਜਵਾਨ ਹੁਣ ਇਹ ਕੰਮ ਨਹੀਂ ਕਰਨਾ ਚਾਹੁੰਦੇ। ਮੈਂ ਇਸ ਕਰਕੇ ਟਿਕਿਆ ਰਿਹਾ ਕਿਉਂਕਿ ਮੈਂ ਇਸ ਕਿੱਤੇ ਨਾਲ ਦਿਲੋਂ ਜੁੜਿਆ ਹੋਇਆ ਹਾਂ। ਲਾਗੇ ਨਾਵਲਾਰਾ ਦੀ ਇਕ ਡੇਅਰੀ 'ਚ ਅੱਧ ਤੋਂ ਵੱਧ ਕਾਮੇ ਸਿੱਖ ਹਨ। ਇਸ ਡੇਅਰੀ ਦੇ ਦੁੱਧ ਨਾਲ ਹੀ ਪਰਮੀਜ਼ਨ ਪਨੀਰ ਬਣਾਇਆ ਜਾਂਦਾ ਹੈ। ਇਤਾਲਵੀ ਹਿਸਾਬ ਅਨੁਸਾਰ ਉਨ੍ਹਾਂ ਦੀ ਕਮਾਈ ਵੀ ਚੰਗੀ ਹੋ ਜਾਂਦੀ ਹੈ। ਆਮ ਤੌਰ 'ਤੇ ਸਿੱਖ



ਚੀਜ਼ਮੇਕਰ ਮਹੀਨੇ ਦੇ 2000 ਯੂਰੋ (2800 ਡਾਲਰ ) ਕਮਾ ਲੈਂਦਾ ਹੈ।

ਡੇਅਰੀ ਫਾਰਮਰ ਸਟੈਫਨੋ ਗੈਜ਼ਿਨੀ ਨੇ ਕਿਹਾ, ''ਬਹੁਤੇ ਕਾਮੇ ਭਾਰਤੀ ਹਨ। ਉਹ ਪੂਰੀ ਤਨਦੇਹੀ ਨਾਲ ਆਪਣਾ ਕੰਮ ਕਰਦੇ ਹਨ। ਇਵੇਂ ਉਹ ਮੁਕਾਮੀ ਭਾਈਚਾਰੇ ਵਿਚ ਰਚ-ਮਿਚ ਗਏ ਹਨ ਤੇ ਉਨ੍ਹਾਂ ਦਾ ਇਕ ਵੱਡਾ ਗੁਰਦੁਆਰਾ ਵੀ ਹੈ। 1980ਵਿਆਂ ਦੇ ਅਖੀਰ 'ਚ ਸਿੱਖ ਇਥੇ ਆਉਣੇ ਸ਼ੁਰੂ ਹੋਏ ਸਨ। ਉਹ ਕੇਸਰੀ, ਸਫੇਦ ਤੇ ਨੀਲੀ ਦਸਤਾਰ ਸਜਾਉਂਦੇ ਹਨ। ਛੁੱਟੀ ਵਾਲੇ ਦਿਨ ਉਹ ਆਪਣੀਆਂ ਪਤਨੀਆਂ ਨਾਲ ਬਾਜ਼ਾਰ ਤੇ ਗੁਰਦੁਆਰੇ ਜਾਂਦੇ ਹਨ।

The Committee of commemorate Khalra Presents 2nd Annual

# Remembrance of the Disappeared

## Shining the torch of justice in Punjab

Stockton Sikh Gurdwara, 1930, S. Grant St., Stockton, CA 95206

# ਮਨੁੱਖੀ ਅਧਿਕਾਰਾਂ ਦੇ ਰਾਖੇ

# ਸ. ਜਸਵੰਤ ਸਿੰਘ ਖਾਲੜਾ ਦੀ 16ਵੀਂ ਬਰਸੀ

## 11 ਤੋਂ 13 ਨਵੰਬਰ, 2011

### ਪ੍ਰੋਗਰਾਮ

**ਸ਼ੁੱਕਰਵਾਰ, 11 ਨਵੰਬਰ 2011**

ਸਵੇਰੇ 10 ਵਜੇ ਅਰੰਭ ਸ੍ਰੀ ਅਖੰਡ ਪਾਠ

**ਸਨਿਚਰਵਾਰ, 12 ਨਵੰਬਰ 2011**

ਬਾਅਦ ਦੁਪਹਿਰ 3:00 ਤੋਂ ਸ਼ਾਮ 7:00 ਵਜੇ ਤੱਕ ਭਾਰਤ ਵਿਚ ਮਨੁੱਖੀ ਅਧਿਕਾਰਾਂ ਬਾਰੇ ਵਿਚਾਰ ਗੋਸ਼ਟੀ। ਮੁੱਖ ਬੁਲਾਰੇ-ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਵਕੀਲ ਸ. ਰਾਜਵਿੰਦਰ ਸਿੰਘ ਬੈਂਸ ਪੰਜਾਬ ਵਿਚ ਗੁੰਮਸ਼ੁਦਗੀ ਦੇ ਮਾਮਲਿਆਂ ਬਾਰੇ ਰਿਪੋਰਟ ਪੇਸ਼ ਕਰਨਗੇ। ਸ. ਬੈਂਸ ਮਰਹੂਮ ਜਸਵੰਤ ਸਿੰਘ ਖਾਲੜਾ ਲਈ ਇਨਸਾਫ ਵਾਸਤੇ ਭਾਰਤੀ ਸੁਪਰੀਮ ਕੋਰਟ ਵਿਚ 1995 ਤੋਂ ਅਕਤੂਬਰ 2011 ਤੱਕ ਕੇਸ ਲੜਦੇ ਆ ਰਹੇ ਹਨ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਆਪਣੇ ਵਿਚਾਰ ਪੇਸ਼ ਕਰਨਗੇ।

**ਐਤਵਾਰ, 13 ਨਵੰਬਰ 2011**

ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਦੀਵਾਨ ਸਜਣਗੇ

***ਮਹਿਮਾਨ ਬੁਲਾਰੇ:*** ਸ. ਜਸਵੰਤ ਸਿੰਘ ਖਾਲੜਾ ਦੀ ਧੀ ਨਵਕਿਰਨ ਕੌਰ ਖਾਲੜਾ ਜੋ ਅਪਾਣੇ ਪਿਤਾ ਵਲੋਂ ਮਨੁੱਖੀ ਅਧਿਕਾਰਾਂ ਖਾਤਰ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਅੱਗੇ ਤੋਰ ਰਹੇ ਹਨ ਅਤੇ ਖਾੜਕੂਵਾਦ ਦੌਰਾਨ ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦੌਰਾਨ ਮਾਰ ਮੁਕਾਏ ਗਏ ਨੌਜਵਾਨਾਂ ਨੂੰ ਅਣਪਛਾਤੀਆਂ ਲਾਸ਼ਾਂ ਕਰਾਰ ਦੇ ਕੇ ਸਾੜਨ ਦੇ ਮਾਮਲੇ ਨੂੰ ਉਠਾ ਰਹੇ ਹਨ, ਉਹ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਹਾਲਾਤ ਉਤੇ ਵਿਸ਼ੇਸ਼ ਰੌਸ਼ਨੀ ਪਾਉਣਗੇ।

ਰਾਜਵਿੰਦਰ ਸਿੰਘ ਬੈਂਸ

ਵੱਖ ਵੱਖ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਆਪਣੇ ਵਿਚਾਰ ਪੇਸ਼ ਕਰਨਗੇ



*ਸ. ਜਸਵੰਤ ਸਿੰਘ ਖਾਲੜਾ*

### ਸ. ਜਸਵੰਤ ਸਿੰਘ ਖਾਲੜਾ

ਸ. ਜਸਵੰਤ ਸਿੰਘ ਖਾਲੜਾ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਸਰਗਰਮ ਕਾਰਕੁਨ ਸਨ ਜਿਨ੍ਹਾਂ ਨੇ ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਭਾਰਤੀ ਹਥਿਆਰਬੰਦ ਸੁਰੱਖਿਆ ਫੋਰਸਾਂ ਵਲੋਂ ਕੀਤੇ ਗਏ ਨਿਰਦੋਸ਼ ਲੋਕਾਂ ਦੇ ਕਤਲਾਂ ਦਾ ਮਾਮਲਾ ਉਠਾਇਆ ਅਤੇ ਉਨ੍ਹਾਂ ਬਾਰੇ ਜਾਂਚ ਸ਼ੁਰੂ ਕੀਤੀ। ਉਨ੍ਹਾਂ ਸਮਿਆਂ ਵਿਚ ਸੁਰੱਖਿਆ ਫੋਰਸਾਂ ਵਲੋਂ ਹਜ਼ਾਰਾਂ ਨੌਜਵਾਨਾਂ, ਬਜ਼ੁਰਗਾਂ ਅਤੇ ਔਰਤਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਚੁੱਕ ਕੇ ਉਨ੍ਹਾਂ ਉਪਰ ਬੇਪਨਾਹ ਗੈਰਮਾਨਵੀ ਤਸ਼ੱਦਦ ਢਾਹੇ ਜਾਣ ਪਿਛੋਂ ਝੂਠੇ ਮੁਕਾਬਲਿਆਂ ਵਿਚ ਮਾਰ ਮੁਕਾਇਆ ਗਿਆ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਬੇਪਛਾਣ ਲਾਸ਼ਾਂ ਕਰਾਰ ਦੇ ਕੇ ਸਸਕਾਰ ਕਰ ਦਿੱਤਾ ਗਿਆ। ਇਕੱਲੇ ਅੰਮ੍ਰਿਤਸਰ ਜ਼ਿਲੇ ਵਿਚ ਅਜਿਹੇ 5 ਹਜ਼ਾਰ ਮਾਮਲੇ ਸਾਹਮਣੇ ਆਏ। ਅਜਿਹੇ ਕਈ ਲਾਪਤਾ ਲੋਕਾਂ ਬਾਰੇ ਉਨ੍ਹਾਂ ਦੇ ਪਰਿਵਾਰਾਂ ਨੂੰ ਅੱਜ ਤੱਕ ਵੀ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਧਰ ਖਪਾ ਦਿੱਤੇ ਗਏ। ਕਿਸੇ ਨੂੰ ਪਤਾ ਨਹੀਂ ਕਿ ਘਰਾਂ ਵਿਚੋਂ ਜਿਹੜੇ ਲੋਕਾਂ ਨੂੰ ਪੁਲਿਸ ਚੁਕ ਕੇ ਲੈ ਗਈ ਉਹ ਜ਼ਿੰਦਾ ਵੀ ਹਨ ਜਾਂ ਮਾਰ ਖਪਾ ਦਿੱਤੇ ਗਏ। ਸ. ਜਸਵੰਤ ਸਿੰਘ ਖਾਲੜਾ ਨੇ ਇਨ੍ਹਾਂ ਲਾਪਤਾ ਕਰਾਰ ਦਿੱਤੇ ਗਏ ਲੋਕਾਂ ਦਾ ਰਿਕਾਰਡ ਬਣਾਉਣਾ ਸ਼ੁਰੂ ਕੀਤਾ ਸੀ ਤਾਂ ਜੋ ਲਾਪਤਾ ਕਰਾਰ ਦੇ ਕੇ ਜਿਨ੍ਹਾਂ ਲੋਕਾਂ ਦਾ ਸਸਕਾਰ ਕਰ ਦਿੱਤਾ ਗਿਆ ਉਨ੍ਹਾਂ ਦਾ ਖੁਰਾਖੋਜ ਲੱਭਿਆ ਜਾ ਸਕੇ। ਉਨ੍ਹਾਂ ਪੂਰੇ ਪੰਜਾਬ ਵਿਚ ਪੁਲਿਸ ਅਤੇ ਹੋਰ ਹਥਿਆਰਬੰਦ ਫੋਰਸਾਂ ਵਲੋਂ ਖਾੜਕੂਵਾਦ ਦੇ ਨਾਂ ਉਪਰ 25 ਹਜ਼ਾਰ ਨਿਰਦੋਸ਼ ਲੋਕਾਂ ਨੂੰ ਗੈਰ ਕਾਨੂੰਨੀ ਤੌਰ 'ਤੇ ਕਤਲ ਕਰਕੇ ਦਰਿਆਵਾਂ, ਨਹਿਰਾਂ ਵਿਚ ਰੋੜ ਦਿੱਤੇ ਜਾਣ ਜਾਂ ਉਨ੍ਹਾਂ ਦਾ ਅਣਪਛਾਤੀਆਂ ਲਾਸ਼ਾਂ ਕਰਾਰ ਦੇ ਕੇ ਸਸਕਾਰ ਕਰ ਦਿੱਤੇ ਜਾਣ ਦਾ ਖੁਲਾਸਾ ਕੀਤਾ ਸੀ। ਭਾਰਤੀ ਫੋਰਸਾਂ ਤੋਂ ਜਾਨ ਦੇ ਖਤਰੇ ਦੇ ਬਾਵਜੂਦ ਸੱਚ ਦੀ ਭਾਲ ਬੰਦ ਨਹੀਂ ਸੀ ਕੀਤੀ। ਕਈ ਵਾਰ ਉਨ੍ਹਾਂ ਨੂੰ ਪੁਲਿਸ ਅਫਸਰਾਂ ਵਲੋਂ ਧਮਕੀਆਂ ਵੀ ਮਿਲਦੀਆਂ ਰਹੀਆਂ ਕਿ ਉਹ ਪੁਲਿਸ ਦੇ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਨਾ ਉਠਾਉਣ। ਆਖਰ 6 ਸਤੰਬਰ 1995 ਨੂੰ ਸ. ਜਸਵੰਤ ਸਿੰਘ ਖਾਲੜਾ ਅੰਮ੍ਰਿਤਸਰ ਵਿਚ ਆਪਣੇ ਘਰੋਂ ਭੇਦ ਭਰੀ ਹਾਲਤ ਵਿਚ ਗੁੰਮ ਹੋ ਗਏ। ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ। ਮੌਕੇ 'ਤੇ ਮੌਜੂਦ ਗਵਾਹਾਂ ਨੇ ਕਈ ਪੁਲਿਸ ਅਫਸਰਾਂ ਵਿਰੁਧ ਗਵਾਹੀ ਵੀ ਦਿੱਤੀ। ਇਸ ਸਭ ਕੁਝ ਦੇ ਬਾਵਜੂਦ ਭਾਰਤੀ ਅਧਿਕਾਰੀਆਂ ਨੇ ਸ. ਖਾਲੜਾ ਦੀ ਗ੍ਰਿਫਤਾਰੀ ਨੂੰ ਕਦੇ ਪ੍ਰਵਾਨ ਨਹੀਂ ਕੀਤਾ। ਬਾਅਦ ਵਿਚ ਇਕ ਚਸ਼ਮਦੀਦ ਪੁਲਿਸ ਮੁਲਾਜ਼ਮ ਕੁਲਦੀਪ ਸਿੰਘ ਬਚੜੇ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣਦਿਆਂ ਇਹ ਖੁਲਾਸਾ ਕੀਤਾ ਕਿ ਉਚ ਪੁਲਿਸ ਅਧਿਕਾਰੀਆਂ ਵਲੋਂ ਸ. ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਨ ਤੋਂ ਬਾਅਦ ਤਸੀਹੇ ਦੇ ਕੇ ਕਤਲ ਕਰ ਦਿਤਾ ਗਿਆ ਸੀ। ਕਤਲ ਤੋਂ ਬਾਅਦ ਸ. ਖਾਲੜਾ ਦੀ ਲਾਸ਼ ਇਕ ਨਹਿਰ ਵਿਚ ਸੁੱਟ ਦਿੱਤੀ ਗਈ।

ਅੱਜ ਸ. ਖਾਲੜਾ ਦਾ ਪਰਿਵਾਰ ਉਨ੍ਹਾਂ ਵਲੋਂ ਮਨੁੱਖੀ ਅਧਿਕਾਰਾਂ ਲਈ ਉਠਾਈ ਗਈ ਆਵਾਜ਼ ਨੂੰ ਕਾਇਮ ਰੱਖ ਕੇ ਅਤੇ ਮਨੁੱਖੀ ਅਧਿਕਾਰਾਂ ਦੀ ਪੈਰਵਾਈ ਕਰਕੇ ਉਨ੍ਹਾਂ ਦੇ ਮਾਣ ਨੂੰ ਵਧਾ ਰਿਹਾ ਹੈ, ਪੂਰੇ ਦੱਖਣੀ ਏਸ਼ੀਆ ਵਿਚ ਆਜ਼ਾਦੀ ਦੀ ਅਲਖ ਜਾ ਰਿਹਾ ਹੈ।

*Be there. Be counted.*

*For more info, please contact : 1-888-551- SIKH, website : info@khalra.org, email : info@sikhinformationcentre.org*

Sponsors : Stockton Sikh Gurdwara, Ensaaf, Jakara Movement, Organization For Minorities Of India, Sikh Coalition, Sikhs For Justice, Sikh Information Centre, Sikh Research Institute, UNITED SIKHS.

# ਬਾਦਲ ਦੀਆਂ ਬੱਸਾਂ ਬਾਰੇ ਜਾਂਚ ਰੋਕਣ ਲਈ ਆਈ.ਜੀ. ਦਾ ਤਬਾਦਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਬਾਦਲ ਪਰਿਵਾਰ ਸਣੇ ਹੋਰ ਸਿਆਸੀ ਆਗੂਆਂ ਦੀਆਂ ਗੈਰ-ਕਾਨੂੰਨੀ ਬੱਸਾਂ ਬਾਰੇ ਜਾਂਚ ਨੂੰ ਤਾਰਪੀਡੋ ਕਰਨ ਲਈ ਹਰ ਹਰਬਾ ਵਰਤ ਰਹੀ ਹੈ। ਪਹਿਲਾਂ ਹੀ ਲੋੜੀਂਦਾ ਸਟਾਫ ਨਾ ਦੇ ਕੇ ਲੋਕਪਾਲ ਦੇ ਕੰਮਕਾਜ ਵਿਚ ਅੜਿੱਕੇ ਡਾਹੁਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਅਕਾਲੀ-ਭਾਜਪਾ ਸਰਕਾਰ ਨੇ ਹੁਣ ਉਸ ਪੁਲਿਸ ਆਈ.ਜੀ. ਦਾ ਹੀ ਤਬਾਦਲਾ ਕਰ ਦਿੱਤਾ ਹੈ ਜਿਸ ਨੂੰ ਪੰਜਾਬ ਤੇ ਚੰਡੀਗੜ੍ਹ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਸਣੇ ਵੱਖ-ਵੱਖ ਵੱਡੇ ਸਿਆਸਤਦਾਨਾਂ ਦੀ ਮਾਲਕੀ ਵਾਲੀਆਂ ਏ.ਸੀ. ਬੱਸਾਂ ਗੈਰ-ਕਾਨੂੰਨੀ ਢੰਗ ਨਾਲ ਚਲਾਏ ਜਾਣ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।



ਆਈ.ਜੀ. ਸ਼ਾਮ ਲਾਲ ਗੱਖੜ ਦਾ ਸਰਕਾਰ ਨੇ ਆਈ.ਜੀ. ਪਟਿਆਲਾ ਜ਼ੋਨ ਦਾ ਤਬਾਦਲਾ ਕੀਤਾ ਹੈ। ਉਂਜ ਆਈ.ਜੀ. ਗੱਖੜ ਨੂੰ ਸਰਕਾਰ ਵੱਲੋਂ ਇਹ ਤੋਹਫ਼ਾ ਦਿੱਤਾ ਗਿਆ ਹੈ ਕਿਉਂਕਿ ਇਕ ਵਾਰ ਆਈ.ਜੀ. ਲੋਕਪਾਲ ਵਜੋਂ ਨਿਯੁਕਤੀ ਤੋਂ ਬਾਅਦ ਪਟਿਆਲਾ ਵਿਚਲੀ ਆਪਣੀ ਸਰਕਾਰੀ ਰਿਹਾਇਸ਼ ਵਿਚ ਵੱਧ ਸਮਾਂ ਰਹਿਣ ਕਾਰਨ ਸ੍ਰੀ ਗੱਖੜ ਨੂੰ ਉਸ ਰਿਹਾਇਸ਼ ਤੋਂ ਜਬਰੀ ਕੱਢ ਦਿੱਤੇ ਜਾਣ ਦੇ ਆਸਾਰ ਸਨ। ਹੁਣ ਉਨ੍ਹਾਂ ਨੂੰ ਇਕ ਵਧੀਆ ਮੰਨੇ ਜਾਂਦੇ ਅਹੁਦੇ 'ਤੇ ਅਚਾਨਕ ਤਾਇਨਾਤ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ। ਖਾਸਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਣੇ ਹੋਰ ਸਿਆਸਤਦਾਨਾਂ ਦੀਆਂ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੀਆਂ ਏ.ਸੀ. ਬੱਸਾਂ ਦਾ ਮਾਮਲਾ ਉਠਾਉਣ ਵਾਲੇ ਵਕੀਲ ਤੇ ਗਲੋਬਲ ਹਿਊਮਨ ਰਾਈਟਸ ਕੌਂਸਲ ਦੇ ਪ੍ਰਧਾਨ ਅਰਵਿੰਦ ਠਾਕੁਰ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੇ ਇਹ ਤਬਾਦਲਾ ਬੱਸਾਂ ਬਾਰੇ ਜਾਂਚ ਨੂੰ ਲਟਕਾਉਣ ਲਈ ਹੀ ਕੀਤਾ ਹੈ।

ਉਨ੍ਹਾਂ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ ਇਹ ਬੱਸਾਂ ਬਿਨਾਂ ਪਰਮਿਟਾਂ ਤੋਂ ਚਲਾਈਆਂ ਜਾ ਰਹੀਆਂ ਹਨ। ਸ੍ਰੀ ਗੱਖੜ ਨੂੰ ਮਾਮਲੇ ਦੀ ਜਾਂਚ ਪੂਰੀ ਕਰਨ ਲਈ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਤੇ ਇਹ ਮਿਆਦ ਪਹਿਲੀ ਨਵੰਬਰ ਨੂੰ ਪੂਰੀ ਹੋਣੀ ਹੈ।ਪਰ ਉਨ੍ਹਾਂ ਲੋਕਪਾਲ ਆਈ.ਜੀ. ਦਾ ਅਹੁਦਾ ਛੱਡਣ ਤੱਕ ਲੋਕਪਾਲ ਜਸਟਿਸ (ਰਿਟਾ.) ਡੀ.ਐਸ. ਧਾਲੀਵਾਲ ਨੂੰ ਕੋਈ ਜਾਂਚ ਰਿਪੋਰਟ ਪੇਸ਼ ਨਹੀਂ ਕੀਤੀ।

ਜਸਟਿਸ ਧਾਲੀਵਾਲ ਨੇ ਕਿਹਾ ਕਿ ਕੇਸ ਨਾਲ ਸਬੰਧਤ ਦਸਤਾਵੇਜ਼ ਹਿਫਾਜ਼ਤ ਨਾਲ ਸਾਂਭ ਕੇ ਆਈ.ਜੀ. ਲੋਕਪਾਲ ਦੇ ਦਫਤਰ ਵਿਚ ਰੱਖੇ ਹੋਏ ਹਨ ਤੇ ਹੁਣ ਜਾਂਚ ਅੱਗੇ ਤੋਰਨ ਦੀ ਜ਼ਿੰਮੇਵਾਰੀ ਨਵੇਂ ਨਿਯੁਕਤ ਹੋਏ ਆਈ.ਜੀ. ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਅਹਿਮ ਮੌਕੇ ਆਈ.ਜੀ. ਨੂੰ ਬਦਲੇ ਜਾਣ ਦਾ ਕਾਰਨ ਉਨ੍ਹਾਂ ਨੂੰ ਪਤਾ ਨਹੀਂ। ਇਸੇ ਦੌਰਾਨ ਸੂਤਰਾਂ ਨੇ ਕਿਹਾ ਕਿ ਲੋਕਪਾਲ ਦੇ ਨਵੇਂ ਆਈ.ਜੀ. ਦੀ ਨਿਯੁਕਤੀ ਤੱਕ ਜਾਂਚ ਵਿਚ ਪੇਸ਼ਕਦਮੀ ਹੋਣ ਦੇ ਕੋਈ ਆਸਾਰ ਨਹੀਂ।

## ਬਾਦਲ ਨੇ ਲੋਕਪਾਲ ਨੂੰ ਕਮਜ਼ੋਰ ਕੀਤਾ: ਕੈਪਟਨ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਆਪਣੇ ਖਿਲਾਫ ਦੋ ਜਾਂਚਾਂ ਦੀ ਅਗਵਾਈ ਕਰ ਰਹੇ ਆਈ.ਜੀ. ਸ਼ਾਮ ਲਾਲ ਗੱਖੜ ਦਾ ਤਬਾਦਲਾ ਕਰਕੇ ਲੋਕਪਾਲ ਦੀ ਫੂਕ ਕੱਢ ਦਿੱਤੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਬਾਦਲ ਟਰਾਂਸਪੋਰਟ ਵਿਭਾਗ 'ਚ ਆਪਣੀਆਂ ਬੱਸਾਂ ਬਾਰੇ ਰਿਕਾਰਡ ਨੂੰ ਬਦਲਣ 'ਚ ਉਲਝੇ ਹਨ ਤੇ ਇਸੇ ਲਈ ਉਨ੍ਹਾਂ ਨੇ ਆਈ.ਜੀ. ਦਾ ਲੋਕਪਾਲ ਵਿਚੋਂ ਤਬਾਦਲਾ ਕਰਕੇ ਇਸ ਲਈ ਢੁਕਵਾਂ ਸਮਾਂ ਹਾਸਲ ਕਰਨ ਦਾ ਯਤਨ ਕੀਤਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਪੰਜਾਬ 'ਚ ਲੋਕਪਾਲ ਦੀ ਸੰਸਥਾ ਨੂੰ ਕਮਜ਼ੋਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਚਾਈ ਤਾਂ ਇਹ ਹੈ ਕਿ ਆਈ.ਜੀ. ਨੂੰ ਉਨ੍ਹਾਂ ਲੋਕਾਂ ਵੱਲੋਂ ਹੀ ਬਦਲਿਆ ਗਿਆ ਹੈ ਜਿਨ੍ਹਾਂ ਦੇ ਖਿਲਾਫ ਉਹ ਦੋ ਪੜਤਾਲਾਂ ਕਰ ਰਹੇ ਸਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਬਾਦਲ ਟਰਾਂਸਪੋਰਟ ਵਿਭਾਗ ਦੇ ਰਿਕਾਰਡਾਂ 'ਚ ਤਬਦੀਲੀ ਕਰ ਰਹੇ ਹਨ ਤੇ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ 'ਤੇ ਇਹ ਤਬਦੀਲੀ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਇਨ੍ਹਾਂ ਤਬਦੀਲੀਆਂ ਵਾਸਤੇ ਸਮਾਂ ਹਾਸਲ ਕਰਨ ਲਈ ਹੀ ਆਈ.ਜੀ. ਨੂੰ ਬਦਲਿਆ ਹੈ ਤਾਂ ਜੋ ਨਵੇਂ ਜਾਂਚ ਅਧਿਕਾਰੀ ਦੇ ਆਉਣ ਤੋਂ ਪਹਿਲਾਂ ਰਿਕਾਰਡ ਵਿਚ ਛੇੜਛਾੜ ਕੀਤੀ ਜਾ ਸਕੇ।

ਉਨ੍ਹਾਂ ਨਾਲ ਹੀ ਕਿਹਾ ਕਿ ਭਾਵੇਂ ਸ. ਬਾਦਲ ਰਿਕਾਰਡ ਵਿਚ ਤਬਦੀਲੀ ਕਰਨ ਵਿਚ ਸਫਲ ਵੀ ਹੋ ਜਾਣ ਤਾਂ ਵੀ ਕਾਂਗਰਸ ਸਰਕਾਰ ਆਉਣ 'ਤੇ ਮਾਮਲੇ ਦੀ ਵਿਸਥਾਰ ਨਾਲ ਜਾਂਚ ਕਰਵਾ ਕੇ ਦੋਸ਼ੀ ਬਖਸ਼ੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਆਈ.ਜੀ. ਦੀ ਬਦਲੀ ਰੁਟੀਨ 'ਚ ਨਹੀਂ ਹੋਈ ਸਗੋਂ ਸੋਚੀ ਸਮਝੀ ਰਣਨੀਤੀ ਤਹਿਤ ਉਸ ਨੂੰ ਲੋਕਪਾਲ ਤੋਂ ਲਾਂਭੇ ਕੀਤਾ ਗਿਆ ਹੈ। ਕੈਪਟਨ ਨੇ ਅੰਨਾ ਹਜ਼ਾਰੇ ਦਾ ਪੰਜਾਬ 'ਚ ਸਵਾਗਤ ਕਰਨ ਬਾਰੇ ਸ. ਬਾਦਲ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਉਪਰ ਟਿੱਪਣੀ ਕਰਦਿਆਂ ਸਵਾਲ ਕੀਤਾ ਕਿ ਕੀ ਹਜ਼ਾਰੇ ਦਾ ਸਵਾਗਤ ਲੋਕਪਾਲ ਨੂੰ ਖੋਖਲਾ ਕਰਕੇ ਕੀਤਾ ਜਾ ਰਿਹਾ ਹੈ।

## ਅਣਖ ਲਈ ਕਤਲ ਦੇ 4 ਦੋਸ਼ੀਆਂ ਨੂੰ ਮੌਤ ਦੀ ਸਜ਼ਾ

**ਫਰੀਦਕੋਟ:** ਅਣਖ ਲਈ ਕਤਲ ਦੇ ਮਾਮਲੇ ਵਿਚ ਇਥੋਂ ਦੇ ਸੈਸ਼ਨ ਜੱਜ ਨੇ ਚਾਰ ਮੁਜਰਮਾਂ ਨੂੰ ਸਜ਼ਾ-ਏ-ਮੌਤ ਦਾ ਹੁਕਮ ਸੁਣਾਇਆ ਹੈ। ਮੁਲਜ਼ਮਾਂ ਵਿਚ ਲੜਕੀ ਦਾ ਤਾਇਆ ਗੁਰਮੁੱਖ ਸਿੰਘ, ਮਾਮਾ ਰੇਸ਼ਮ ਸਿੰਘ, ਇਕ ਹੋਰ ਰਿਸ਼ਤੇਦਾਰ ਗੁਰਨੈਬ ਸਿੰਘ ਤੇ ਸੁਪਾਰੀ ਲੈ ਕੇ ਕਤਲ ਕਰਨ ਵਾਲਾ ਜਰਾਇਮ ਪੇਸ਼ਾ ਮੁਜਰਮ ਕੁਲਬੀਰ ਸ਼ਰਮਾ ਸ਼ਾਮਲ ਹਨ। ਉਨ੍ਹਾਂ ਨੇ ਗੁਰਪ੍ਰੀਤ ਸਿੰਘ ਵਾਸੀ ਪੱਖੀ ਕਲਾਂ ਦਾ ਕਤਲ ਕੀਤਾ ਸੀ। ਅਦਾਲਤ ਨੇ ਚਾਰਾਂ ਮੁਜਰਮਾਂ ਨੂੰ ਨਾਜਾਇਜ਼ ਅਸਲਾ ਵਰਤਣ ਦੇ ਦੋਸ਼ ਵਿਚ ਦੋ-ਦੋ ਸਾਲ ਦੀ ਕੈਦ ਤੇ ਤਿੰਨ-ਤਿੰਨ ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਦਾ ਹੁਕਮ ਵੀ ਦਿੱਤਾ ਹੈ।

ਪੰਜਾਬ ਵਿਚ ਅਣਖ ਲਈ ਹੋਏ ਕਤਲਾਂ ਬਾਰੇ ਇਹ ਪਹਿਲਾ ਮਾਮਲਾ ਹੈ ਜਿਸ ਵਿਚ ਮੁਜਰਮਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਆਪਣੇ 70 ਸਫ਼ਿਆਂ ਦੇ ਫੈਸਲੇ ਵਿਚ ਘਟਨਾ ਦੇ ਹਰ ਪੱਖ ਨੂੰ ਗੰਭੀਰਤਾ ਨਾਲ ਵਿਚਾਰਨ ਤੋਂ ਬਾਅਦ ਇਹ ਫੈਸਲਾ ਸੁਣਾਇਆ। ਇਸਤਗਾਸੇ ਮੁਤਾਬਕ 20 ਸਤੰਬਰ, 2009 ਦੀ ਸ਼ਾਮ ਨੂੰ ਚਾਰ ਕਾਰ ਸਵਾਰਾਂ ਨੇ ਗੁਰਪ੍ਰੀਤ ਸਿੰਘ ਵਾਸੀ ਪੱਖੀ ਕਲਾਂ ਜੋ ਗੁਰੂ ਨਾਨਕ ਕਲੋਨੀ, ਫਰੀਦਕੋਟ ਵਿਖੇ ਕਿਰਾਏ 'ਤੇ ਰਹਿ ਰਿਹਾ ਸੀ, ਨੂੰ ਗੋਲੀਆਂ ਤੇ ਕਿਰਚਾਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ ਦੇ ਰਿਸ਼ਤੇਦਾਰ ਕੁਲਦੀਪ ਸਿੰਘ ਪੁੱਤਰ ਗੁਰਦਿੱਤਾ ਸਿੰਘ ਦੀ ਸ਼ਿਕਾਇਤ 'ਤੇ ਸਿਟੀ ਪੁਲਿਸ ਫ਼ਰੀਦਕੋਟ ਨੇ ਗੁਰਮੁਖ ਸਿੰਘ, ਕੁਲਬੀਰ ਸ਼ਰਮਾ ਵਾਸੀ ਭਾਗਥਲਾ, ਰੇਸ਼ਮ ਸਿੰਘ ਵਾਸੀ ਸਰਾਵਾਂ ਤੇ ਗੁਰਨੈਬ ਸਿੰਘ ਵਾਸੀ ਅਬੋਹਰ ਖ਼ਿਲਾਫ ਆਈ.ਪੀ.ਸੀ. ਦੀ ਧਾਰਾ 302, 307 ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।

# ਅੰਮ੍ਰਿਤਸਰ ਕੌਮਾਂਤਰੀ ਹਰਿਆਵਲ ਮੁਹਿੰਮ 'ਚ ਸ਼ਾਮਲ

**ਅੰਮ੍ਰਿਤਸਰ:** ਧਾਰਮਿਕ ਮਹੱਤਤਾ ਵਾਲੇ ਸ਼ਹਿਰਾਂ ਨੂੰ ਹਰਿਆ-ਭਰਿਆ ਬਣਾਉਣ ਲਈ ਸ਼ੁਰੂ ਕੀਤੀ ਜਾ ਰਹੀ ਵਿਸ਼ਵ ਪੱਧਰੀ ਮੁਹਿੰਮ ਵਿਚ ਗੁਰੂ ਨਗਰੀ ਅੰਮ੍ਰਿਤਸਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਮੁਹਿੰਮ ਦਾ ਆਗਾਜ਼ 31 ਅਕਤੂਬਰ ਤੋਂ 2 ਨਵੰਬਰ ਤੱਕ ਇਟਲੀ ਦੇ ਸ਼ਹਿਰ ਅਸੀਸੀ ਵਿਚ ਹੋਏ ਸਮਾਗਮ ਦੌਰਾਨ ਕੀਤਾ ਗਿਆ। ਇਹ ਵਿਸ਼ਵ ਪੱਧਰੀ ਮੁਹਿੰਮ ਸੰਸਥਾ 'ਅਲਾਇੰਸ ਆਫ ਰਿਲੀਜਨ ਐਂਡ ਕੰਜ਼ਰਵੇਸ਼ਨ' ਵੱਲੋਂ ਵਰਲਡ ਵਾਈਲਡ ਲਾਈਫ ਫੰਡ (ਡਬਲਯੂ.ਡਬਲਯੂ.ਐਫ) ਦੇ ਸਹਿਯੋਗ ਨਾਲ ਸ਼ੁਰੂ ਕੀਤੀ ਜਾ ਰਹੀ ਹੈ। ਇਸ ਵਿਚ ਵਿਸ਼ਵ ਦੇ ਵੱਖ-ਵੱਖ ਧਰਮਾਂ ਨਾਲ ਸਬੰਧਤ 10 ਸ਼ਹਿਰਾਂ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਸ਼ਹਿਰ ਵਿਚ ਚੀਨ ਦਾ ਸ਼ਹਿਰ ਲਾਉਗੁਆਨ, ਯੂ.ਕੇ. ਦਾ ਸੇਂਟ ਐਲਬਨ ਤੇ ਭਾਰਤ ਦਾ ਅੰਮ੍ਰਿਤਸਰ ਤੇ ਦੁਆਰਕਾ ਸ਼ਾਮਲ ਹਨ।

ਇਸ ਬਾਰੇ ਵਾਸ਼ਿੰਗਟਨ ਦੀ ਸਿੱਖ ਜਥੇਬੰਦੀ 'ਈਕੋ ਸਿੱਖ' ਦੇ ਪ੍ਰਾਜੈਕਟ ਮੈਨੇਜਰ ਰਵਨੀਤ ਸਿੰਘ ਨੇ ਦੱਸਿਆ ਕਿ ਇਟਲੀ 'ਚ ਸਮਾਗਮ ਦੀ ਪ੍ਰਧਾਨਗੀ ਮਹਾਰਾਣੀ ਐਲਿਜ਼ਾਬੈਥ ਦੇ ਪਤੀ ਤੇ ਐਡਨਬਰਗ ਦੇ ਡਿਊਕ ਪ੍ਰਿੰਸ ਵਿਲੀਅਮ ਵੱਲੋਂ ਕੀਤੀ ਗਈ। ਪ੍ਰਿੰਸ ਵਿਲੀਅਮ ਡਬਲਯੂ.ਡਬਲਯੂ. ਐਫ. ਦੇ ਮੁਖੀ ਵੀ ਹਨ। ਉਨ੍ਹਾਂ ਦੱਸਿਆ ਕਿ ਧਾਰਮਿਕ ਮਹੱਤਤਾ ਵਾਲੇ ਸ਼ਹਿਰਾਂ ਨੂੰ ਹਰਿਆ ਭਰਿਆ ਬਣਾਉਣ ਦੀ ਇਸ ਮੁਹਿੰਮ ਤਹਿਤ ਸਥਾਨਕ ਲੋਕਾਂ ਤੇ ਯਾਤਰੂਆਂ ਨੂੰ ਨਾਲ ਜੋੜਿਆ ਜਾਵੇਗਾ ਤਾਂ ਜੋ ਇਨ੍ਹਾਂ ਸ਼ਹਿਰਾਂ ਵਿਚ ਕੁਦਰਤੀ ਵਾਤਾਵਰਣ ਕਾਇਮ ਕੀਤਾ ਜਾ ਸਕੇ ਤੇ ਵਾਤਾਵਰਣ ਦੀ ਸਾਂਭ ਸੰਭਾਲ ਕੀਤੀ ਜਾ ਸਕੇ। ਇਸ ਮੁਹਿੰਮ ਵਿਚ ਤਿੰਨ ਮਤਾਂ ਨਾਲ ਸਬੰਧਤ ਧਾਰਮਿਕ ਸ਼ਹਿਰ ਯੇਰੂਸਲਮ ਦੇ ਪ੍ਰਬੰਧਕ ਵੀ ਸ਼ਾਮਲ ਹੋ ਰਹੇ ਹਨ।

ਅੰਮ੍ਰਿਤਸਰ ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਬਾਰੇ ਮਿਥੇ ਟੀਚੇ ਬਾਰੇ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨਾਲ ਗੱਲਬਾਤ ਕੀਤੀ ਗਈ ਹੈ। ਇਸ ਬਾਰੇ 'ਈਕੋ ਸਿੱਖ' ਜਥੇਬੰਦੀ ਦੀ ਬੰਦਨਾ ਕੌਰ ਤੇ ਏ.ਆਰ.ਸੀ.ਬੀ. ਦੀ ਵਿਕਟੋਰੀਆ ਫਿਨਲੇ ਨੇ ਅੰਮ੍ਰਿਤਸਰ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਯੋਜਨਾ ਬਾਰੇ ਵਿਚਾਰ ਚਰਚਾ ਕੀਤੀ ਹੈ। ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਕੇ.ਐਸ. ਪੰਨੂ ਨੂੰ ਵੀ ਮਿਲੇ ਹਨ ਤੇ ਉਨ੍ਹਾਂ ਅੰਮ੍ਰਿਤਸਰ ਨੂੰ ਹਰਿਆ ਭਰਿਆ ਬਣਾਉਣ ਲਈ ਸਹਿਯੋਗ ਦੇਣ ਵਾਸਤੇ ਸਹਿਮਤੀ ਦਿੱਤੀ ਹੈ।

ਈਕੋ ਸਿੱਖ ਸੰਸਥਾ ਦੇ ਪ੍ਰਧਾਨ ਡਾ. ਰਜਵੰਤ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰੇ ਲਈ ਇਹ ਚੰਗਾ ਮੌਕਾ ਹੈ ਕਿ ਉਹ ਧਰਤੀ ਤੇ ਵਾਤਾਵਰਣ ਦੀ ਸਾਂਭ-ਸੰਭਾਲ ਬਾਰੇ ਗੁਰਬਾਣੀ ਵਿਚ ਦਿੱਤੇ ਗਏ ਉਪਦੇਸ਼ ਅਨੁਸਾਰ ਆਪਣੀ ਵਚਨਬੱਧਤਾ ਪ੍ਰਗਟਾਉਣ।




## ਦਰਬਾਰ ਸਾਹਿਬ ਨੇੜਲੇ ਹੋਟਲਾਂ ਤੇ ਸਰਾਵਾਂ ਖ਼ਿਲਾਫ਼ ਸਖ਼ਤੀ

**ਅੰਮ੍ਰਿਤਸਰ:** ਮਿਊਂਸਪਲ ਟਾਊਨ ਪਲਾਨਿੰਗ ਵਿਭਾਗ ਨੇ ਇਮਾਰਤੀ ਨਿਯਮਾਂ ਦੀ ਉਲੰਘਣਾ ਕਰਨ, ਵੱਧ ਮੰਜ਼ਲਾਂ ਉਸਾਰਨ ਤੇ ਪਾਰਕਿੰਗ ਲਈ ਥਾਂ ਨਾ ਹੋਣ ਕਾਰਨ ਦਰਬਾਰ ਸਾਹਿਬ ਦੇ ਆਲੇ-ਦੁਆਲੇ 24 ਹੋਟਲਾਂ ਤੇ ਸਰਾਵਾਂ ਨੂੰ ਨੋਟਿਸ ਭੇਜੇ ਹਨ। ਮਿਊਂਸਪਲ ਟਾਊਨ ਪਲਾਨਰ ਅਨੁਸਾਰ ਉਨ੍ਹਾਂ ਨੇ ਹੋਟਲਾਂ ਦੇ ਮਾਲਕਾਂ ਨੂੰ ਕਹਿ ਦਿੱਤਾ ਹੈ ਤੇ ਹਫਤੇ ਦਾ ਨੋਟਿਸ ਦੇ ਦਿੱਤਾ ਕਿ ਉਹ ਇਨ੍ਹਾਂ ਇਮਾਰਤਾਂ ਦੀ ਵਰਤੋਂ ਨਾ ਕਰਨ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਦੀ ਉਸਾਰੀ ਵਿਚ ਬੇਨਿਯਮੀਆਂ ਵਰਤੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਦੀ ਵਰਤੋਂ ਨਾ ਰੋਕੀ ਗਈ ਤਾਂ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਇਨ੍ਹਾਂ ਹੋਟਲਾਂ ਨੂੰ ਸੀਲ ਕਰ ਦੇਵੇਗੀ।

ਇਨ੍ਹਾਂ ਵਿਚੋਂ ਬਹੁਤ ਸਾਰੇ ਹੋਟਲ ਹਰਿਮੰਦਰ ਸਾਹਿਬ ਦੇ ਗਲਿਆਰੇ ਦੇ ਨਾਲ-ਨਾਲ ਬਣੇ ਹੋਏ ਹਨ ਤੇ ਇਨ੍ਹਾਂ ਦੀ ਉਸਾਰੀ 50 ਫੁੱਟ ਤੋਂ ਵੀ ਵੱਧ ਕੀਤੀ ਹੋਈ ਹੈ ਜਦੋਂਕਿ ਨਿਯਮਾਂ ਅਨੁਸਾਰ 38.5 ਫੁੱਟ ਤੋਂ ਵੱਧ ਨਹੀਂ ਹੋਣੀ ਚਾਹੀਦੀ। ਹੋਟਲ ਐਂਡ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਦਾ ਕਹਿਣਾ ਹੈ ਕਿ ਸ਼ਹਿਰ ਦੀ ਚਾਰਦੀਵਾਰੀ ਅੰਦਰ 150 ਤੋਂ ਵੱਧ ਹੋਟਲ ਹਨ ਤੇ ਇਨ੍ਹਾਂ ਵਿਚੋਂ ਬਹੁਤੇ ਹੋਟਲ 150 ਵਰਗ ਗਜ਼ ਤੋਂ ਘੱਟ ਖੇਤਰ ਵਿਚ ਬਣੇ ਹੋਏ ਹਨ। ਸੂਤਰਾਂ ਅਨੁਸਾਰ ਪਹਿਲੇ ਪੜਾਅ ਵਿਚ 24 ਹੋਟਲਾਂ ਨੂੰ ਨੋਟਿਸ ਜਾਰੀ ਕੀਤੇ ਹਨ ਤੇ ਬਾਕੀਆਂ ਨੂੰ ਵੀ ਜਾਰੀ ਕਰ ਦਿੱਤੇ ਜਾਣਗੇ ਕਿਉਂਕਿ ਇਨ੍ਹਾਂ ਹੋਟਲਾਂ ਦੀਆਂ ਇਮਾਰਤਾਂ ਆਮ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਰਹੀਆਂ ਹਨ।ਤੇ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦੀ ਪ੍ਰਵਾਨਗੀ ਤੋਂ ਬਿਨਾਂ ਇਨ੍ਹਾਂ ਇਮਾਰਤਾਂ ਨੂੰ ਹੋਟਲਾਂ ਦੀ ਵਰਤੋਂ ਲਈ ਵਰਤਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਕਾਨੂੰਨ ਅਨੁਸਾਰ ਜਿਹੜੀਆਂ ਇਮਾਰਤਾਂ ਨੂੰ ਹੋਟਲਾਂ ਤੇ ਸਰਾਵਾਂ ਵਜੋਂ ਵਰਤਿਆ ਜਾ ਰਿਹਾ ਹੈ, ਉਹ ਗ਼ੈਰਕਾਨੂੰਨੀ ਤੇ ਅਣਅਧਿਕਾਰਤ ਹਨ। ਸਰਬਜੀਤ ਸਿੰਘ ਨਾਂ ਦੇ ਵਿਅਕਤੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿਟ ਦਾਇਰ ਕੀਤੀ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਹੁਤ ਸਾਰੇ ਹੋਟਲ ਤੇ ਸਰਾਵਾਂ ਗੈਰ ਕਾਨੂੰਨੀ ਢੰਗ ਨਾਲ ਚਲ ਰਹੇ ਹਨ ਜਿਸ ਦਾ ਹਾਈ ਕੋਰਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਤੇ ਇਸੇ ਨੂੰ ਮੁੱਖ ਰੱਖ ਕੇ ਹੀ ਇਨ੍ਹਾਂ ਹੋਟਲਾਂ ਤੇ ਸਰਾਵਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ ਹੈ।

# ਅਮਰੀਕੀ ਸਿੱਖ ਨੂੰ ਛੇ ਵਰ੍ਹਿਆਂ ਬਾਅਦ ਮਿਲਿਆ ਇਨਸਾਫ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਸਿੱਖੀ ਸਰੂਪ ਬਰਕਰਾਰ ਰੱਖਣ ਕਾਰਨ ਨੌਕਰੀ ਤੋਂ ਜਵਾਬ ਦਿੱਤੇ ਜਾਣ ਦੇ ਛੇ ਸਾਲ ਬਾਅਦ ਭਾਰਤੀ ਮੂਲ ਦੇ ਅਮਰੀਕੀ ਸਿੱਖ 65 ਸਾਲਾ ਤਿਰਲੋਚਨ ਸਿੰਘ ਓਬਰਾਏ ਨੂੰ ਨਾ ਸਿਰਫ ਨੌਕਰੀ ਹਾਸਲ ਹੋਈ ਸਗੋਂ ਉਸ ਨੂੰ 2.95 ਲੱਖ ਡਾਲਰ ਮੁਆਵਜ਼ਾ ਵੀ ਮਿਲੇਗਾ। ਸ. ਓਬਰਾਏ ਦਾ ਇਸ ਬਾਰੇ ਕੈਲੀਫੋਰਨੀਆ ਦੇ ਸੁਧਾਈ ਤੇ ਮੁੜ ਵਸੇਬਾ ਵਿਭਾਗ (ਸੀ.ਡੀ.ਸੀ.ਆਰ.) ਨਾਲ ਰਾਜ਼ੀਨਾਮਾ ਹੋ ਗਿਆ ਹੈ ਜਿਸ ਤਹਿਤ ਉਹ ਪਹਿਲੀ ਨਵੰਬਰ ਤੋਂ ਕਰੈਕਸ਼ਨਲ ਅਧਿਕਾਰੀ ਵਜੋਂ ਆਪਣੀ ਡਿਊਟੀ ਸੰਭਾਲਣਗੇ। ਇਸ ਮਾਮਲੇ ਵਿਚ ਅਦਾਲਤ 'ਚ ਸ. ਓਬਰਾਏ ਦੀ ਵਕਾਲਤ ਕਰਨ ਵਾਲੀ ਅਟਾਰਨੀ ਹਰਮੀਤ ਕੇ. ਢਿੱਲੋਂ ਨੇ ਕਿਹਾ ਕਿ ਸ. ਓਬਰਾਏ ਦੀ ਇਹ ਕਾਨੂੰਨੀ ਲੜਾਈ 9/11 ਤੋਂ ਬਾਅਦ ਅਮਰੀਕਾ ਵਿਚ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਹਾਸਲ ਕਰਨ ਦੇ ਚਾਹਵਾਨ ਸਿੱਖਾਂ ਨੂੰ ਪੇਸ਼ ਆ ਰਹੀਆਂ ਦੁਸ਼ਵਾਰੀਆਂ ਦੀ ਇਕ ਮਿਸਾਲ ਹੈ। ਅਮਰੀਕਾ ਦੇ ਦੱਖਣੀ ਏਸ਼ੀਆ ਮੂਲ ਦੇ ਵਿਅਕਤੀਆਂ ਖਾਸਕਰ ਸਿੱਖਾਂ ਲਈ ਇਹ ਨਜ਼ਰ ਅੰਦਾਜ਼ਗੀ, ਪੂਰਵ ਧਾਰਨਾ ਤੇ ਨਫਰਤ ਵੱਡਾ ਖਤਰਾ ਬਣੀ ਹੋਈ ਹੈ ਕਿਉਂਕਿ ਸਿੱਖਾਂ ਨੂੰ ਇਥੇ ਅਕਸਰ ਗਲਤੀ ਨਾਲ ਮੱਧ ਪੂਰਬੀ ਦਹਿਸ਼ਤਗਰਦ ਸਮਝ ਲਿਆ ਜਾਂਦਾ ਹੈ।



ਸੀ.ਡੀ.ਸੀ.ਆਰ. ਵੱਲੋਂ ਜਾਰੀ ਬਿਆਨ ਮੁਤਾਬਕ ਸ. ਓਬਰਾਏ ਨੇ 2005 ਵਿਚ ਕਰੈਕਸ਼ਨਲ ਅਫਸਰ ਦੀ ਅਸਾਮੀ ਵਾਸਤੇ ਅਰਜ਼ੀ ਦਿੱਤੀ ਸੀ ਤੇ ਉਹ ਚੋਣ ਅਮਲ ਦੇ ਆਖਰੀ ਗੇੜ ਵਿਚ ਪੁੱਜ ਗਏ ਸਨ। ਆਖਰੀ ਦੌਰ ਦੇ ਟੈਸਟ ਵਿਚੋਂ ਉਨ੍ਹਾਂ ਨੂੰ ਇਸ ਕਾਰਨ ਬਾਹਰ ਕੱਢ ਦਿੱਤਾ ਗਿਆ ਕਿ ਉਸ ਟੈਸਟ ਲਈ ਲੋੜੀਂਦਾ ਮੁਖੌਟਾ ਉਦੋਂ ਤੱਕ ਨਹੀਂ ਪਹਿਨ ਸਕਦੇ ਜਦੋਂ ਤੱਕ ਉਹ ਆਪਣੀ ਦਾਹੜੀ ਸ਼ੇਵ ਨਹੀਂ ਕਰਦੇ। ਸ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਦਾਹੜੀ ਕੱਟਣ ਦੀ ਇਜਾਜ਼ਤ ਨਹੀਂ ਦਿੰਦਾ। ਇਸ 'ਤੇ ਉਨ੍ਹਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ ਗਿਆ ਜਿਸ 'ਤੇ ਉਨ੍ਹਾਂ ਆਖਰ ਫਰਵਰੀ 2007 ਵਿਚ ਅਦਾਲਤ ਦਾ ਬੂਹਾ ਖੜਕਾਇਆ। ਇਸ ਉਤੇ ਬੀਤੇ ਅਗਸਤ ਮਹੀਨੇ 'ਚ ਵਿਭਾਗ ਆਖਰ ਉਨ੍ਹਾਂ ਨਾਲ ਸਮਝੌਤਾ ਕਰਨ ਲਈ ਰਾਜ਼ੀ ਹੋ ਗਿਆ। ਇਸ ਤਹਿਤ ਹੁਣ ਉਨ੍ਹਾਂ ਨੂੰ ਨੌਕਰੀ ਤੇ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਅਮਰੀਕਾ ਦੇ ਨੈਸ਼ਨਲ ਗੁਰਦੁਆਰੇ ਨੂੰ ਬਚਾਉਣ 'ਚ ਨਾਕਾਮ

## ਪ੍ਰਬੰਧਕਾਂ ਵੱਲੋਂ ਇਮਾਰਤ ਵੇਚਣ ਦਾ ਐਲਾਨ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਮੌਜੂਦ ਵਿਸ਼ਾਲ ਨੈਸ਼ਨਲ ਗੁਰਦੁਆਰਾ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਹੀਂ ਮਿਲੇਗਾ। ਤਕਰੀਬਨ 7-8 ਕਰੋੜ ਰੁਪਏ ਨਾਲ ਉਸਾਰੇ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾ ਰਹੀ ਸਿੱਖ ਕਲਚਰਲ ਸੁਸਾਇਟੀ ਨੇ ਇਸ ਫੈਸਲੇ ਦੇ ਦੋ ਕਾਰਨ ਦੱਸੇ ਹਨ। ਸੁਸਾਇਟੀ ਦੇ ਪ੍ਰਧਾਨ ਤੇ ਵਰਲਡ ਬੈਂਕ ਵਿਚ ਡਵੀਜ਼ਨ ਚੀਫ ਦੇ ਅਹੁਦੇ 'ਤੇ ਰਹੇ ਸ. ਸ਼ਮਸ਼ੇਰ ਸਿੰਘ ਬੱਬਰਾ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਗੁਰੁਦਆਰਾ ਸਾਹਿਬ ਦੀ ਉਸਾਰੀ ਲਈ ਕਰੋੜਾਂ ਰੁਪਏ ਕਰਜ਼ ਲਿਆ ਗਿਆ ਸੀ ਪਰ ਸਮੱਸਿਆ ਉਦੋਂ ਖੜ੍ਹੀ ਹੋਈ ਜਦੋਂ ਸਿੱਖ ਸੰਗਤ ਦੀ ਘਾਟ ਹੋਣ ਕਾਰਨ ਸੁਸਾਇਟੀ ਨੂੰ ਦੋ ਕਰੋੜ ਰੁਪਏ ਕਰਜ਼ਾ ਰਾਸ਼ੀ ਮੋੜਨ 'ਚ ਮੁਸ਼ਕਲ ਆਉਣ ਲੱਗੀ।

ਅਪਰੈਲ 2010 ਵਿਚ ਸੁਸਾਇਟੀ ਨੇ ਗੁਰਦੁਆਰਾ ਸਾਹਿਬ ਨੂੰ ਨਿਲਾਮ ਹੋਣ ਤੋਂ ਬਚਾਉਣ ਲਈ ਇਕ ਤੋਹਫਾ ਤਜ਼ਵੀਜ਼ ਤਿਆਰ ਕਰਕੇ ਪੰਜਾਬ ਦੇ ਮੁੱਖ ਮੰਤਰੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜੀ ਜਿਸ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਤੋਹਫੇ ਵਜੋਂ ਦਿੱਤੇ ਜਾਣ ਦੀ ਗੱਲ ਆਖੀ ਗਈ ਤੇ ਉਥੇ ਇਕ ਸਿੱਖ ਕੇਂਦਰ ਕਾਇਮ ਕਰਨ ਲਈ ਕਿਹਾ ਗਿਆ ਜਿਸ ਵਿਚ ਗੁਰਦੁਆਰਾ ਸਾਹਿਬਾਨਾਂ ਦੇ ਗ੍ਰੰਥੀਆਂ, ਹੈਡ ਗ੍ਰੰਥੀਆਂ, ਰਾਗੀਆਂ ਨੂੰ ਅੰਗਰੇਜ਼ੀ ਵਿਚ ਤੇ ਹੋਰ ਦੁਨਿਆਵੀ ਸਿੱਖਿਆ ਦੀ ਸਿਖਲਾਈ ਦੇਣ ਲਈ ਕਿਹਾ ਗਿਆ ਤਾਂ ਕਿ ਪੜ੍ਹੇ ਲਿਖੇ ਤੇ ਚੰਗੇ ਜੀਵਨ ਵਾਲੇ ਪ੍ਰਚਾਰਕ ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰ ਸਕਣ ਤੇ ਓਧਰਲੀ ਨੌਜਵਾਨ ਪੀੜ੍ਹੀ ਨਾਲ ਗੱਲਬਾਤ ਕਰਨ ਵੇਲੇ ਉਨ੍ਹਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਦਿੱਲੀ ਕਮੇਟੀ ਨੇ ਇਸ ਪ੍ਰਤੀ ਕੋਈ ਹੁੰਗਾਰਾ ਨਾ ਭਰਿਆ ਪਰ ਮੁੱਖ ਮੰਤਰੀ ਵੱਲੋਂ ਇਸ ਪ੍ਰਤੀ ਹਾਂਪੱਖੀ ਹੁੰਗਾਰਾ ਭਰਿਆ ਗਿਆ। ਇਸਦੇ ਚੱਲਦਿਆਂ ਸੁਸਾਇਟੀ ਪ੍ਰਧਾਨ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਉਸ ਵੇਲੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਵਿਖੇ ਮਿਲੇ ਤੇ ਤੋਹਫੇ ਵਿਚ ਗੁਰਦੁਆਰਾ ਸਾਹਿਬ ਲੈਣ ਬਾਰੇ ਸਮਝੌਤਾ ਤਿਆਰ ਕੀਤਾ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਦੋ ਵਫਦ ਵਾਸ਼ਿੰਗਟਨ ਗਏ ਤੇ ਉੱਥੇ ਗੁਰਦੁਆਰਾ ਸਾਹਿਬ ਦਾ ਦੌਰਾ ਕਰਨ ਦੇ ਨਾਲ ਨਾਲ ਸੁਸਾਇਟੀ ਦੇ ਆਗੂਆਂ ਨਾਲ ਗੱਲਬਾਤ ਕੀਤੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਅਮਰੀਕਾ ਵਿਚ ਸਿੱਖੀ ਦੇ ਪ੍ਰਚਾਰ ਲਈ ਇਸ ਗੁਰਦੁਆਰਾ ਸਾਹਿਬ ਵਿਖੇ ਸਿੱਖ ਮਿਸ਼ਨ ਕਾਇਮ ਕਰਨ ਦਾ ਐਲਾਨ ਕਰ ਦਿੱਤਾ।

23 ਜੁਲਾਈ 2010 ਨੂੰ ਸੁਸਾਇਟੀ ਨੇ ਸਮਝੌਤੇ ਦਾ ਖਰੜਾ ਮੁੱਖ ਮੰਤਰੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜਿਆ ਤਾਂ ਕਿ ਉਨ੍ਹਾਂ ਦੀ ਪ੍ਰਵਾਨਗੀ ਨਾਲ ਅਗਲਾ ਕੰਮ ਸ਼ੁਰੂ ਹੋ ਸਕੇ। ਸਮਝੌਤੇ ਅਨੁਸਾਰ ਸ਼੍ਰੋਮਣੀ ਕਮੇਟੀ ਨੂੰ 15 ਸਤੰਬਰ 2010 ਤੱਕ ਗੁਰਦੁਆਰਾ ਸਾਹਿਬ ਲੈ ਲੈਣਾ ਚਾਹੀਦਾ ਸੀ ਪਰ ਡੇਢ ਸਾਲ ਦੇ ਬੀਤ ਜਾਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤੱਕ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਇਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਨੇ ਸਮਝੌਤਾ ਖਰੜੇ ਬਾਰੇ ਕੋਈ ਪਹੁੰਚ ਪੱਤਰ ਵੀ ਸੁਸਾਇਟੀ ਨੂੰ ਨਾ ਭੇਜਿਆ ਤੇ ਹਾਲਾਤ ਇਹ ਹਨ ਕਿ 1.7 ਕਰੋੜ ਰੁਪਏ ਕਰਜ਼ਾ ਰਾਸ਼ੀ ਮੋੜਨੀ ਬਾਕੀ ਹੈ ਤੇ ਸੁਸਾਇਟੀ ਨੂੰ ਹਰ ਮਹੀਨੇ 13 ਹਜ਼ਾਰ ਡਾਲਰ ਦੀ ਕਿਸ਼ਤ ਚੁਕਾਉਣੀ ਪੈ ਰਹੀ ਹੈ ਜਿਸ ਨੂੰ ਧਿਆਨ 'ਚ ਰੱਖਦਿਆਂ ਸੁਸਾਇਟੀ ਨੇ ਫੈਸਲਾ ਕੀਤਾ ਕਿ ਇਹ ਗੁਰੁਦਆਰਾ ਸਾਹਿਬ ਸ਼੍ਰੋਮਣੀ ਕਮੇਟੀ ਨੂੰ ਤੋਹਫੇ ਵਜੋਂ ਦੇਣ ਦੀ ਬਜਾਇ ਇਸ ਨੂੰ ਵੇਚ ਕੇ ਕਰਜ਼ਾ ਚੁਕਾ ਕੇ ਕਰਜ਼ ਰਹਿਤ ਛੋਟਾ ਗੁਰਦੁਆਰਾ ਸਾਹਿਬ ਬਣਾਇਆ ਜਾਵੇ।

ਸ. ਬੱਬਰਾ ਨੇ ਦੱਸਿਆ ਕਿ ਦਰਅਸਲ ਸ਼੍ਰੋਮਣੀ ਕਮੇਟੀ ਦਾ ਜੋ ਵਫਦ ਅਮਰੀਕਾ ਗਿਆ ਸੀ, ਉਸ ਵਫਦ ਵਿਚ ਸ਼ਾਮਲ ਆਗੂ ਉਥੇ ਅਕਾਲੀ ਵਿੰਗ ਬਣਾਉਣ ਦੀਆਂ ਗੱਲਾਂ ਕਰਦੇ ਰਹੇ ਤੇ ਇਹੀ ਕਾਰਨ ਸੀ ਕਿ ਰਾਜਸੀ ਦਖਲ ਦੀ ਸ਼ੰਕਾ ਨੂੰ ਧਿਆਨ 'ਚ ਰੱਖਦਿਆਂ ਵੀ ਗੁਰਦੁਆਰਾ ਸਾਹਿਬ ਦੀ ਇਮਾਰਤ ਸ਼੍ਰੋਮਣੀ ਕਮੇਟੀ ਨੂੰ ਤੋਹਫੇ ਵਜੋਂ ਨਾ ਦੇਣ ਦਾ ਫੈਸਲਾ ਕੀਤਾ ਗਿਆ। ਚੇਤੇ ਰਹੇ ਕਿ ਉਸ ਵਫਦ ਦਾ ਬੁਲਾਰਾ ਮੁੱਖ ਮੰਤਰੀ ਦਾ ਨਿੱਜੀ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਸੀ। ਸ. ਬੱਬਰਾ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਗੁਰਦੁਆਰਾ ਸਾਹਿਬ ਵਿਖੇ ਸਿੱਖ ਮਿਸ਼ਨ ਦੀ ਸਥਾਪਤੀ ਦੀਆਂ ਬਿਆਨਬਾਜ਼ੀਆਂ ਹੁਣ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਧਰੋਂ ਵਿਦੇਸ਼ਾਂ ਵਿਚ ਜਾਣ ਵਾਲੇ ਪ੍ਰਚਾਰਕ ਰਾਗ ਵਿੱਦਿਆ ਤੇ ਚੰਗਾ ਧਾਰਮਿਕ ਗਿਆਨ ਰੱਖਣ ਵਾਲੇ ਹੁੰਦੇ ਹਨ ਪਰ ਦੁਨਿਆਵੀ ਪੜ੍ਹਾਈ ਵਿਚ ਬਹੁਤ ਹੇਠਾਂ ਹੋਣ ਕਾਰਨ ਉਹ ਵਿਦੇਸ਼ਾਂ ਵਿਚ ਨੌਜਵਾਨ ਪੀੜ੍ਹੀ ਤੇ ਹੋਰ ਲੋਕਾਂ ਨਾਲ ਗੱਲ ਹੀ ਨਹੀਂ ਕਰ ਪਾਉਂਦੇ ਜਦਕਿ ਇਸਾਈ ਧਰਮ ਵਿਚ ਹਰ ਪਾਦਰੀ ਚੰਗਾ ਪੜ੍ਹਿਆ ਲਿਖਿਆ ਹੁੰਦਾ ਹੈ।

# ਪੰਜਾਬ, ਹਰਿਆਣਾ ਤੇ ਹਿਮਾਚਲ ਵਿਚਾਲੇ ਬਿਜਲੀ ਵੰਡ ਨੂੰ ਲੈ ਕੇ ਖੜਕੀ

**ਚੰਡੀਗੜ੍ਹ:** ਭਾਖੜਾ ਡੈਮ ਤੋਂ ਪੈਦਾ ਹੁੰਦੀ ਬਿਜਲੀ ਦੀ ਵੰਡ ਲਈ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਇਕ ਵਾਰ ਫਿਰ ਕਾਨੂੰਨੀ ਲੜਾਈ ਲੜਨ ਲਈ ਮੈਦਾਨ ਵਿਚ ਆ ਗਏ ਹਨ। ਤਿੰਨਾਂ ਰਾਜਾਂ ਨੇ ਆਪੋ ਆਪਣੇ ਨੁਕਤਿਆਂ ਦੇ ਅਧਾਰ 'ਤੇ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨਾਂ ਦਾਇਰ ਕੀਤੀਆਂ ਹਨ।

ਸੁਪਰੀਮ ਕਰੋਟ ਨੇ ਦੋ ਕੁ ਮਹੀਨੇ ਪਹਿਲਾਂ ਸੁਣਾਏ ਮਹੱਤਵਪੂਰਨ ਫ਼ੈਸਲੇ ਰਾਹੀਂ ਭਾਖੜਾ ਤੋਂ ਪੈਦਾ ਹੁੰਦੀ ਬਿਜਲੀ ਵਿਚ ਹਿਮਾਚਲ ਪ੍ਰਦੇਸ਼ ਦਾ ਹਿੱਸਾ ਵਧਾ ਦਿੱਤਾ ਸੀ ਤੇ ਭਾਖੜਾ 'ਚ ਹਿੱਸੇਦਾਰੀ ਘਟਣ ਨਾਲ ਪੰਜਾਬ ਨੂੰ ਤਕੜਾ ਝਟਕਾ ਲੱਗਿਆ ਸੀ। ਪੰਜਾਬ ਵੱਲੋਂ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਹੀ ਸਮੀਖਿਆ ਪਟੀਸ਼ਨ ਦਾਇਰ ਕੀਤੀ ਗਈ ਹੈ। ਸੂਤਰਾਂ ਮੁਤਾਬਕ ਹਿਮਾਚਲ ਪ੍ਰਦੇਸ਼ ਵੱਲੋਂ ਭਾਖੜਾ ਵੀ ਬਿਜਲੀ ਪੈਦਾਵਾਰ 'ਚੋਂ ਹੋਰ ਹਿੱਸਾ ਲੈਣ ਲਈ ਪਟੀਸ਼ਨ ਪਾਈ ਗਈ ਹੈ ਤੇ ਹਰਿਆਣਾ ਵੱਲੋਂ ਵੀ ਆਪਣਾ ਹਿੱਸਾ ਵਧਾਉਣ ਲਈ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ ਕੀਤਾ ਗਿਆ ਹੈ।

ਪੰਜਾਬ ਵੱਲੋਂ ਰੀਵਿਊ ਪਟੀਸ਼ਨ ਵਿਚ ਇਸ ਦਲੀਲ ਦਾ ਸਹਾਰਾ ਲਿਆ ਗਿਆ ਹੈ ਕਿ ਜੇਕਰ ਰਾਜਾਂ ਦੀ ਅਬਾਦੀ ਦੇ ਹਿਸਾਬ ਨਾਲ ਹੀ ਭਾਖੜਾ ਡੈਮ ਤੋਂ ਪੈਦਾ ਹੁੰਦੀ ਬਿਜਲੀ ਦੀ ਵੰਡ ਕਰਨੀ ਹੈ ਤਾਂ ਪੰਜਾਬ ਦੇ ਹਿੱਤਾਂ ਦੀ ਅਣਦੇਖੀ ਹੁੰਦੀ ਹੈ। ਪੰਜਾਬ ਵੱਲੋਂ ਤਰਕ ਦਿੱਤਾ ਜਾ ਰਿਹਾ ਹੈ ਕਿ ਚੰਡੀਗੜ੍ਹ ਤੇ ਹਰਿਆਣਾ ਨੂੰ ਆਬਾਦੀ ਦੇ ਹਿਸਾਬ ਨਾਲ ਕਿਤੇ ਜ਼ਿਆਦਾ ਹਿੱਸਾ ਦਿੱਤਾ ਜਾ ਰਿਹਾ ਹੈ।

ਪੰਜਾਬ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਦਲੀਲਾਂ ਪੰਜਾਬ ਦੇ ਪੱਖ ਵਿਚ ਜਾਂਦੀਆਂ ਹਨ ਤੇ ਰੀਵੀਊ ਪਟੀਸ਼ਨ ਨਾਲ ਕਾਨੂੰਨੀ ਲੜਾਈ ਜਿੱਤਣ ਦੀ ਆਸ ਹੈ। ਪੰਜਾਬ ਵੱਲੋਂ ਦੂਜੀ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜਿਸ ਸਮੇਂ ਭਾਖੜਾ ਡੈਮ ਦੀ ਉਸਾਰੀ ਕੀਤੀ ਗਈ ਸੀ ਉਸ ਸਮੇਂ ਸਾਂਝਾ ਪੰਜਾਬ ਸੀ ਤੇ ਪੰਜਾਬ ਵੱਲੋਂ ਹੀ ਵਿੱਤੀ ਯੋਗਦਾਨ ਪਾਇਆ ਗਿਆ ਸੀ। ਇਸ ਲਈ ਪੰਜਾਬ ਦਾ ਹਿੱਸਾ ਨਹੀਂ ਘਟਾਇਆ ਜਾ ਸਕਦਾ।


C.V.R.C
Central Valley Registration
& Computer Repair Services



Ravinder S. Brar
Cell:209-402-5747

ਟਰੱਕਿੰਗ ਸਨਅਤ ਨਾਲ ਸਬੰਧਤ ਸੇਵਾਵਾਂ ਤੋਂ ਲੈ ਕੇ ਕੰਪਿਊਟਰ ਠੀਕ ਕਰਨ ਤੱਕ ਸਾਰੀਆਂ ਸੇਵਾਵਾਂ ਇਕੋ ਛੱਤ ਥੱਲੇ

IFTA Decal & Fuel Tax Return • CA #, ICC, MC, DOT, MCP, UCR Permits
NM. OR, NY, KY, Permits • IRP License Plate • VIN Verification

Immigration & Notary Services
Corporation, LLC # BOC-3
Licensed & Bonded

A+ Certified
25 Years Experience

*ਇਮੀਗ੍ਰੇਸ਼ਨ ਅਤੇ ਨੋਟਰੀ ਸੇਵਾਵਾਂ

ਕੰਪਿਊਟਰ ਖਰਾਬ ਹੈ? ਚਿੰਤਾ ਨਾ ਕਰੋ, ਸਾਡੇ ਕੋਲ ਲੈ ਕੇ ਆਓ





- Virus/Spyware/Trojan Removal
- Operating System Install/Repair
- Hardware Repair
- Data Backup/Recovery
- Hard Drive Replacement/Imaging
- Ram (memory) upgrade
- Networking (LAN & Wi-Fi) Setup
- And many more services…
- On-site Repair Services

Office: 209-538-7383
Fax: 855-214-1828, cenval.reg@gmail.com
1400 Mitchell Rd., Suite#5, Modesto, CA 95351
Located on the corner of Mitchell & Hatch rd. next to PMZ realestate building

# ਕਸ਼ਮੀਰ 'ਚੋਂ 'ਅਫਸਪਾ' ਹਟਾਉਣ ਬਾਰੇ ਫ਼ੈਸਲਾ ਟਲਿਆ

**ਸ੍ਰੀਨਗਰ:** ਜੰਮੂ-ਕਸ਼ਮੀਰ 'ਚੋਂ ਅਫਸਪਾ ਹਟਾਉਣ ਨੂੰ ਲੈ ਕੇ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਗੱਠਜੋੜ ਵਿਚਾਲੇ ਛਿੜੀ ਸਿਆਸੀ-ਸ਼ਬਦੀ ਜੰਗ ਗੰਭੀਰ ਰੂਪ ਧਾਰ ਗਈ ਹੈ ਤੇ ਇਹ ਮਾਮਲਾ ਹੁਣ ਜੰਮੂ-ਕਸ਼ਮੀਰ ਦੀ ਸਰਦ ਰੁੱਤ ਦੀ ਰਾਜਧਾਨੀ ਜੰਮੂ 'ਚ ਸਰਕਾਰੀ ਦਰਬਾਰ 'ਚ ਵਿਚਾਰਿਆ ਜਾਵੇਗਾ। ਇਸੇ ਦੌਰਾਨ ਕੇਂਦਰ ਨੇ ਵੀ ਜੰਮੂ-ਕਸ਼ਮੀਰ ਨਾਲ 'ਗੜਬੜਗ੍ਰਸਤ ਖੇਤਰਾਂ ਬਾਰੇ ਕਾਨੂੰਨ' ਬਾਰੇ ਨੋਟੀਫਿਕੇਸ਼ਨ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਅਫਸਪਾ ਨੂੰ ਹਟਾਉਣ ਦਾ ਰਾਹ ਪੱਧਰਾ ਹੋ ਸਕੇ।

21 ਅਕਤੂਬਰ ਨੂੰ ਪੁਲਿਸ ਸਮਾਗਮ 'ਚ ਅਫਸਪਾ ਹਟਾਉਣ ਦਾ ਐਲਾਨ ਕਰਕੇ ਸਨਸਨੀ ਪੈਦਾ ਕਰਨ ਵਾਲੇ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਕਹਿਣਾ ਹੈ ਕਿ ਹੁਣ ਇਹ ਫੈਸਲਾ ਦਰਬਾਰ ਦੇ ਜੰਮੂ 'ਚ ਮੁੜ ਸ਼ੁਰੂ ਹੋਣ 'ਤੇ ਹੀ ਵਿਚਾਰਿਆ ਜਾਏਗਾ ਤੇ ਇਹ ਕੰਮ 7 ਨਵੰਬਰ ਤੱਕ ਅਮਲ 'ਚ ਆਉਣਾ ਹੈ। ਯਾਦ ਰਹੇ ਕਿ ਪਿਛਲੇ ਸਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ 'ਚ ਹੋਈ ਸੀ.ਸੀ.ਐਸ. ਦੀ ਮੀਟਿੰਗ 'ਚ 8 ਫ਼ੈਸਲੇ ਲਏ ਗਏ ਸਨ ਜਿਸ 'ਚ ਵਾਰਤਾਕਾਰਾਂ ਦਾ ਗਰੁੱਪ ਨਿਯੁਕਤ ਕਰਨਾ ਵੀ ਸ਼ਾਮਲ ਸੀ ਜਿਸ ਨੇ ਜੰਮੂ-ਕਸ਼ਮੀਰ ਦੇ ਵੱਖ-ਵੱਖ ਵਰਗਾਂ ਨਾਲ ਨਿਰੰਤਰ ਸੰਵਾਦ ਤੋਰਨਾ ਸੀ।

ਇਸ ਮੀਟਿੰਗ 'ਚ ਇਹ ਫ਼ੈਸਲਾ ਵੀ ਕੀਤਾ ਗਿਆ ਸੀ ਕਿ ਰਾਜ ਸਰਕਾਰ ਨੂੰ ਸਾਂਝੀ ਕਮਾਨ ਦੀ ਫ਼ੌਰੀ ਮੀਟਿੰਗ ਸੱਦ ਕੇ ਕਸ਼ਮੀਰ ਵਾਦੀ, ਖ਼ਾਸਕਰ ਸ੍ਰੀਨਗਰ 'ਚ ਸੁਰੱਖਿਆ ਬਲਾਂ ਦੀ ਲਾਮਬੰਦੀ ਕਰਨ ਦਾ ਜਾਇਜ਼ਾ ਲੈਣ ਲਈ ਬੇਨਤੀ ਕੀਤੀ ਜਾਵੇ ਜਿਸ ਦੌਰਾਨ



ਸ੍ਰੀਨਗਰ ਦੇ ਨਾਲ-ਨਾਲ ਪ੍ਰਮੁੱਖ ਸ਼ਹਿਰਾਂ 'ਚ ਮੋਰਚਿਆਂ ਤੇ ਨਾਕਿਆਂ ਦੀ ਗਿਣਤੀ ਘਟਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤੇ ਉਨ੍ਹਾਂ ਕੁਝ ਇਲਾਕਿਆਂ ਨੂੰ 'ਗੜਬੜਗ੍ਰਸਤ ਇਲਾਕੇ' ਨੋਟੀਫਾਈ ਕਰਨ ਦਾ ਜਾਇਜ਼ਾ ਲਿਆ ਜਾਵੇ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਦਾ ਐਲਾਨ ਸੀ.ਸੀ.ਐਸ. ਦੇ ਫ਼ੈਸਲੇ ਅਨੁਸਾਰ ਹੀ ਸੀ ਤੇ ਸਿਆਸੀ ਲੀਡਰਸ਼ਿਪ ਨੇ ਹੁਣ ਇਸ ਦਾ ਆਖਰੀ ਜਾਇਜ਼ਾ ਲੈਣਾ ਹੈ। ਸਾਲ ਭਰ ਦੇ ਸੰਵਾਦ ਮਗਰੋਂ ਵਾਰਤਾਕਾਰ ਪਿਛਲੇ ਮਹੀਨੇ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਚੁੱਕੇ ਹਨ। ਸੀ.ਸੀ.ਐਸ. ਦੇ ਹੋਰ ਫ਼ੈਸਲਿਆਂ 'ਚ ਇਹ ਵੀ ਸ਼ਾਮਲ ਸੀ ਕਿ ਰਾਜ ਸਰਕਾਰ ਨੂੰ ਪੱਥਰਬਾਜ਼ੀ ਜਾਂ ਕਾਨੂੰਨ ਦੀਆਂ ਹੋਰ ਉਲੰਘਣਾਵਾਂ ਦੇ ਦੋਸ਼ 'ਚ ਗ੍ਰਿਫ਼ਤਾਰ ਸਾਰੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਰਿਹਾਅ ਕਰਨ ਦੀ ਸਲਾਹ ਦਿੱਤੀ ਜਾਵੇ ਤੇ ਉਨ੍ਹਾਂ ਵਿਰੁੱਧ ਲਾਏ ਦੋਸ਼ ਖ਼ਾਰਜ ਕਰ ਦਿੱਤੇ ਜਾਣ। ਅਫਸਪਾ ਮੁੱਦੇ ਨੂੰ ਲੈ ਕੇ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਗੱਠਜੋੜ ਵਿਚਾਲੇ ਦਰਾੜ ਹੋਰ ਵਧ ਗਈ ਜਦੋਂ ਪਾਰਟੀ ਆਗੂ ਸੈਫ਼ਉਦੀਨ ਸੋਜ਼ ਨੇ ਦੋਸ਼ ਲਾਏ ਕਿ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੂਬੇ ਦੇ ਕੁਝ ਹਿੱਸਿਆਂ 'ਚੋਂ ਐਕਟ ਹਟਾਉਣ ਦੇ ਮਾਮਲੇ 'ਚ ਕਾਂਗਰਸ ਨਾਲ ਸਲਾਹ-ਮਸ਼ਵਰਾ ਹੀ ਨਹੀਂ ਕੀਤਾ ਤੇ ਉਹ ਇਕਪਾਸੜ ਹੀ ਅਜਿਹੇ ਫ਼ੈਸਲੇ ਲੈ ਰਹੇ ਹਨ।

## ਅਫਸਪਾ ਵਿਰੁੱਧ 11 ਰਾਜਾਂ ਦੇ ਲੋਕਾਂ ਵੱਲੋਂ ਹਮਾਇਤ

**ਇੰਫਾਲ:** ਹਥਿਆਰਬੰਦ ਬਲਾਂ ਨੂੰ ਵਿਸ਼ੇਸ਼ ਅਧਿਕਾਰ ਦਿੰਦੇ ਖਤਰਨਾਕ ਕਾਨੂੰਨ ਅਫਸਪਾ (ਏ.ਐਫ.ਐਸ.ਪੀ.ਏ.) ਵਿਰੁੱਧ 11 ਰਾਜਾਂ ਦੇ ਲੋਕਾਂ ਦਾ ਸਮਰਥਨ ਹਾਸਲ ਕਰਨ ਮਗਰੋਂ 'ਸ਼ਰਮੀਲਾ ਬਚਾਓ ਇਕਜੁੱਟਤਾ ਮੁਹਿੰਮ' ਆਪਣੇ ਮੁਲਕ ਭਰ ਦੇ ਦੌਰੇ ਮਗਰੋਂ ਇੰਫਾਲ ਪੁੱਜ ਕੇ ਸਮਾਪਤ ਹੋ ਗਈ। ਮੇਧਾ ਪਟਕਰ ਤੇ ਮੈਗਾਸੇਸੇ ਪੁਰਸਕਾਰ ਜੇਤੂ ਸੰਦੀਪ ਪਾਂਡੇ ਵੱਲੋਂ ਝੰਡੇ ਦਿਖਾ ਕੇ 16 ਅਕਤੂਬਰ ਨੂੰ ਸ੍ਰੀਨਗਰ ਤੋਂ ਰਵਾਨਾ ਕੀਤੇ ਗਏ 4500 ਕਿਲੋਮੀਟਰ ਤੈਅ ਕਰਨ ਵਾਲੇ 'ਜਨ ਕਾਰਵਾਂ' ਦੀ ਅਗਵਾਈ 'ਨੈਸ਼ਨਲ ਅਲਾਇੰਸ ਫਾਰ ਪੀਪਲਜ਼ ਮੂਵਮੈਂਟ' (ਐਨ.ਏ.ਪੀ.ਐਮ.) ਦੇ 21 ਮੈਂਬਰਾਂ ਨੇ ਕੀਤੀ ਤੇ ਦੇਸ਼ ਭਰ ਦੀਆਂ ਕਈ ਸਿਵਲ ਸੁਸਾਇਟੀਆਂ ਦੇ ਮੈਂਬਰਾਂ ਦੀ ਇਸ ਨੂੰ ਹਮਾਇਤ ਹਾਸਲ ਸੀ।

4500 ਕਿਲੋਮੀਟਰ ਲੰਮੀ ਯਾਤਰਾ ਦੌਰਾਨ ਜੰਮੂ, ਲੁਧਿਆਣਾ, ਨਵੀਂ ਦਿੱਲੀ, ਕਾਨਪੁਰ, ਲਖਨਊ, ਵਾਰਾਨਸੀ, ਰਾਂਚੀ, ਪਟਨਾ, ਕੋਲਕਾਤਾ, ਗੁਹਾਟੀ ਜਿਹੇ ਸ਼ਹਿਰਾਂ ਵਿਚੋਂ ਸਮਰਥਨ ਲੈਂਦਿਆਂ ਇੰਫਾਲ ਪੁੱਜੀ। ਮੁਹਿੰਮ ਦੇ ਇਕ ਤਰਜਮਾਨ ਨੇ ਕਿਹਾ ਕਿ ਇਹ ਯਾਤਰਾ ਪਿਆਰ ਤੇ ਅਮਨ ਦਾ ਸਦੀਵੀਂ ਸੁਨੇਹਾ ਫੈਲਾਉਣ ਵਿਚ ਸਫਲ ਰਹੀ ਹੈ। ਅਫਸਪਾ ਜਿਹੇ ਗੈਰ-ਸੰਵਿਧਾਨਕ ਤੇ ਗੈਰ-ਮਾਨਵੀ ਐਕਟ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਜਿਸ ਨੇ ਪਤਾ ਨਹੀਂ ਕਿੰਨੇ ਨਿਰਦੋਸ਼ਾਂ ਦੀਆਂ ਜਾਨਾਂ ਲਈਆਂ ਹਨ। ਉਨ੍ਹਾਂ ਕਿਹਾ ਕਿ ਇਸ ਐਕਟ ਨੂੰ ਮਨਸੂਖ ਕਰਨ ਨਾਲ ਹੀ ਇਰੋਮ ਸ਼ਰਮੀਲਾ ਨੂੰ ਨਿਆਂ ਮਿਲ ਸਕਦਾ ਹੈ। ਕੌਮਾਂਤਰੀ ਮਾਨਵ ਅਧਿਕਾਰ ਦਿਵਸ 'ਤੇ 10 ਦਸੰਬਰ ਨੂੰ ਇਸ ਮੁਹਿੰਮ ਦੇ ਕਾਰਕੁਨ ਨਵੀਂ ਦਿੱਲੀ ਵਿਚ ਰਾਜਘਾਟ ਵਿਖੇ ਵਰਤ ਵੀ ਰੱਖਣਗੇ।

ਜੰਮੂ-ਕਸ਼ਮੀਰ ਵਿੱਚੋਂ ਅਫਸਪਾ ਵਾਪਸ ਲੈਣ ਦਾ ਵਿਰੋਧ ਕਰਦਿਆਂ ਭਾਜਪਾ ਨੇ ਕਿਹਾ ਹੈ ਕਿ ਅਜਿਹਾ ਕੋਈ ਵੀ ਕਦਮ ਪਾਕਿਸਤਾਨ 'ਚ ਘਿਰੇ ਅਤਿਵਾਦੀਆਂ ਲਈ ਮਦਦਗਾਰ ਸਾਬਤ ਹੋਵੇਗਾ। ਭਾਜਪਾ ਦੇ ਤਰਜਮਾਨ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਅਫਸਪਾ ਹਟਾਉਣ ਨਾਲ ਪਾਕਿਸਤਾਨ 'ਚ ਫ਼ਸੇ ਅਤਿਵਾਦੀਆਂ ਨੂੰ ਬਚ ਕੇ ਭਾਰਤ ਆਉਣ ਦਾ ਮੌਕਾ ਮਿਲ ਜਾਵੇਗਾ।

ਜੰਮੂ-ਕਸ਼ਮੀਰ 'ਚੋਂ ਅਫਸਪਾ ਹਟਾਏ ਜਾਣ ਬਾਰੇ ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਕੇ. ਵਿਜੇ ਕੁਮਾਰ ਨੇ ਕਿਹਾ ਕਿ ਕਸ਼ਮੀਰ ਵਾਦੀ ਵਿਚ ਕੰਮ ਕਰਨ ਲਈ ਉਨ੍ਹਾਂ ਦੀ ਫੋਰਸ ਨੂੰ ਕਾਨੂੰਨੀ ਢਾਲ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਢਾਲ ਜੇ ਅਫਸਪਾ ਦੀ ਥਾਂ ਕਿਸੇ ਹੋਰ ਕਾਨੂੰਨ ਰਾਹੀਂ ਵੀ ਦਿੱਤੀ ਜਾਂਦੀ ਹੈ ਤਾਂ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਗੌਰਤਲਬ ਹੈ ਕਿ ਜੰਮੂ ਕਸ਼ਮੀਰ ਵਿਚ ਇਸ ਵੇਲੇ ਸੀ.ਆਰ.ਪੀ.ਐਫ. ਦੀਆਂ 70 ਬਟਾਲੀਅਨਾਂ ਤਾਇਨਾਤ ਹਨ ਜਿਨ੍ਹਾਂ ਵਿਚੋਂ ਹਰੇਕ ਬਟਾਲੀਅਨ ਵਿਚ ਕਰੀਬ 800 ਜਵਾਨ ਹਨ।

# ਮਾਓਵਾਦੀਆਂ ਵੱਲੋਂ ਹਥਿਆਰ ਸੁੱਟਣ ਤੋਂ ਇਨਕਾਰ

**ਕੋਲਕਾਤਾ:** ਪੱਛਮੀ ਬੰਗਾਲ ਦੇ ਜੰਗਲ ਮਹੱਲ ਇਲਾਕੇ 'ਚ ਸ਼ਾਂਤੀ ਸਥਾਪਨਾ ਲਈ ਜਿੱਥੇ ਪੱਛਮੀ ਬੰਗਾਲ ਸਰਕਾਰ ਤੇ ਮਾਓਵਾਦੀਆਂ ਵਿਚਕਾਰ ਗੱਲਬਾਤ ਲਈ ਯਤਨ ਹੋ ਰਹੇ ਹਨ, ਉਥੇ ਸੀ.ਪੀ.ਆਈ. (ਮਾਓਵਾਦੀ) ਦੇ ਸੂਬਾ ਸਕੱਤਰ ਆਕਾਸ਼ ਨੇ ਕਿਸੇ ਵੀ ਸੂਰਤ 'ਚ ਮਾਓਵਾਦੀਆਂ ਵੱਲੋਂ ਹਥਿਆਰ ਸੁੱਟਣ ਤੋਂ ਸਾਫ ਨਾ ਕਰ ਦਿੱਤੀ ਹੈ। ਸੀ.ਪੀ.ਐਮ. ਦੀ ਕੇਂਦਰੀ ਕਮੇਟੀ ਦੇ ਮੈਂਬਰ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਕਾਮਰੇਡ ਸੂਰਜਕਾਂਤ ਮਿਸ਼ਰਾ ਨੂੰ ਲਿਖੇ ਖੁੱਲ੍ਹੇ ਪੱਤਰ 'ਚ ਕਾਮਰੇਡ ਆਕਾਸ਼ ਨੇ ਸਾਫ ਕਿਹਾ ਹੈ ਕਿ ਉਹ ਹਥਿਆਰ ਸੁੱਟਣ ਦੇ ਹੱਕ ਵਿਚ ਨਹੀਂ ਹਨ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਗੱਲਬਾਤ ਸ਼ੁਰੂ ਕਰਨ ਲਈ ਮਾਓਵਾਦੀਆਂ ਵੱਲੋਂ ਹਥਿਆਰ ਸੁੱਟਣ ਲਈ ਮੁੱਖ ਸ਼ਰਤ ਰੱਖੀ ਹੈ। ਕਾਮਰੇਡ ਆਕਾਸ਼ ਨੇ ਕਾਮਰੇਡ ਸੂਰਜਕਾਂਤ ਮਿਸ਼ਰਾ ਨੂੰ ਲਿਖੇ ਪੱਤਰ 'ਚ ਕਿਹਾ ਹੈ, ''ਮੁੱਖ ਮੰਤਰੀ ਨੇ ਮਾਓਵਾਦੀਆਂ ਨੂੰ ਹਥਿਆਰ ਸੁੱਟ ਕੇ ਸਰਕਾਰ ਨਾਲ ਗੱਲਬਾਤ ਕਰਨ ਲਈ ਅਪੀਲ ਕੀਤੀ ਹੈ। ਸੀ.ਪੀ.ਆਈ. ਨੇ ਇਸ ਸੁਝਾਅ ਦਾ ਸਮਰਥਨ ਕੀਤਾ ਹੈ, ਜੇ ਅਸੀਂ ਹਥਿਆਰ ਸੁੱਟਣ ਦੇ ਹੱਕ 'ਚ ਹੁੰਦੇ ਤਾਂ 1967 'ਚ ਨਕਸਲਬਾੜੀ ਅੰਦੋਲਨ ਤੋਂ ਮਗਰੋਂ ਅਸੀਂ ਤੁਹਾਡੇ ਨਾਲੋਂ ਨਾਤਾ ਤੋੜ ਕੇ ਨਕਸਲਵਾਦੀ ਦਾ ਰਾਹ ਕਿਉਂ ਫੜਦੇ?'

ਮਮਤਾ ਬੈਨਰਜੀ ਦੀ ਸਰਕਾਰ ਦੇ ਸਮਰਥਨ ਲਈ ਸੀ.ਪੀ.ਐਮ. ਦੀ ਸਖਤ ਨਿੰਦਾ ਕਰਦਿਆਂ ਕਾਮਰੇਡ ਆਕਾਸ਼ ਨੇ ਕਿਹਾ ਹੈ ਕਿ ਮੁੱਖ ਮੰਤਰੀ ਦੇ ਹੱਥ ਮਜ਼ਬੂਤ ਕਰਕੇ ਮਾਰਕਸਵਾਦੀ ਦਰਅਸਲ ਪੂੰਜੀਪਤੀਆਂ ਤੇ ਉਦਯੋਗਪਤੀਆਂ ਨੂੰ ਇਹ ਸੁਨੇਹਾ ਪਹੁੰਚਾਉਣਾ ਚਾਹੁੰਦੇ ਹਨ ਕਿ ਸੀ.ਪੀ.ਐਮ. ਅੱਜ ਵੀ ਉਨ੍ਹਾਂ ਦੀ ਭਰੋਸੇਯੋਗ ਸਾਥਣ ਹੈ। ਜੰਗਲ ਮਹੱਲ 'ਚ ਵਰਤਮਾਨ ਹਾਲਤ ਦਾ ਵਰਣਨ ਕਰਦਿਆਂ ਕਾਮਰੇਡ ਆਕਾਸ਼ ਨੇ



ਕਿਹਾ ਹੈ ਕਿ ਭਾਵੇਂ ਬਾਹਰ ਇਹ ਮੁਹਿੰਮ ਚਲਾਈ ਜਾ ਰਹੀ ਹੈ ਕਿ ਜੰਗਲ ਮਹੱਲ ਇਲਾਕੇ 'ਚ ਸ਼ਾਂਤੀ ਹੈ ਤੇ ਸਰਕਾਰ ਉਥੇ ਸ਼ਾਂਤੀ ਬਹਾਲ ਰੱਖਣਾ ਚਾਹੁੰਦੀ ਹੈ। ਦਰਅਸਲ ਹਾਲਤ ਇਸ ਦੇ ਬਿਲਕੁਲ ਉਲਟ ਹੈ। ਸੰਯੁਕਤ ਰੱਖਿਆ ਬਲਾਂ ਵੱਲੋਂ ਕਾਰਵਾਈ ਤੇਜ਼ ਕੀਤੀ ਗਈ ਹੈ। ਮਨਘੜਤ ਦੋਸ਼ ਲਾ ਕੇ ਪੇਂਡੂਆਂ ਨੂੰ ਮਾਰਿਆ-ਕੁੱਟਿਆ ਜਾ ਰਹੀ ਹੈ ਤੇ ਉਨ੍ਹਾਂ ਉਤੇ ਮੁਕੱਦਮੇ ਬਣਾਏ ਜਾ ਰਹੇ ਹਨ।

ਉਨ੍ਹਾਂ ਲਿਖਿਆ ਹੈ, ''ਤੁਸੀਂ ਪੁਲਿਸ ਦਾ ਕੇਂਡਰੀਕਰਨ ਕੀਤਾ ਸੀ। ਹੁਣ ਮਮਤਾ ਬੈਨਰਜੀ ਐਨ.ਵੀ.ਐਫ. ਤੇ ਹੋਮਗਾਰਡ ਤੇ ਐਸ.ਪੀ.ਓਜ਼ ਦੇ ਰੂਪ ਵਿਚ ਆਪਣੇ ਬੰਦੇ ਪੁਲਿਸ 'ਚ ਭਰਤੀ ਕਰਕੇ ਜੰਗਲ ਮਹੱਲ ਵਿਚ ਖ਼ੂਨ-ਖਰਾਬਾ ਕਰਨਾ ਚਾਹੁੰਦੀ ਹੈ।

ਮਮਤਾ ਬੈਨਰਜੀ ਦੀ ਸਰਕਾਰ ਨੇ ਸੀ.ਪੀ.ਐਮ. ਦੇ ਗੁੰਡਿਆਂ ਹਰਮਦ ਵਾਹਣੀਆਂ ਵੱਲੋਂ ਕਾਇਮ ਕੀਤੇ ਕੈਂਪ ਅਜੇ ਤਕ ਹਟਾਏ ਨਹੀਂ ਕਿਉਂਕਿ ਜੰਗਲ ਮਹੱਲ ਖੇਤਰ 'ਚ ਮਾਓਵਾਦੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਚ ਸੀ.ਪੀ.ਐਮ. ਵੀ ਸ਼ਾਮਲ ਹੈ।''

# ਅਰਬਪਤੀਆਂ ਦੀ ਸੂਚੀ 'ਚ ਮੁਕੇਸ਼ ਅੰਬਾਨੀ ਚੋਟੀ 'ਤੇ



**ਨਵੀਂ ਦਿੱਲੀ:** ਮੁਕੇਸ਼ ਅੰਬਾਨੀ ਚੌਥੀ ਵਾਰ ਦੇਸ਼ ਦੇ ਸਭ ਤੋਂ ਅਮੀਰ ਉਦਯੋਗਪਤੀ ਚੁਣੇ ਗਏ ਹਨ। ਫੋਰਬਸ ਨੇ 100 ਅਰਬਪਤੀਆਂ ਦੀ ਸੂਚੀ ਜਾਰੀ ਕੀਤੀ ਹੈ। ਸੂਚੀ 'ਚ ਦੂਸਰੇ ਸਥਾਨ 'ਤੇ ਸਟੀਲ ਕਿੰਗ ਲਕਸ਼ਮੀ ਨਿਵਾਸ ਮਿੱਤਲ ਨੂੰ ਰੱਖਿਆ ਗਿਆ ਹੈ ਤੇ ਤੀਸਰੇ ਸਥਾਨ 'ਤੇ ਵਿਪਰੋ ਦੇ ਚੇਅਰਮੈਨ ਅਜ਼ੀਮ ਪ੍ਰੇਮਜੀ ਹਨ।

ਪਹਿਲੇ 10 ਅਰਬਪਤੀਆਂ 'ਚ ਅਨਿਲ ਅੰਬਾਨੀ ਦਾ ਨਾਂ ਨਹੀਂ ਹੈ ਤੇ ਸੂਚੀ 'ਚ ਉਨ੍ਹਾਂ ਦਾ ਨਾਂ 13ਵੇਂ ਸਥਾਨ 'ਤੇ ਹੈ। ਸਾਵਿਤਰੀ ਜਿੰਦਲ ਸਭ ਤੋਂ ਅਮੀਰ ਔਰਤ ਚੁਣੀ ਗਈ ਹੈ। ਸੂਚੀ 'ਚ ਉਸ ਨੂੰ ਪੰਜਵੇਂ ਸਥਾਨ 'ਤੇ ਰੱਖਿਆ ਗਿਆ ਹੈ। ਜਾਇਦਾਦ 'ਚ ਆਈ ਗਿਰਾਵਟ-ਫੋਰਬਸ ਦੀ ਸੂਚੀ ਅਨੁਸਾਰ ਮੰਦੀ ਕਾਰਨ ਅਰਬਪਤੀਆਂ ਦੀ ਕਮਾਈ 'ਚ ਕਾਫੀ ਕਮੀ ਆਈ ਹੈ। ਰੁਪਏ 'ਚ ਕਮਜ਼ੋਰੀ ਤੇ ਦਲਾਲ ਸਟਰੀਟ 'ਚ ਕਮਜ਼ੋਰੀ ਦੇ ਕਾਰਨ 100 ਅਰਬਪਤੀਆਂ ਦੀ ਕੁਲ ਜਾਇਦਾਦ 'ਚ 20 ਫੀਸਦੀ ਦੀ ਕਮੀ ਆਈ ਹੈ।

ਇਕ ਸਾਲ ਪਹਿਲਾਂ 100 ਅਰਬਪਤੀਆਂ ਦੀ ਕੁਲ ਜਾਇਦਾਦ 300 ਅਰਬ ਡਾਲਰ ਸੀ ਜੋ ਹੁਣ 241 ਅਰਬ ਡਾਲਰ ਰਹਿ ਗਈ ਹੈ। ਮੁਕੇਸ਼ ਅੰਬਾਨੀ ਦੀ ਕੁਲ ਜਾਇਦਾਦ 22.6 ਅਰਬ ਡਾਲਰ ਹੈ। ਉਨ੍ਹਾਂ ਦੀ ਜਾਇਦਾਦ 'ਚ 4.4 ਅਰਬ ਡਾਲਰ ਦੀ ਕਮੀ ਹੋਈ ਹੈ।

ਮੁਕੇਸ਼ ਅੰਬਾਨੀ ਦੇ ਛੋਟੇ ਭਰਾ ਅਨਿਲ ਅੰਬਾਨੀ ਦੀ ਜਾਇਦਾਦ 'ਚ 7.4 ਅਰਬ ਡਾਲਰ ਦੀ ਕਮੀ ਆਈ ਹੈ। ਲਕਸ਼ਮੀ ਨਿਵਾਸ ਮਿੱਤਲ ਦੀ ਜਾਇਦਾਦ 'ਚ 6.9 ਅਰਬ ਡਾਲਰ ਦੀ ਕਮੀ ਹੋਈ ਹੈ ਤੇ ਉਨ੍ਹਾਂ ਦੀ ਕੁਲ ਜਾਇਦਾਦ 19.2 ਅਰਬ ਡਾਲਰ ਹੈ। ਫੋਰਬਸ ਦੀ ਸੂਚੀ 'ਚ ਇਸ ਵਾਰ 14 ਨਵੇਂ ਅਰਬਪਤੀਆਂ ਦੇ ਨਾਂ ਸ਼ਾਮਲ ਹਨ। ਇੰਡੀਗੋ ਦੇ ਰਾਹੁਲ ਭਾਟੀਆ ਨੂੰ ਸੂਚੀ 'ਚ 51ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਆਨੰਦ ਮਹਿੰਦਰਾ ਨੂੰ ਪਹਿਲੀ ਵਾਰ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ।

# ਚੀਨ ਵੱਲੋਂ ਪਾਕਿਸਤਾਨ 'ਚ ਫ਼ੌਜੀ ਅੱਡਾ ਬਣਾਉਣ ਦੀ ਤਿਆਰੀ

**ਇਸਲਾਮਾਬਾਦ:** ਚੀਨ ਨੇ ਆਪਣੇ ਗੜਬੜਗ੍ਰਸਤ ਝਿੰਜਿਯਾਂਗ ਸੂਬੇ ਨਾਲ ਲਗਦੇ ਪਾਕਿਸਤਾਨ ਦੇ ਉੱਤਰੀ ਕਬਾਇਲੀ ਖੇਤਰ ਵਿਚ ਫ਼ੌਜੀ ਅੱਡਾ ਕਾਇਮ ਕਰਨ ਦੀ ਰੁਚੀ ਵਿਖਾਈ ਹੈ। ਚੀਨ ਦੀ ਇਸ ਦਿਲਚਸਪੀ ਦਾ ਮਕਸਦ ਅਲ ਕਾਇਦਾ ਨਾਲ ਜੁੜੇ ਪੂਰਬੀ ਤੁਰਕਿਸਤਾਨ ਇਸਲਾਮਕ ਅੰਦੋਲਨ ਨਾਲ ਸਬੰਧਤ ਚੀਨੀ ਬਾਗ਼ੀਆਂ ਦੀਆਂ ਸਰਗਰਮੀਆਂ ਨੂੰ ਰੋਕਣਾ ਹੈ। ਚੀਨੀ ਬਾਗ਼ੀ ਆਜ਼ਾਦ ਰਾਜ ਮੰਗ ਰਹੇ ਹਨ। ਮੀਡੀਆ ਰਿਪੋਰਟਾਂ 'ਚ ਫ਼ੌਜੀ ਅਧਿਕਾਰੀਆਂ ਤੇ ਕੂਟਨੀਤਕ ਮਾਹਿਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਪਾਕਿਸਤਾਨ 2011 ਤੱਕ ਚੀਨ ਨਾਲ ਰੱਖਿਆ ਸਮਝੌਤੇ ਕਰਨਾ ਚਾਹੁੰਦਾ ਹੈ।

ਅਮਰੀਕਾ ਨਾਲ ਵਿਗੜਦੇ ਸਬੰਧਾਂ ਕਾਰਨ ਪਾਕਿਸਤਾਨ ਇਹ ਸਮਝੌਤਾ ਕਰਨਾ ਚਾਹੁੰਦਾ ਹੈ। ਹਾਲਾਂਕਿ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਨੂੰ ਸ਼ਾਇਦ ਹੀ ਇਸ ਵਿਚ ਕਾਮਯਾਬੀ ਮਿਲੇ। 'ਦ ਨਿਊਜ਼ ਡੇਲੀ' ਨੇ ਰਾਜਨੀਤਕ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਚੀਨ ਦਾ ਫ਼ੌਜੀ ਅੱਡਾ ਕਾਇਮ ਕਰਨ ਦਾ ਮਕਸਦ ਅਲ-ਕਾਇਦਾ ਨਾਲ ਜੁੜੇ ਪੂਰਬੀ ਤੁਰਕਿਸਤਾਨ ਇਸਲਾਮਿਕ ਅੰਦੋਲਨ ਨਾਲ ਸਬੰਧਿਤ ਚੀਨੀ ਬਾਗ਼ੀਆਂ ਦੀਆਂ ਵਧਦੀਆਂ ਅਤਿਵਾਦੀ ਸਰਗਰਮੀਆਂ 'ਤੇ ਲਗਾਮ ਲਾਉਣਾ ਹੈ।

ਚੀਨੀ ਬਾਗ਼ੀ ਆਜ਼ਾਦ ਇਸਲਾਮਕ ਰਾਜ ਚਾਹੁੰਦੇ ਹਨ ਤੇ ਖ਼ਬਰਾਂ ਮੁਤਾਬਕ ਉਨ੍ਹਾਂ ਨੂੰ ਕਬਾਇਲੀ ਪਾਕਿਸਤਾਨ ਦੇ ਖੇਤਰ ਵਿਚ ਸਿਖਲਾਈ ਦਿੱਤੀ ਜਾ ਰਹੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਚਾਹੁੰਦਾ ਹੈ ਕਿ ਪਾਕਿਸਤਾਨ ਵਿਚ ਉਸ ਦੀ ਫ਼ੌਜੀ ਮੌਜੂਦਗੀ ਹੋਵੇ ਤੇ ਇਸ ਬਾਰੇ ਦੋਵਾਂ ਦੇਸ਼ਾਂ ਦੇ ਰਾਜਸੀ ਤੇ ਫ਼ੌਜੀ ਅਗਵਾਈ ਵਿਚ ਹੁਣੇ ਜਿਹੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਹੋਇਆ ਹੈ। ਚੀਨ ਪਾਕਿਸਤਾਨ ਦੇ ਕਬਾਇਲੀ ਖੇਤਰ ਨੂੰ ਲੈ ਕੇ ਚਿੰਤਤ ਹੈ ਜੋ ਕੱਟੜਪੰਥੀਆਂ ਦਾ ਸਵਰਗ ਬਣ ਗਿਆ ਹੈ।

ਰਿਪੋਰਟ ਅਨੁਸਾਰ ਚੀਨ ਮੰਨਦਾ ਹੈ ਕਿ ਪਾਕਿਸਤਾਨ ਵਿਚ ਅਮਰੀਕਾ ਦੀ ਫ਼ੌਜੀ ਹਾਜ਼ਰੀ ਦੀ ਤਰਜ਼ 'ਤੇ ਚੀਨੀ ਮੌਜੂਦਗੀ ਨਾਲ ਮੁਸਲਿਮ ਵੱਖਵਾਦੀ ਤੱਤਾਂ ਦਾ ਪ੍ਰਭਾਵੀ ਢੰਗ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਇਹ ਕੱਟੜਪੰਥੀ ਪਿਛਲੇ ਇਕ ਦਹਾਕੇ ਤੋਂ ਪਾਕਿਸਤਾਨ ਦੇ ਕਬਾਇਲੀ ਖੇਤਰ ਵਿਚ ਚੀਨ ਦੇ ਝਿੰਜਿਯਾਂਗ ਖੇਤਰ ਵਿਚ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ। ਬੀਤੇ ਮਹੀਨੇ ਪਾਕਿਸਤਾਨ ਦੇ ਤਿੰਨ ਮਹੱਤਵਪੂਰਨ ਆਗੂਆਂ ਨੇ ਚੀਨ ਦਾ ਦੌਰਾ ਕੀਤਾ। ਇਨ੍ਹਾਂ ਵਿਚ ਵਿਦੇਸ਼ ਮੰਤਰੀ ਹਿਨਾ ਰਬਾਨੀ ਖਰ, ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਤੇ ਆਈ.ਐਸ.ਆਈ. ਦੇ ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜ਼ਾ ਪਾਸ਼ਾ ਸ਼ਾਮਲ ਹਨ। ਪਾਕਿ ਨੇਤਾਵਾਂ ਦੀਆਂ ਇਨ੍ਹਾਂ ਯਾਤਰਾਵਾਂ ਉਪਰੰਤ ਚੀਨ ਦੇ ਉਪ-ਪ੍ਰਧਾਨ ਮੰਤਰੀ ਮੇਂਗ ਜਿਯਾਝੂ ਇਸਲਾਮਾਬਾਦ ਆਏ ਸਨ।

ਰਿਪੋਰਟ ਅਨੁਸਾਰ ਇਹ ਯਾਤਰਾ ਝਿੰਜਿਯਾਂਗ ਸੂਬੇ ਦੇ ਕਾਂਸ਼ਗਰ ਸ਼ਹਿਰ ਵਿਚ 30 ਤੇ 31 ਜੁਲਾਈ ਨੂੰ ਹੋਏ ਦੋ ਬੰਬ ਧਮਾਕਿਆਂ ਬਾਅਦ ਹੋਈ ਜਿਸ ਵਿਚ 18 ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਧਮਾਕੇ ਬਾਅਦ ਪਹਿਲੀ ਵਾਰ ਝਿੰਗਿਯਾਂਗ ਸੂਬੇ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਹਮਲਾਵਰਾਂ ਨੂੰ ਪਾਕਿਸਤਾਨ ਦੇ ਵਜ਼ੀਰਸਤਾਨ ਕਬਾਇਲੀ ਖੇਤਰ ਵਿਚ ਚੀਨੀ ਮੁਸਲਿਮ ਕੱਟੜਪੰਥੀਆਂ ਦੁਆਰਾ ਈ.ਟੀ.ਆਈ.ਐਮ. ਕੈਂਪ ਵਿਚ ਸਿਖਲਾਈ ਦਿੱਤੀ ਗਈ ਸੀ। ਚੀਨ ਦਾ ਮੰਨਣਾ ਹੈ ਕਿ ਚੀਨੀ ਬਾਗ਼ੀ ਪਾਕਿਸਤਾਨ ਦੇ ਕਬਾਇਲੀ ਖੇਤਰ ਤੋਂ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ ਤੇ ਉਨ੍ਹਾਂ ਦਾ ਅਲ-ਕਾਇਦਾ ਨਾਲ ਸੰਪਰਕ ਹੈ ਜੋ ਉਨ੍ਹਾਂ ਨੂੰ ਸਿਖਲਾਈ ਤੋਂ ਇਲਾਵਾ ਪੈਸਾ ਵੀ ਮੁਹੱਈਆ ਕਰਵਾ ਰਿਹਾ ਹੈ।

## ਸੁਖਬੀਰ ਬਾਦਲ ਵੱਲੋਂ ਵਿਧਾਨ ਸਭਾ ਚੋਣਾਂ 'ਚ ਨਵੇਂ ਚਿਹਰੇ ਲਿਆਉਣ ਦਾ ਸੰਕੇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੰਕੇਤ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਵਿਧਾਨ ਸਭਾ ਦੀ ਚੋਣ 'ਚ ਕਾਫੀ ਨਵੇਂ ਚਿਹਰੇ ਚੋਣ ਮੈਦਾਨ ਵਿਚ ਉਤਾਰੇ ਜਾਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਵੱਲੋਂ ਜਨਤਕ ਫੀਡਬੈਕ ਲਈ ਜਾ ਰਹੀ ਹੈ ਤੇ ਜੋ ਉਮੀਦਵਾਰ ਜਿੱਤਣ ਵਾਲੇ ਹੋਣਗੇ, ਉਨ੍ਹਾਂ ਨੂੰ ਟਿਕਟ ਦਿੱਤੀ ਜਾਵੇਗੀ। ਉਨ੍ਹਾਂ ਅਨੁਸਾਰ ਇਸ ਵਾਰ ਕਾਫੀ ਉਮੀਦਵਾਰ ਬਦਲੇ ਜਾ ਰਹੇ ਹਨ ਪਰ ਉਨ੍ਹਾਂ ਕੋਈ ਪੱਕੀ ਗਿਣਤੀ ਨਹੀਂ ਦੱਸੀ।

ਬਠਿੰਡਾ ਵਿਖੇ ਇਕ ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਲੰਬੀ ਹਲਕੇ ਤੋਂ ਚੋਣ ਲੜਣ ਬਾਰੇ ਪਾਰਟੀ ਦੀ ਕੋਰ ਕਮੇਟੀ ਨੇ ਫੈਸਲਾ ਕਰਨਾ ਹੈ ਜਿਸ ਕਰਕੇ ਉਹ ਆਪਣੇ ਪੱਧਰ 'ਤੇ ਕੁਝ ਨਹੀਂ ਕਹਿਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਆਈ.ਜੀ. (ਲੋਕਪਾਲ) ਦਾ ਤਬਾਦਲਾ ਆਮ ਰੁਟੀਨ ਵਾਂਗ ਹੀ ਹੋਇਆ ਹੈ ਤੇ ਇਸ ਪਿਛੇ ਕੋਈ ਮੰਤਵ ਨਹੀਂ ਹੈ। ਉਪ ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਡੀ.ਜੀ.ਪੀ. ਵੱਲੋਂ ਨਵੀਂ ਟੀਮ ਬਣਾਈ ਗਈ ਹੈ ਜਿਸ ਤਹਿਤ ਆਈ.ਜੀ (ਲੋਕਪਾਲ) ਦਾ ਤਬਾਦਲਾ ਵੀ ਕੀਤਾ ਗਿਆ ਹੈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਸ਼ਵ ਕਬੱਡੀ ਕੱਪ ਬਾਰੇ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕੈਪਟਨ ਨੂੰ ਇਕੱਲਾ ਵਿਸ਼ਵ ਕਬੱਡੀ ਕੱਪ ਹੀ ਨਹੀਂ ਸਗੋਂ ਪੰਜਾਬ ਸਰਕਾਰ ਵੱਲੋਂ ਜੋ ਵੀ ਕੀਤਾ ਜਾਂਦਾ ਹੈ, ਉਹ ਚੰਗਾ ਨਹੀਂ ਲੱਗਦਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਬਠਿੰਡਾ 'ਚ 1600 ਕਰੋੜ ਦੀ ਲਾਗਤ ਵਾਲੀ ਵੱਡੀ ਸਨਅਤ ਲਿਆਂਦੀ ਜਾ ਰਹੀ ਹੈ ਜਿਸ ਦਾ ਜਲਦੀ ਨੀਂਹ ਪੱਥਰ ਰੱਖਿਆ ਜਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਨਅਤ ਵਿਚ ਨਰਮੇ ਕਪਾਹ ਤੋਂ ਜੀਨਜ਼ ਤਿਆਰ ਹੋਣਗੀਆਂ। ਉਪ ਮੁੱਖ ਮੰਤਰੀ ਨੇ ਦੱਸਿਆ ਕਿ ਬਠਿੰਡਾ ਇਲਾਕੇ ਨੂੰ ਟੈਕਸਟਾਈਲ ਕੇਂਦਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਨਵੀਂ ਸਨਅਤ ਵੱਲੋਂ ਆਪਣੇ ਪੱਧਰ 'ਤੇ 350 ਏਕੜ ਜ਼ਮੀਨ ਖਰੀਦ ਲਈ ਗਈ ਹੈ ਤੇ ਇਸ ਸਨਅਤ ਵਿਚ 7 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਜਿਸ 'ਚ 90 ਫੀਸਦੀ ਲੜਕੀਆਂ ਨੂੰ ਰੁਜ਼ਗਾਰ ਮਿਲਣਾ ਹੈ।

## ਪਰਵਾਸੀ ਭਾਰਤੀ ਰਜਤ ਗੁਪਤਾ ਦੀ ਜ਼ਮਾਨਤ

**ਨਿਊਯਾਰਕ:** ਅਮਰੀਕੀ ਕਾਰਪੋਰੇਟ ਜਗਤ ਦੀ ਉੱਘੀ ਸ਼ਖ਼ਸੀਅਤ ਭਾਰਤੀ ਮੂਲ ਦੇ ਰਜਤ ਗੁਪਤਾ ਨੂੰ ਇਥੋਂ ਦੀ ਅਦਾਲਤ ਨੇ ਇਕ ਕਰੋੜ ਡਾਲਰ ਦੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਗੁਪਤਾ ਨੇ ਆਪਣੇ ਉਪਰ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਤੇ ਜੇਕਰ ਉਸ ਉਪਰ ਦੋਸ਼ ਸਾਬਤ ਹੋ ਗਏ ਤਾਂ ਉਸ ਨੂੰ ਆਪਣੀ ਬਾਕੀ ਦੀ ਸਾਰੀ ਉਮਰ ਜੇਲ੍ਹ ਵਿਚ ਗੁਜ਼ਾਰਨੀ ਪਵੇਗੀ।

62 ਸਾਲਾ ਗੁਪਤਾ ਉਪਰ ਦੋਸ਼ ਹੈ ਕਿ ਉਸ ਨੇ ਕਈ ਕੰਪਨੀਆਂ ਦੀ ਅੰਦਰੂਨੀ ਜਾਣਕਾਰੀ ਆਪਣੇ ਮਿੱਤਰ ਰਾਜ ਰਾਜਰਤਨਮ ਨੂੰ ਦਿੱਤੀ ਜਿਸ ਕਾਰਨ ਗੋਲਡਮੈਨ ਸੈਚਸ ਤੇ ਪ੍ਰੋਕਟਰ ਐਂਡ ਗੈਂਬਲ ਵਰਗੀਆਂ ਕੰਪਨੀਆਂ ਨੂੰ ਕਰੋੜਾਂ ਦਾ ਘਾਟਾ ਪਿਆ। ਉਸ ਵੱਲੋਂ ਕੰਪਨੀਆਂ ਦੀ ਅੰਦਰੂਨੀ ਜਾਣਕਾਰੀ ਲੀਕ ਕਰਨ ਨਾਲ ਅਮਰੀਕੀ ਸ਼ੇਅਰ ਬਾਜ਼ਾਰ ਹਿੱਲ ਗਿਆ ਸੀ। ਉਸ ਨੇ ਬੀਤੇ ਦਿਨ ਐਫ.ਬੀ.ਆਈ. ਅੱਗੇ ਆਤਮ ਸਮਰਪਣ ਕਰ ਦਿੱਤਾ ਸੀ ਤੇ ਪਰ ਨਾਲ ਹੀ ਅਦਾਲਤ ਵਿਚ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਨਾਂਹ ਕੀਤੀ ਸੀ। ਜੇਕਰ ਉਸ ਉਪਰ ਦੋਸ਼ ਸਾਬਤ ਹੋ ਗਏ ਤਾਂ ਉਸ ਨੂੰ 105 ਸਾਲਾਂ ਲਈ ਜੇਲ੍ਹ ਵਿਚ ਜਾਣਾ ਪਵੇਗਾ ਤੇ ਢਾਈ ਕਰੋੜ ਡਾਲਰ ਜੁਰਮਾਨਾ ਹੋਵੇਗਾ। ਗੁਪਤਾ ਦਾ ਸ੍ਰੀਲੰਕਾਈ ਮਿੱਤਰ ਰਾਜਰਤਨਮ ਵੀ 11 ਸਾਲਾਂ ਲਈ ਪਹਿਲਾਂ ਹੀ ਜੇਲ੍ਹ ਦੀ ਹਵਾ ਖਾ ਰਿਹਾ ਹੈ। ਸਰਕਾਰੀ ਵਕੀਲ ਦਾ ਦੋਸ਼ ਹੈ ਕਿ ਗੁਪਤਾ ਨੇ ਕੁਝ ਨਾਮੀ ਕੰਪਨੀਆਂ ਦੇ ਵਿਸ਼ਵਾਸ ਨੂੰ ਢਾਹ ਲਾਈ ਹੈ ਜਦ ਕਿ ਉਸ ਦੇ ਵਕੀਲ ਦਾ ਕਹਿਣਾ ਹੈ ਕਿ ਉਸ ਦਾ ਮੁਵੱਕਿਲ ਬੇਕਸੂਰ ਹੈ।

# ਇਰਾਕ 'ਚ ਅਜੇ ਵੀ ਰੁਲ ਰਹੇ ਨੇ 8000 ਭਾਰਤੀ

**ਚੰਡੀਗੜ੍ਹ:** ਬਿਹਤਰ ਭਲਕ ਦੀ ਆਸ 'ਚ ਸੁਪਨੀਲੇ ਜਹਾਜ਼ਾਂ 'ਚ ਚੜ੍ਹ ਕੇ ਗਏ 8000 ਭਾਰਤੀ ਗੱਭਰੂ ਨਾ ਕੇਵਲ ਆਪਣੀਆਂ ਚੀਜ਼ਾਂ ਵਸਤਾਂ ਤੇ ਦਸਤਾਵੇਜ਼ ਹੀ ਖਵਾ ਬੈਠੇ ਬਲਕਿ ਉਹ ਇਰਾਕ ਦੀ ਬਾਰੂਦੀ ਸੁਰੰਗਾਂ ਵਿੰਨੀ ਧਰਤੀ 'ਤੇ ਜਾ ਉਤਰੇ ਜਿਥੋਂ ਪਰਤਣਾ ਉਨ੍ਹਾਂ ਲਈ ਬਹੁਤ ਕਠਿਨ ਸਾਬਤ ਹੋ ਰਿਹਾ ਹੈ।

ਹੁਣ ਪਾਟੇ ਪਾਸਪੋਰਟ ਤੇ ਸੱਖਣੀਆਂ ਜੇਬਾਂ ਉਨ੍ਹਾਂ ਨੂੰ ਦੇਸ਼ ਪਰਤਣ 'ਚ ਲਾਚਾਰ ਬਣਾ ਰਹੀਆਂ ਹਨ ਤੇ ਉਹ ਉਥੇ ਅੰਤਾਂ ਦੇ ਜੋਖਮ 'ਚ ਖਤਰਨਾਕ ਵਗਾਰ ਕਰਨ ਲਈ ਮਜਬੂਰ ਹਨ। ਭਾਰਤ 'ਚ ਆਪਣੀਆਂ ਜ਼ਮੀਨਾਂ ਵੇਚ ਕੇ ਘਰੋਂ ਨਿਕਲੇ।ਇਹ ਨੌਜਵਾਨ ਇਸ ਵੇਲੇ ਜੰਗ ਦੇ ਮਾਰੇ ਈਰਾਕ ਦੀ ਧਰਤੀ 'ਚੋਂ ਬਾਰੂਦੀ ਸੁਰੰਗਾਂ ਚੁਗਣ ਦਾ ਖਤਰਨਾਕ ਕੰਮ ਕਰ ਰਹੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਦਖਲਅੰਦਾਜ਼ੀ ਮਗਰੋਂ ਆਪਣੇ ਮੁਲਕ ਦੀ ਆਜ਼ਾਦ ਫਿਜ਼ਾ 'ਚ ਪਰਤੇ 60 ਭਾਰਤੀਆਂ 'ਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਭਟਲੀਆਂ ਦਾ ਜ਼ੋਰਾਵਰ ਵੀ ਸ਼ਾਮਲ ਹੈ। ਇਰਾਕ ਤੋਂ ਉਹ ਦੁੱਖਾਂ ਭਰੀਆਂ ਯਾਦਾਂ ਦੀਆਂ ਪੰਡਾਂ ਤੇ ਦਰਦ ਕਥਾਵਾਂ ਲੈ ਕੇ ਆਇਆ ਹੈ।

ਜ਼ੋਰਾਵਰ ਨੇ ਦੱਸਿਆ ਹੈ ਕਿ ਪਿੱਛੇ ਰਹਿ ਗਏ 8000 ਲੋਕਾਂ ਦੀ ਵਾਪਸੀ ਏਨੀ ਸੁਖਾਲੀ ਨਹੀਂ। ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਵੇਚੀਆਂ, ਹੋਰ ਕਰਜ਼ੇ ਲਏ ਤੇ ਹੁਣ ਉਨ੍ਹਾਂ ਕੋਲ ਆਪਣੀ ਆਜ਼ਾਦੀ ਖਰੀਦਣ ਲਈ ਕੌਡੀ ਵੀ ਨਹੀਂ ਹੈ। ਉਹ ਭਲਾ ਕਿਵੇਂ ਵਾਪਸ ਆ ਸਕਦੇ ਹਨ।

ਉਸ ਦਾ ਕਹਿਣਾ ਹੈ ਕਿ ਭਾਰਤੀ ਏ.ਕੇ. 47 ਦੀ ਨੋਕ 'ਤੇ ਰੱਖੇ ਜਾਂਦੇ ਹਨ ਤੇ ਬਿਗਾਨੇ ਲੋਕਾਂ ਨੇ ਉਨ੍ਹਾਂ ਦੇ ਪਾਸਪੋਰਟ ਪਾੜ ਦਿੱਤੇ ਹਨ। ਇਰਾਕ ਤੋਂ ਪਰਤੇ ਹੋਰ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਤੋਂ ਕੁੱਟ ਮਾਰ ਕੇ ਕੰਮ ਲਿਆ ਜਾਂਦਾ ਸੀ ਤੇ ਬੇਹੱਦ ਮਾੜਾ ਖਾਣਾ ਦਿੱਤਾ ਜਾਂਦਾ ਸੀ। ਉਹ ਚੁੱਪਚਾਪ ਇਹ ਤੌਹੀਨ ਹਜ਼ਮ ਕਰਦੇ ਹਨ। ਉਤੋਂ ਸਿਤਮ ਉਨ੍ਹਾਂ ਨੂੰ 1200 ਡਾਲਰ ਦੇ ਵਾਅਦੇ ਦੇ ਉਲਟ ਕਦੇ ਕਦਾਈਂ 300 ਡਾਲਰ ਦਿੱਤੇ ਜਾਂਦੇ ਹਨ ਤੇ ਫਿਰ ਅੱਗੇ ਗੁਲਾਮਾਂ ਵਾਂਗ ਵੇਚ ਦਿੱਤਾ ਜਾਂਦਾ ਹੈ।

ਜਲੰਧਰ ਦੇ ਖੋਜੇਪੁਰ ਦਾ ਰਿਪਲ ਕੁਮਾਰ ਅਨੁਸਾਰ ਉਹ ਬਾਰੂਦੀ ਸੁਰੰਗਾਂ ਵਾਲੇ ਖੇਤਾਂ 'ਚੋਂ ਕਿਵੇਂ ਨਾ ਕਿਵੇਂ ਬਚ ਕੇ ਕਿਸੇ ਫਰਨੀਚਰ ਫਰਮ ਕੋਲ ਪੁੱਜਿਆ ਪਰ ਉਥੇ ਵੀ ਗੈਰ-ਮਾਨਵੀ ਹੋਣੀ ਉਹਦੀ ਉਡੀਕ 'ਚ ਸੀ। ਜ਼ੋਰਾਵਰ ਤੇ ਰਿਪਲ ਹੁਣ ਉਨ੍ਹਾਂ 13 ਪੈਰਾ-ਲੀਗਲ ਵਲੰਟੀਅਰਾਂ 'ਚ ਸ਼ਾਮਲ ਹਨ ਜੋ ਲੀਗਲ ਸਰਵਿਸਿਜ਼ ਅਥਾਰਟੀ ਨਾਲ ਰਲ ਕੇ ਜ਼ਿਲ੍ਹਾ ਪੱਧਰ 'ਤੇ ਕੰਮ ਕਰਨਗੇ ਜਿਸ ਦੀ ਰਹਿਨੁਮਾਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਐਕਟਿੰਗ ਚੀਫ ਜਸਟਿਸ ਐਮ.ਐਮ. ਕੁਮਾਰ ਕਰਨਗੇ। ਇਸ ਨੌਜਵਾਨ ਨਵੇਂ ਮਿਲੇ ਸ਼ਨਾਖਤੀ ਕਾਰਡ ਦਿਖਾ ਕੇ ਮਾਣ ਨਾਲ ਆਖਦੇ ਹਨ ਕਿ ਆਪਣੇ ਮੁਲਕ 'ਚ ਹੀ 'ਪਛਾਣ' ਹੁੰਦੀ ਹੈ।

## ਮਨੀਲਾ 'ਚ ਪੰਜਾਬੀ ਦੀ ਗੋਲੀ ਮਾਰ ਕੇ ਹੱਤਿਆ

**ਕਪੂਰਥਲਾ:** ਸੁਲਤਾਨਪੁਰ ਲੋਧੀ ਦੇ ਅਮਰ ਸਿੰਘ ਘੋੜਿਆਂ ਵਾਲੇ ਦੇ ਮਨੀਲਾ ਰਹਿੰਦੇ ਪੁੱਤਰ ਹਰਬੰਸ ਸਿੰਘ ਦੀ ਲੁਟੇਰਿਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਰਬੰਸ ਸਿੰਘ ਤਕਰੀਬਨ 15 ਸਾਲ ਤੋਂ ਫਿਲਪਾਈਨ ਵਿਚ ਪਰਿਵਾਰ ਸਮੇਤ ਰਹਿੰਦਾ ਸੀ ਤੇ ਉਸ ਦਾ ਕੱਪੜੇ ਦਾ ਚੰਗਾ ਕਾਰੋਬਾਰ ਸੀ।

ਉਸ ਦੇ ਪਿਤਾ ਅਮਰ ਸਿੰਘ ਤੇ ਭਰਾ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਖ਼ਬਰ ਉਨ੍ਹਾਂ ਨੂੰ ਮਨੀਲਾ ਤੋਂ ਫੋਨ 'ਤੇ ਮਿਲੀ। ਹਰਬੰਸ ਸਿੰਘ ਰੋਜ਼ਾਨਾ ਦੀ ਤਰ੍ਹਾਂ ਸ਼ਾਮ ਨੂੰ ਆਪਣੀ ਕੱਪੜੇ ਦੀ ਦੁਕਾਨ ਬੰਦ ਕਰਕੇ ਘਰ ਜਾਣ ਲੱਗਾ ਸੀ ਕਿ ਹਥਿਆਰਬੰਦ ਵਿਅਕਤੀਆਂ ਨੇ ਉਸ 'ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਇਟਲੀ ਹਵਾਈ ਅਥਾਰਟੀ ਨੇ ਸਿੱਖਾਂ ਤੋਂ ਮੰਗੀ ਮੁਆਫ਼ੀ

**ਲੰਡਨ:** ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਨੇ ਦਾਅਵਾ ਕੀਤਾ ਹੈ ਕਿ ਵੈਰੋਨਾ (ਇਟਲੀ) ਦੀ ਏਅਰਪੋਰਟ ਅਥਾਰਟੀ ਨੇ ਦਸਤਾਰਧਾਰੀ ਸਿੱਖਾਂ ਨਾਲ ਹਮਦਰਦੀ ਨਾਲ ਪੇਸ਼ ਆਉਣ ਦਾ ਭਰੋਸਾ ਦਵਾਇਆ ਹੈ। ਉਨ੍ਹਾਂ ਦੱਸਿਆਂ ਕਿ ਦੋ ਮਹੀਨੇ ਪਹਿਲਾਂ ਉਨ੍ਹਾਂ 'ਤੇ ਵੈਰੋਨਾ ਏਅਰਪੋਰਟ 'ਤੇ ਸਕਿਉਰਟੀ ਅਧਿਕਾਰੀਆਂ ਵੱਲੋਂ ਮੈਟਲ ਡਿਟੈਕਟਰ ਨਾਲ ਚੈੱਕ ਕਰਨ ਤੋਂ ਪਹਿਲਾਂ ਦਸਤਾਰ ਉਤਾਰ ਕੇ ਤਲਾਸ਼ੀ ਦੇਣ ਲਈ ਜ਼ੋਰ ਪਾਇਆ ਗਿਆ ਸੀ ਪਰ ਸਹਿਮਤ ਨਾ ਹੋਣ 'ਤੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ ਸੀ।

ਇਹ ਪਤਾ ਲੱਗਣ 'ਤੇ ਕਿ ਅਧਿਕਾਰੀਆਂ ਦਾ ਇਹ ਵਤੀਰਾ ਸਿੱਖਾਂ ਬਾਬਤ ਆਮ ਹੈ ਉਨ੍ਹਾਂ ਦੂਸਰੇ ਦਿਨ ਹੋਰ ਏਅਰਪੋਰਟ ਰਾਹੀਂ ਲੰਡਨ ਪਹੁੰਚ ਕੇ ਜਿਥੇ ਇਟਲੀ ਸਰਕਾਰ ਤੇ ਏਅਰਪੋਰਟ ਅਥਾਰਟੀ ਨੂੰ ਇਸ ਧੱਕੇਸ਼ਾਹੀ ਵਿਰੁੱਧ ਸ਼ਿਕਾਇਤ ਕੀਤੀ ਉਥੇ ਬ੍ਰਿਟਿਸ਼ ਸਰਕਾਰ ਕੋਲੋਂ ਵੀ ਸਿੱਖਾਂ ਨਾਲ ਹੋ ਰਹੀ ਇਸ ਵਧੀਕੀ ਨੂੰ ਰੋਕਣ ਵਿਚ ਸਹਾਇਤਾ ਕਰਨ ਲਈ ਕਿਹਾ। ਨਤੀਜੇ ਵੱਜੋਂ ਅਥਾਰਟੀ ਨੇ ਉਨ੍ਹਾਂ ਨੂੰ ਚਿੱਠੀ ਲਿਖ ਕੇ ਇਹ ਮਸਲਾ ਹੱਲ ਕਰਨ ਦੀ ਇੱਛਾ ਪ੍ਰਗਟਾਈ।


ਉਨ੍ਹਾਂ ਦੀ ਇਹ ਗੱਲਬਾਤ 26 ਅਕਤੂਬਰ ਨੂੰ ਏਅਰਪੋਰਟ ਅਥਾਰਟੀ ਦੇ ਪ੍ਰਧਾਨ ਮਿਸਟਰ ਪਾਲੋ ਐਰੀਨਾ ਤੇ ਸਕਿਉਰਟੀ ਡਾਇਰੈਕਟਰ ਮਿਸਿਜ਼ ਰੋਬੇਰਤੇ ਕਾਰਲੀ ਨਾਲ ਵੈਰੋਨਾ ਏਅਰਪੋਰਟ 'ਤੇ ਹੋਈ। ਏਅਰਪੋਰਟ ਅਥਾਰਟੀ ਦੇ ਪ੍ਰਧਾਨ ਨੇ ਲੋੜੀਂਦੇ ਸਾਧਨਾਂ ਦੀ ਘਾਟ ਕਾਰਨ ਤੇ ਗਲਤ ਫ਼ਹਿਮੀ ਕਾਰਨ ਦਸਤਾਰਧਾਰੀ ਸਿੱਖਾਂ ਨਾਲ ਸਟਾਫ਼ ਵੱਲੋਂ ਹੋਈ ਕਿਸੇ ਪ੍ਰਕਾਰ ਦੀ ਵਧੀਕੀ ਲਈ ਮਾਫ਼ੀ ਮੰਗੀ ਤੇ ਵਾਅਦਾ ਕੀਤਾ ਕਿ ਅੱਗੇ ਤੋਂ ਸਿੱਖਾਂ ਨੂੰ ਅਜਿਹੀ ਕਿਸੇ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ।






# ਲੀਡਰਾਂ ਵਾਂਗ ਵਿਵਾਦਾਂ 'ਚ ਉਲਝੀ ਅੰਨਾ ਦੀ ਟੀਮ

**ਸਿਆਸਤ ਦਾ ਪਿੜ**



■ ਜਤਿੰਦਰ ਪਨੂੰ

ਐਨ ਉਸ ਮੌਕੇ, ਜਦੋਂ ਭਾਰਤ ਦੇ ਲੋਕਾਂ ਦਾ ਧਿਆਨ ਇਸ ਗੱਲ ਨੇ ਮੱਲ ਰੱਖਿਆ ਹੈ ਕਿ ਅੰਨਾ ਹਜ਼ਾਰੇ ਦੀ ਟੀਮ ਦੇ ਕੁਝ ਮੈਂਬਰਾਂ ਉਤੇ ਲੱਗੇ ਦੋਸ਼ਾਂ ਅਤੇ ਉਭਰੇ ਵਿਵਾਦਾਂ ਪਿੱਛੋਂ ਇਸ ਲਹਿਰ ਦਾ ਕੀ ਬਣੇਗਾ, ਸਾਡਾ ਧਿਆਨ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਤੋਂ ਆਈ ਇੱਕ ਖਬਰ ਨੇ ਮੱਲ ਲਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਅੰਨਾ ਦੀ ਟੀਮ ਵਿਚ ਕਿਰਨ ਬੇਦੀ ਜਾਂ ਹੋਰਨਾਂ ਦੇ ਨਾਂ ਨਾਲ ਜੁੜਦੇ ਵਿਵਾਦ ਤੋਂ ਧਿਆਨ ਪਾਸੇ ਕਰ ਲਿਆ ਜਾਵੇ, ਉਹ ਆਪਣੀ ਥਾਂ ਰਹਿਣੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਨਿਪਟਾਰਾ ਵੀ ਹੋਣਾ ਚਾਹੀਦਾ ਹੈ, ਪਰ ਉਸ ਤੋਂ ਵੱਡੇ ਭ੍ਰਿਸ਼ਟਾਚਾਰ ਦੇ ਜਿਹੜੇ ਕਿੱਸੇ ਰਾਜਨੀਤਕ ਖੇਤਰ ਵਿਚ ਆਮ ਹਨ, ਉਹ ਵੀ ਇਸ ਨਾਲ ਪਿੱਛੇ ਨਹੀਂ ਪਾਏ ਜਾ ਸਕਦੇ। ਉਤਰ ਪ੍ਰਦੇਸ਼ ਦੀ ਚਰਚਾ ਹੁਣ ਇਸ ਕਰ ਕੇ ਛਿੜੀ ਹੈ ਕਿ ਕੇਂਦਰ ਦੇ ਇੱਕ ਮੰਤਰੀ ਜੈਰਾਮ ਰਮੇਸ਼ ਨੇ ਮਨਰੇਗਾ ਫੰਡਾਂ ਦੀ ਦੁਰਵਰਤੋਂ ਦਾ ਦੋਸ਼ ਲਾਇਆ ਹੈ ਅਤੇ ਮੁੱਖ ਮੰਤਰੀ ਮਾਇਆਵਤੀ ਇਸ ਤੋਂ ਕੌੜ ਖਾ ਗਈ ਹੈ। ਉਸ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚਿੱਠੀ ਲਿਖ ਕੇ ਜੈਰਾਮ ਰਮੇਸ਼ ਦੇ ਦੋਸ਼ਾਂ ਨੂੰ ਰਾਜਨੀਤੀ ਤੋਂ ਪ੍ਰੇਰਤ ਦੱਸ ਕੇ ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਵਿਚ ਹੋ ਰਹੇ ਭ੍ਰਿਸ਼ਟਾਚਾਰ ਦਾ ਵੀ ਮਿਹਣਾ ਮਾਰ ਦਿੱਤਾ ਹੈ। ਕਹਿੰਦੀ ਉਹ ਵੀ ਬਿਲਕੁਲ ਠੀਕ ਹੈ।

ਜਿਹੜੀ 'ਮਨਰੇਗਾ' ਸਕੀਮ ਦੇ ਫੰਡ ਦੀ ਦੁਰਵਰਤੋਂ ਦਾ ਰੌਲਾ ਪਾਇਆ ਜਾ ਰਿਹਾ ਹੈ, ਅਤੇ ਠੀਕ ਪਾਇਆ ਜਾ ਰਿਹਾ ਹੈ, ਉਸ ਦਾ ਇਤਿਹਾਸ ਬਹੁਤੇ ਲੋਕਾਂ ਨੂੰ ਹੁਣ ਯਾਦ ਨਹੀਂ ਰਿਹਾ। ਜਦੋਂ ਡਾ. ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਬਣੀ ਅਤੇ ਸੋਨੀਆ ਗਾਂਧੀ ਕੋਈ ਕਦਮ ਕਾਮਰੇਡਾਂ ਤੋਂ ਪੁੱਛੇ ਬਿਨਾਂ ਨਹੀਂ ਸੀ ਪੁੱਟਦੀ, ਉਦੋਂ ਇਹ ਤਜਵੀਜ਼ ਖੱਬੇ ਪੱਖੀਆਂ ਨੇ ਰੱਖੀ ਸੀ ਕਿ ਦੇਸ਼ ਦੇ ਲੋਕਾਂ ਨੂੰ ਰੁਜ਼ਗਾਰ ਦਾ ਹੱਕ ਦੇਣ ਲਈ ਇੱਕ ਸਕੀਮ ਚਾਹੀਦੀ ਹੈ, ਜਿਸ ਰਾਹੀਂ ਜਦੋਂ ਕਿਤੇ ਵੀ ਕੰਮ ਨਾ ਲੱਭੇ ਤਾਂ ਉਨ੍ਹਾਂ ਨੂੰ ਸਰਕਾਰ ਕੰਮ ਦੇਵੇ ਜਾਂ ਕੰਮ ਦੇ ਬਰਾਬਰ ਦਿਹਾੜੀ ਭੱਤਾ ਦੇਵੇ, ਤਾਂ ਕਿ ਉਨ੍ਹਾਂ ਦੀ ਰੋਟੀ ਚੱਲਦੀ ਰਹੇ। ਸਰਕਾਰ ਨੇ ਉਨ੍ਹਾਂ ਦੇ ਦਬਾਅ ਹੇਠ ਇਹ ਸਕੀਮ ਬਣਾਈ ਤੇ ਪਾਸ ਕੀਤੀ, ਜਿਸ ਦਾ ਨਾਂ ਨੈਸ਼ਨਲ ਰੂਰਲ ਇੰਪਲਾਇਮੈਂਟ ਗਾਰੰਟੀ ਦੇ ਪਹਿਲੇ ਅੱਖਰ ਲੈ ਕੇ 'ਨਰੇਗਾ' ਰੱਖਿਆ ਸੀ। ਕਾਮਰੇਡਾਂ ਦੇ ਨਿੱਖੜ ਜਾਣ ਪਿੱਛੋਂ ਜਦੋਂ ਇਸੇ ਸਰਕਾਰ ਨੇ ਦੂਜੀ ਵਾਰੀ ਸ਼ੁਰੂ ਕੀਤੀ ਤਾਂ ਪਿਛੋਕੜ ਤੋਂ ਨਾਤਾ ਤੋੜਨ ਲਈ ਉਹ ਹੀ ਸਕੀਮ ਮਹਾਤਮਾ ਗਾਂਧੀ ਨਾਲ ਜੋੜ ਲਈ ਤੇ 'ਮਹਾਤਮਾ' ਦੇ ਪਹਿਲੇ ਅੱਖਰ ਨਾਲ 'ਨਰੇਗਾ' ਨੂੰ 'ਮਨਰੇਗਾ' ਬਣਾ ਲਿਆ।

ਬਹੁਤ ਵਧੀਆ ਇਹ ਯੋਜਨਾ ਜਿਨ੍ਹਾਂ ਲੋਕਾਂ ਤੱਕ ਪਹੁੰਚ ਕੇ ਲਾਗੂ ਕਰਨ ਦੀ ਲੋੜ ਸੀ, ਉਨ੍ਹਾਂ ਤੱਕ ਇਹ ਬਹੁਤ ਘੱਟ ਪਹੁੰਚੀ ਅਤੇ ਭ੍ਰਿਸ਼ਟਾਚਾਰ ਵੱਧ ਹੋਇਆ। ਕਿਉਂਕਿ ਇਸ ਨਾਲ ਇੱਕ ਹੱਦ ਤੱਕ ਕੰਮ ਤੋਂ ਵਾਂਝੇ ਲੋਕਾਂ ਨੂੰ ਸਰਕਾਰ ਨੇ ਕੰਮ ਦੇ ਬਦਲੇ ਦੇਣ ਵਾਲੀ ਦਿਹਾੜੀ ਮਿੱਥ ਦਿੱਤੀ, ਇਸ ਤੋਂ ਪਿੰਡਾਂ ਵਿਚ ਕਈ ਥਾਂ ਖਾਂਦੇ-ਪੀਂਦੇ ਲੋਕਾਂ ਨੂੰ ਇਹ ਚਿੰਤਾ ਲੱਗ ਗਈ ਕਿ ਅੱਗੋਂ ਪਿੱਛੋਂ ਵੀ ਦਿਹਾੜੀ ਦਾ ਰੇਟ ਵਧ ਜਾਣਾ ਹੈ, ਇਸ ਲਈ ਉਨ੍ਹਾਂ ਨੇ ਲਾਗੂ ਕਰਨ ਵਿਚ ਅੜਿੱਕੇ ਡਾਹੁਣੇ ਸ਼ੁਰੂ ਕਰ ਦਿੱਤੇ। ਕਈ ਥਾਂ ਰਾਜਨੀਤਕ ਤੌਰ 'ਤੇ ਤਕੜੀ ਧਿਰ ਵਾਲਿਆਂ ਨੇ ਆਪਣੇ ਨਾਲ ਰਾਜਸੀ ਰੈਲੀਆਂ ਵਿਚ ਜਾਣ ਵਾਲਿਆਂ ਨੂੰ ਮਨਰੇਗਾ ਸਕੀਮ ਦੇ ਫੰਡਾਂ ਵਿਚੋਂ ਦਿਹਾੜੀ ਦੇ ਕੇ ਖਾਨਾ-ਪੂਰਤੀ ਕੀਤੀ ਅਤੇ ਕਿਸੇ ਥਾਂ ਪ੍ਰਭਾਵੀ ਘਰਾਣਿਆਂ ਨੇ ਆਪਣੇ ਖੇਤ ਵਿਚ ਕੰਮ ਕਰਦੇ ਪੱਕੇ ਕਾਮਿਆਂ ਦੇ ਨਾਂ ਇਸ ਵਿਚ ਭਰ ਕੇ ਆਪ ਦਿਹਾੜੀ ਦੇਣ ਦੀ ਥਾਂ ਸਰਕਾਰ ਦੇ ਖਾਤੇ ਵਿਚੋਂ ਦੇਣੀ ਸ਼ੁਰੂ ਕਰ ਦਿੱਤੀ। ਹੋਰ ਤਾਂ ਹੋਰ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਵਿਚ ਕੰਮ ਉਡੀਕਦੇ ਗਰੀਬ ਤਾਂ ਰਹਿ ਗਏ ਅਤੇ ਬਾਦਲ ਪਰਿਵਾਰ ਦੇ ਇੱਕ ਨੌਕਰ ਨੇ ਚਾਲੀ-ਪੰਜਾਹ ਕਿਲੋਮੀਟਰ ਦੂਰ ਵੱਸਦੇ ਆਪਣੇ ਰਿਸ਼ਤੇਦਾਰਾਂ ਦੇ ਨਾਂ ਭਰ ਕੇ ਉਨ੍ਹਾਂ ਨੂੰ ਮਨਰੇਗਾ ਦੀ ਮਜ਼ਦੂਰੀ ਦੇ ਪੈਸੇ ਦਿਵਾ ਛੱਡੇ।

ਉਤਰ ਪ੍ਰਦੇਸ਼ ਵਿਚ ਵੀ ਇਸ ਵਿਚ ਘਾਲਾ-ਮਾਲਾ ਹੋਇਆ। ਇੱਕ ਥਾਂ ਮਨਰੇਗਾ ਫੰਡ ਦੇ ਉਨ੍ਹਾਂ ਪੈਸਿਆਂ ਨੂੰ ਖਰਚ ਕੇ ਪੰਜ ਲੱਖ ਕੈਲੰਡਰ ਖਰੀਦ ਲਏ ਗਏ, ਜਿਹੜੇ ਫੰਡ ਸਿਰਫ ਮਜ਼ਦੂਰਾਂ ਨੂੰ ਦਿਹਾੜੀ ਦੇਣ ਲਈ ਸਨ ਤੇ ਹੋਰ ਕਿਸੇ ਕੰਮ ਲਈ ਵਰਤੇ ਹੀ ਨਹੀਂ ਸਨ ਜਾ ਸਕਦੇ। ਇੰਜ ਉਨ੍ਹਾਂ ਕੈਲੰਡਰਾਂ ਉਤੇ ਇੱਕ ਕਰੋੜ ਪੰਜਾਹ ਲੱਖ ਰੁਪਏ ਤੋਂ ਵੱਧ ਫੂਕ ਦਿੱਤੇ ਗਏ। ਕਈ ਹੋਰ ਥਾਂਵਾਂ ਤੋਂ ਵੀ

***ਅੱਜ ਜਦੋਂ ਇਹ ਪੁੱਛਿਆ ਜਾਂਦਾ ਹੈ ਕਿ ਫਲਾਣਾ ਬੰਦਾ ਅੰਨਾ ਦੀ ਟੀਮ ਵਿਚ ਕਿਉਂ ਹੈ ਤੇ ਫਲਾਣੀ ਬੀਬੀ ਅੰਨਾ ਦੀ ਟੀਮ ਵਿਚ ਕਿਉਂ ਹੈ? ਤਾਂ ਇਹ ਗੱਲ ਯਾਦ ਕਰ ਲੈਣੀ ਚਾਹੀਦੀ ਹੈ ਕਿ ਪਿਛਲੇ ਹਫਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਅੰਨਾ ਹਜ਼ਾਰੇ ਪੰਜਾਬ ਵਿਚ ਆਵੇ ਤਾਂ ਅਸੀਂ ਉਸ ਦਾ ਸਵਾਗਤ ਕਰਾਂਗੇ। ਜੇ ਸ. ਬਾਦਲ ਅੰਨਾ ਦਾ ਸਵਾਗਤ ਕਰਨ ਨੂੰ ਤਿਆਰ ਹਨ, ਉਸ ਨੂੰ ਰਾਸ਼ਟਰਪਤੀ ਬਣਾਉਣ ਦੀ ਪਹਿਲਕਦਮੀ ਕਰਦੇ ਹਨ ਤਾਂ ਅੰਨਾ ਦੀ ਟੀਮ ਵਿਚ ਦੋ-ਚਾਰ ਵਾਦ-ਵਿਵਾਦ ਵਾਲੇ ਬੰਦੇ ਜਾਂ ਬੀਬੀਆਂ ਦੇ ਹੋਣ ਉਤੇ ਵੀ ਹੈਰਾਨੀ ਨਹੀਂ ਹੋਣੀ ਚਾਹੀਦੀ, ਆਖਰ ਉਸ ਟੀਮ ਨੇ ਵੀ ਕੰਮ ਤਾਂ ਇਹੋ ਜਿਹੇ ਮੁਲਕ ਅਤੇ ਇਹੋ ਜਿਹੇ ਰਾਜਨੀਤਕ ਮਾਹੌਲ ਵਿਚ ਹੀ ਕਰਨਾ ਹੈ।***

ਇਸ ਤਰ੍ਹਾਂ ਦੀ ਦੁਰਵਰਤੋਂ ਦੀਆਂ ਮਿਸਾਲਾਂ ਸਾਹਮਣੇ ਆਈਆਂ ਹਨ।

ਭਾਰਤ ਵਿਚ ਹਰ ਗੱਲ ਨੂੰ ਰਾਜਨੀਤਕ ਐਨਕ ਨਾਲ ਵੇਖਣ ਦੀ ਪਿਰਤ ਪੈ ਚੁੱਕੀ ਹੈ, ਇਸ ਲਈ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਵੀ ਇਸ ਨੂੰ ਲੈ ਕੇ ਇਹ ਗਿਣਾ ਦਿੱਤਾ ਕਿ ਕਾਂਗਰਸੀ ਸਰਕਾਰ ਵਾਲੇ ਰਾਜਾਂ ਵੱਲ ਵੀ ਵੇਖ ਲਓ ਕਿ ਉਥੇ ਕੀ ਹੋ ਰਿਹਾ ਹੈ? ਅਗਲੇ ਦਿਨ ਕੇਂਦਰ ਤੋਂ ਇਸ ਦਾ ਸਪੱਸ਼ਟੀਕਰਨ ਆ ਗਿਆ ਕਿ ਇਨ੍ਹਾਂ ਫੰਡਾਂ ਦੀ ਦੁਰਵਰਤੋਂ ਦੀ ਸ਼ਿਕਾਇਤ ਤੇ ਉਸ ਦੀ ਜਾਂਚ ਦਾ ਮਾਮਲਾ ਇਕੱਲੇ ਮਾਇਆਵਤੀ ਦੇ ਰਾਜ ਤੱਕ ਸੀਮਤ ਨਹੀਂ। ਇਸ ਦੀ ਲਪੇਟ ਵਿਚ ਭਾਰਤ ਦੇ ਗਿਆਰਾਂ ਰਾਜ ਆਉਂਦੇ ਹਨ, ਜਿਨ੍ਹਾਂ ਵਿਚੋਂ ਕੁਝ ਵਿਚ ਸਰਕਾਰ ਦੀ ਕਮਾਨ ਕਾਂਗਰਸ ਦੇ ਮੁੱਖ ਮੰਤਰੀਆਂ ਦੇ ਹੱਥਾਂ ਵਿਚ ਵੀ ਹੈ। ਇਹ ਸੱਚ ਹੈ ਕਿ ਮਨਰੇਗਾ ਦੇ ਫੰਡਾਂ ਦੀ



ਮਾਇਆਵਤੀ



ਯੇਦੂਰੱਪਾ



ਅੰਨਾ ਹਜ਼ਾਰੇ

ਹੇਰਾਫੇਰੀ ਜਾਂ ਦੁਰਵਰਤੋਂ ਕਰਨ ਵਿਚ ਕਈ ਰਾਜਾਂ ਦੇ ਲੋਕ ਸ਼ਾਮਲ ਹਨ, ਜਿਨ੍ਹਾਂ ਵਿਚ ਹਰ ਉਸ ਪਾਰਟੀ ਦਾ ਨਾਂ ਆਉਂਦਾ ਹੈ, ਜਿਸ ਨੇ ਕਿਸੇ ਨਾ ਕਿਸੇ ਰਾਜ ਦੀ ਸਰਕਾਰ ਦੀ ਅਗਵਾਈ ਕੀਤੀ ਹੋਈ ਹੈ ਜਾਂ ਇਸ ਵਕਤ ਕਰ ਰਹੀ ਹੈ। ਸਲਾਹੁਣ ਵਾਲਾ ਕੋਈ ਵੀ ਨਹੀਂ ਦਿੱਸ ਰਿਹਾ।

ਗੱਲ ਸਿਰਫ ਮਨਰੇਗਾ ਦੇ ਫੰਡਾਂ ਦੀ ਨਹੀਂ ਹੋਣੀ ਚਾਹੀਦੀ, ਜਿਹੜੇ ਉਨ੍ਹਾਂ ਲੋਕਾਂ ਤੱਕ ਬਹੁਤ ਘੱਟ ਪਹੁੰਚੇ ਹਨ, ਜਿਨ੍ਹਾਂ ਲਈ ਰਾਖਵੇਂ ਕੱਢ ਕੇ ਭੇਜੇ ਗਏ ਸਨ। ਪੰਜਾਬ ਵਿਚ ਹੀ ਲੈ ਲਈਏ ਤਾਂ ਗਰੀਬੀ ਰੇਖਾ ਤੋਂ ਹੇਠਾਂ ਵੀ ਬੜੇ ਲੋਕ ਹਨ, ਕੰਮ ਦੀ ਝਾਕ ਵਿਚ ਭਟਕਦੇ ਵੀ ਹਨ ਪਰ ਮਨਰੇਗਾ ਲਈ ਜਿੰਨੇ ਨਾਂ ਦਰਜ ਹਨ, ਉਨ੍ਹਾਂ ਦੀ ਗਿਣਤੀ ਏਨੀ ਮਾਮੂਲੀ ਹੈ ਕਿ ਯਕੀਨ ਹੀ ਨਹੀਂ ਆਉਂਦਾ। ਭ੍ਰਿਸ਼ਟਾਚਾਰ ਇਸ ਮਾਮਲੇ ਵਿਚ ਹੋਇਆ ਹੈ ਅਤੇ ਉਹ ਲੁਕਿਆ ਹੋਇਆ ਨਹੀਂ। ਫਿਰ ਵੀ ਸਿਰਫ ਇਹ ਇੱਕੋ ਮਾਮਲਾ ਨਹੀਂ, ਦੇਸ਼ ਦੇ ਲੋਕ ਉਸ ਸਰਬ ਪੱਖੀ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਅੰਨਾ ਹਜ਼ਾਰੇ ਦੇ ਮਗਰ ਤੁਰਨ ਲਈ ਮਜਬੂਰ ਹੋਏ ਸਨ, ਜਿਸ ਵਿਚ ਕਈ ਰਾਜਾਂ ਦੇ ਮੁੱਖ ਮੰਤਰੀਆਂ ਦੇ ਨਾਂ ਆਉਂਦੇ ਹਨ।

ਇੱਕ ਸਰਕਾਰ ਦਿੱਲੀ ਵਿਚ ਹੈ, ਜਿਸ ਦੀ ਅਗਵਾਈ ਕਾਂਗਰਸ ਪਾਰਟੀ ਦੀ ਸ਼ੀਲਾ ਦੀਕਸ਼ਤ ਕਰਦੀ ਹੈ। ਸ਼ੀਲਾ ਬੀਬੀ ਨੂੰ ਬੜੀ ਦੇਰ ਤੱਕ ਇਮਾਨਦਾਰ ਸਮਝਿਆ ਜਾਂਦਾ ਰਿਹਾ ਸੀ ਪਰ ਜਦੋਂ ਕਾਮਨਵੈਲਥ ਖੇਡਾਂ ਦੀ ਚਰਚਾ ਹੋਈ ਅਤੇ ਪ੍ਰਧਾਨ ਮੰਤਰੀ ਵੱਲੋਂ ਬਣਾਈ ਸ਼ੁੰਗਲੂ ਕਮੇਟੀ ਨੇ ਵੀ ਉਸ ਉਤੇ ਉਂਗਲੀ ਉਠਾ ਦਿੱਤੀ ਤਾਂ ਪੁਰਾਣਾ ਪ੍ਰਭਾਵ ਕਾਇਮ ਨਹੀਂ ਸੀ ਰਹਿ ਗਿਆ। ਉਸ ਦੇ ਬਾਅਦ ਉਸ ਦੇ ਇੱਕ ਮੰਤਰੀ ਉਤੇ ਇਹ ਦੋਸ਼ ਲੱਗਾ ਕਿ ਉਸ ਨੇ ਇੱਕ ਟੈਕਸ ਚੋਰ ਮੈਰਿਜ ਪੈਲੇਸ ਵਾਲੇ ਦੇ ਹੱਕ ਵਿਚ ਟੈਕਸ ਮਹਿਕਮੇ ਨੂੰ ਸਿਫਾਰਸ਼ ਕਰਨ ਦਾ ਗਲਤ ਕੰਮ ਕੀਤਾ ਹੈ ਤੇ ਇਸ ਦੀ ਜਾਂਚ ਕਰ ਕੇ ਦਿੱਲੀ ਦੇ ਲੋਕਪਾਲ ਨੇ ਉਸ ਦੇ ਵਿਰੁਧ ਕਾਰਵਾਈ ਕਰਨ ਲਈ ਲਿਖ ਦਿੱਤਾ। ਸ਼ੀਲਾ ਦੀਕਸ਼ਤ ਉਸ ਮੰਤਰੀ ਦੇ ਬਚਾਅ ਲਈ ਢਾਲ ਬਣ ਕੇ ਖੜੋ ਗਈ। ਕਿਸੇ ਦਾਗੀ ਮੰਤਰੀ ਦੀ ਢਾਲ ਬਣਨ ਦਾ ਕੰਮ ਮੁਫਤ ਨਹੀਂ ਕੀਤਾ ਜਾਂਦਾ। ਉਸ ਮੰਤਰੀ ਵੱਲ ਏਨੀ ਲਿਹਾਜਬਾਜ਼ੀ ਨੇ ਸ਼ੀਲਾ ਦੀਕਸ਼ਤ ਬਾਰੇ ਕਈ ਲੋਕਾਂ ਦੇ ਮਨ ਵਿਚ ਬਣੇ ਅਕਸ ਨੂੰ ਢਾਹ ਲਾ ਦਿੱਤੀ।

ਮਹਾਰਾਸ਼ਟਰ ਵਿਚ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ ਤੇ ਵਿਲਾਸ ਰਾਓ ਦੇਸ਼ਮੁਖ ਭ੍ਰਿਸ਼ਟਾਚਾਰ ਦੇ ਦਾਗ ਲਵਾਈ ਫਿਰਦੇ ਹਨ। ਉਥੋਂ ਦੇ ਸ਼ਿਵ ਸੈਨਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਜੋਸ਼ੀ ਦਾ ਨਾਂ ਵੀ ਇੱਕ ਕੇਸ ਵਿਚ ਦਾਗੀ ਹੋ ਚੁੱਕਾ ਹੈ। ਦੋਵਾਂ ਧਿਰਾਂ ਦੇ ਬੰਦੇ ਦਾਗੀ ਹੋਣ ਦਾ ਇਹ ਫਾਇਦਾ ਹੁੰਦਾ ਹੈ ਕਿ ਇੱਕ ਦੂਜੇ ਦੇ ਵਿਰੁਧ ਹੱਦ ਤੋਂ ਵੱਧ ਤਿੱਖਾ ਨਹੀਂ ਬੋਲਦੇ। ਉਸੇ ਰਾਜ ਵਿਚ ਭਾਜਪਾ ਵਾਲਿਆਂ ਦੇ ਵੀ ਕਈ ਦਾਗੀ ਆਗੂ ਤੁਰੇ ਫਿਰਦੇ ਹਨ।

ਨੇੜੇ ਕਰਨਾਟਕ ਰਾਜ ਹੈ, ਜਿਸ ਨੂੰ ਦੱਖਣ ਵਿਚ ਭਾਜਪਾ ਦੀ ਪਹਿਲੀ ਸਰਕਾਰ ਬਣਾਉਣ ਲਈ ਜਾਣਿਆ ਜਾਂਦਾ ਹੈ। ਕਦੇ ਉਸ ਰਾਜ ਦੀ ਰਾਜਧਾਨੀ ਬੰਗਲੌਰ ਨੂੰ ਕੰਪਿਊਟਰ ਟੈਕਨਾਲੋਜੀ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਸੀ, ਅੱਜ ਉਹ ਘੋਟਾਲਿਆਂ ਦੇ ਗੜ੍ਹ ਵਜੋਂ ਚਰਚਿਤ ਹੈ। ਲੋਕਪਾਲ ਉਥੇ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਨੇ ਮਰਜ਼ੀ ਦਾ ਲਾਇਆ ਸੀ ਪਰ ਜਦੋਂ ਉਸ ਲੋਕਪਾਲ ਨੇ ਮੰਤਰੀਆਂ ਵਿਰੁਧ ਸ਼ਿਕਾਇਤਾਂ ਨੂੰ ਅੱਗੇ ਤੋਰਿਆ ਤਾਂ ਪਾਰਟੀ ਨੂੰ ਬੁਖਾਰ ਚੜ੍ਹਨ ਲੱਗ ਪਿਆ ਤੇ ਫਿਰ ਜਦੋਂ ਵਾਰੀ ਮੁੱਖ ਮੰਤਰੀ ਯੇਦੂਰੱਪਾ ਦੀ ਆ ਗਈ ਤਾਂ ਪਾਰਟੀ ਬਹੁਤ ਹੀ ਭੜਕ ਉਠੀ। ਮੰਤਰੀਆਂ ਦੇ ਤੌਰ 'ਤੇ ਪਹਿਲਾਂ ਜੰਗਲਾਂ ਵਿਚੋਂ ਕੁਦਰਤੀ ਦੌਲਤ ਦੀ ਤਸਕਰੀ ਕਰਨ ਵਾਲੇ ਦੋਵੇਂ ਰੈਡੀ ਭਰਾਵਾਂ ਦੀ ਚਰਚਾ ਹੋਈ ਤਾਂ ਇਹ ਜ਼ਾਹਰ ਹੋ ਗਿਆ ਕਿ ਉਨ੍ਹਾਂ ਦੀ ਸਭ ਤੋਂ ਵੱਡੀ 'ਗਾਡ ਮਦਰ' ਭਾਰਤ ਦੀ ਪਾਰਲੀਮੈਂਟ ਵਿਚ ਵਿਰੋਧ ਦੀ ਨੇਤਾ ਸੁਸ਼ਮਾ ਸਵਰਾਜ ਹੈ ਤੇ ਇਹ ਸਰਪ੍ਰਸਤੀ ਉਹ ਵੀ ਮੁਫਤ ਨਹੀਂ ਦੇਂਦੀ ਹੋ ਸਕਦੀ। ਫਿਰ ਯੇਦੂਰੱਪਾ ਦੀ ਮੁੱਖ ਮੰਤਰੀ ਦੀ ਗੱਦੀ ਗਈ ਅਤੇ ਹੁਣ ਇੱਕ ਪਿੱਛੋਂ ਦੂਜਾ ਕਰ ਕੇ ਚੌਥੇ ਮੰਤਰੀ ਬਾਰੇ ਲੋਕਪਾਲ ਨੇ ਲਿਖ ਦਿੱਤਾ ਹੈ। ਇਨ੍ਹਾਂ ਸਾਰਿਆਂ ਨੇ ਸਰਕਾਰੀ ਜ਼ਮੀਨਾਂ ਨੂੰ ਇੰਜ ਆਪਣੇ ਰਿਸ਼ਤੇਦਾਰਾਂ ਦੇ ਨਾਂ ਅਲਾਟ ਕੀਤਾ, ਜਿਵੇਂ ਪੁਰਾਣੇ ਸਮਿਆਂ ਵਿਚ ਰਾਜੇ-ਮਹਾਰਾਜੇ ਆਪਣਿਆਂ ਨੂੰ ਜਗੀਰਾਂ ਵੰਡਦੇ ਹੁੰਦੇ ਸਨ। ਲਾਲ ਕ੍ਰਿਸ਼ਨ ਅਡਵਾਨੀ ਕਹਿੰਦੇ ਹਨ ਕਿ ਉਹ ਯੇਦੂਰੱਪਾ ਨੂੰ ਸਮਝਾਉਣ ਦਾ ਯਤਨ ਕਰਦੇ ਰਹੇ ਸੀ ਕਿ ਇੰਜ ਨਾ ਕਰੇ ਪਰ ਉਹ ਯਤਨ ਲੋਕਾਂ ਨੂੰ ਨਹੀਂ ਪਤਾ। ਲੋਕ ਸਿਰਫ ਇਹ ਜਾਣਦੇ ਹਨ ਕਿ ਜਦੋਂ ਯੇਦੂਰੱਪਾ ਦੇ ਖਿਲਾਫ ਕੇਸ ਚਲਾਉਣ ਦੀ ਮਨਜ਼ੂਰੀ ਉਸ ਰਾਜ ਦੇ ਗਵਰਨਰ ਨੇ ਦਿੱਤੀ ਸੀ, ਉਦੋਂ ਉਸ ਦੇ ਬਚਾਅ ਲਈ ਸ੍ਰੀ ਅਡਵਾਨੀ ਲੀਡਰਾਂ ਦਾ ਇੱਕ ਵੱਡਾ ਟੋਲਾ ਲੈ ਕੇ ਰਾਸ਼ਟਰਪਤੀ ਕੋਲ ਗਵਰਨਰ ਦੀ ਸ਼ਿਕਾਇਤ ਕਰਨ ਗਏ ਸਨ।

ਇੱਕ ਹੋਰ ਰਾਜ ਝਾਰਖੰਡ ਦੀ ਭਾਜਪਾ ਸਰਕਾਰ ਨੇ ਨਾਹਰਾ ਲਾਇਆ ਹੈ ਕਿ ਜਿਹੜਾ ਜਨ ਲੋਕਪਾਲ ਬਣਾਉਣ ਦੀ ਕੇਂਦਰ ਸਰਕਾਰ ਨੇ ਹਾਮੀ ਨਹੀਂ ਭਰੀ, ਉਸ ਕਿਸਮ ਦਾ ਜਨ ਲੋਕਪਾਲ ਉਹ ਆਪਣੇ ਰਾਜ ਵਿਚ ਬਣਾ ਰਹੀ ਹੈ। ਕਮਾਲ ਦੀ ਗੱਲ ਹੈ ਕਿ ਇਹ ਕੰਮ ਉਹ ਸਰਕਾਰ ਕਰ ਰਹੀ ਹੈ, ਜਿਸ ਨੂੰ ਦੇਸ਼ ਦੀਆਂ ਸਭ ਤੋਂ ਭ੍ਰਿਸ਼ਟ ਸਰਕਾਰਾਂ ਵਿਚ ਗਿਣਿਆ ਜਾਂਦਾ ਹੈ ਤੇ ਜਿਸ ਦੇ ਘੱਟੋ ਘੱਟ ਤਿੰਨ ਸਾਬਕਾ ਮੁੱਖ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਕੇਸ ਭੁਗਤ ਰਹੇ ਹਨ। ਇਹ ਉਸੇ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਹੈ, ਜਿਸ ਭਾਜਪਾ ਦੇ ਇੱਕ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸੱਤ ਸਾਲਾਂ ਤੋਂ ਆਪਣੇ ਰਾਜ ਗੁਜਰਾਤ ਵਿਚ ਲੋਕਪਾਲ ਦੀ ਕੁਰਸੀ ਖਾਲੀ ਰੱਖੀ ਹੋਈ ਸੀ ਤਾਂ ਕਿ ਕੋਈ ਸ਼ਿਕਾਇਤ ਸੁਣਨ ਵਾਲਾ ਹੀ ਨਾ ਰਹੇ। ਜਦੋਂ ਉਥੋਂ ਦੀ ਗਵਰਨਰ ਬੀਬੀ ਨੇ ਇੱਕ ਰਿਟਾਇਰਡ ਜੱਜ ਨੂੰ, ਜਿਸ ਦਾ ਰਿਕਾਰਡ ਵੀ ਬਹੁਤ ਸਾਫ ਸੀ, ਇਸ ਪਦਵੀ ਲਈ ਨਾਮਜ਼ਦ ਕਰ ਦਿੱਤਾ ਤਾਂ ਨਰਿੰਦਰ ਮੋਦੀ ਨੇ ਹਾਈ ਕੋਰਟ ਵਿਚ ਜਾ ਕੇ ਇਸ ਨੂੰ ਚੁਣੌਤੀ ਦੇ ਦਿੱਤੀ ਪਰ ਇਹ ਗੱਲ ਫਿਰ ਵੀ ਨਹੀਂ ਕਹੀ ਕਿ ਜੇ ਇਸ ਜੱਜ ਨੂੰ ਪਾਸੇ ਕਰ ਦਿੱਤਾ ਜਾਵੇ ਤਾਂ ਉਸ ਦੀ ਸਰਕਾਰ ਇਸ ਪਦਵੀ ਵਾਸਤੇ ਨਵਾਂ ਜੱਜ ਲਾਉਣ ਨੂੰ ਤਿਆਰ ਹੈ। ਰਾਜਨੀਤੀ ਦਾ ਇਹ ਵੀ ਇੱਕ ਪੱਧਰ ਹਿੰਦੁਸਤਾਨ ਵਿਚ ਹੀ ਹੈ।

ਆਓ ਪਰਤੀਏ ਪੰਜਾਬ ਦੇ ਉਸ ਰਾਜ ਵੱਲ, ਜਿਸ ਨਾਲ ਸਾਡਾ ਸਿੱਧਾ ਸਬੰਧ ਹੈ। ਇਥੇ ਲੋਕਪਾਲ ਦੇ ਅਹੁਦੇ ਵਾਲੇ ਜੱਜ ਨੇ ਪਹਿਲੀ ਵਾਰ ਕਾਂਗਰਸ ਪਾਰਟੀ ਦੇ ਚਾਰ ਸਾਬਕਾ ਮੰਤਰੀਆਂ ਨੂੰ ਅੱਜ ਤੋਂ ਅੱਠ ਕੁ ਸਾਲ ਪਹਿਲਾਂ ਦੋਸ਼ੀ ਠਹਿਰਾ ਕੇ ਭਾਜੜ ਪਾਈ ਸੀ। ਉਹ ਚਾਰੇ ਹਾਈ ਕੋਰਟ ਜਾ ਪਹੁੰਚੇ ਅਤੇ ਉਸ ਵਕਤ ਦੀ ਅਕਾਲੀ-ਭਾਜਪਾ ਸਰਕਾਰ ਉਤੇ ਦੋਸ਼ ਲਾ ਦਿੱਤਾ ਕਿ ਲੋਕਪਾਲ ਦੀ ਪਦਵੀ ਲਈ ਨਿਰਪੱਖ ਬੰਦਾ ਨਿਯੁਕਤ ਕਰਨ ਦੀ ਥਾਂ ਉਹ ਲਾਇਆ ਹੈ, ਜਿਹੜਾ ਉਸ ਦੀ ਰਾਜਸੀ ਲੋੜ ਮੁਤਾਬਕ ਫੈਸਲੇ ਕਰ ਸਕਦਾ ਹੋਵੇ। ਗੱਲ ਇਹ ਮੁਕੱਦਮੇ ਵਿਚ ਸਾਬਤ ਹੋ ਗਈ ਤੇ ਉਹ ਚਾਰੇ ਜਣੇ ਸੁੱਕੇ ਨਿਕਲ ਗਏ। ਕੋਈ ਨਹੀਂ ਕਹਿੰਦਾ ਕਿ ਉਹ ਚਾਰੇ ਕਾਂਗਰਸੀ ਆਗੂ ਸੱਚੇ-ਸੁੱਚੇ ਸਨ ਪਰ ਉਨ੍ਹਾਂ ਦੇ ਦੋਸ਼ੀ ਸਾਬਤ ਹੋਣ ਦੀ ਥਾਂ ਇਹ ਗੱਲ ਸਾਬਤ ਹੋ ਗਈ ਕਿ ਲੋਕਪਾਲ ਦੇ ਅਹੁਦੇ ਲਈ ਨਿਯੁਕਤੀ ਕਰਨ ਵੇਲੇ ਵੀ ਨੀਤ ਰਾਜਨੀਤੀ ਦੇ ਦਬਾਅ ਵਾਲੀ ਹੁੰਦੀ ਹੈ। ਅੱਜਕੱਲ੍ਹ ਵੀ ਜੋ ਕੁਝ ਹੋ ਰਿਹਾ ਹੈ, ਉਹ ਫਿਰ ਇਹੋ ਜਿਹੇ ਸ਼ੰਕੇ ਪੈਦਾ ਕਰ ਰਿਹਾ ਹੈ।

ਸਾਡੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਦੇ ਪਰਿਵਾਰ ਵੱਲੋਂ ਚਲਾਏ ਜਾਂਦੇ ਕੁਝ ਕਾਰੋਬਾਰ, ਖਾਸ ਕਰ ਕੇ ਬੱਸਾਂ ਦੀਆਂ ਕੰਪਨੀਆਂ, ਬਾਰੇ ਕੁਝ ਸ਼ਿਕਾਇਤਾਂ ਲੋਕਪਾਲ ਤੱਕ ਪੁੱਜੀਆਂ ਸਨ, ਜਿਨ੍ਹਾਂ ਨੂੰ ਵਿਚਾਰਨ ਯੋਗ ਵੇਖ ਕੇ ਉਥੋਂ ਨੋਟਿਸ ਜਾਰੀ ਕਰ ਦਿੱਤੇ ਗਏ। ਪੜਤਾਲ ਕਰਨ ਵਾਲਾ ਪੰਜਾਬ ਪੁਲਿਸ ਦਾ ਲੋਕਪਾਲ ਡਿਊਟੀ ਲਈ ਤਾਇਨਾਤ ਆਈ.ਜੀ. ਪੱਧਰ ਦਾ ਅਫਸਰ ਸੀ। ਉਸ ਨੂੰ ਦਬਾਉਣ ਲਈ ਹਰ ਯਤਨ ਕੀਤਾ ਗਿਆ। ਆਮ ਕਰ ਕੇ ਸਰਕਾਰੀ ਅਫਸਰ ਜਾਂ ਮੁਲਾਜ਼ਮ ਜਦੋਂ ਕਿਸੇ ਸ਼ਹਿਰ ਤੋਂ ਦੂਜੀ ਥਾਂ ਬਦਲ ਦਿੱਤਾ ਜਾਵੇ ਤਾਂ ਉਸ ਨੂੰ ਆਪਣੀ ਰਿਹਾਇਸ਼ ਵਾਲਾ ਮਕਾਨ ਛੇ ਮਹੀਨੇ ਤੱਕ ਵਰਤਣ ਦੀ ਖੁੱਲ੍ਹ ਹੁੰਦੀ ਹੈ ਤੇ ਫਿਰ ਛੱਡਣਾ ਪੈਂਦਾ ਹੈ। ਕਈ ਪਹੁੰਚ ਵਾਲੇ ਅਫਸਰ ਪੰਜ-ਪੰਜ ਸਾਲ ਦੂਜੀ ਥਾਂ ਰਹਿ ਕੇ ਵੀ ਖਾਲੀ ਨਹੀਂ ਕਰਦੇ, ਇਸ ਨੂੰ ਵਰਤਣ ਦੀ ਆਗਿਆ ਲਈ ਜਾਂਦੇ ਹਨ, ਪਰ ਜਿਹੜਾ ਅਫਸਰ ਸਰਕਾਰ ਦੀਆਂ ਅੱਖਾਂ ਵਿਚ ਰੜਕਦਾ ਹੋਵੇ, ਉਸ ਨੂੰ ਘਰੋਂ ਬੇਘਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੋਕਪਾਲ ਨਾਲ ਜੁੜੇ ਹੋਏ ਇਸ ਆਈ.ਜੀ. ਕੋਲੋਂ ਉਸ ਦਾ ਸਰਕਾਰੀ ਘਰ ਉਸ ਦੀ ਗੈਰ-ਹਾਜ਼ਰੀ ਵਿਚ ਧੱਕੇ ਨਾਲ ਖਾਲੀ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਬਹੁਤ ਰੌਲਾ ਪਿਆ। ਉਸ ਪਿੱਛੋਂ ਬਾਦਲ ਸਰਕਾਰ ਨੇ ਇੱਕ ਦਮ ਪੈਂਤੜਾ ਬਦਲ ਲਿਆ ਤੇ ਦੋ ਦਿਨਾਂ ਦੇ ਅੰਦਰ ਉਸ ਦੀ ਬਦਲੀ ਪਟਿਆਲੇ ਦੇ ਜ਼ੋਨਲ ਆਈ.ਜੀ. ਵਜੋਂ ਕਰ ਦਿੱਤੀ ਗਈ, ਜਿੱਥੇ ਆਮ ਕਰ ਕੇ ਸਰਕਾਰ ਆਪਣੇ ਕਿਸੇ ਖਾਸ ਅਫਸਰ ਨੂੰ ਲਾਉਂਦੀ ਹੈ। ਇਸ ਦੇ ਦੋ ਅਰਥ ਨਿਕਲਦੇ ਹਨ। ਪਹਿਲਾ ਇਹ ਕਿ ਉਸ ਅਫਸਰ ਨੂੰ ਚੰਗੀ ਪੋਸਟ ਦੇ ਕੇ ਉਸ ਥਾਂ ਤੋਂ ਪਾਸੇ ਕੀਤਾ ਗਿਆ ਹੈ, ਜਿੱਥੇ ਉਸ ਦਾ ਹੋਣਾ ਸਰਕਾਰ ਦੇ ਮੁਖੀ ਲਈ ਮੁਸ਼ਕਲ ਪੈਦਾ ਕਰਦਾ ਸੀ ਤੇ ਦੂਸਰਾ ਇਹ ਕਿ ਉਸ ਦੀ ਥਾਂ ਕੋਈ ਇਹੋ ਜਿਹਾ ਅਫਸਰ ਲਾਉਣਾ ਜ਼ਰੂਰੀ ਸੀ, ਜਿਸ ਕੋਲੋਂ ਸਰਕਾਰ ਨੂੰ ਸਾਹ ਸੌਖਾ ਹੋਣ ਦੀ ਝਾਕ ਹੋਵੇ। ਦੋਵਾਂ ਹਾਲਤਾਂ ਵਿਚ ਇੰਜ ਕਰਨਾ ਸਰਕਾਰ ਦਾ ਪਹਿਲਾਂ ਹੀ ਖਰਾਬ ਹੋ ਰਿਹਾ ਅਕਸ ਹੋਰ ਖਰਾਬ ਕਰਨ ਵਾਲਾ ਕਦਮ ਹੈ। ਲੋਕਾਂ ਨੂੰ ਇਹ ਗੱਲ ਸਮਝ ਆਉਣ ਵਿਚ ਦੇਰ ਨਹੀਂ ਲੱਗਣੀ।

ਅੱਜ ਜਦੋਂ ਇਹ ਪੁੱਛਿਆ ਜਾਂਦਾ ਹੈ ਕਿ ਫਲਾਣਾ ਬੰਦਾ ਅੰਨਾ ਦੀ ਟੀਮ ਵਿਚ ਕਿਉਂ ਹੈ ਤੇ ਫਲਾਣੀ ਬੀਬੀ ਅੰਨਾ ਦੀ ਟੀਮ ਵਿਚ ਕਿਉਂ ਹੈ? ਤਾਂ ਇਹ ਗੱਲ ਯਾਦ ਕਰ ਲੈਣੀ ਚਾਹੀਦੀ ਹੈ ਕਿ ਪਿਛਲੇ ਹਫਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਅੰਨਾ ਹਜ਼ਾਰੇ ਪੰਜਾਬ ਵਿਚ ਆਵੇ ਤਾਂ ਅਸੀਂ ਉਸ ਦਾ ਸਵਾਗਤ ਕਰਾਂਗੇ। ਜੇ ਸ. ਬਾਦਲ ਅੰਨਾ ਦਾ ਸਵਾਗਤ ਕਰਨ ਨੂੰ ਤਿਆਰ ਹਨ, ਉਸ ਨੂੰ ਰਾਸ਼ਟਰਪਤੀ ਬਣਾਉਣ ਦੀ ਪਹਿਲਕਦਮੀ ਕਰਦੇ ਹਨ ਤਾਂ ਅੰਨਾ ਦੀ ਟੀਮ ਵਿਚ ਦੋ-ਚਾਰ ਵਾਦ-ਵਿਵਾਦ ਵਾਲੇ ਬੰਦੇ ਜਾਂ ਬੀਬੀਆਂ ਦੇ ਹੋਣ ਉਤੇ ਵੀ ਹੈਰਾਨੀ ਨਹੀਂ ਹੋਣੀ ਚਾਹੀਦੀ, ਆਖਰ ਉਸ ਟੀਮ ਨੇ ਵੀ ਕੰਮ ਤਾਂ ਇਹੋ ਜਿਹੇ ਮੁਲਕ ਅਤੇ ਇਹੋ ਜਿਹੇ ਰਾਜਨੀਤਕ ਮਾਹੌਲ ਵਿਚ ਹੀ ਕਰਨਾ ਹੈ।

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਦੀਵਾਲੀ ਇਕ ਹੋਰ ਲੰਘਗੀ

ਇਹ ਲਿਖਤ ਉਨ੍ਹਾਂ ਪੰਜਾਬੀ ਪਰਦੇਸੀ ਵੀਰਾਂ ਨੂੰ ਸਮਰਪਿਤ ਹੈ ਜਿਹੜੇ ਆਪਣੀਆਂ ਚੂੜੇ ਵਾਲੀਆਂ ਨਾਰਾਂ ਤੋਂ ਕਈ ਸਾਲਾਂ ਦੇ ਵਿਛੜੇ ਪਰਦੇਸਾਂ ਵਿਚ ਜ਼ਿੰਦਗੀ ਗੁਜ਼ਾਰ ਰਹੇ ਹਨ, ਤੇ ਨਾਲ ਹੀ ਉਨ੍ਹਾਂ ਦੀਆਂ ਹੂਰਾਂ ਨੂੰ ਵੀ ਜੋ ਕਈ-ਕਈ ਸਾਲਾਂ ਤੋਂ ਲੰਮੇ ਵਿਛੋੜਿਆਂ ਦੀਆਂ ਤਿੱਖੀਆਂ ਤੇ ਲੰਮੀਆਂ ਸੂਲਾਂ ਦਿਲ ਵਿਚ ਚੁਭੋਈ ਬੈਠੀਆਂ ਮਜਬੂਰੀ ਵੱਸ ਅੰਦਰੋਂ-ਅੰਦਰੀ ਹੰਝੂਆਂ ਦੇ ਹਾਰ ਪਰੋ ਰਹੀਆਂ ਹਨ, ਤੇ ਲੁਕ-ਲੁਕ ਰੋ ਰਹੀਆਂ ਹਨ। ਦੀਵਾਲੀ ਸਾਡਾ ਸਾਰੇ ਹਿੰਦੋਸਤਾਨੀਆਂ ਦਾ ਅਹਿਮ, ਸਾਂਝਾ ਤੇ ਵੱਡਾ ਤਿਉਹਾਰ ਹੈ



**ਨਿੰਮਾ ਡੱਲੇਵਾਲਾ**
**ਫੋਨ:513-432-9754**

ਜਿਸ ਦੀ ਉਡੀਕ ਅਸੀਂ ਬੜੇ ਚਿਰ ਪਹਿਲਾਂ ਤੋਂ ਕਰਨੀ ਸ਼ੁਰੂ ਕਰ ਦਿੰਦੇ ਹਾਂ। ਘਰ ਤੋਂ ਦੂਰ-ਦੁਰਾਡੇ ਨੌਕਰੀ ਕਰਨ ਵਾਲੇ ਹਰ ਬੰਦਾ ਦੀ ਕੋਸ਼ਿਸ਼ ਹੁੰਦੀ ਹੈ ਕਿ ਇਸ ਤਿਉਹਾਰ 'ਤੇ ਉਹ ਆਪਣੇ ਪਰਿਵਾਰ ਨਾਲ ਰਲ ਕੇ ਖੁਸ਼ੀਆਂ ਸਾਂਝੀਆਂ ਕਰੇ।

ਹਰ ਪਰਦੇਸੀ ਦੀ ਵੀ ਕੋਸ਼ਿਸ਼ ਹੁੰਦੀ ਹੈ ਕਿ ਦੀਵਾਲੀ 'ਤੇ ਘਰ ਜਾਇਆ ਜਾਵੇ, ਤੇ ਜਾਣ ਵਾਲੇ ਜਾਂਦੇ ਵੀ ਹਨ ਪਰ ਇਸ ਦਰਦ ਕਹਾਣੀ ਦੇ ਪੰਨਿਆਂ ਉਤੇ ਪੇਪਰਾਂ ਤੋਂ ਵਾਂਝੇ ਉਨ੍ਹਾਂ ਪਰਦੇਸੀਆਂ ਦਾ ਦਰਦ ਉਭਾਰਿਆ ਹੈ ਜਿਨ੍ਹਾਂ ਨੇ ਇਕ, ਦੋ-ਚਾਰ ਨਹੀਂ, ਕਈ-ਕਈ ਦੀਵਾਲੀਆਂ ਆਪਣੇ ਪਰਿਵਾਰਾਂ ਤੋਂ ਦੂਰ ਸੱਤ ਸਮੁੰਦਰੋਂ ਪਾਰ ਮਜਬੂਰੀ ਵਾਲੇ ਜ਼ਹਿਰ ਨਾਲ ਘੁੱਟਾ-ਵੱਟੀ ਗੁਜ਼ਾਰੀਆਂ ਹਨ। ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਅਜਿਹੀਆਂ ਕਿੰਨੀਆਂ ਕੁ ਦੀਵਾਲੀਆਂ ਹੋਰ ਗੁਜ਼ਾਰਨੀਆਂ ਹਨ। ਉਹ ਵਿਚਾਰੇ ਕੀ ਕਰਨ, ਮਿੱਠੀ ਜੇਲ੍ਹ ਵਿਚ ਕੈਦ ਹੋਏ ਸਜ਼ਾਵਾਂ ਕੱਟੀ ਜਾਂਦੇ ਹਨ ਤੇ ਸਿਰਫ ਇਕੋ ਵਾਰ ਮਿਲਣ ਵਾਲੀ ਰੰਗਲੀ ਜ਼ਿੰਦਗੀ ਦੇ ਕਈ ਰੰਗਲੇ ਸਾਲ ਦੌਲਤ-ਸ਼ੋਹਰਤ ਦੀਆਂ ਕੁਝ ਪੌੜੀਆਂ ਚੜ੍ਹਨ ਵਾਲੇ ਪੌਡਿਆਂ 'ਤੇ ਗੁਜ਼ਾਰ ਦਿੰਦੇ ਹਨ। ਉਨ੍ਹਾਂ ਦਾ ਕਸੂਰ ਵੀ ਸਿਰਫ਼ ਇੰਨਾ ਹੀ ਹੈ ਕਿ ਉਹ ਜ਼ਿੰਮੇਵਾਰੀ ਦੀ ਪੰਜਾਲੀ ਬਲਦ ਵਾਂਗ ਆਪਣੇ ਕੰਨ੍ਹੇ ਉਤੇ ਐਸੀ ਟਿਕਾ ਲੈਂਦੇ ਹਨ ਕਿ ਆਪਣੇ ਪਰਿਵਾਰ ਰੂਪੀ ਖੇਤ ਵਿਚ ਆਪਣੇ ਹੱਡਾਂ ਨਾਲ ਵਾਹੀ ਕਰ, ਮੌਸਮ ਅਨੁਸਾਰ ਹਰ ਤਰ੍ਹਾਂ ਦੇ ਫੁੱਲਾਂ ਦੇ ਬੀਜ, ਬੀਜ ਕੇ ਲਹੂ-ਪਸੀਨੇ ਨਾਲ ਸਿੰਜਾਈ ਕਰਕੇ ਘਰ ਵਿਚ ਖੁਸ਼ਹਾਲੀ ਦੇ ਫੁੱਲ ਮਹਿਕਾ ਦਿੰਦੇ ਹਨ। ਤੱਤੀਆਂ ਹਵਾਵਾਂ ਦੇ ਸੇਕ ਝੱਲ ਕੇ ਆਪਣੇ ਪਰਿਵਾਰ ਨੂੰ ਠੰਢੀਆਂ ਸੀਤਲ ਛਾਂਵਾਂ ਦੇਣਾ ਉਨ੍ਹਾਂ ਦਾ ਮਕਸਦ ਬਣ ਜਾਂਦਾ ਹੈ। ਯਾਦ ਰੱਖਿਓ! ਉਹ ਵੀ ਇੰਨੇ ਖੁਸ਼ ਨਹੀਂ ਹੁੰਦੇ, ਝੋਰਾ ਉਨ੍ਹਾਂ ਦੇ ਹੱਡਾਂ ਨੂੰ ਵੀ ਲੱਗਿਆ ਹੁੰਦਾ ਹੈ, ਜਿਵੇਂ ਘਰੇ ਬੈਠੀ ਹੂਰ ਉਨ੍ਹਾਂ ਦੀ ਉਡੀਕ ਕਰ ਰਹੀ ਹੁੰਦੀ ਹੈ, ਇਵੇਂ ਹੀ ਉਹ ਆਪਣੇ ਪੱਕੇ ਹੋਣ ਦੀ ਉਡੀਕ ਕਰ ਰਹੇ ਹੁੰਦੇ ਹਨ ਪਰ ਵਕੀਲਾਂ ਦੀਆਂ ਦਲੀਲਾਂ ਤੇ ਕੋਰਟ ਦੀਆਂ ਅਪੀਲਾਂ ਉਨ੍ਹਾਂ ਦੀ ਕਮਾਈ ਵੀ ਚਰੂੰਡੀ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਚੱਕਰਵਿਊ ਵਿਚ ਫਸਾਈ ਰੱਖਦੀਆਂ ਹਨ।

ਸੋ, ਇਕ ਸੁਨੇਹਾ ਉਨ੍ਹਾਂ ਪਰਦੇਸੀ ਵੀਰਾਂ ਲਈ ਹੈ ਜਿਨ੍ਹਾਂ ਨੇ ਜ਼ਿੰਦਗੀ ਦੇ ਕੀਮਤੀ ਸਾਲ ਉਜਾੜ ਕੇ ਸ਼ੋਹਰਤਾਂ ਦੇ ਰੰਗਲੇ ਮਹਿਲ ਬਣਾਏ ਹਨ ਕਿ ਅਗਰ ਕੱਖ ਤੋਂ ਲੱਖ ਤੱਕ ਦਾ ਸਾਡਾ ਸੁਪਨਾ ਪੂਰਾ ਹੋ ਗਿਆ ਹੈ ਤਾਂ ਕਿਉਂ ਅਸੀਂ ਪੇਪਰਾਂ ਕਰਕੇ ਇਨ੍ਹਾਂ ਮੁਲਕਾਂ ਦੇ ਸਿਰ ਹੋ ਕੇ ਮਰੀਏ? ਪੈਸੇ ਕਮਾਉਣ ਲਈ ਪੇਪਰ ਨਹੀਂ ਬਣੇ, ਕੋਈ ਗੱਲ ਨਹੀਂ। ਕਿਉਂ ਨਾ ਮੋੜੇ ਪਾਈਏ ਵਤਨਾਂ ਨੂੰ? ਕਿਉਂ ਨਾ ਆਪਣੇ ਭਰੇ ਪਰਿਵਾਰ ਵਿਚ ਜਾ ਕੇ ਬੈਠੀਏ! ਇਹ ਸੋਚ ਕੇ ਕਿ ਜਿਹੜੇ ਉਥੇ ਹੀ ਰਹਿ ਰਹੇ ਹਨ, ਉਹ ਵੀ ਤਾਂ ਜ਼ਿੰਦਗੀ ਗੁਜ਼ਾਰ ਰਹੇ ਹਨ, ਤੇ ਇਸ ਸੱਚ ਦਾ ਸਾਹਮਣਾ ਵੀ ਕਰੀਏ ਕਿ ਕਿਸੇ ਦਿਨ ਅਸੀਂ ਵੀ ਤਾਂ ਉਥੋਂ ਹੀ ਆਏ ਸਾਂ। ਉਸ ਲੜ ਲੱਗੀ ਬਾਰੇ ਵੀ ਸੋਚੀਏ, ਉਸ ਦੇ ਦਰਦ ਦੀ ਪਰਖ ਕਰ ਮੁੜ ਜਾਈਏ ਤਾਂ ਬਹੁਤ ਚੰਗਾ ਹੈ। ਅਗਰ ਲੇਟ ਹੋ ਗਏ ਤਾਂ ਉਹ ਵੀ ਇਹੀ ਕਹੇਗੀ ਕਿ ਹੁਣ ਕਾਹਨੂੰ ਆਉਣਾ ਸੀ? ਜ਼ਿੰਦਗੀ ਦੇ ਜਿਹੜੇ ਕੁਝ ਸਾਲ ਬਚ ਗਏ ਨੇ, ਇਹ ਵੀ ਉਥੇ ਹੀ ਗੁਜ਼ਾਰ ਆਉਣੇ ਸਨ। ਤੁਹਾਡੀ ਸਿਰਫ਼ ਇਕ ਨਜ਼ਰ ਉਨ੍ਹਾਂ ਮਜਬੂਰਾਂ ਦੀ ਮਜਬੂਰੀ ਭਰੀ ਜ਼ਿੰਦਗੀ ਵੱਲ ਕਿਉਂ ਨਹੀਂ ਪੈਂਦੀ?

ਪਰਦੇਸੀ ਵੀਰੋ, ਇਹ ਹੈ ਕਿ ਤੁਹਾਡੇ ਲੜ ਲੱਗਣ ਵਾਲੀਆਂ ਦੀ ਦਾਸਤਾਨ ਜਿਹੜੀਆਂ ਲੋਹੜੇ ਦਾ ਸ਼ਿੰਗਾਰ ਕਰਦੀਆਂ-ਕਰਦੀਆਂ ਹੱਸਣਾ ਵੀ ਭੁੱਲ ਗਈਆਂ ਅਤੇ ਵਿਰਾਨ ਜਿਹੀ ਜ਼ਿੰਦਗੀ ਦੀ ਦਿਨ ਕਟੀ ਕਰਦੀਆਂ ਹਨ, ਜਿਹੜੀਆਂ ਨੈਣਾਂ ਵਿਚ ਸੁਰਮਾ ਵੀ ਇਸ ਕਾਰਨ ਡਰ-ਡਰ ਕੇ ਪਾਉਂਦੀਆਂ ਹਨ ਕਿ ਆਥਣ ਵੇਲੇ ਚੁੱਲ੍ਹੇ ਮੂਹਰੇ ਧੂੰਏ ਦੇ ਬਹਾਨੇ ਚਿਹਰਿਆਂ ਦੀ ਨੁਹਾਰ ਤੇ ਨਿਖ਼ਾਰ ਵੀ ਉਨ੍ਹਾਂ ਦੇ ਸਿਰਾਂ ਦੇ ਸਾਈਆਂ ਵਾਂਗ ਪੱਲੇ ਪਾ ਵਿਛੋੜੇ ਕੋਹਾਂ ਦੂਰ ਚਲੇ ਜਾਂਦੇ ਹਨ। ਉਨ੍ਹਾਂ ਦਾ ਜਿਉਣਾ ਵੀ ਕੀ ਜਿਉਣਾ ਜਿਨ੍ਹਾਂ ਦੇ ਦਿਲਾਂ ਦੇ ਬਨੇਰਿਆਂ ਉਤੇ ਹਰ ਵੇਲੇ ਉਦਾਸੀ ਵਾਲੇ ਕਾਂ ਕੁਰਲਾਉਂਦੇ ਰਹਿੰਦੇ ਹਨ। ਕਈ ਵਿਚਾਰੀਆਂ ਸੱਜ-ਵਿਆਹੀਆਂ ਹੀ ਐਸੀਆਂ ਵਿਛੋੜਿਆਂ ਦੇ ਵੱਸ ਪਈਆਂ ਹਨ ਕਿ ਦਿਲ ਦੀ ਇਕ ਵੀ ਉਮੰਗ ਪੂਰੀ ਨਾ ਹੋ ਸਕੀ, ਤੇ ਵੀਣੀ ਪਾਈਆਂ ਵੰਗਾਂ ਦਾ ਛਣਕਾਟਾ ਵੀ ਇੰਜ ਲੱਗਦਾ ਹੈ ਜਿਵੇਂ ਰੋ ਰਹੀਆਂ ਹੋਣ, ਤੇ ਝਾਂਜਰਾਂ ਦੇ ਬੋਰਾਂ ਦੇ ਬੋਲ ਵੀ ਵੈਣ ਲਗਦੇ ਹਨ। ਇਹ ਕੋਠੇ ਬੈਠੇ ਬੋਲਦੇ ਕਾਂ ਨੂੰ ਵੀ ਕਹਿੰਦੀਆਂ ਹਨ ਕਿ ਕਿਉਂ ਐਵੇਂ ਨਿੱਤ ਕੁਰਲਾਈ ਜਾਨਾਂ ਏ, ਕਦੇ ਆਉਣ ਵਾਲਾ ਪ੍ਰਾਹੁਣਾ ਤਾਂ ਆਇਆ ਨਹੀਂ? ਵਿਛੋੜੇ ਦੀ ਚੱਕੀ ਦੇ ਪੁੜਾਂ ਵਿਚ ਦਿਨ-ਰਾਤ ਪਿਸ-ਪਿਸ ਕੇ ਚੂਰੋ-ਚੂਰ ਹੋਣ ਵਾਲੀਆਂ ਨੂੰ ਨਿੱਕੇ-ਨਿੱਕੇ ਦਿਨ ਵੀ ਪਹਾੜਾਂ ਵਾਂਗੂੰ ਲਗਦੇ ਹਨ, ਤੇ ਇਹ ਰੰਗਲੀ ਦੁਨੀਆਂ ਵੀ ਉਜਾੜ ਜਿਹੀ ਲੱਗਦੀ ਹੈ। ਮੌਤ ਨਾਲੋਂ ਵੀ ਭੈੜੀ ਜ਼ਿੰਦਗੀ ਵਾਲਾ ਲਿਬਾਸ ਹੰਢਾਉਣ ਵਾਲੀਆਂ ਮਨੋ-ਮਨੀ ਉਸ ਚੰਦਰੇ ਨੂੰ ਲੱਭ ਰਹੀਆਂ ਹਨ ਜਿਹੜੇ ਚੰਦਰੇ ਨੇ ਇਹ ਚੰਦਰੀਆਂ ਜੁਦਾਈਆਂ ਨੂੰ ਜਨਮ ਦੇ ਕੇ ਕਈਆਂ ਦੀਆਂ ਮਲੂਕ ਜਿਹੀਆਂ ਜ਼ਿੰਦਗੀਆਂ ਟਿੱਬਿਆਂ ਦੇ ਰੇਤੇ ਤੋਂ ਵੀ ਵੱਧ ਬਦਨਸੀਬ ਬਣਾ ਦਿੱਤੀਆਂ ਹਨ।

ਬਿਨਾ ਕਸੂਰ ਤੋਂ ਸਜ਼ਾ ਭੁਗਤਣ ਵਾਲੀਆਂ ਉਨ੍ਹਾਂ ਬਦਨਸੀਬ ਮੁਟਿਆਰਾਂ ਦੇ ਨੈਣ ਹਰ ਵੇਲੇ ਭਰੀ ਗਾਗਰ ਵਾਂਗ ਛਲਕਣ ਕਿਨਾਰੇ ਰਹਿੰਦੇ ਹਨ ਅਤੇ ਦਿਨ ਵਿਚ ਕੋਈ ਤੂਫ਼ਾਨ ਹਰ ਵੇਲੇ ਉਠਿਆ ਰਹਿੰਦਾ ਹੈ ਜੋ ਥੰਮ੍ਹਣ ਦਾ ਨਾਂ ਵੀ ਨਹੀਂ ਲੈਂਦਾ, ਸਗੋਂ ਸੱਧਰਾਂ ਦੇ ਸਾਰੇ ਫੁੱਲ-ਬੂਟਿਆਂ ਨੂੰ ਵਲੂੰਧਰੀ ਜਾਂਦਾ ਹੈ। ਇਹ ਤੂਫਾਨ ਅਰਮਾਨਾਂ ਵਾਲੇ ਵੱਡੇ-ਵੱਡੇ ਦਰੱਖ਼ਤਾਂ ਦੇ ਉਨ੍ਹਾਂ ਟਾਹਣਿਆਂ ਨੂੰ ਤੋੜ ਰਿਹਾ ਹੈ ਜਿਨ੍ਹਾਂ ਉਤੇ ਜ਼ਿੰਦਗੀ ਦੇ ਨਜ਼ਾਰੇ ਤੇ ਪਿਆਰ ਦੇ ਹੁਲਾਰੇ ਦੇਣ ਵਾਲੀਆਂ ਰੀਝਾਂ ਦੀਆਂ ਪੀਂਘਾਂ ਪਾਈਆਂ ਹੋਈਆਂ ਹਨ। ਕਈ ਵਿਚਾਰੀਆਂ ਰੋ ਰੋ ਮੁੱਕਣ ਕਿਨਾਰੇ ਆਈਆਂ ਦੇ ਨੈਣਾਂ ਵਿਚ ਅੱਥਰੂ ਵੀ ਮੁੱਕ ਗਏ, ਤੇ ਕੁਝ ਹੌਕਿਆਂ-ਹਾਵਿਆਂ ਦੇ ਸੇਕ ਨੇ ਸੁਕਾ ਦਿੱਤੇ। ਕਈਆਂ ਨੇ ਨੈਣਾਂ ਵਾਲੇ ਖੂਹਾਂ ਵਿਚੋਂ ਭਰ-ਭਰ ਹੰਝੂਆਂ ਦੀਆਂ ਟਿੰਡਾਂ ਰੋੜ ਦਿੱਤੀਆਂ, ਕਈਆਂ ਦੇ ਨੈਣਾਂ ਦੇ ਖੂਹਾਂ ਵਿਚੋਂ ਦਰਦਾਂ ਵਾਲੀ ਲੱਜ ਨਾਲ ਨੀਰ ਦੇ ਭਰ-ਭਰ ਕੁਮੰਡਲ ਨਿਕਲੇ ਪਰ ਧਰਤੀ 'ਤੇ ਨਹੀਂ ਡੁੱਲੇ। ਉਹ ਫਿਰ ਕਿੱਥੇ ਗਏ? ਕੁਝ ਰੁਮਾਲ ਅਤੇ ਕੁਝ ਚੁੰਨੀ ਦੇ ਪੱਲਿਆਂ ਵਿਚ ਸਮਾ ਗਏ! ਉਨ੍ਹਾਂ ਨੂੰ ਭਰੀ ਜਵਾਨੀ ਵਿਚ ਵੱਜੀਆਂ ਵਿਛੋੜੇ ਦੀਆਂ ਤਲਵਾਰਾਂ ਦੇ ਫੱਟਾਂ ਨੂੰ ਅਸਲ ਜ਼ਿੰਦਗੀ ਗੁਜ਼ਾਰਨ ਬਾਅਦ ਦੇ ਮੇਲ-ਮਿਲਾਪ ਦੀ ਕੋਈ ਵੀ ਮੱਲ੍ਹਮ ਨਹੀਂ ਭਰ ਸਕਦੀ।



ਜ਼ਖ਼ਮਾਂ 'ਤੇ ਛਿੜਕਿਆ 'ਕੱਲੀਆਂ 'ਕਹਿਰੀਆਂ ਕਾਲੀਆਂ ਰਾਤਾਂ ਦਾ ਲੂਣ ਸੱਤ ਸਮੁੰਦਰਾਂ ਦਾ ਪਾਣੀ ਵੀ ਨਹੀਂ ਧੋ ਸਕਦਾ। ਕਈਆਂ ਦੇ ਘਰੇ ਤਾਂ ਜੰਮ ਕੇ ਜਵਾਨ ਹੋਈਆਂ ਧੀਆਂ ਦੇ ਹੱਥ ਪੀਲੇ ਕਰਨ ਦਾ ਵਕਤ ਵੀ ਆ ਗਿਆ ਪਰ ਪਰਦੇਸ ਗਿਆ ਬਾਪ ਹਾਲੇ ਤੱਕ ਨਹੀਂ ਆਇਆ। ਐਸੀ ਕਿਹੜੀ ਖੁਸ਼ੀ ਜਾਂ ਕਿਹੜੀ ਮਾਇਆ ਦੇ ਜਾਲ ਦੀਆਂ ਜ਼ੰਜੀਰਾਂ ਗਲ ਪਈਆਂ ਹਨ ਜਿਨ੍ਹਾਂ ਨੂੰ ਜੀਵਨ ਸਾਥਣ ਅਖਵਾਉਣ ਵਾਲੀ ਦੇ ਪਿਆਰ ਦੀ ਕੈਂਚੀ ਵੀ ਨਹੀਂ ਕੱਟ ਸਕਦੀ ਤੇ ਮਗਰੋਂ ਜੰਮੇ ਧੀਆਂ-ਪੁੱਤਾਂ ਦੇ ਮੋਹ ਦੀ ਤਲਵਾਰ ਵੀ ਨਹੀਂ ਵੱਢ ਸਕਦੀ? ਅਗਰ ਕੋਈ ਇਨਸਾਨ ਦੇਸ਼ ਵਾਸਤੇ ਨਹੀਂ ਸੋਚ ਸਕਦਾ, ਕੌਮ ਵਾਸਤੇ ਨਹੀਂ ਸੋਚ ਸਕਦਾ, ਆਪਣੇ ਪਿੰਡ ਵਾਸਤੇ ਵੀ ਨਹੀਂ ਸੋਚ ਸਕਦਾ, ਉਹ ਘੱਟੋ-ਘੱਟ ਆਪਣੇ ਪਰਿਵਾਰ ਬਾਰੇ ਤਾਂ ਜ਼ਰੂਰ ਸੋਚੇ! ਮੰਨਿਆ ਕਿ ਪੈਸੇ ਬਿਨਾ ਕੁਝ ਨਹੀਂ, ਪਰ ਪੈਸਾ ਵੀ ਤਾਂ ਸਭ ਕੁਝ ਨਹੀਂ!! ਕਈ ਡਾਰੋਂ ਵਿਛੜੀਆਂ ਕੂੰਜਾਂ ਵਾਂਗ ਕੁਰਲਾ ਕੁਰਲਾ ਇਹ ਤਰਲੇ ਵੀ ਪਾ ਰਹੀਆਂ ਹਨ:

ਵਿਛੜਿਆਂ ਨੂੰ ਹੋਈਆਂ ਸਦੀਆਂ
ਨੈਣੋਂ ਨੀਰ ਦੀਆਂ ਵੱਗਣ ਨਦੀਆਂ
ਚੰਦਰਿਆ ਵੇ ਇਕ ਫੇਰਾ ਤਾਂ ਪਾ ਜਾ ਵਤਨਾਂ ਨੂੰ
ਪੇਪਰ ਨਹੀਂ ਬਣਦੇ ਤਾਂ ਨਾ ਸਹੀ,
ਮੁੜ ਆ ਜਾ ਵਤਨਾਂ ਨੂੰ।
ਪੈਸਾ ਬੜਾ ਕਮਾ ਲਿਆ ਏ ਤੂੰ
ਸਾਨੂੰ ਬੜਾ ਰੁਆ ਲਿਆ ਏ ਤੂੰ
ਕਿਹੜਾ ਚੰਦਰਾ ਕਹਿੰਦਾ ਏ,
ਤੂੰ ਨਾ ਜਾ ਵਤਨਾਂ ਨੂੰ
ਪੇਪਰ ਨਹੀਂ ਬਣਦੇ ਤਾਂ ਨਾ ਸਹੀ,
ਮੁੜ ਆਜਾ ਵਤਨਾਂ ਨੂੰ।

ਪਰਦੇਸੀਂ ਗਈ ਸੱਜਣ ਦੇ ਵਿਛੋੜੇ ਦਾ ਦਰਦ ਸਹਿ ਰਹੀਆਂ ਪਿੱਛੇ ਬੈਠੀਆਂ ਮੁਟਿਆਰਾਂ ਅਗਲੀ ਦੀਵਾਲੀ, ਅਗਲੀ ਦੀਵਾਲੀ ਦੇ ਲਾਰਿਆਂ ਦਾ ਲੌਲੀਪੌਪ ਲੈ ਕੇ ਹਰ ਸਾਲ ਆਈ ਦੀਵਾਲੀ ਕਿਸੇ ਜੁਆਕ ਨੂੰ ਖਿਡੌਣਾ ਮਿਲਣ 'ਤੇ ਖੁਸ਼ ਹੋਣ ਵਾਂਗ ਖੁਸ਼ ਹੋ ਜਾਂਦੀਆਂ ਹਨ ਪਰ ਜਦੋਂ ਸਿਰ ਤੋਂ ਪਾਣੀ ਟੱਪ ਜਾਂਦਾ ਹੈ, ਬੇਸਬਰੀ ਦੇ ਬੰਨ੍ਹ ਟੁੱਟ ਜਾਂਦੇ ਹਨ ਤਾਂ ਉਦੋਂ ਇੰਜ ਲੱਗਦਾ ਹੈ ਜਿਵੇਂ ਹਰ ਲਾਰੇ ਨੇ ਝੂਠ ਦੇ ਕੱਪੜੇ ਪਾਏ ਹੋਣ! ਆਈ ਦੀਵਾਲੀ ਵਾਲੇ ਦਿਨ ਅਗਲੀ ਦੀਵਾਲੀ 'ਤੇ ਆਉਣ ਦਾ ਲਾਰਾ ਸੁਣ-ਸੁਣ ਅੱਕੀ ਥੱਕੀ ਬਿਰਹੋਂ ਦੀ ਧੁੱਪ ਵਿਚ ਸੜਦੀ ਕਲਪਦੀ ਮੁਟਿਆਰ ਦੀਵਾਲੀ ਵਾਲੇ ਦਿਨ ਆਪਣੇ ਪਤੀ ਪਰਦੇਸੀ ਨੂੰ ਅੱਡੀਆਂ ਚੁੱਕ-ਚੁੱਕ, ਰਾਹਾਂ ਤੱਕ-ਤੱਕ ਉਡੀਕਦੀ ਹੈ ਕਿਉਂਕਿ ਪਿਛਲੀ ਦੀਵਾਲੀ ਉਸ ਨੇ ਵਾਅਦਾ ਕੀਤਾ ਸੀ ਕਿ ਇਸ ਦੀਵਾਲੀ ਜ਼ਰੂਰ ਆ ਜਾਵਾਂਗਾ। ਦੀਵਾਲੀ ਵਾਲੀ ਰਾਤ ਪੂਰੇ ਜੋਬਨ 'ਤੇ ਸੀ ਪਰ ਉਹ ਮੁਟਿਆਰ ਆਪਣੇ ਜੋਬਨ ਦੇ ਮਾਲੀ ਨੂੰ ਇਸ ਦੀਵਾਲੀ ਵੀ ਨਾ ਆਇਆ ਦੇਖ ਕੇ ਹੱਥ ਵਿਚ ਫੋਨ ਫੜ ਕੋਠੇ ਚੜ੍ਹ ਬਨੇਰਿਆਂ 'ਤੇ ਦੀਵਾਲੀ ਵਾਲੇ ਦੀਵੇ ਲਾਉਂਦੀ-ਲਾਉਂਦੀ ਫੋਨ ਮਿਲਾਉਂਦੀ ਹੈ:

**ਪਰਦੇਸੀ ਦੀ ਨਾਰ**

ਬਾਲ ਦੀਵੇ ਮੈਂ ਬਨੇਰਿਆਂ 'ਤੇ ਰੱਖਦੀ ਰਹੀ
ਚੱਕ ਅੱਡੀਆਂ ਵੇ ਰਾਹ ਤੇਰੇ ਤੱਕਦੀ ਰਹੀ।
ਤੂੰ ਨਾ ਬਹੁੜਿਆ ਉਡੀਕਾਂ ਵਾਲੀ
ਤਲੀਆਂ ਨੂੰ ਚੀਰਦੀ ਹੋਈ ਡੋਰ ਲੰਘਗੀ।
ਆਹ ਲੈ ਤੇਰਿਆਂ ਵੇ ਲਾਰਿਆਂ 'ਚ ਸੋਹਣਿਆ
ਦੀਵਾਲੀ ਇਕ ਹੋਰ ਲੰਘਗੀ।

**ਪਰਦੇਸੀ**

ਦੀਵਾਲੀ ਸੋਚਿਆ ਸੀ ਤੇਰੇ ਨਾਲ ਮਨਾਵਾਂਗਾ
ਪੂਰੇ ਪੰਜਾਂ ਸਾਲਾਂ ਬਾਅਦ ਪਿੰਡ ਆਵਾਂਗਾ
ਮਾਰ ਗਈ ਮਜਬੂਰੀ ਮੈਨੂੰ ਚੰਦਰੀ,
ਤੂੰ ਸਮਝ ਨਾ ਲਾਰਾ ਚੰਨੀਏ।
ਆ ਕੇ ਮੁਲਕ ਬਿਗਾਨੇ ਖੰਭ ਟੁੱਟਗੇ,
ਉਡਾਰੀ ਕਿਵੇਂ ਮਾਰਾਂ ਚੰਨੀਏ।

**ਪਰਦੇਸੀ ਦੀ ਹੂਰ**

ਸਾਰੇ ਘਰ ਵਿਚ ਦੀਪਮਾਲਾ ਕੀਤੀ
ਤੇ ਨਾਲੇ ਲਾਈਆਂ ਮੋਮਬੱਤੀਆਂ
ਚਾਅ ਸਭ ਨੂੰ ਵਿਆਹ ਵਾਂਗੂੰ ਚੜ੍ਹਿਆ
ਕੋਈ ਵਿਹੜੇ 'ਚ ਚਲਾਵੇ ਚੱਕੀਆਂ
ਆਹਾ ਵੇਖ ਲੈ ਦੀਵਾਲੀ ਮੈਨੂੰ ਪੰਜਵੀਂ ਵੀ
ਕਿਸੇ ਨਾਗ ਵਾਂਗੂੰ ਡੰਗਗੀ।
ਆਹ ਲੈ ਤੇਰਿਆਂ ਵੇ ਲਾਰਿਆਂ 'ਚ ਸੋਹਣਿਆਂ
ਦੀਵਾਲੀ ਇਕ ਹੋਰ ਲੰਘਗੀ।

**ਪਰਦੇਸੀ**

ਫੁੱਲਝੜੀਆਂ ਪਟਾਕੇ ਮੋਮਬੱਤੀਆਂ
ਤੇ ਨਾ ਹੀ ਕੋਈ ਚਿਰਾਗ ਮੱਚਦਾ।
ਜੱਗ ਪਾਣੀ ਵਾਲਾ ਬੋਤਲ ਸ਼ਰਾਬ ਦੀ
ਤੇ ਪਿਆ ਏ ਗਿਲਾਸ ਕੱਚ ਦਾ।
ਇਹੋ ਨਿੱਤ ਦੀ ਦੀਵਾਲੀ ਜਿਹਦੇ ਆਸਰੇ
ਮੈਂ ਵਕਤ ਗੁਜ਼ਾਰਾਂ ਚੰਨੀਏ।
ਆ ਕੇ ਮੁਲਕ ਬਿਗਾਨੇ ਖੰਭ ਟੁੱਟਗੇ,
ਉਡਾਰੀ ਕਿਵੇਂ ਮਾਰਾਂ ਚੰਨੀਏ।

**ਪਰਦੇਸੀ ਦੀ ਪਰੀ**

ਕੋਈ ਖਾਵੇ ਮਠਿਆਈ ਮੇਰੇ ਸੋਹਣਿਆ
ਕੋਈ ਖਾਂਦਾ ਏ ਖਰੋਟ ਭੰਨ੍ਹ ਕੇ
ਮੈਂ ਤਾਂ ਦਰਾਂ ਵਿਚ ਖੜ੍ਹ ਹੰਝੂ ਕੇਰਦੀ
ਦੁੱਖਾਂ ਦੇ ਕਲੀਰੇ ਬੰਨ੍ਹ ਕੇ
ਸਾਰੇ ਜੱਗ ਨੂੰ ਹੀ ਦੇਣ ਵਾਲੀ ਰੌਸ਼ਨੀ
ਮੈਨੂੰ ਤਾਂ ਗਮਾਂ 'ਚ ਰੰਗਗੀ।
ਆਹ ਲੈ ਤੇਰਿਆਂ ਵੇ ਲਾਰਿਆਂ 'ਚ ਸੋਹਣਿਆਂ
ਦੀਵਾਲੀ ਇਕ ਹੋਰ ਲੰਘਗੀ।

**ਪਰਦੇਸੀ**

ਦਿਲ ਕਰ ਨਾ ਤੂੰ ਹੌਲਾ ਰੱਖ ਹੌਂਸਲਾ
ਮੈਂ ਛੇਤੀ ਮੁੜ ਆਵਾਂਗਾ
ਦੁੱਖ ਜਿੰਨੇ ਵੀ ਮੈਂ ਦਿੱਤੇ ਤੈਨੂੰ ਸੋਹਣੀਏ
ਸਾਰੇ ਹੀ ਭੁਲਾਵਾਂਗਾ
ਜਾਨ ਸਮਝੇਂ ਜੇ ਮੈਨੂੰ,
ਤੈਨੂੰ ਸਮਝਾਂ ਮੈਂ ਅੱਖੀਆਂ ਦਾ ਤਾਰਾ ਚੰਨੀਏ।
ਆ ਕੇ ਮੁਲਕ ਬਿਗਾਨੇ ਖੰਭ ਟੁੱਟਗੇ,
ਉਡਾਰੀ ਕਿਵੇਂ ਮਾਰਾਂ ਚੰਨੀਏ।

**ਵਿਲਕਦੀ ਕੂੰਜ**

ਆਉਣ ਵਾਲੀ ਜੇ ਦੀਵਾਲੀ ਤੋਂ
ਤੂੰ ਪਹਿਲਾਂ ਨਾ ਡੱਲੇ ਪਿੰਡ ਆਇਆ ਨਿੰਮਿਆ।
ਹੋ ਜਾਊਂਗੀ ਮੈਂ ਰੱਬ ਨੂੰ ਪਿਆਰੀ
ਜੇ ਹੋਰ ਤੜਫਾਇਆ ਨਿੰਮਿਆ।
ਫਿਰ ਕਹੀਂ ਨਾ ਪਤਾਸੇ ਵਾਂਗੂੰ ਤਲੀਆਂ 'ਚ
ਜ਼ਿੰਦਗੀ ਨੂੰ ਭੋਰ ਲੰਘਗੀ।
ਆਹ ਲੈ ਤੇਰਿਆਂ ਵੇ ਲਾਰਿਆਂ 'ਚ ਸੋਹਣਿਆਂ,
ਦੀਵਾਲੀ ਇਕ ਹੋਰ ਲੰਘਗੀ।

**ਪਰਦੇਸੀ**

ਆਉਣ ਵਾਲੀ ਵੀ ਦੀਵਾਲੀ ਤੋਂ ਹੀ ਪਹਿਲਾਂ
ਮੈਂ ਡੱਲੇ ਪਿੰਡ ਆਊਂ ਹੀਰੀਏ।
ਆ ਕੇ ਸਾਰਿਆਂ ਤੋਂ ਪਹਿਲਾਂ ਜਾਨੇ ਮੇਰੀਏ
ਮੈਂ ਤੈਨੂੰ ਸੀਨੇ ਲਾਊਂ ਹੀਰੀਏ।
ਤੇਰੇ ਬਿਨਾਂ ਮੈਂ ਅਧੂਰਾ ਮੇਰੇ ਜਿਊਣ ਦਾ
ਤੂੰ ਹੀ ਏ ਸਹਾਰਾ ਚੰਨੀਏ।
ਆ ਕੇ ਮੁਲਕ ਬਿਗਾਨੇ ਖੰਭ ਟੁੱਟਗੇ,
ਉਡਾਰੀ ਕਿਵੇਂ ਮਾਰਾਂ ਚੰਨੀਏ।

## ਐਤਕੀਂ ਦੀਵਾਲੀ 'ਤੇ

ਐਤਕੀਂ ਦੀਵਾਲੀ 'ਤੇ
ਦੀਵਾ ਨਾ ਕੋਈ ਬਾਲਿਆ ਮੈਂ,
ਬੜਾ ਪ੍ਰਦੇਸਾਂ ਵਿਚੋਂ
ਰੌਣਕ ਪਿੰਡ ਦੀ ਨੂੰ ਭਾਲਿਆ ਮੈਂ।

ਜਦ ਇੰਡੀਆ ਤੋਂ ਯਾਰਾਂ ਨੇ
ਦੀਵਾਲੀ ਦੀਆਂ ਵਧਾਈਆਂ ਭੇਜੀਆਂ,
ਸਾਰੀ ਰਾਤ ਦੀਵੇ ਵਾਂਗ
ਆਪਣਾ ਆਪ ਜਾਲਿਆ ਮੈਂ...।

ਛੁਟਗੇ ਤਿਓਹਾਰ ਸਾਰੇ
ਛੁਟਗੇ ਯਾਰ ਬੇਲੀ,
ਜਦੋਂ ਦਾ ਮੋਹ
ਨਾਲ ਡਾਲਰਾਂ ਦੇ ਪਾ ਲਿਆ ਮੈਂ...।

ਕਈ ਮਿੰਟ ਗੱਲ ਹੋਈ
ਅੰਮੀ ਨਾਲ ਫੋਨ ਉਤੇ,
ਭਰ ਭਰ ਆਉਂਦੇ ਮਨ ਨੂੰ
ਕਈ ਵਾਰ ਸੰਭਾਲਿਆ ਮੈਂ...।

ਅਮਰਿੰਦਰ ਨੂੰ ਯਾਦਾਂ ਬਹੁਤ
ਵਤਨਾਂ ਦੀਆਂ ਘੇਰਦੀਆਂ,
ਤਾਂਹੀਂ ਕਈ ਵਾਰ ਦਰਿਆ
ਨੈਣਾਂ 'ਚੋਂ ਉਛਾਲਿਆ ਮੈਂ...।

*-ਅਮਰਿੰਦਰ ਸਿੰਘ ਧਾਲੀਵਾਲ*
*ਫੋਨ:91-91691-89331*

**ਗੁਰਬਾਣੀ ਗਿਆਨ**

# ਸਭੇ ਸੁਖ ਭਏ ਪ੍ਰਭ ਤੁਠੇ॥

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਸਭੇ ਸੁਖ ਭਏ ਪ੍ਰਭ ਤੁਠੇ॥
ਗੁਰ ਪੂਰੇ ਕੇ ਚਰਣ ਮਨਿ ਵੁਠੇ॥
ਸਹਜ ਸਮਾਧਿ ਲਗੀ ਲਿਵ ਅੰਤਰਿ
ਸੋ ਰਸੁ ਸੋਈ ਜਾਣੈ ਜੀਉ॥
ਅਗਮ ਅਗੋਚਰੁ ਸਾਹਿਬੁ ਮੇਰਾ॥
ਘਟ ਘਟ ਅੰਤਰਿ ਵਰਤੈ ਨੇਰਾ॥
ਸਦਾ ਅਲਿਪਤੁ ਜੀਆ ਕਾ ਦਾਤਾ
ਕੋ ਵਿਰਲਾ ਆਪੁ ਪਛਾਣੈ ਜੀਉ॥
ਪ੍ਰਭ ਮਿਲਣੈ ਕੀ ਏਹ ਨੀਸਾਣੀ॥
ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ
ਅਨਦੁ ਖਸਮ ਕੈ ਭਾਣੈ ਜੀਉ॥
ਹਥੀ ਦਿੱਤੀ ਪ੍ਰਭਿ ਦੇਵਣਹਾਰੈ॥
ਜਨਮ ਮਰਣ ਰੋਗ ਸਭਿ ਨਿਵਾਰੇ॥
ਨਾਨਕ ਦਾਸ ਕੀਏ ਪ੍ਰਭਿ ਅਪੁਨੇ
ਹਰਿ ਕੀਰਤਨਿ ਰੰਗ ਮਾਣੇ ਜੀਉ॥

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਇਸ ਸ਼ਬਦ ਰਾਹੀਂ ਕਹਿੰਦੇ ਹਨ ਕਿ ਹੇ ਭਾਈ! ਜਦੋਂ ਪ੍ਰਭੂ ਤੁਠ ਪੈਣ ਅਤੇ ਕਿਸੇ ਵੱਡਭਾਗੀ ਜੀਵ ਦੇ ਅੰਦਰ ਪੂਰੇ ਗੁਰੂ ਦੇ ਚਰਨਾਂ ਦਾ ਨਿਵਾਸ ਹੋ ਜਾਵੇ ਤਾਂ ਉਸ ਨੂੰ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਉਸ ਅਨੰਦ ਨੂੰ ਉਹ ਜੀਵ ਹੀ ਮਾਣ ਸਕਦਾ ਹੈ ਜਿਸ ਦੇ ਅੰਦਰ ਪ੍ਰਭੂ ਦੇ ਮਿਲਾਪ ਦੀ ਚਾਹਤ ਹੋਵੇ ਅਤੇ ਜਿਸ ਦੀ ਸਹਿਜ ਸਮਾਧ, ਭਾਵ ਅੰਦਰੋਂ ਪ੍ਰਭੂ ਨਾਲ ਲਿਵ ਲੱਗੀ ਹੋਵੇ ਅਤੇ ਉਹ ਕਦੀ ਵੀ ਡੋਲੇ ਨਾ।

ਅਗਮ ਅਗੋਚਰੁ ਸਾਹਿਬੁ ਮੇਰਾ॥
ਘਟ ਘਟ ਅੰਤਰਿ ਵਰਤੈ ਨੇਰਾ॥
ਸਦਾ ਅਲਿਪਤੁ ਜੀਆ ਕਾ ਦਾਤਾ
ਕੋ ਵਿਰਲਾ ਆਪੁ ਪਛਾਣੈ ਜੀਉ॥

ਹੇ ਭਾਈ! ਉਹ ਮੇਰਾ ਮਾਲਕ ਪ੍ਰਭੂ ਤਾਂ ਪਹੁੰਚ ਤੋਂ ਪਰ੍ਹੇ ਹੈ ਪਰ ਉਹ ਪਾਲਣਹਾਰ ਪ੍ਰਭੂ ਮਿਹਰਬਾਨ ਪਿਤਾ ਸਭ ਦੇ ਅੰਦਰ ਵੀ ਵੱਸ ਰਿਹਾ ਹੈ ਅਤੇ ਜੀਵਾਂ ਦੇ ਸਭ ਤੋਂ ਨੇੜੇ ਭੀ ਹੈ। ਇਸ ਦੇ ਬਾਵਜੂਦ ਉਹ ਅਲਿਪਤ ਹੈ, ਮਾਇਆ ਤੋਂ ਨਿਰਲੇਪ ਹੈ ਅਤੇ ਸਾਰੇ ਜੀਵਾਂ ਨੂੰ ਸਭ ਦਾਤਾਂ ਭੀ ਉਹ ਆਪ ਹੀ ਵੰਡਦਾ ਹੈ, ਉਹ ਸਭ ਜੀਵਾਂ ਦੀ ਜਿੰਦ ਜਾਨ ਹੈ ਪਰ ਕੋਈ ਵਿਰਲਾ ਵੱਡਭਾਗਾ ਜੀਵ ਹੀ ਉਸ ਪ੍ਰਭੂ ਨੂੰ ਪਛਾਣਦਾ ਹੈ।

ਪ੍ਰਭ ਮਿਲਣੈ ਕੀ ਏਹ ਨੀਸਾਣੀ॥
ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ
ਅਨਦੁ ਖਸਮ ਕੈ ਭਾਣੈ ਜੀਉ॥

ਹੇ ਭਾਈ! ਉਸ ਸੋਹਣੇ ਪ੍ਰੀਤਮ ਦੇ ਮਿਲਣ ਦੀ ਇਹ ਨਿਸ਼ਾਨੀ ਹੈ ਕਿ ਜੋ ਵੀ ਜੀਵ ਉਸ ਦੇ ਚਰਨਾਂ ਨਾਲ ਜੁੜ ਜਾਂਦੇ ਹਨ, ਉਹ ਉਸ ਦੇ ਸੱਚੇ ਹੁਕਮ ਦੀ ਪਛਾਣ ਭੀ ਕਰ ਲੈਂਦੇ ਹਨ। ਉਸ ਦੀ ਰਜ਼ਾ ਵਿਚ ਹੀ ਸਦਾ ਖੁਸ਼ ਰਹਿੰਦੇ ਹਨ। ਹੇ ਭਾਈ! ਜੋ ਜੀਵ ਉਸ ਦੇ ਹੁਕਮ ਵਿਚ ਰਹਿੰਦੇ ਹਨ, ਉਹ ਸਹਿਜ ਅਵਸਥਾ ਵਿਚ ਅਡੋਲ ਰਹਿ ਕੇ ਸੰਤੋਖ ਨਾਲ ਤ੍ਰਿਪਤਾਸੇ, ਭਾਵ ਹਰ ਵਕਤ ਹੀ ਰੱਜੇ ਰਹਿੰਦੇ ਹਨ ਅਤੇ ਉਨ੍ਹਾਂ ਜੀਵਾਂ ਨੂੰ ਸੰਸਾਰਕ ਭੁੱਖ, ਭਾਵ ਆਸਾ ਅਤੇ ਤ੍ਰਿਸ਼ਨਾ ਕਦੀ ਵੀ ਸਤਾਉਂਦੀਆਂ ਨਹੀਂ ਅਤੇ ਉਹ ਸਦਾ ਪ੍ਰਭੂ ਦੇ ਭਾਣੇ ਵਿਚ ਰਹਿ ਕੇ ਹੀ ਅਨੰਦ ਪ੍ਰਾਪਤ ਕਰਦੇ ਹਨ।

ਹਥੀ ਦਿੱਤੀ ਪ੍ਰਭਿ ਦੇਵਣਹਾਰੈ॥
ਜਨਮ ਮਰਣ ਰੋਗ ਸਭਿ ਨਿਵਾਰੇ॥
ਨਾਨਕ ਦਾਸ ਕੀਏ ਪ੍ਰਭਿ ਅਪੁਨੇ
ਹਰਿ ਕੀਰਤਨਿ ਰੰਗ ਮਾਣੇ ਜੀਉ॥

ਹੇ ਭਾਈ! ਪ੍ਰਭੂ ਦੀ ਸਿਫ਼ਤ ਸਲਾਹ ਐਸੀ ਰੋਗ ਨਾਸ਼ਕ ਦਵਾਈ ਹੈ ਜੋ ਦੇਵਣਹਾਰ ਮਿਹਰਬਾਨ ਪਿਤਾ ਨੇ ਆਪ ਦਿਆ ਵਿਚ ਆ ਕੇ ਸੰਸਾਰ ਦੇ ਜੀਵਾਂ ਨੂੰ ਦਿੱਤੀ ਹੈ ਅਤੇ ਇਸ ਨਾਮ ਸਿਮਰਨ ਰੂਪੀ ਦਵਾਈ ਨੂੰ ਜਿਨ੍ਹਾਂ ਜੀਵਾਂ ਨੇ ਭੀ ਖਾਧਾ, ਉਨ੍ਹਾਂ ਦੇ ਜਨਮ ਅਤੇ ਮਰਨ ਦੇ ਸਾਰੇ ਰੋਗ ਦੂਰ ਹੋ ਗਏ। ਹੇ ਨਾਨਕ! ਜਿਨ੍ਹਾਂ ਵੱਡਭਾਗੇ ਜੀਵਾਂ ਨੂੰ ਉਸ ਮਿਹਰਬਾਨ ਪ੍ਰਭੂ ਨੇ ਆਪਣੇ ਨਾਲ ਜੋੜ ਲਿਆ, ਉਹ ਵੱਡਭਾਗੇ ਜੀਵ ਹੀ ਸੰਸਾਰ ਦੇ ਰਚਨਹਾਰ ਪ੍ਰਭੂ ਦੀ ਉਸਤਤਿ ਕਰਕੇ ਆਤਮਿਕ ਅਨੰਦ ਮਾਣਦੇ ਹਨ।

ਆਓ! ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

**ਗੁਰਮਤਿ ਚਿੰਤਨ**

# ਗੁਰੂ ਨਾਨਕ ਚਿੰਤਨ ਤੇ ਸਮਾਜਕ ਬਰਾਬਰੀ ਦਾ ਸੰਕਲਪ

***ਡਾ. ਗੁਰਨਾਮ ਕੌਰ ਨੇ ਇਹ ਪਰਚਾ ਸਿੱਖ ਗੁਰਦੁਆਰਾ ਐਸੋਸੀਏਸ਼ਨ, ਟੈਕਸਸ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਲੰਘੀ 29 ਅਕਤੂਬਰ ਨੂੰ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਟੈਕਸਸ ਵਿਚ ਕਰਵਾਈ ਗਈ ਗੁਰਮਤਿ ਗੋਸ਼ਟੀ ਵਿਚ ਪੜ੍ਹਿਆ। ਇਸ ਗੋਸ਼ਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਅਤੇ ਸਿੱਖ ਬੁੱਧੀਜੀਵੀ ਪ੍ਰਿੰ. ਗੁਰਦੇਵ ਸਿੰਘ ਸੰਘਾ ਨੇ ਵੀ ਪਰਚੇ ਪੜ੍ਹੇ। ਡਾ. ਗੁਰਨਾਮ ਕੌਰ ਦਾ ਇਹ ਪਰਚਾ ਅਸੀਂ ਦੋ ਕਿਸ਼ਤਾਂ ਵਿਚ ਇਥੇ ਛਾਪ ਰਹੇ ਹਾਂ। -ਸੰਪਾਦਕ***

**ਡਾ. ਗੁਰਨਾਮ ਕੌਰ**

ਅੱਜ ਦਾ ਵਿਸ਼ਾ 'ਗੁਰੂ ਨਾਨਕ ਚਿੰਤਨ ਵਿਚ ਸਮਾਜਕ ਬਰਾਬਰੀ ਦਾ ਸੰਕਲਪ' ਇਸ ਲਈ ਚੁਣਿਆ ਹੈ ਕਿ ਅੱਜ ਵੀ ਸਾਡਾ ਸਮਾਜ ਜਾਤੀ ਵੰਡ ਵਿਚੋਂ ਨਿਕਲ ਨਹੀਂ ਸਕਿਆ। ਸਿੱਖ ਧਰਮ-ਚਿੰਤਨ ਵਿਚ ਅਜਿਹੀ ਵੰਡ ਨੂੰ ਨਾ ਸਿਰਫ ਸਿਧਾਂਤਕ ਤੌਰ



*ਡਾ. ਗੁਰਨਾਮ ਕੌਰ*

'ਤੇ ਮੁੱਢੋਂ ਨਕਾਰਿਆ ਗਿਆ ਹੈ ਬਲਕਿ ਇਸ ਨੂੰ ਮੇਟਣ ਲਈ ਅਮਲੀ ਰੂਪ ਵਿਚ ਵੀ ਨਿਰੰਤਰ ਜਤਨ ਕੀਤੇ ਗਏ ਹਨ। ਸਮਾਜਕ ਬਰਾਬਰੀ ਦਾ ਖੁਲਾਸਾ ਕਰਦਿਆਂ "Wikipedia" 'ਚ ਲਿਖਿਆ ਹੈ,

"Social equality is a social state of affairs in which all people within a specific society or isolated group have the same status in a certain respect. At the very least, social equality includes equal rights under the law, such as security, voting rights, freedom of speech, and assembly, and the extent of property rights. However, it also includes concepts of economic equality, i. e. access to education, healthcare and other social securities. It also includes equal opportunities and obligations, and so involves the whole of society."

ਇਸ ਵਿਆਖਿਆ ਅਨੁਸਾਰ ਸਮਾਜਕ ਬਰਾਬਰੀ ਸਮਾਜਕ ਵਿਹਾਰ ਦੀ ਉਹ ਦਸ਼ਾ ਜਾਂ ਹਾਲਾਤ ਹੈ ਜਿਸ ਵਿਚ ਕਿਸੇ ਖ਼ਾਸ ਸਮਾਜ, ਜਮਾਤ ਜਾਂ ਸੰਸਥਾ ਵਿਚ ਰਹਿਣ ਵਾਲੇ ਸਾਰੇ ਮਨੁੱਖਾਂ ਨੂੰ ਇੱਕ ਖ਼ਾਸ ਦ੍ਰਿਸ਼ਟੀ ਤੋਂ, ਇੱਕੋ ਜਿਹਾ ਸਮਾਜਕ ਦਰਜ਼ਾ ਪ੍ਰਾਪਤ ਹੋਵੇ ਅਰਥਾਤ ਉਸ ਸਮਾਜ ਜਾਂ ਜਮਾਤ ਦੇ ਇੱਕੋ ਜਿਹੇ ਅਧਿਕਾਰ ਹੋਣ। ਸਮਾਜਕ ਬਰਾਬਰੀ ਦਾ ਅਰਥ ਹੈ ਕਿ ਕਾਨੂੰਨੀ ਤੌਰ 'ਤੇ ਸਾਰਿਆਂ ਨੂੰ ਇੱਕੋ ਜਿਹੇ ਅਧਿਕਾਰ ਪ੍ਰਾਪਤ ਹੋਣ, ਜਿਵੇਂ ਸੁਰੱਖਿਆ, ਵੋਟ ਪਾਉਣ, ਬੋਲਣ ਅਤੇ ਇਕੱਠ ਕਰਨ, ਜਾਇਦਾਦ ਦੇ ਵਿਸਤਾਰ ਦਾ ਅਧਿਕਾਰ ਆਦਿ। ਇਸ 'ਚ ਅਕਸਰ ਮਾਲੀ ਬਰਾਬਰੀ, ਸਿੱਖਿਆ ਤੇ ਸਿਹਤ ਸੰਭਾਲ ਤੱਕ ਹਰ ਇੱਕ ਦੀ ਬਰਾਬਰ ਪਹੁੰਚ ਤੇ ਸਮਾਜਕ ਸੁਰੱਖਿਆ ਵੀ ਸ਼ਾਮਲ ਹਨ। ਇਸ ਵਿਚ ਕਾਨੂੰਨੀ ਅਤੇ ਇਖ਼ਲਾਕੀ ਬੰਦਿਸ਼ਾਂ ਵੀ ਸ਼ਾਮਲ ਹਨ।

ਸਮਾਜਕ ਬਰਾਬਰੀ ਵਿਚ ਕਾਨੂੰਨਨ ਜ਼ਬਰੀ ਲਾਗੂ ਕੀਤੀਆਂ ਜ਼ਾਤੀ ਜਾਂ ਜਮਾਤੀ ਹੱਦਾਂ ਦੀ ਗ਼ੈਰਹਾਜ਼ਰੀ ਹੁੰਦੀ ਹੈ ਅਰਥਾਤ ਜਾਤ ਜਾਂ ਜਮਾਤ 'ਤੇ ਆਧਾਰਤ ਵੰਡ ਨੂੰ ਲਾਗੂ ਕਰਨ ਲਈ ਕਾਨੂੰਨ ਦੀ ਸਹਾਇਤਾ ਨਹੀਂ ਲਈ ਜਾ ਸਕਦੀ। ਕਿਸੇ ਮਨੁੱਖ ਦੀ ਪਛਾਣ ਤੋਂ ਪ੍ਰੇਰਤ ਹੋ ਕੇ ਗ਼ੈਰਵਾਜਬ ਢੰਗ ਨਾਲ ਪੱਖਪਾਤ ਨਹੀਂ ਕੀਤਾ ਜਾ ਸਕਦਾ-ਭਾਵ ਲਿੰਗ, ਜਾਤ, ਕੌਮ ਜਾਂ ਨਸਲ, ਜਮਾਤ, ਗ਼ਰੀਬੀ ਜਾਂ ਅਮੀਰੀ, ਭਾਸ਼ਾ, ਧਰਮ ਜਾਂ ਕਿਸੇ ਖਾਸ ਇਸ਼ਟ ਵਿਚ ਵਿਸ਼ਵਾਸ ਕਾਰਨ, ਕੋਈ ਖਾਸ ਰਾਇ ਰੱਖਣ ਕਰਕੇ, ਸਿਹਤ ਜਾਂ ਅਪੰਗਤਾ ਕਰਕੇ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ। "ਸਮਾਜਕ ਬਰਾਬਰੀ" ਦਾ ਸਰੋਕਾਰ ਆਰਥਿਕਤਾ ਜਾਂ ਆਮਦਨੀ ਦੀ ਥਾਂ ਸਮਾਜ ਨਾਲ ਵੱਧ ਹੈ। ਇਹ ਵੀ ਮੰਨਿਆ ਹੈ ਕਿ ਸੰਪੂਰਨ ਸਮਾਜਕ ਬਰਾਬਰੀ ਇੱਕ ਆਦਰਸ਼ਕ ਹਾਲਤ ਹੈ, ਯੁਟੋਪੀਆ ਹੈ ਜਿਸ ਦੀ ਬਹੁਤ ਸਾਰੇ ਕਾਰਨਾਂ ਕਰਕੇ, ਅੱਜ ਦੇ ਸੰਸਾਰ ਦੇ ਕਿਸੇ ਵੀ ਸਮਾਜ ਵਿਚ ਹੋਂਦ ਨਹੀਂ ਹੈ ਅਰਥਾਤ ਸੰਪੂਰਨ ਬਰਾਬਰੀ ਵਾਲਾ ਸਮਾਜ ਕਿਧਰੇ ਨਹੀਂ ਮਿਲਦਾ। "ਸਮਾਜਕ ਬਰਾਬਰੀ" ਦੀ ਉਲਟ-ਉਦਾਹਰਣ ਮੱਧਕਾਲੀ ਯੋਰਪ ਵਿਚੋਂ ਦਿੰਦਿਆਂ ਦੱਸਿਆ ਗਿਆ ਹੈ ਕਿ ਮੱਧ-ਕਾਲੀ ਯੂਰਪ ਵਿਚ ਕਿਸੇ ਆਦਮੀ ਨੂੰ ਜੋ ਜਾਇਦਾਦ ਵਿਰਾਸਤ ਵਿਚ ਮਿਲਣੀ ਹੁੰਦੀ ਸੀ ਉਸ ਨਾਲ ਉਸ ਦਾ ਸਮਾਜਕ ਰੁਤਬਾ ਅਤੇ ਉਸ ਆਦਮੀ ਦੇ ਕਾਨੂੰਨੀ ਅਤੇ ਸਮਾਜਕ ਹੱਕ ਤੈਅ ਹੁੰਦੇ ਸਨ। ਮਿਸਾਲ ਲਈ, ਜੇ ਕੋਈ ਆਦਮੀ ਪਾਦਰੀ ਵਰਗ ਵਿਚੋਂ ਹੈ ਤਾਂ ਪਾਦਰੀ ਹੋਣ ਕਾਰਨ ਕਿਸੇ ਦੋਸ਼ ਲਈ ਸਜ਼ਾ ਵਿਚ ਰਿਆਇਤ ਲੈ ਸਕਦਾ ਸੀ। ਇਸੇ ਤਰ੍ਹਾਂ ਇਸਤਰੀ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਹੱਕ ਨਹੀਂ ਸੀ ਅਤੇ ਕੁੱਝ ਮੁਲਕਾਂ ਵਿਚ ਹੁਣ ਵੀ ਨਹੀਂ ਹੈ। ਇਸੇ ਤਰ੍ਹਾਂ ਦੱਖਣੀ ਅਫ਼ਰੀਕਾ ਵਿਚ ਨਸਲੀ-ਵਿਤਕਰੇ ਦੇ ਯੁੱਗ ਵਿਚ, ਕਾਲੇ ਅਤੇ ਗੋਰੇ-ਦੋਹਾਂ ਨੂੰ ਹੀ ਸਿਹਤ ਸੇਵਾਵਾਂ ਅਤੇ ਸਰਕਾਰੀ ਸੇਵਾਵਾਂ ਦੀ ਰਸਮੀ ਤੌਰ 'ਤੇ ਇੱਕੋ ਜਿਹੀ ਸਹੂਲਤ ਸੀ। ਪ੍ਰੰਤੂ ਕਾਲੇ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਿਹਤ ਸੇਵਾਵਾਂ ਦਾ ਮਿਆਰ ਉਹ ਨਹੀਂ ਸੀ ਜੋ ਗੋਰਿਆਂ ਨੂੰ ਪ੍ਰਾਪਤ ਸੀ।

ਜੇ ਅਸੀਂ ਭਾਰਤੀ ਸਮਾਜ 'ਤੇ ਨਜ਼ਰ ਮਾਰੀਏ ਤਾਂ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਸਮਾਜਕ ਨਾ-ਬਰਾਬਰੀ ਦੀ ਜਿਉਂਦੀ ਜਾਗਦੀ ਮਿਸਾਲ ਹੈ। ਮੱਧਕਾਲ ਤੱਕ ਪਹੁੰਚਦਿਆਂ ਇਹ ਹੋਰ ਵੀ ਜਟਿਲ ਅਤੇ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ। ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਜਿਸ ਸਮੇਂ ਹੋਇਆ, ਉਦੋਂ ਇਸ ਸਮਾਜਕ ਨਾ-ਬਰਾਬਰੀ ਦਾ ਪਾਸਾਰ ਇੱਕ ਤਰ੍ਹਾਂ ਨਾਲ ਤਿੰਨ-ਪਰਤੀ ਹੋ ਗਿਆ ਸੀ। ਪਹਿਲੀ, ਵਰਣ-ਆਸ਼ਰਮ ਸਿਧਾਂਤ ਤੇ ਆਧਾਰਿਤ ਸਮਾਜਕ ਵਰਗ ਵੰਡ ਸੀ ਜੋ ਕੱਟੜ ਜਾਤੀ ਪ੍ਰਬੰਧ ਵਿਚ ਤਬਦੀਲ ਹੋ ਚੁੱਕੀ ਸੀ। ਦੂਸਰੀ, ਭਾਰਤ ਵਿਚ ਬਾਹਰੋਂ ਆਏ ਮੁਸਲਿਮ ਸ਼ਾਸਕਾਂ ਦਾ ਰਾਜ ਜੋ ਪਰਜਾ ਨੂੰ, ਧਾਰਮਕ ਵਖਰੇਵੇਂ ਕਾਰਨ ਤਰ੍ਹਾਂ-ਤਰ੍ਹਾਂ ਦੀਆਂ ਜ਼ਿਆਦਤੀਆਂ ਨਾਲ ਦਬਾ ਰਿਹਾ ਸੀ। ਤੀਸਰੀ, ਬਾਹਰੀ ਹਮਲਾਵਰਾਂ ਵੱਲੋਂ ਹਮਲਿਆਂ ਦੌਰਾਨ ਢਾਹੇ ਜਾਂਦੇ ਜ਼ੁਲਮ। ਇਸੇ ਸਮਾਜਕ ਨਾ-ਬਰਾਬਰੀ, ਖਾਸ ਕਰਕੇ ਜਾਤ-ਪ੍ਰਬੰਧ ਨੂੰ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਨਾ ਸਿਰਫ ਸਿਧਾਂਤਕ ਤੌਰ 'ਤੇ ਹੀ ਨਕਾਰਿਆ ਸਗੋਂ ਅਮਲੀ ਰੂਪ ਵਿਚ ਸਮਾਜਕ ਬਰਾਬਰੀ ਦੀ ਨੀਂਹ ਰੱਖੀ, ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਸਮਾਜਕ ਦਰਜਾਬੰਦੀ:** ਪੁਰਾਤਨ ਭਾਰਤੀ ਧਰਮ ਦਰਸ਼ਨ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ-ਵੈਦਿਕ ਅਤੇ ਸ਼ਰਮਣਕ। ਜੈਨ ਧਰਮ, ਬੁੱਧ ਧਰਮ ਅਤੇ ਚਾਰਵਾਕ ਸ਼ਰਮਣਕ ਵਿਚਾਰਧਾਰਾ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਨਾਸਤਿਕ ਵੀ ਕਿਹਾ ਜਾਂਦਾ ਹੈ। ਵੈਦਿਕ ਵਿਚਾਰਧਾਰਾ ਅਨੁਸਾਰ ਜਿਹੜੇ ਧਰਮ ਦਰਸ਼ਨ ਵੇਦਾਂ ਨੂੰ ਸ਼ਬਦ-ਪ੍ਰਮਾਣ ਨਹੀਂ ਮੰਨਦੇ ਉਹ ਨਾਸਤਿਕ ਹਨ। ਛੇ ਭਾਰਤੀ ਦਰਸ਼ਨ, ਜਿਨ੍ਹਾਂ ਨੂੰ ਖੱਟ ਦਰਸ਼ਨ ਵੀ ਕਿਹਾ ਜਾਂਦਾ ਹੈ: ਨਿਆਇ, ਵੈਸ਼ੇਸ਼ਕ, ਪੂਰਬ ਮੀਮਾਂਸਾ, ਵੇਦਾਂਤ, ਸਾਂਖ ਅਤੇ ਯੋਗ ਆਦਿ ਧਰਮ-ਦਰਸ਼ਨ ਵੈਦਿਕ ਜਾਂ ਆਸਤਕ ਕਹਾਉਂਦੇ ਹਨ ਕਿਉਂਕਿ ਵੇਦ ਉਨ੍ਹਾਂ ਲਈ ਅੰਤਿਮ ਕਸੌਟੀ ਜਾਂ ਸ਼ਬਦ ਪ੍ਰਮਾਣ ਹਨ। ਆਸਤਕ ਜਾਂ ਵੈਦਿਕ ਸਾਹਿਤ ਦੇ ਵੀ ਦੋ ਵਰਗ ਹਨ-ਸ਼ਰੁਤੀ ਅਤੇ ਸਿਮਰਤੀ। ਸ਼ਰੁਤੀ (ਸੁਰ, ਅਰਥਾਤ ਸੁਣਨ ਤੋਂ) ਦੈਵੀ ਜਾਂ ਇਲਹਾਮੀ ਗਿਆਨ ਹੈ ਜਿਸ ਵਿਚ ਵੇਦ ਅਤੇ ਉਪਨਿਸ਼ਦ ਸ਼ਾਮਲ ਹਨ। ਸਿਮਰਤੀ ਤੋਂ ਭਾਵ ਯਾਦ ਕੀਤਾ ਹੋਇਆ ਸ਼ਬਦ ਹੈ ਜਿਸ ਵਿਚ ਪੁਰਾਣ, ਇਤਿਹਾਸ, ਸਿਮਰਤੀ ਗ੍ਰੰਥ, ਸ਼ਾਸਤਰ, ਦੋ ਮਹਾਕਾਵਿ-ਰਾਮਾਇਣ ਅਤੇ ਮਹਾਭਾਰਤ ਸ਼ਾਮਲ ਹਨ। ਧਰਮ ਕੀ ਹੈ ਅਤੇ ਕੀ ਹੋਣਾ ਚਾਹੀਦਾ ਹੈ, ਇਹ ਸ਼ਰੁਤੀ ਅਤੇ ਸਿਮਰਤੀ ਦੋਹਾਂ ਕਿਸਮਾਂ ਦੇ ਸਾਹਿਤ ਵਿਚ ਮਿਲਦਾ ਹੈ। ਭਾਰਤੀ ਸਭਿਆਚਾਰ ਵਿਚ ਪ੍ਰਾਪਤ ਸਮਾਜਕ ਵਰਗੀਕਰਨ ਵਰਣ-ਆਸ਼ਰਮ ਧਰਮ ਦੇ ਸਿਧਾਂਤ 'ਤੇ ਆਧਾਰਤ ਹੈ। ਵਰਣ-ਆਸ਼ਰਮ ਧਰਮ ਦਾ ਸਿਧਾਂਤ, ਜਿਸ ਅਨੁਸਾਰ ਭਾਰਤੀ ਸਮਾਜ ਅਤੇ ਮਨੁੱਖਾ ਜ਼ਿੰਦਗੀ ਦੀ ਵੱਖ ਵੱਖ ਵਰਗਾਂ ਅਤੇ ਪੜਾਵਾਂ ਵਿਚ ਵੰਡ ਕੀਤੀ ਹੋਈ ਹੈ, ਵੈਦਿਕ ਧਰਮ ਜਾਂ ਜਿਸ ਨੂੰ ਆਧੁਨਿਕ ਸਮਿਆਂ ਵਿਚ ਹਿੰਦੂ ਧਰਮ ਕਹਿੰਦੇ ਹਨ, ਦੇ ਸਮਾਜਕ ਪ੍ਰਬੰਧ ਦਾ ਕੇਂਦਰੀ ਧੁਰਾ ਹੈ। ਸਿਧਾਂਤਕ ਤੌਰ 'ਤੇ ਤਾਂ ਹਿੰਦੂ ਧਰਮ ਇੱਕ ਇਕਾਈ ਹੈ ਪਰ ਅਮਲੀ ਰੂਪ ਵਿਚ ਇਸ ਨੇ ਸਮਾਜ ਨੂੰ ਚਾਰ ਵਰਗਾਂ ਵਿਚ ਵੰਡਿਆ ਹੈ ਜਿਨ੍ਹਾਂ ਨੂੰ ਵਰਣ ਕਿਹਾ ਜਾਂਦਾ ਹੈ। ਹਰ ਵਰਣ ਲਈ ਵੱਖੋ-ਵੱਖ ਧਾਰਮਕ, ਸਮਾਜਕ ਤੇ ਆਰਥਿਕ ਕਰਮ, ਅਧਿਕਾਰ ਅਤੇ ਫ਼ਰਜ਼ ਮਿਥੇ ਗਏ। ਪਹਿਲਾ ਵਰਣ ਬ੍ਰਾਹਮਣ ਹੈ, ਜਿਸ ਦਾ ਫ਼ਰਜ਼ ਧਾਰਮਕ ਵਿੱਦਿਆ ਅਤੇ ਗਿਆਨ ਪ੍ਰਾਪਤ ਕਰਨਾ, ਵੇਦ ਆਦਿ ਧਰਮ ਗ੍ਰੰਥਾਂ, ਸ਼ਾਸਤਰ ਅਤੇ ਸਿਮ੍ਰਤੀਆਂ ਦਾ ਪਾਠ ਕਰਨਾ, ਵਿਦਿਆਰਥੀਆਂ ਨੂੰ ਧਾਰਮਕ ਵਿੱਦਿਆ ਅਤੇ ਗਿਆਨ ਦੇਣਾ ਅਤੇ ਹੋਰ ਧਾਰਮਕ ਕਰਮ ਹਵਨ-ਯੱਗ ਅਤੇ ਪੂਜਾ ਆਦਿ ਕਰਨੇ ਹਨ। ਇਹ ਕਰਮ ਸਮੇਂ ਦੇ ਨਾਲ ਬ੍ਰਾਹਮਣ ਦਾ ਅਧਿਕਾਰ ਵੀ ਬਣ ਗਏ।

ਇਸ ਤਰ੍ਹਾਂ ਸਮਾਜਕ ਵਰਣ-ਵੰਡ ਵਿਚ ਬ੍ਰਾਹਮਣ ਸਭ ਤੋ ਉਚਾ ਵਰਗ ਸਥਾਪਤ ਹੋ ਗਿਆ। ਉਸ ਤੋਂ ਅਗਲਾ ਵਰਣ ਖਤਰੀ ਹੈ ਜਿਸ ਦਾ ਫ਼ਰਜ਼ ਯੁੱਧ ਅਤੇ ਸੁਰੱਖਿਆ, ਦੇ ਨਾਲ ਨਾਲ ਸਮਾਜ ਵਿਚ ਠੀਕ ਅਤੇ ਨਿਆਂ ਦੀ ਵਿਵਸਥਾ ਬਣਾਈ ਰੱਖਣਾ ਸ਼ਾਮਲ ਹੈ। ਇਸ ਤਰ੍ਹਾਂ ਕਰਮ ਦੇ ਤੌਰ 'ਤੇ ਖਤਰੀ ਯੋਧਾ ਅਤੇ ਰਾਜਾ ਬਣ ਗਿਆ, ਰਾਜਾ ਅਤੇ ਨਾਇਕ ਹੋਣਾ ਉਸ ਦਾ ਸੁਭਾ ਬਣ ਗਿਆ। ਸਮਾਜ ਤੇ ਰਾਜ ਕਰਨਾ ਉਨ੍ਹਾਂ ਦਾ ਅਧਿਕਾਰ ਬਣ ਗਿਆ। ਤੀਸਰਾ ਦਰਜਾ ਵੈਸ਼ ਨੂੰ ਦਿੱਤਾ ਗਿਆ ਜਿਸ ਦਾ ਕੰਮ ਖੇਤੀ ਕਰਨਾ, ਪਸ਼ੂ ਪਾਲਣਾ, ਵਪਾਰ ਅਤੇ ਹੋਰ ਕੰਮ ਕਰਨਾ ਸੀ, ਜਿਵੇਂ ਦਸਤਕਾਰੀ-ਸ਼ਿਲਪਕਾਰੀ ਆਦਿ। ਖਾਸ ਕਰਕੇ ਦੋ ਉਪਰਲੇ ਵਰਣਾਂ ਨੂੰ ਵੈਸ਼ ਉਤੇ ਹਰ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਸਨ। ਉਨ੍ਹਾਂ ਦੀ ਜੋ ਲੋੜ ਹੋਵੇ ਜਾਂ ਜੋ ਉਨ੍ਹਾਂ ਦਾ ਜੀਅ ਚਾਹੇ ਵੈਸ਼ ਤੋਂ ਲੈ ਸਕਦੇ ਸੀ। ਉਹ ਇਨਕਾਰ ਨਹੀਂ ਸੀ ਕਰ ਸਕਦਾ। ਸਮਾਜਕ ਦਰਜ਼ਾਬੰਦੀ ਵਿਚ ਚੌਥੇ ਅਤੇ ਸਭ ਤੋਂ ਨੀਵੇਂ ਸਥਾਨ 'ਤੇ ਰੱਖੇ ਗਏ ਸ਼ੂਦਰ ਨੂੰ ਉਪਰਲੇ ਵਰਗਾਂ ਦੀ ਹਰ ਤਰ੍ਹਾਂ ਦੀ ਸੇਵਾ ਕਰਨ ਦਾ ਕੰਮ ਦਿੱਤਾ ਗਿਆ। ਇਸ ਵਰਣ ਦੇ ਫ਼ਰਜ਼ ਹੀ ਫ਼ਰਜ਼ ਸਨ, ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਸਮਾਜ ਦੇ ਹਰ ਵਰਗ ਲਈ ਵੱਖਰਾ ਵੱਖਰਾ 'ਧਰਮ' ਤਜਵੀਜ਼ ਕੀਤਾ ਗਿਆ। ਪੁਰਾਤਨ ਹਿੰਦੂ ਧਰਮ-ਸ਼ਾਸਤਰਾਂ ਅਨੁਸਾਰ ਚਾਰ ਵਰਣਾਂ ਦਾ ਇਹ ਪ੍ਰਬੰਧ ਉਨ੍ਹਾਂ ਦੇ ਸੁਭਾ ਅਤੇ ਯੋਗਤਾ ਅਨੁਸਾਰ ਕੀਤਾ ਗਿਆ। ਇਸੇ ਲਈ ਇਸ ਨੂੰ 'ਸਵੈਧਰਮ' ਦਾ ਨਾਂ ਦਿੱਤਾ ਗਿਆ। ਸ੍ਰੀ ਅਰਿਬਿੰਦੋ ਅਨੁਸਾਰ, "ਗੀਤਾ ਵਿਚ ਕਿਹਾ ਗਿਆ ਹੈ ਕਿ ਇਹ ਪ੍ਰਬੰਧ ਦੈਵੀ ਨਿਯਮ ਦਾ ਅਨੁਸਾਰੀ ਹੈ, ਇਹ ਮੇਰੇ ਦੁਆਰਾ ਗੁਣਾਂ ਅਤੇ ਕੰਮਾਂ ਦੀ ਵੰਡ ਅਨੁਸਾਰ ਬਣਾਇਆ ਗਿਆ ਸੀ (ਮੇਰੇ ਤੋਂ ਭਾਵ ਇਥੇ ਗੀਤਾ ਦੇ ਰਚੈਤਾ ਸ੍ਰੀ ਕ੍ਰਿਸ਼ਨ ਤੋਂ ਹੈ) ਆਦਿ ਤੋਂ ਸ੍ਰਿਸ਼ਟੀ ਦੇ ਸੁਆਮੀ ਦੁਆਰਾ ਬਣਾਇਆ ਗਿਆ ਸੀ।" ( Sri Aurobindo, Essays on the Gita, Published by Sri Aurobindo Ashram, Pondicherry, p. 492)

ਇਸੇ ਤਰ੍ਹਾਂ ਮਨੁੱਖਾ-ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਅਤੇ ਹਰ ਆਸ਼ਰਮ ਲਈ ਧਾਰਮਕ ਫ਼ਰਜ਼ ਅਤੇ ਅਮਲ ਥਾਪੇ ਗਏ ਜਿਨ੍ਹਾਂ ਨੂੰ ਆਸ਼ਰਮ-ਧਰਮ ਦਾ ਨਾਮ ਦਿੱਤਾ ਗਿਆ। ਪਹਿਲਾ ਬ੍ਰਹਮਚਾਰੀ ਆਸ਼ਰਮ, ਜਿਸ ਵਿਚ ਆਪਣੇ ਵਰਣ ਅਨੁਸਾਰ ਗੁਰੂਕੁਲ ਵਿਚ ਜਾ ਕੇ ਸ਼ਾਸਤਰਾਂ ਦਾ ਗਿਆਨ ਅਤੇ ਸਿੱਖਿਆ ਪ੍ਰਾਪਤ ਕਰਨਾ ਸ਼ਾਮਲ ਸੀ (ਇਹ ਅਧਿਕਾਰ ਸਿਰਫ ਬ੍ਰਾਹਮਣ ਅਤੇ ਖਤਰੀ ਨੂੰ ਪ੍ਰਾਪਤ ਸੀ), ਦੂਸਰਾ ਸੀ ਗ੍ਰਿਹਸਥ ਆਸ਼ਰਮ ਜਿਸ ਵਿਚ ਸ਼ਾਦੀ ਕਰਵਾ ਕੇ ਸਮਾਜ ਅਤੇ ਪਿਤਰਾਂ ਪ੍ਰਤੀ ਫ਼ਰਜ਼ ਪੂਰੇ ਕਰਨੇ, ਤੀਸਰਾ ਸੀ ਵਾਣਪ੍ਰਸਤ ਆਸ਼ਰਮ ਜਿਸ ਵਿਚ ਜੰਗਲਾਂ ਵਿਚ ਜਾ ਕੇ ਤਪ ਆਦਿ ਕਰਨਾ ਅਤੇ ਚੌਥਾ ਸੀ ਸੰਨਿਆਸ ਆਸ਼ਰਮ ਜਿਸ ਵਿਚ ਸੰਸਾਰ ਦਾ ਪੂਰਨ ਤਿਆਗ ਕਰਨਾ ਸ਼ਾਮਲ ਸੀ। ਇਸ ਵਿਚ ਮਨੁੱਖ ਦੇ ਜੀਵਨ-ਕਾਲ ਨੂੰ ਸੌ ਸਾਲ ਦਾ ਮੰਨ ਕੇ ਹਰ ਆਸ਼ਰਮ ਪੱਚੀ ਸਾਲ ਦਾ ਮੰਨਿਆ ਗਿਆ। ਸਮੇਂ ਦੇ ਬੀਤਣ ਨਾਲ ਸਮਾਜਕ ਦਰਜਾਬੰਦੀ ਦਾ ਇਹ ਪ੍ਰਬੰਧ ਯੋਗਤਾ ਅਤੇ ਗੁਣਾਂ 'ਤੇ ਆਧਾਰਤ ਨਾ ਹੋ ਕੇ ਵਿਰਾਸਤੀ ਬਣ ਗਿਆ ਅਰਥਾਤ ਕਰਮ 'ਤੇ ਆਧਾਰਤ ਨਾ ਹੋ ਕੇ ਜਨਮ 'ਤੇ ਆਧਾਰਤ ਹੋ ਗਿਆ। ਇਹ ਪ੍ਰਬੰਧ ਏਨਾ ਕੱਟੜ ਰੂਪ ਧਾਰਨ ਕਰ ਗਿਆ ਕਿ ਪਿਛਲੀ ਸਾਰੀ ਸਦੀ ਵਿਚ ਬੇਹੱਦ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਸ ਨੂੰ ਤੋੜਨਾ ਸੰਭਵ ਨਹੀਂ ਹੋ ਸਕਿਆ। ਇਸ ਨੇ ਨਾ ਸਿਰਫ ਸਮਾਜਕ ਨਾ-ਬਰਾਬਰੀ ਨੂੰ ਹੀ ਜਨਮ ਦਿੱਤਾ ਸਗੋਂ ਆਪਸੀ ਨਫ਼ਰਤ ਅਤੇ ਕਸ਼ਮਕਸ਼ ਦਾ ਕਾਰਨ ਵੀ ਬਣਿਆ। ਸ੍ਰੀ ਅਰਿਬਿੰਦੋ ਅਨੁਸਾਰ, "ਪੁਰਾਣਾ ਪ੍ਰਬੰਧ ਟੁੱਟ ਗਿਆ ਅਤੇ ਉਸ ਨੇ ਥਾਂ ਦਿੱਤੀ-ਘੜਮੱਸ ਵਾਲੀ ਤੇ ਗੁੰਝਲਦਾਰ ਸਮਾਜਕ ਕੱਟੜਤਾ ਅਤੇ ਆਰਥਕ ਗਤੀਹੀਣਤਾ ਨੂੰ, ਜੋ ਜਾਤਾਂ ਦੇ ਅਫਰਾ-ਤਫਰੀ ਦੇ ਵਿਗਾੜ ਅਤੇ ਨਿਘਾਰ ਵਿਚ ਤਬਦੀਲ ਹੋ ਗਈ।" (ਉਹੀ, ਪੰਨਾ 495) ਇਹ ਪ੍ਰਬੰਧ ਸਮਾਜਕ ਗਤੀ ਤੇ ਬਹੁਤ ਜ਼ਿਆਦਾ ਅਸਰ-ਅੰਦਾਜ਼ ਹੋਇਆ ਜਿਵੇਂ ਕਿ ਅੱਗੇ ਚੱਲ ਕੇ ਸ੍ਰੀ ਅਰਿਬਿੰਦੋ ਨੇ ਹੀ ਦੱਸਿਆ ਹੈ, "ਉਸ ਦਾ ਰੁਤਬਾ ਅਮਲੀ ਰੂਪ ਵਿਚ ਆਮ ਤੌਰ 'ਤੇ ਜਨਮ ਨਾਲ ਹੀ ਸਗੋਂ ਸਿਰਫ ਜਨਮ ਰਾਹੀਂ ਹੀ ਸ਼ਾਸਤ ਹੋਣ ਲੱਗਿਆ ਅਤੇ ਪਿੱਛੋਂ ਦੇ ਪ੍ਰਬੰਧ ਵਿਚ ਰੁਤਬੇ ਦਾ ਨਿਯਮ ਸਿਰਫ ਤੇ ਸਿਰਫ ਜਾਤ ਨਾਲ ਬੱਝ ਗਿਆ। ਬ੍ਰਾਹਮਣ ਦਾ ਪੁੱਤਰ ਰੁਤਬੇ ਵੱਲੋਂ ਹਮੇਸ਼ਾ ਹੀ ਬ੍ਰਾਹਮਣ ਹੋ ਗਿਆ, ਭਾਵੇਂ ਉਸ ਵਿਚ ਬ੍ਰਾਹਮਣ ਦੇ ਗੁਣ ਅਤੇ ਚਰਿਤਰ ਨਾ ਹੋਵੇ, ਕੋਈ ਬੌਧਿਕ ਸਿਖਲਾਈ ਜਾਂ ਅਧਿਆਤਮਕ ਅਨੁਭਵ, ਧਾਰਮਕ ਯੋਗਤਾ ਜਾਂ ਗਿਆਨ ਨਾ ਹੋਵੇ। (ਉਹੀ, ਪੰਨਾ 496) ਇਸ ਪ੍ਰਬੰਧ ਨੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਅਤੇ ਗ਼ੁਲਾਮੀ ਅਤੇ ਸਮਾਜਕ ਨਾ-ਬਰਾਬਰੀ ਦਾ ਆਧਾਰ ਸਿਰਜਿਆ। ਸਮਾਜ ਦੇ ਇੱਕ ਬਹੁਤ ਵੱਡੇ ਹਿੱਸੇ ਨੂੰ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ। ਇਸ ਧਾਰਮਕ ਦਰਸ਼ਨ ਦਾ ਨਤੀਜਾ ਤਕੜਿਆਂ ਹੱਥੋਂ ਕਮਜ਼ੋਰ ਵਰਗਾਂ ਦੀ ਲੁੱਟ-ਖਸੁੱਟ ਵਿਚ ਨਿਕਲਿਆ।

ਅਸਲ ਵਿਚ ਹਰ ਧਰਮ ਦਰਸ਼ਨ ਵਿਚ ਪਰਮਸਤਿ ਦਾ ਜੋ ਸੰਕਲਪ ਹੈ ਅਤੇ ਉਸ ਵੱਲੋਂ ਸ੍ਰਿਸ਼ਟੀ ਰਚਨਾ ਕਿਵੇਂ ਕੀਤੀ ਗਈ, ਉਸ ਦਾ ਆਪਣੀ ਰਚਨਾ ਨਾਲ ਕਿਸ ਕਿਸਮ ਦਾ ਸਬੰਧ ਹੈ ਆਦਿ ਸਿਧਾਂਤ ਦਾ ਉਸ ਧਰਮ ਦੀ ਸਮਾਜਕ ਬਣਤਰ ਤੇ ਬਹੁਤ ਗਹਿਰਾ ਅਸਰ ਪੈਂਦਾ ਹੈ। ਹਿੰਦੂ ਸ਼ਾਸਤਰਾਂ ਅਤੇ ਸਿਮ੍ਰਤੀਆਂ ਵਿਚ ਭਾਵੇਂ ਇਹ ਦੱਸਿਆ ਗਿਆ ਹੈ ਕਿ ਇਹ ਸੰਪੂਰਨ ਵਿਸ਼ਵ ਉਸੇ ਭਗਵਾਨ ਨਰਾਇਣ ਵਿਚ ਸਥਿਤ ਹੈ, ਜੋ ਆਪ ਪ੍ਰਾਕ੍ਰਿਤਕ ਗੁਣਾਂ ਤੋਂ ਰਹਿਤ, ਅਜਨਮਾ ਅਤੇ ਪੁਰਸ਼ੋਤਮ ਹੈ, ਉਹ ਕੇਵਲ ਗਿਆਨ-ਸਰੂਪ ਹੈ ਅਤੇ ਅੰਤਰ-ਆਤਮਾ ਦੇ ਰੂਪ ਵਿਚ ਇੱਕ-ਰਸ ਸਥਿਤ ਹੈ। ਹਰ ਇੱਕ ਕਾਲ ਵਿਚ ਉਹ ਆਪਣੇ ਆਪ ਵਿਚ ਸ੍ਰਿਸ਼ਟੀ ਕਰਦਾ ਹੈ, ਪਾਲਣਾ ਕਰਦਾ ਹੈ ਅਤੇ ਸੰਘਾਰ ਕਰਦਾ ਹੈ। ਪਰ ਭਾਗਵਤ ਪੁਰਾਣ ਵਿਚ ਹੀ ਸਾਨੂੰ ਉਦਾਹਰਣਾਂ ਮਿਲਦੀਆਂ ਹਨ ਕਿ ਪਰਮ ਸਤਿ ਦੀ ਰਚਨਾ ਹੋਣ ਤੇ ਵੀ ਸਾਰੇ ਮਨੁੱਖਾਂ ਨੂੰ ਜਨਮ ਤੋਂ ਬਰਾਬਰ ਨਹੀਂ ਮੰਨਿਆ ਗਿਆ। ਖਾਣੀਆਂ ਅਤੇ ਬਾਣੀਆਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਹੈ ਕਿ ਸਭ ਤੋਂ ਸ੍ਰੇਸ਼ਟ ਦੋ ਚਰਣ ਵਾਲੇ ਜੀਵ ਭਾਵ ਮਨੁੱਖ ਹਨ, ਉਨ੍ਹਾਂ ਵਿਚੋਂ ਚਾਰ ਵਰਣ ਅਤੇ ਵਰਣਾਂ ਵਿਚੋਂ ਵੀ ਬ੍ਰਾਹਮਣ, ਬ੍ਰਾਹਮਣਾਂ ਵਿਚੋਂ ਵੇਦ ਨੂੰ ਜਾਣਨ ਵਾਲੇ, ਆਦਿ ਆਦਿ (ਸ੍ਰੀਮਦ ਭਾਗਵਤ ਪੁਰਾਣ, ਤ੍ਰਿਤੀਅ ਸਕੰਧ, ਪੰਨਾ 243) ਮਨੂੰ ਸਿਮ੍ਰਤੀ ਵਿਚ ਵੀ ਇਹ ਵਿਚਾਰ ਮਿਲਦਾ ਹੈ। ਇਸ ਦੇ ਨਾਲ ਹੀ ਵੱਖ ਵੱਖ ਵਰਣਾਂ ਨੂੰ ਭਗਵਾਨ ਦੇ ਵੱਖ ਵੱਖ ਅੰਗਾਂ ਤੋਂ ਪੈਦਾ ਹੋਏ ਮੰਨਿਆ ਗਿਆ ਹੈ ਜਿਸ ਰਾਹੀਂ ਉਨ੍ਹਾਂ ਦੀ ਅਹਿਮੀਅਤ ਜਾਂ ਸਮਾਜਕ ਦਰਜ਼ਾ ਵੀ ਨਿਰਧਾਰਤ ਕੀਤਾ ਹੈ। ਮਿਸਾਲ ਵਜੋਂ ਭਾਗਵਤ ਪੁਰਾਣ ਵਿਚ ਦੱਸਿਆ ਹੈ ਕਿ ਉਸ ਅੰਡੇ ਨੂੰ ਫੋੜ ਕੇ ਉਹੀ ਵਿਰਾਟ ਪੁਰਸ਼ ਨਿਕਲਿਆ, ਜਿਸ ਦੀਆਂ ਜੰਘਾਂ, ਚਰਨ, ਭੁਜਾਵਾਂ, ਨੇਤਰ, ਮੁੱਖ ਅਤੇ ਸਿਰ ਸਹਸਤ੍ਰਾਂ ਦੀ ਸੰਖਿਆ ਵਿਚ ਹਨ। ਬ੍ਰਾਹਮਣ ਇਸ ਵਿਰਾਟ ਪੁਰਸ਼ ਦਾ ਮੁੱਖ ਹਨ, ਭੁਜਾਵਾਂ ਖਤਰੀ ਹਨ, ਜੰਘਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਉਤਪੰਨ ਹੋਏ ਹਨ। (ਉਹੀ)

ਗੁਰੂ ਨਾਨਕ ਦੇਵ ਦੇ ਸਮੇਂ ਤੱਕ ਪਹੁੰਚਦਿਆਂ ਭਾਰਤੀ ਸਮਾਜ ਜਿਸ ਗਿਰਾਵਟ ਤੱਕ ਪਹੁੰਚ ਗਿਆ ਸੀ, ਉਸ ਦਾ ਜ਼ਿਕਰ ਸਾਨੂੰ ਉਨ੍ਹਾਂ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਲੀਭਾਂਤ ਮਿਲ ਜਾਂਦਾ ਹੈ। ਆਸ਼ਰਮ ਧਰਮ ਦੇ ਸੰਕਲਪ ਨੇ ਇਸਤਰੀ ਦੇ ਸਮਾਜਕ ਰੁਤਬੇ ਤੇ ਵੀ ਬਹੁਤ ਅਸਰ ਪਾਇਆ। ਸੰਨਿਆਸ ਅਤੇ ਵਾਣਪ੍ਰਸਤ ਆਸ਼ਰਮ ਧਰਮ ਤਿਆਗ ਦਾ ਰਸਤਾ ਹੈ ਜਿਸ ਨੇ ਇਸਤਰੀ ਦੇ ਸਮਾਜਕ ਸਬੰਧਾਂ ਅਤੇ ਅਧਿਕਾਰਾਂ ਨੂੰ ਬਹੁਤ ਪ੍ਰਭਾਵਤ ਕੀਤਾ। ਬ੍ਰਹਮਚਾਰੀ ਆਸ਼ਰਮ, ਵਾਣ-ਪ੍ਰਸਤ ਆਸ਼ਰਮ ਅਤੇ ਸੰਨਿਆਸ ਆਸ਼ਰਮ ਦੇ ਕਾਰਨ ਮਨੁੱਖੀ ਜੀਵਨ ਦਾ ਚੌਥਾ ਹਿੱਸਾ ਹੀ ਗ੍ਰਹਿਸਥ ਆਸ਼ਰਮ ਵਿਚ ਗੁਜ਼ਰਦਾ ਹੈ ਅਤੇ ਤਿੰਨ ਹਿੱਸੇ ਜੀਵਨ ਤਿਆਗ ਦੀ ਮੰਗ ਕਰਦਾ ਹੈ। ਸ਼ਾਸਤਰਾਂ-ਸਿਮ੍ਰਤੀਆਂ ਵਿਚੋਂ ਅਨੇਕਾਂ ਫਿਰਕੇ ਅਤੇ ਮੱਤ ਬਣੇ ਜਿਨ੍ਹਾਂ ਵਿਚੋਂ ਯੋਗ ਅਤੇ ਹਠ ਯੋਗ ਦਾ ਸਮੁੱਚੇ ਸਮਾਜ ਨੇ ਬਹੁਤ ਅਸਰ ਕਬੂਲਿਆ ਜਿਸ ਨੇ ਇਸਤਰੀ ਦੇ ਸਮਾਜਕ ਪੱਧਰ ਨੂੰ ਹਾਸ਼ੀਏ ਤੇ ਧੱਕ ਦਿੱਤਾ। ਇੱਥੋਂ ਤੱਕ ਕਿ ਸ਼ੂਦਰ ਅਤੇ ਇਸਤਰੀ ਦਾ ਸਮਾਜਕ ਰੁਤਬਾ ਅਰਥਹੀਣ ਹੋ ਗਿਆ।

**ਸਮਾਜਕ ਬਰਾਬਰੀ ਦਾ ਸੰਕਲਪ:** ਜਦੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਜੋਤਿ ਦਾ ਇਸ ਸੰਸਾਰ 'ਤੇ ਪ੍ਰਕਾਸ਼ ਹੋਇਆ ਤਾਂ ਭਾਰਤੀ ਸਮਾਜ ਦਾ ਢਾਂਚਾ ਬਹੁਤ ਹੀ ਅਧੋਗਤੀ ਵਿਚ ਜਾ ਚੁਕਾ ਸੀ। ਸਮਾਜਕ ਬਰਾਬਰੀ ਨਾਮ ਦੀ ਚੀਜ਼ ਬਹੁਤ ਦੂਰ ਦੀ ਗੱਲ ਹੋ ਗਈ ਸੀ। ਗੁਰੂ ਨਾਨਕ ਨੇ ਤਿੰਨ ਪ੍ਰਮੁੱਖ ਏਜੰਸੀਆਂ ਦੀ ਪਛਾਣ ਕੀਤੀ ਹੈ ਜੋ ਮਨੁੱਖ ਦੀ ਮਨੁੱਖ ਰਾਹੀਂ ਲੁੱਟ-ਖਸੁੱਟ ਅਤੇ ਸਮਾਜਕ ਨਾ-ਬਰਾਬਰੀ ਲਈ ਜ਼ਿੰਮੇਵਾਰ ਸਨ। ਇਹ ਸਨ-ਧਾਰਮਕ ਆਗੂ, ਰਾਜੇ ਅਤੇ ਉਨ੍ਹਾਂ ਦੇ ਅਹਿਲਕਾਰ, ਬਾਹਰਲੇ ਹਮਲਾਵਰ। ਬ੍ਰਾਹਮਣ (ਪੁਜਾਰੀ ਜਮਾਤ) ਸਮਾਜਕ ਦਰਜਾਬੰਦੀ ਵਿਚ ਸਭ ਤੋਂ ਉਚੀ ਜਮਾਤ ਹੋਣ ਦੇ ਨਾਤੇ ਸਮਾਜ ਉਤੇ ਉਸ ਦਾ ਸ਼ਿਕੰਜਾ ਬਹੁਤ ਮਜ਼ਬੂਤ ਸੀ। ਧਾਰਮਕ ਗਿਆਨ ਅਤੇ ਧਾਰਮਕ ਅਮਲ ਅਤੇ ਕਰਮ ਦਾ ਅਧਿਕਾਰ ਹੋਣ ਦੇ ਨਾਤੇ ਉਹ ਸਮਾਜ ਦਾ ਸ਼ੋਸ਼ਣ ਕਈ ਤਰ੍ਹਾਂ ਨਾਲ ਕਰ ਰਹੇ ਸੀ। ਗੁਰੂ ਨਾਨਕ ਨੇ ਆਸਾ ਦੀ ਵਾਰ ਅਤੇ ਹੋਰ ਬਾਣੀਆਂ ਵਿਚ ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਹਨ। ਉਹ ਬ੍ਰਾਹਮਣ ਬਾਰੇ ਗੱਲ ਕਰਦਿਆਂ ਕਹਿੰਦੇ ਹਨ ਕਿ ਪਖੰਡੀ ਬ੍ਰਾਹਮਣ ਪੁਜਾਰੀ ਧਾਰਮਕ ਪੁਸਤਕਾਂ ਦਾ ਪਾਠ ਅਤੇ ਸੰਧਿਆ ਦਾ ਉਚਾਰਣ ਮਹਿਜ ਇੱਕ ਰਸਮ ਵੱਜੋਂ ਕਰ ਰਿਹਾ ਹੈ। ਉਹ ਆਪਣੇ ਠਾਕਰਾਂ ਦੀ ਪੂਜਾ ਕਰਦਾ ਹੈ ਅਤੇ ਬਗਲੇ ਦੀ ਤਰ੍ਹਾਂ ਸਮਾਧੀ ਸਥਿਤ ਹੁੰਦਾ ਹੈ (ਬਗਲੇ ਬਾਰੇ ਮਸ਼ਹੂਰ ਹੈ ਕਿ ਉਹ ਮੱਛੀ ਤੇ ਦਾਅ ਲਗਾਉਣ ਲਈ ਪਾਣੀ ਵਿਚ ਇੱਕ ਟੰਗ ਦੇ ਭਾਰ ਖੜ੍ਹਾ ਹੋ ਜਾਂਦਾ ਹੈ। ਇਥੇ ਬ੍ਰਾਹਮਣ ਦਾ ਸਮਾਧੀ ਲਾਉਣਾ ਲੋਕਾਂ ਦੀ ਲੁੱਟ-ਖਸੁੱਟ ਦਾ ਸੰਕੇਤਕ ਹੈ)। ਉਸ ਦੇ ਧਾਰਮਕ ਅੰਦਾਜ਼ ਦੇ ਬਾਵਜੂਦ ਉਸ ਦੇ ਮੁੱਖ ਵਿਚ ਝੂਠ ਉਵੇਂ ਹੀ ਹੈ ਜਿਵੇਂ ਸੋਨੇ ਦੀ ਥਾਂ ਮੁਲੱਮੇ ਦੇ ਗਹਿਣੇ ਹੋਣ। (ਗੁਰੂ ਗ੍ਰੰਥ ਸਾਹਿਬ, ਪੰਨਾ 470) ਗੁਰਬਾਣੀ ਵਿਚ ਪੁਜਾਰੀ ਜਮਾਤ ਅਤੇ ਸਾਸ਼ਕ ਜਮਾਤ ਦੇ ਇਸ ਕਿਸਮ ਦੇ ਪਖੰਡ ਅਤੇ ਆਮ ਲੋਕਾਂ ਦੇ ਸੋਸ਼ਣ ਦੀਆਂ ਹੋਰ ਵੀ ਬਹੁਤ ਮਿਸਾਲਾਂ ਦਿੱਤੀਆਂ ਗਈਆਂ ਹਨ। ਇੱਕ ਪਾਸੇ ਗਊ ਅਤੇ ਬ੍ਰਾਹਮਣ ਨੂੰ ਕਰ ਲਾਉਂਦੇ ਹਨ ਅਤੇ ਦੂਜੇ ਪਾਸੇ ਗਊ ਦੇ ਗੋਬਰ ਨੂੰ ਪਵਿੱਤਰ ਸਮਝ ਕੇ ਉਸ ਦਾ ਪੋਚਾ ਲਾਉਂਦੇ ਹਨ। ਇੱਕ ਪਾਸੇ ਤੇੜ ਧੋਤੀ ਲਾਈ ਹੈ, ਮੱਥੇ ਤੇ ਟਿੱਕਾ ਅਤੇ ਗਲ ਵਿਚ ਮਾਲਾ ਪਹਿਨ ਰੱਖੀ ਹੈ, ਦੂਸਰੇ ਪਾਸੇ ਮੁਸਲਮਾਨਾਂ ਤੋਂ ਪਦਾਰਥ ਲੈ ਕੇ ਖਾਂਦਾ ਹੈ, ਨਾਲ ਹੀ ਉਨ੍ਹਾਂ ਨੂੰ ਮਲੇਛ ਵੀ ਕਹਿੰਦਾ ਹੈ। ਅੰਦਰ ਵੜ ਕੇ ਪੂਜਾ ਕਰਦਾ ਹੈ ਅਤੇ ਬਾਹਰ ਤੁਰਕਾਂ ਭਾਵ ਮੁਸਲਮਾਨਾਂ ਨੂੰ ਦਿਖਾਉਣ ਲਈ ਉਨ੍ਹਾਂ ਦੇ ਧਾਰਮਕ ਗ੍ਰੰਥ ਕੁਰਾਨ ਆਦਿ ਨੂੰ ਪੜ੍ਹਦਾ ਹੈ। ਇਹ ਉਚ-ਵਰਗ ਵੱਲੋਂ ਅਪਨਾਏ ਗਏ ਦੋਹਰੇ ਮਾਪਦੰਡਾਂ ਵੱਲ ਸੰਕੇਤ ਹੈ। ਮਨੁੱਖਾਂ ਦਾ ਲਹੂ ਪੀਣ ਵਾਲੇ ਵੱਢੀਖੋਰ ਮੁਸਲਮਾਨ ਹਾਕਮ ਨਮਾਜ਼ ਪੜ੍ਹਦੇ ਹਨ ਅਤੇ ਇਨ੍ਹਾਂ ਦੇ ਅੱਗੇ ਉਹ ਖਤਰੀ ਕਰਮਚਾਰੀ ਹਨ ਜੋ ਲੋਕਾਂ ਦੇ ਗਲ 'ਤੇ ਛੁਰੀ ਚਲਾਉਂਦੇ ਹਨ ਪਰ ਗਲ ਵਿਚ ਜਨੇਊ ਪਹਿਨ ਕੇ ਧਾਰਮਕ ਹੋਣ ਦਾ ਦਿਖਾਵਾ ਕਰਦੇ ਹਨ। ਅੱਗੋਂ ਉਨ੍ਹਾਂ ਦੇ ਘਰ ਬ੍ਰਾਹਮਣ ਜਾ ਕੇ ਪੂਜਾ ਕਰਦੇ ਹਨ ਅਤੇ ਅਜਿਹੀ ਕਮਾਈ ਦੇ ਬਣੇ ਪਦਾਰਥ ਖਾਂਦੇ ਹਨ। ਇਸ ਤਰ੍ਹਾਂ ਇਹ ਸਭ ਝੂਠ ਦੀ ਕਮਾਈ ਹੈ। ਮੁਸਲਮਾਨਾਂ ਨੂੰ ਮਲੇਛ ਵੀ ਕਹਿੰਦੇ ਹਨ ਅਤੇ ਉਨ੍ਹਾਂ ਤੋਂ ਧਾਨ ਵੀ ਲੈ ਕੇ ਖਾਂਦੇ ਹਨ। ਉਨ੍ਹਾਂ ਦਾ ਕਲਮਾ ਪੜ੍ਹ ਕੇ ਹਲਾਲ ਕੀਤਾ ਰਿੰਨ੍ਹਿਆ ਬੱਕਰਾ ਖਾਂਦੇ ਹਨ ਅਤੇ ਪੁਰਾਣਾਂ ਦੀ ਪੂਜਾ ਕਰਨ ਦਾ ਪਖੰਡ ਵੀ ਕਰਦੇ ਹਨ। ਚੌਕਾ ਲਿੱਪ ਕੇ ਰੇਖਾ ਖਿੱਚ ਦਿੰਦੇ ਹਨ ਕਿ ਇਸ ਉਤੇ ਕਿਸੇ ਨੇ ਨਹੀਂ ਆਉਣਾ, ਚੌਕਾ ਭਿੱਟਿਆ ਜਾਵੇਗਾ। ਇਸ ਤਰ੍ਹਾਂ ਸ਼ਰਮ ਅਤੇ ਧਰਮ ਦੋਵੇਂ ਦੂਰ ਰਹਿ ਗਏ ਹਨ। ਰਾਜਿਆਂ ਨੂੰ ਸ਼ੀਂਹ ਕਿਹਾ ਹੈ ਅਤੇ ਉਨ੍ਹਾਂ ਦੇ ਅਹਿਲਕਾਰਾਂ ਦੀ ਤੁਲਨਾ ਕੁੱਤਿਆਂ ਨਾਲ ਕੀਤੀ ਹੈ ਜੋ ਆਪਣੇ ਭਰਾਵਾਂ ਦਾ ਖ਼ੂਨ ਪੀਂਦੇ ਹਨ।

*(ਚਲਦਾ...)*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਪ੍ਰਿੰਸੀਪਲ ਸਰਵਣ ਸਿੰਘ ਨੂੰ ਜਿੰਦਾਂ ਮੈਂ ਜਾਣਦਾਂ

*ਸ਼ਰਧਾਂਜਲੀ ਸਮਾਗਮ 'ਤੇ ਗਏ ਕਈ ਬੰਦੇ ਇੱਦਾਂ ਦਾ ਭਾਸ਼ਣ ਕਰਨਗੇ ਕਿ ਲੋਕ ਸੋਚਦੇ ਨੇ 'ਹੈਂ! ਇਹਨੂੰ ਏਨਾ ਦੁੱਖ ਐ?' ਅਸਲ ਵਿਚ ਉਨ੍ਹਾਂ ਦਾ ਮਕਸਦ ਹਮਦਰਦੀ ਘੱਟ, ਆਪਣੀ ਹਉਮੈ ਨੂੰ ਚੂਰੀ ਸੁੱਟਣ ਦਾ ਯਤਨ 'ਮੈਂ' ਸ਼ਬਦ ਹੇਠ ਲੁਕਿਆ ਹੁੰਦਾ ਹੈ। ਜਾਣ ਵਾਲਾ ਤਾਂ ਕਈ ਵਾਰ ਸਾਰੀ ਉਮਰ ਆਪਣੇ ਜੋਗਾ ਵੀ ਨਹੀਂ ਹੁੰਦਾ, ਉਹਨੇ ਆਲੇ-ਦੁਆਲੇ ਨੂੰ ਕੀ ਦੇਣੈ? ਕਈ ਬੰਦੇ ਥੋਡੇ ਮੁਕੱਦਰ ਬਦਲਨ ਦੇ ਦਾਅਵੇ ਕਰਦੇ ਹਨ ਪਰ ਆਪ ਬੋਦੀ ਆਲੇ ਮੂਹਰੇ ਮੀਟਰ ਲੰਬਾ ਹੱਥ ਕੱਢ ਕੇ ਪੁੱਛਦੇ ਨੇ-ਡਾਢਾ ਸਾਡੀ ਵੀ ਸੁਣੂੰ? ਬਹੁਤ ਲੋਕ ਹੜ੍ਹ ਦੇ ਪਾਣੀ ਵਾਂਗ ਆਏ ਪਰ ਪਿੱਛੋਂ ਛੱਪੜੀ ਵਾਂਗ ਸੜ੍ਹਿਆਂਦ ਮਾਰਨ ਲੱਗ ਪਏ। ਕਈ ਵਾਰ ਲੋਕ ਪਹਿਲੀ ਵਾਰ ਮਿਲਣਗੇ ਤਾਂ ਪੈਰਾਂ ਨੂੰ ਪੈਣਗੇ ਤੇ ਜਾਣ ਲੱਗੇ ਗਲ ਵੱਲ ਨੂੰ ਦੇਖ ਰਹੇ ਹੁੰਦੇ ਹਨ ਕਿਉਂਕਿ ਇਨ੍ਹਾਂ ਨੇ ਸਿਰਫ਼ ਮਤਲਬ ਹੀ ਮੋਢਿਆਂ 'ਤੇ ਰੱਖਿਆ ਹੁੰਦੈ। ਜਦੋਂ ਅੱਖਾਂ ਖੁੱਲ੍ਹੀਆਂ ਹੋਣ ਪਰ ਦਿਸੇ ਨਾ ਤਾਂ ਜਾਣ ਲਵੋ ਕਿ ਦਿਲ ਤੇ ਦਿਮਾਗ ਦੀ ਅਣਬਣ ਹੈ। ਕਈ ਪਤੀ ਸਵੇਰ ਨੂੰ ਜਾਗਣ ਤੱਕ ਹੀ ਪਤਨੀ ਦੇ ਹੁੰਦੇ ਨੇ। ਉਨ੍ਹਾਂ ਲੋਕਾਂ ਤੋਂ ਪ੍ਰਛਾਵੇ ਵਾਂਗ ਪਿੱਛਾ ਛੁਡਾਉਣਾ ਤਾਂ ਔਖਾ ਹੁੰਦਾ ਹੈ ਪਰ ਕੈਲੰਡਰ ਵਾਂਗ ਬਦਲ ਜਾਣ ਵਾਲਿਆਂ ਨੂੰ ਲੜ ਹੀ ਨਾ ਫੜਾਓ। ਕਈ ਅੱਡੀਆਂ ਕੂਚ ਕੇ ਚੁਬਾਰੇ ਤਾਂ ਚੜ੍ਹ ਗਈਆਂ ਪਰ ਹੇਠਾਂ ਉਤਰਦਿਆਂ ਪੈਰਾਂ 'ਚ ਝਾਂਜਰਾਂ ਤਾਂ ਸਨ, ਬੋਰ ਗੁਆ ਆਈਆਂ। ਗਊ ਨੂੰ ਸਾਰੀ ਉਮਰ ਪਤਾ ਹੀ ਨਹੀਂ ਲੱਗਾ ਕਿ ਉਹਦੀ ਪੂਜਾ ਵੀ ਹੁੰਦੀ ਐ? ਵਰਨਾ, ਉਹਨੇ ਬੇਈਮਾਨੀ ਤੇ ਲੁੱਟ ਦੀ ਕਮਾਈ ਦਾ ਪੇੜਾ ਦੇਣ ਵਾਲਿਆਂ ਦਾ ਢਿੱਡ ਖਿੱਦੋ ਵਾਂਗ ਖਿਲਾਰ ਸੁੱਟਣਾ ਸੀ। ਜਿਸ ਇਨਸਾਨ ਦੀ ਕਿਸੇ ਵੀ ਊਣਤਾਈ ਦਾ ਮੇਰੇ ਕੋਲ ਤਰਕ ਨਹੀਂ ਹੈ, ਉਹ ਪ੍ਰਿੰਸੀਪਲ ਸਰਵਣ ਸਿੰਘ ਹੈ। ਉਹਦੀਆਂ ਲਿਖਤਾਂ ਨੂੰ ਜਾਣਨ ਵਾਲੇ ਹਿੱਕ ਨਾਲ ਨਹੀਂ, ਕਾਲਜੇ ਨਾਲ ਵੱਧ ਲਾਉਂਦੇ ਹਨ-ਕਿਤੇ ਉਹ ਮੇਰੇ ਸ਼ਰਧਾਂਜਲੀ ਸਮਾਗਮ 'ਤੇ ਹੀ ਨਾ ਆ ਜਾਵੇ। ਇਸ ਲਈ ਇਕ ਫਰਜ਼ ਪੂਰਾ ਕਰਨ ਲੱਗਾਂ, ਹਾਲਾਂਕਿ ਮੇਰੇ ਸ਼ਬਦ ਉਹਦੀ ਸ਼ਖ਼ਸੀਅਤ ਤੋਂ ਡਿੱਗ ਕੇ ਜ਼ਖ਼ਮੀ ਕਈ ਵਾਰ ਹੋਏ ਹਨ। ਸਰਵਣ ਸਿੰਘ ਬਾਰੇ ਲਿਖਦਿਆਂ ਕਈ ਸ਼ਬਦ ਲਾਈਨ 'ਚ ਲੱਗੇ ਰਹੇ ਹਨ, ਉਨ੍ਹਾਂ ਦੀ ਵਾਰੀ ਹੀ ਨਹੀਂ ਆਈ; ਉਨ੍ਹਾਂ ਤੋਂ ਮੁਆਫ਼ੀ ਚਾਹਾਂਗਾ-ਚਲੋ ਇਹ ਵੀ...*

ਅੱਜ ਦੇ ਯੁੱਗ ਵਿਚ ਮਹਾਪੁਰਸ਼ ਕਹਾਉਣ ਵਾਲਿਆਂ ਨੂੰ ਵੀ ਸ਼ਾਇਦ ਮਹਾਪੁਰਸ਼ ਦੇ ਅਰਥ ਨਾ ਪਤਾ ਹੋਣ। ਚਾਰ ਅੱਖਰ ਲਿਖ ਕੇ ਕੋਈ ਲੇਖਕ ਨਹੀਂ ਬਣ ਜਾਂਦਾ। ਲੇਖਕ ਬਣਨ ਲਈ ਪ੍ਰਿੰ. ਸਰਵਣ ਸਿੰਘ ਵਾਂਗ ਜ਼ਿੰਦਗੀ ਭਰ ਅੱਖਰਾਂ ਨਾਲ ਘੁਲਣਾ ਪੈਂਦਾ ਹੈ। ਮੈਂ ਪ੍ਰਿੰ. ਸਰਵਣ ਸਿੰਘ ਦੀ ਗੱਲ ਤਾਂ ਕਰਨ ਲੱਗਾ ਹਾਂ ਕਿਉਂਕਿ ਉਹਦੇ ਬਾਰੇ ਗੱਲ ਕਰਨੀ ਸੱਚੀਂ ਔਖੀ ਹੈ, ਭਾਵੇਂ ਸ਼ਬਦਾਂ ਦੇ ਟੋਕਰੇ ਭਰ ਭਰ ਕੇ ਅੱਗੇ ਧਰ ਲਵੋ। ਮੈਂ ਚੌਦਵੇਂ ਸਾਲ 'ਚ ਲਿਖਣ ਲੱਗ ਪਿਆ ਸੀ, ਪੰਦਰਵੇਂ ਸਾਲ ਦੀ ਉਮਰ ਵਿਚ ਸਰਵਣ ਸਿੰਘ ਨੂੰ ਪੜ੍ਹਨ ਲੱਗ ਪਿਆ। ਫਿਰ ਉਹਦੇ ਵਰਗਾ ਲੇਖਕ ਬਣਨ ਲਈ ਤੀਂਘੜਦਾ ਰਿਹਾ ਪਰ ਹਾਲਤ ਉਹੀ ਰਹੀ, ਜਿਵੇਂ ਕਬੱਡੀ ਦਾ ਖਿਡਾਰੀ ਰੇਡ ਤਾਂ ਪਾਉਣ ਜਾਂਦਾ ਹੋਵੇ, ਤੇ ਹਰ ਵਾਰ ਲੱਕ ਫੜਾ ਆਵੇ!

ਇਕ ਸਮਾਂ ਐਸਾ ਸੀ ਕਿ ਖੇਡਾਂ ਬਾਰੇ ਲਿਖਣ ਲਈ ਜੋਗਿੰਦਰ ਜੋਗੀ ਸਰਰਗਮ ਹੋਇਆ ਸੀ। ਕੁਝ ਸਮਾਂ ਸਤਵੀਰ ਪਾਬਲਾ ਵੀ, ਫਿਰ ਲਾਭ ਸਿੰਘ ਸੰਧੂ ਵੀ ਆਇਆ ਪਰ ਪੰਜਾਹ ਸਾਲ ਲਿਖਣਾ, ਨਿਰੰਤਰ ਖੇਡਾਂ ਬਾਰੇ ਲਿਖਣਾ ਤਾਂ ਚਲੋ ਸੰਭਵ ਹੋ ਸਕਦਾ ਸੀ, ਸ਼ਬਦਾਂ ਦੀਆਂ ਗੋਡਣੀਆਂ ਲੁਆ ਦੇਣੀਆਂ ਔਖੀਆਂ ਬਹੁਤ ਨੇ। ਉਹਨੇ ਚਾਹੇ ਖਿਡਾਰੀਆਂ, ਅਥਲੀਟਾਂ, ਭਲਵਾਨਾਂ ਦੇ ਰੇਖਾ ਚਿੱਤਰ ਲਿਖੇ ਹਨ, ਚਾਹੇ ਖੇਡਾਂ ਦਾ ਵਿਸ਼ਲੇਸ਼ਣ ਕੀਤਾ ਹੈ, ਚਾਹੇ ਕੌਮੀ ਤੇ ਕੌਮਾਂਤਰੀ ਕਬੱਡੀ ਖੇਡ ਮੇਲਿਆਂ ਦੀ ਗੱਲ ਕੀਤੀ ਹੈ, ਚਾਹੇ ਏਸ਼ੀਆਈ ਖੇਡਾਂ ਦੀ ਕਵਰੇਜ ਕੀਤੀ ਹੈ, ਤੇ ਚਾਹੇ ਟੂਰਨਾਮੈਂਟਾਂ ਦੀ ਕੁਮੈਂਟਰੀ; ਲੱਛੇਦਾਰ ਸ਼ਬਦਾਂ ਦੀਆਂ ਪੂਣੀਆਂ ਵੱਟ ਦਿੱਤੀਆਂ ਹਨ। ਇੰਨਾ 'ਕੱਠਾ ਕੰਮ ਭਲਾ ਇਕੋ ਵੇਲੇ ਹੋ ਸਕਦੈ? ਸੋਚਿਓ, ਵਹੁਟੀ ਇਕ ਹੋਵੇ, ਲਾੜੇ ਛੇ ਆਣ ਢੁੱਕਣ ਤਾਂ ਡੋਲੀ ਤੋਰਨੀ ਕਿਤੇ ਸੁਖਾਲੀ ਹੈ? ਸਰਵਣ ਸਿੰਘ ਲਈ ਸਲਾਮ ਸ਼ਬਦ ਦੀ ਤਾਂ ਇੱਥੇ ਕੁ ਹੀ ਫੂਕ ਨਿਕਲ ਜਾਂਦੀ ਹੈ।

ਪ੍ਰਿੰ. ਸਰਵਣ ਸਿੰਘ ਕਿੱਥੇ ਜੰਮਿਆ, ਕਿੱਥੇ ਪੜ੍ਹਿਆ, ਕਿੱਥੇ ਪੜ੍ਹਾਇਆ, ਕਿਹੜਾ ਅਹੁਦਾ ਸੀ; ਇਹ ਦੁਨੀਆਦਾਰੀ ਤੇ ਕਬੀਲਦਾਰੀ ਚਲਾਉਣ ਦੇ ਨਾਲ ਜ਼ਿੰਦਗੀ ਖਿੱਚਣ ਦਾ ਜੁਗਾੜ ਸਾਰੇ ਕਰੀ ਜਾਂਦੇ ਹਨ। ਜੋ ਕੁਝ ਉਹਨੇ ਖੇਡ ਸਾਹਿਤ ਲਈ ਕੀਤਾ ਹੈ, ਹਕੂਮਤਾਂ ਤੇ ਖੇਡ ਵਿਭਾਗਾਂ ਨੂੰ ਉਹਦੇ ਅੱਗੇ ਨੀਵੀਂ ਪਾ ਲੈਣੀ ਚਾਹੀਦੀ ਹੈ। ਮੈਂ ਨਹੀਂ ਮੰਨਦਾ ਕਿ ਪੰਜਾਬ ਦੀ ਹੀ ਨਹੀਂ, ਭਾਰਤ ਨੂੰ ਵੀ ਛੱਡੋ, ਦੁਨੀਆਂ ਦੀ ਕਿਸੇ ਵੀ ਇਕ ਜ਼ੁਬਾਨ ਲਈ ਇਕ ਖੇਤਰ ਵਿਚ ਇਕ ਲੇਖਕ ਨੇ ਇੰਨਾ ਕੰਮ ਕੀਤਾ ਹੋਵੇ। ਜਿਹੜੇ ਇਹ ਕਹਿੰਦੇ ਨੇ ਕਿ ਕੀ ਕਰੀਏ, ਰੋਟੀ ਦਾ ਜੁਗਾੜ ਹੀ ਵਿਹਲ ਨਹੀਂ ਲੈਣ ਦਿੰਦਾ, ਉਨ੍ਹਾਂ ਨੂੰ ਮੇਰੀ ਸਲਾਹ ਹੈ, ਭਾਰਤ 'ਚ ਸਰਵਣ ਸਿੰਘ ਨਾਲ ਚਾਹ ਦਾ ਕੱਪ ਹੀ ਪੀ ਕੇ ਦੇਖਿਓ, ਉਹ ਸਮਝਾ ਦੇਵੇਗਾ ਕਿ ਪੱਤਣਾਂ 'ਤੇ ਉਹੀ ਖੜ੍ਹ ਕੇ ਰੋਂਦੀਆਂ ਹਨ ਜਿਨ੍ਹਾਂ ਦੇ ਯਾਰ ਹੱਥੋਂ ਖਿਸਕ ਗਏ ਹੋਣ। ਅਸਲ ਵਿਚ ਜ਼ਿੰਦਗੀ ਦੇ ਇਕ ਪਲ ਦੀ ਵੀ ਜਿਸ ਨੇ ਦੁਰਵਰਤੋਂ ਨਹੀਂ ਕੀਤੀ, ਉਹ ਸਰਵਣ ਸਿੰਘ ਹੀ ਹੈ। ਉਹ ਜਿਸ ਉਮਰ ਵਿਚ ਹੈ, ਦੱਸਿਓ ਕਿਹੜਾ ਨਹੀਂ ਅਸ਼ਕੇ ਜਾਊਗਾ ਜਦੋਂ ਪਤਾ ਲੱਗਦੈ ਕਿ ਸਵੇਰੇ ਵੈਨਕੂਵਰ ਸੀ, ਸ਼ਾਮੀ ਕੈਲੀਫੋਰਨੀਆ, ਰਾਤੀਂ ਟੋਰਾਂਟੋ ਤੇ ਦਿਨ ਚੜ੍ਹਦੇ ਨੂੰ ਨਿਊ ਯਾਰਕ। ਖੇਡ ਜਗਤ ਦੀਆਂ ਇੰਨੀਆਂ ਉਦਾਸੀਆਂ ਭਲਾ ਉਬਾਸੀਆਂ ਲੈਣ ਵਾਲੇ ਕਰ ਸਕਦੇ ਨੇ?



*ਖੱਬਿਓਂ-ਗਾਇਕ ਸੁਖਵਿੰਦਰ ਪੰਛੀ, ਲੇਖਕ ਅਸ਼ੋਕ ਭੌਰਾ, ਸ੍ਰੀਮਤੀ ਕਸ਼ਮੀਰ ਕੌਰ ਭੌਰਾ, ਪ੍ਰਿੰ. ਸਰਵਣ ਸਿੰਘ ਅਤੇ ਸੰਤੋਖ ਸਿੰਘ ਮੰਡੇਰ*

ਦਿੱਲੀ ਵਾਲੇ ਰਜਿੰਦਰ ਸਿੰਘ ਦੇ 'ਕੌਮੀ ਏਕਤਾ' ਮੈਗਜ਼ੀਨ ਵਿਚ ਅੱਲੜ੍ਹ ਉਮਰ ਦੇ ਪਿਆਰ ਵਾਂਗ ਪਹਿਲੀ ਵਾਰ ਗੁਰਦੇਵ ਮਾਨ ਦੇ 'ਕੁੰਡਾ ਖੋਲ੍ਹ ਬਸੰਤਰੀਏ' ਨਾਲ ਪੜ੍ਹਨ ਵਿਚ ਰੱਜ ਕੇ ਅੱਖ ਮਟੱਕਾ ਕੀਤਾ। ਸਾਹਿਤ ਦੀ ਨਵੀਂ ਪਨੀਰੀ ਨੂੰ ਸ਼ਾਇਦ ਨਾ ਪਤਾ ਹੋਵੇ ਕਿ 'ਕੌਮੀ ਏਕਤਾ' ਦੀ ਕਿਸੇ ਵੇਲੇ ਉਹੀ ਪੁਜੀਸ਼ਨ ਪੰਜਾਬੀ ਸਾਹਿਤ ਵਿਚ ਸੀ ਜਿਹੜੀ ਅੰਗਰੇਜ਼ੀ ਖੇਤਰ 'ਚ 'ਇਲਸਟ੍ਰੇਟਿਡ ਵੀਕਲੀ' ਦੀ ਸੀ। ਜਣਾ-ਖਣਾ 'ਆਰਸੀ' ਜਾਂ 'ਨਾਗਮਣੀ' ਵਾਂਗ ਇਹਦੇ 'ਚ ਨਹੀਂ ਛਪਦਾ ਸੀ। ਇਹ ਮੈਗਜ਼ੀਨ ਫਿਰ ਮੈਂ ਸਰਵਣ ਸਿੰਘ ਨੂੰ ਪੜ੍ਹਨ ਲਈ ਕਾਲਜ ਦੀ ਫੀਸ 'ਚੋਂ ਹੇਰਾ-ਫੇਰੀ ਕਰਕੇ ਜਲੰਧਰੋਂ ਬੱਸ ਅੱਡੇ ਤੋਂ ਖਰੀਦਣ ਢਾਈ ਸਾਲ ਜਾਂਦਾ ਰਿਹਾ। 'ਖੇਡ ਮੈਦਾਨ 'ਚੋਂ' ਅਤੇ ਨਾਲ-ਨਾਲ ਉਸ ਵੇਲੇ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਾਸ ਵਿਅੰਗ ਗੁਰਦੇਵ ਮਾਨ ਪਿੱਛੋਂ ਲੰਬਾ ਸਮਾਂ ਸਰਵਣ ਸਿੰਘ ਨੇ ਹੀ 'ਪਿੰਡ ਦੀ ਸੱਥ 'ਚੋਂ' 'ਪਹਿਰੇਦਾਰ' ਦੇ ਨਾਂ ਹੇਠ ਲਿਖਿਆ। ਜਦੋਂ 1981-82 ਦੇ ਵਰ੍ਹਿਆਂ 'ਚ ਮੈਂ ਵੀ 'ਕੌਮੀ ਏਕਤਾ' ਲਈ ਲਿਖਣ ਲੱਗਾ ਤਾਂ ਭਾਸਿਆ ਜਿਵੇਂ ਅੰਨ੍ਹੇ ਨੂੰ ਸੁਜਾਖੀ ਤੇ ਸੁਨੱਖੀ ਤੀਵੀਂ ਮਿਲ ਗਈ ਹੋਵੇ। ਸਰਵਣ ਸਿੰਘ ਵਾਂਗ ਜਾਂਦਾ ਤਾਂ ਮੈਂ ਵੀ ਲਗਾਤਾਰ ਹੀ ਰਿਹਾ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵੇਖਣ ਪਰ ਉਹਦੇ ਮੱਥੇ ਲੱਗਣ ਤੋਂ ਪੈਰ ਤਾਂ ਪਿਛਾਂਹ ਖਿੱਚਦਾ ਸੀ ਕਿ ਕਿਤੇ ਰਜਿੰਦਰ ਸਿੰਘ ਨੂੰ ਨਾ ਆਖੇ ਕਿ 'ਹੈਂ, ਐਸ ਜੁਆਕੜੇ ਜਿਹੇ ਨੂੰ ਵੀ ਛਾਪੀ ਜਾਨੈਂ?' ਸਰਵਣ ਸਿੰਘ ਮੇਰਾ ਪ੍ਰੇਰਣਾ ਸਰੋਤ ਨਹੀਂ, ਆਦਰਸ਼ ਰਿਹਾ ਹੈ। 'ਪੰਜਾਬੀ ਖਿਡਾਰੀ' ਪੁਸਤਕ ਵਿਚ ਫੁੱਟਬਾਲ ਖਿਡਾਰੀ ਇੰਦਰ ਸਿੰਘ ਬਾਰੇ ਲਿਖੇ ਉਹਦੇ ਰੇਖਾ ਚਿੱਤਰ ਵਿਚ ਸ਼ਬਦਾਂ ਨੂੰ ਨੰਗੇ ਪੈਰੀਂ ਨੱਚਦਿਆਂ ਦੇਖ ਕੇ ਮੈਂ ਇੰਦਰ ਸਿੰਘ ਦਾ ਡਰਾਇੰਗ ਰੂਮ ਦੇਖਣ ਚਲੇ ਗਿਆ ਸੀ।

ਇਕ ਵਾਰ ਬੰਗਿਆਂ ਤੋਂ ਦਿੱਲੀ ਦਾ ਸਫ਼ਰ ਕਰਨ ਵੇਲੇ ਸਫ਼ਰ ਨੂੰ ਗੋਡਿਆਂ ਥੱਲੇ ਲੈਣ ਦੀ ਨੀਅਤ ਨਾਲ ਉਹਦੀ ਨਵੀਂ ਆਈ ਕਿਤਾਬ 'ਖੇਡ ਜਗਤ' ਨਾਲ ਲੈ ਲਈ ਤੇ ਇਕ ਅੱਡੇ ਤੋਂ ਖੇਡ ਰਿਸਾਲਾ। ਲਾਵਾਂ ਪਹਿਲਾਂ ਹੀ ਹੁੰਦੀਆਂ ਨੇ, ਮੁਕਲਾਵਾ ਬਾਅਦ ਵਿਚ। ਚੰਡੀਗੜ੍ਹ ਲੰਘਦੇ ਸਾਰ ਹੀ ਮੈਗਜ਼ੀਨ ਦੀਆਂ ਮੈਂ ਆਂਦਰਾਂ ਫਰੋਲ ਦਿੱਤੀਆਂ। ਪਿੱਪਲੀ ਤੋਂ ਚਾਹ ਪੀ ਕੇ 'ਖੇਡ ਜਗਤ' ਪੜ੍ਹਨੀ ਸ਼ੁਰੂ ਕੀਤੀ।

ਮੈਨੂੰ ਆਏਂ ਲੱਗਾ ਜਿਵੇਂ ਖੁਸਰੇ ਨੱਚਣ ਤੋਂ ਪਿੱਛੋਂ ਸੁਰਿੰਦਰ ਕੌਰ ਗਾਉਣ ਲੱਗ ਪਈ ਹੋਵੇ। ਰਚਨਾ ਕਿਸੇ ਵੀ ਵਿਸ਼ੇ 'ਤੇ ਲਿਖੀ ਗਈ ਹੋਵੇ, ਉਦੋਂ ਤੀਕਰ ਸੁਰ 'ਚ ਨਹੀਂ ਹੁੰਦੀ ਜਦੋਂ ਤੀਕਰ ਸ਼ਬਦਾਂ 'ਚ ਰਿਦਮ ਨਾ ਹੋਵੇ। ਉਹਨੇ ਖੇਡ ਜਗਤ ਲਈ ਕੰਮ ਕਰਕੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਕੁੜੀਆਂ ਦੇ ਕਾਲਜ ਵਿਚ ਸਬਰ ਨਾਲ 'ਕੱਲਾ ਮੁੰਡਾ ਵੀ ਸੁਰੱਖਿਅਤ ਪੜ੍ਹਾਈ ਕਰ ਸਕਦਾ ਹੈ। ਕਈ ਵਾਰ ਬੰਦੇ ਦੇ ਨੈਣ-ਨਕਸ਼ ਵੀ ਸੁਹਣੇ ਹੁੰਦੇ ਹਨ, ਕੱਦ-ਕਾਠ ਵੀ, ਰੰਗ-ਰੂਪ ਵੀ; ਫਿਰ ਵੀ ਸ਼ੀਸ਼ੇ ਦਾ ਪਿੱਛਾ ਨਹੀਂ ਛੱਡਦਾ। ਇਸ ਲਈ ਹੋ ਸਕਦੈ, ਸਰਵਣ ਸਿੰਘ ਨੂੰ ਹਾਲੇ ਵੀ ਲਗਦਾ ਹੋਵੇ ਕਿ ਉਹਨੇ ਬਹੁਤ ਕੁਝ ਨਹੀਂ ਕੀਤਾ। ਖੇਡਾਂ 'ਚ ਪੰਜਾਬ ਨੇ ਘੱਟ ਪ੍ਰਾਪਤੀਆਂ ਕੀਤੀਆਂ ਹੋਣ, ਵੱਖਰੀ ਗੱਲ ਹੈ ਪਰ ਜਿਹੜੀ ਸਮਾਧੀ ਲਾ ਕੇ ਉਹਨੇ ਖੇਡਾਂ ਲਈ ਕੰਮ ਕੀਤਾ ਹੈ, ਜੋਗੀ ਪਹਾੜੋਂ ਉਤਰਦੇ ਵੀ ਦੁਬਾਰਾ ਚੜ੍ਹਾ ਦਿੱਤੇ ਹਨ।

ਮੈਂ ਉਹਦੀਆਂ ਤਕਰੀਬਨ ਸਾਰੀਆਂ ਕਿਤਾਬਾਂ ਪੜ੍ਹੀਆਂ ਹਨ, ਰਚਨਾਵਾਂ ਅੱਸੀ ਫੀਸਦੀ। ਸੱਚੀਂ ਜੇ ਮੁਕਲਾਵੇ ਤੋਂ ਅਗਲੇ ਦਿਨ ਵਰਗਾ ਚਾਅ ਨਾ ਹੋਵੇ ਤਾਂ ਸ਼ਬਦਾਂ ਦੇ ਮੁਰਕੀਆਂ ਪਾਉਣ ਦਾ ਕੀ ਫਾਇਦਾ? ਅਸਲ ਵਿਚ ਸਮਰੱਥ ਲੇਖਕ ਨੂੰ ਪਤਾ ਹੁੰਦੈ ਕਿ ਕਿਸੇ ਰਚਨਾ ਦੀ ਸ਼ੁਰੂਆਤ ਓਨੀ ਹੀ ਔਖੀ ਹੁੰਦੀ ਹੈ, ਜਿੰਨੀ ਕਿਸੇ ਔਰਤ ਨੂੰ ਦੇਰੀ ਨਾਲ ਗਰਭਵਤੀ ਹੋਣ ਦਾ ਸੰਘਰਸ਼ ਤੇ ਸਮਾਪਤੀ ਗਰਭ ਦੇ ਅੱਠਵੇਂ ਮਹੀਨੇ ਵਰਗੀ। ਜਦੋਂ ਸ਼ਾਇਦ ਰੱਬ ਨੂੰ ਵੀ ਵਿਹਲ ਕੱਢ ਕੇ ਬੱਚੇ ਦੇ ਨੈਣ-ਨਕਸ਼ ਸ਼ਿੰਗਾਰਨ ਵਿਚ ਕਾਰੀਗਰੀ ਕਰਨੀ ਪੈਂਦੀ ਹੈ; ਕਿਉਂਕਿ ਪਾਠਕ ਜੇ ਰਚਨਾ ਸ਼ੁਰੂ ਕਰਕੇ ਅਖੀਰ ਤੱਕ ਲੁੱਡੀਆਂ ਪਾਉਂਦਾ ਨਾ ਜਾਵੇ ਜਾਂ ਅੰਤ ਦੀ ਉਡੀਕ 'ਚ ਸ਼ਬਦਾਂ ਨੂੰ ਜੱਫੀ ਨਾ ਪਾਵੇ ਤਾਂ ਲੇਖਕ ਸੱਚੀਂ ਅਧੂਰਾ ਹੈ। ਜੇ ਇਨ੍ਹਾਂ ਅਰਥਾਂ ਦੀ ਹੋਰ ਡੂੰਘਾਈ ਵਿਚ ਜਾਣਾ ਹੈ ਤਾਂ ਉਹਦਾ ਪਹਿਲਾਂ ਅਮਰੀਕਾ ਵਾਲਾ ਸਫ਼ਰਨਾਮਾ ਪੜ੍ਹ ਕੇ ਦੇਖਿਓ। ਚੰਗੇ ਜੁਲਾਹੇ ਵਾਂਗ ਸ਼ਬਦਾਂ ਦਾ ਤਾਣਾ-ਬਾਣਾ ਨਰਿੰਦਰ ਸਿੰਘ ਕਪੂਰ ਦੇ 'ਸੱਚੋ ਸੱਚ' ਸਫ਼ਰਨਾਮੇ ਵਾਂਗ ਧੂਹ ਕੇ ਕਸ਼ਮੀਰ ਤੋਂ ਕੰਨਿਆਕੁਮਾਰੀ ਦਾ ਲੈ ਜਾਵੇਗਾ। ਸਰਵਣ ਸਿੰਘ ਦੇ ਸਫ਼ਰਨਾਮੇ ਦੇ ਪਹਿਲੇ ਕਾਂਡ ਵਿਚ ਅੰਬੈਸੀ ਤੋਂ ਵੀਜ਼ਾ ਮਿਲਣ ਦੀ ਸਥਿਤੀ ਦੇ ਦਰਸ਼ਨ ਉਚਿਆਂ ਪਹਾੜਾਂ ਵਾਲੀ ਕਿਸੇ ਦੇਵੀ ਤੋਂ ਘੱਟ ਨਹੀਂ ਹੋਵੇਗਾ। ਉਹਦੀ ਇਕ ਸਤਰ ਦੇਖੋ ਕਿ ਜਦੋਂ ਵੀਜ਼ੇ ਦੀ ਹਾਂ-ਨਾਂਹ ਦੀ ਉਡੀਕ ਹੋ ਰਹੀ ਹੁੰਦੀ ਹੈ ਤਾਂ ਪ੍ਰਿੰਸੀਪਲ ਸਾਹਿਬ ਆਪਣੀ ਬੀਵੀ ਨੂੰ ਆਖਦੇ ਹਨ ਕਿ ਚਲੋ, ਜੇ ਇਹ ਕੁੜੀ ਵੀਜ਼ਾ ਨਾ ਦੇਵੇ ਜਾਂ ਨਾ ਵੀ ਦੇਵੇ ਤਾਂ ਇਹ ਤਾਂ ਯਾਦ ਰੱਖਾਂਗੇ ਕਿ ਇੰਨੀ ਸੁਨੱਖੀ ਪਰੀ ਨੇ ਸਿਰ ਫੇਰਿਆ ਹੈ ਤੇ ਜੇ ਅੱਠਵੇਂ ਮਹੀਨੇ ਵਾਲਾ ਅੰਤਲਾ ਨਜ਼ਾਰਾ ਦੇਖਣਾ ਹੈ ਤਾਂ ਜਿਨ੍ਹਾਂ ਨੇ ਉਹਦਾ ਇਹ ਸਫ਼ਰਨਾਮਾ ਨਹੀਂ ਪੜ੍ਹਿਆ, ਇਕ ਵਾਰ ਜ਼ਰੂਰ ਪੜ੍ਹਨ ਤਾਂ ਮੰਨੋਗੇ ਕਿ ਚਾਨਣੀ ਰਾਤ 'ਚ ਅੱਧੀ ਰਾਤ ਨੂੰ ਉਡੀਕ ਕਰਦੇ ਪ੍ਰੇਮੀ ਨੂੰ ਪ੍ਰੇਮਿਕਾ ਘੁੱਟ ਕੇ ਮਿਲੀ ਹੈ।

ਨੂਰ ਜਹਾਂ ਨੂੰ ਗਾਉਣਾ ਤਾਂ ਆਉਂਦਾ ਸੀ ਪਰ ਨੱਚਣਾ ਨ੍ਹੀਂ ਆਇਆ, ਵਰਨਾ ਸਾਉਣ-ਭਾਦੋਂ 'ਕੱਠੇ ਕਰ ਦੇਣੇ ਸੀ। ਇਵੇਂ ਕਈਆਂ ਨੇ ਚੜ੍ਹਾਈ ਤਾਂ ਚੜ੍ਹ ਲਈ, ਉਤਰਨ ਵੇਲੇ ਮੂੰਹ ਭਨਾ ਲਿਆ। ਗਿਆਨੀ ਸੋਹਣ ਸਿੰਘ ਸੀਤਲ ਦਾ ਨਾਵਲ 'ਜੰਗ ਜਾਂ ਅਮਨ' ਜਿਨ੍ਹਾਂ ਨੇ ਨਿਗ੍ਹਾ ਥਾਣੀਂ ਲੰਘਾਇਆ ਹੈ, ਉਨ੍ਹਾਂ 'ਚੋਂ ਬਹੁਤੇ ਮੰਨਦੇ ਨਹੀਂ ਕਿ ਕਈ ਥਾਂ ਰੁਮਾਂਸ ਦੀ ਸੰਘਣੀ ਧੂਣੀ ਕਰਨ ਵਾਲਾ ਸੀਤਲ ਢਾਡੀ ਵੀ ਹੋਵੇਗਾ? ਤੇ ਉਨ੍ਹਾਂ ਨੂੰ ਢਾਡੀ ਵਜੋਂ ਸਲਾਮਾਂ ਕਰਨ ਵਾਲੇ ਠਾਹ ਦੇਣੀ ਸਿਰ ਫੇਰ ਦਿੰਦੇ ਨੇ ਕਿ ਇਹ ਨਾਵਲ ਉਹ ਲਿਖ ਹੀ ਨਹੀਂ ਸਕਦਾ ਪਰ ਅਗਲੀ ਭੂਮਿਕਾ ਦੇ ਨਿਆਣਾ ਪਾਉਂਦਿਆਂ ਕਹਾਂਗਾ ਕਿ ਸਮਰੱਥ ਖੇਡ ਲੇਖਕ ਨੂੰ ਖੇਡ ਮੈਦਾਨ ਵਿਚ ਕੁਮੈਂਟਰੀ ਕਰਦਿਆਂ ਸੁਣੋਗੇ ਤਾਂ ਮਸਖਰੇ ਵੀ ਘੁੰਡ ਕੱਢ ਲੈਣਗੇ। ਲੱਛੇਦਾਰ ਤੇ ਘੁੰਗਰੂਆਂ ਵਾਲੇ ਸ਼ਬਦਾਂ ਦੀ ਅੰਗਲੀ 'ਚ ਸੰਗਲੀ ਫਸਦੀ ਸੁਣ ਕੇ ਚੰਗਾ ਭਲਾ ਬੰਦਾ ਵੀ ਨਾਲ ਦੇ ਨੂੰ ਕਹੇਗਾ ਕਿ 'ਹੈਂ! ਖੇਡਾਂ ਆਲਾ ਸਰਵਣ ਸਿੰਘ ਇਹ ਵੀ ਕੰਮ ਕਰੀ ਜਾਂਦੈਂ?' ਬਹੁਤ ਸਾਰੇ ਖਿਡਾਰੀਆਂ ਨੇ ਉਸਤਾਦਾਂ ਦੇ ਇੰਨਾ ਪੈਰੀਂ ਹੱਥ ਨਹੀਂ ਲਗਾਇਆ ਜਿੰਨਾ ਸਰਵਣ ਸਿੰਘ ਦੇ ਗੋਡਿਆਂ ਨੂੰ ਮਜ਼ਬੂਤ ਕਰਨ ਵਿਚ ਯੋਗਦਾਨ ਪਾਇਆ ਹੈ।

ਨਵਾਂ ਸ਼ਹਿਰ ਜ਼ਿਲ੍ਹੇ ਦੇ ਕਸਬਾ ਮੁਕੰਦਪੁਰਾ ਦੇ ਅਮਰਦੀਪ ਸ਼ੇਰਗਿੱਲ ਮੈਮੋਰੀਅਲ ਕਾਲਜ ਦੀ ਵਿੱਦਿਆ ਪੱਖੋਂ ਦੁਆਬੇ ਨੂੰ ਬੜੀ ਦੇਣ ਹੈ। ਉਹ ਇਸ ਕਾਲਜ ਦਾ ਪ੍ਰਿੰਸੀਪਲ ਰਿਹੈ। ਹਕੀਮਪੁਰ ਦੇ

(ਬਾਕੀ ਸਫ਼ਾ 38 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਗਊ ਦੇ ਨਿਆਣਾ

ਧੜੇਬੰਦੀਆਂ ਨੇ ਕੀਤਾ ਖੋਖਲਾ ਸਮਾਜ ਸਾਰਾ, ਹਰ ਬੰਦੇ ਦਾ ਹੀ ਏਥੇ ਵੱਖਰਾ ਏ ਗੁੱਟ ਜੀ।
ਦੱਸੋਗੇ ਜੇ ਦੁੱਖ ਪੂਰਾ ਉਡੇਗਾ ਮਜ਼ਾਕ ਥੋਡਾ, ਇਹਦੇ ਨਾਲੋਂ ਚੰਗਾ ਤੁਸੀਂ ਘੁੱਟੀ ਰੱਖੋ ਮੁੱਠ ਜੀ।
ਆਦਮੀ ਸ਼ਰੀਫ਼ ਤੇ ਇਮਾਨਦਾਰ ਪੂਰਾ ਸੀ ਉਹ, ਲੀਡਰ ਬਣਾ'ਤਾ ਕਿਸੇ ਚਾੜ੍ਹ ਐਵੇਂ ਪੁੱਠ ਜੀ।
ਲੁੱਚੇ ਬਦਮਾਸ਼ ਰਹਿੰਦੇ ਹੁਣ ਬੀਬੇ ਬਾਣਿਆਂ 'ਚ ਇਨ੍ਹਾਂ ਦੇ ਕੋਈ ਪਾ ਦਊ ਦੱਸੋ ਕਿਥੇ ਪੈਰੀਂ ਜੁੱਟ ਜੀ।
ਕਥਾ ਵਿਚ ਨਸ਼ਿਆਂ ਨੂੰ ਭੰਡਦੇ ਨੇ ਦਿਨੇ ਪੂਰਾ, ਆਥਣੇ ਨੂੰ ਆਪ ਲਾ ਕੇ ਸੌਂਦੇ ਦੇਖੇ ਘੁੱਟ ਜੀ,
ਚਿਰਾਂ ਤੋਂ ਹੀ ਗਊ ਦੇ ਨਿਆਣਾ ਪੈਂਦਾ ਦੇਖਿਆ ਏ, ਤੇ ਮਾੜੇ ਦੀ ਹੀ ਜ਼ੋਰਾਵਰਾਂ ਕੀਤੀ ਸਦਾ ਲੁੱਟ ਜੀ।

## ਹੁਣ ਨਲਕਿਆਂ 'ਤੇ ਮੋਟਰਾਂ ਕਿੱਥੇ ਲਗਦੀਆਂ ਨੇ

### ਧੁੱਪੇ ਬੈਠੀਆਂ ਯਾਦਾਂ

ਪੁਰਾਣੇ ਜ਼ਮਾਨੇ ਵਿਚ ਰਿਸ਼ੀ-ਮੁਨੀ ਸਮਾਧੀਆਂ ਲਾ ਕੇ ਬੈਠਦੇ ਸਨ ਪਰ ਕਦੇ ਗੌਰ ਕੀਤੈ ਕਿ ਜਦੋਂ ਦਾ ਬੰਦੇ ਨੇ ਧਰਤੀ 'ਤੇ ਜਲ ਦੇਵਤੇ ਨਾਲ ਧੱਕਾ ਕੀਤੈ, ਪੰਜਾਬ ਦੇ 70 ਫੀਸਦੀ ਨਲਕਿਆਂ ਨੇ ਪਾਣੀ ਕੱਢਣ ਤੋਂ ਹੱਥ ਖੜ੍ਹੇ ਕਰਕੇ ਸਮਾਧੀ ਲਾ ਲਈ ਹੈ। ਬੜੀ ਦੇਰ ਪਹਿਲਾਂ ਦੋਗਾਣਾ ਆਇਆ ਸੀ, 'ਮਿੱਤਰਾਂ ਦੇ ਟਿਊਬਲ 'ਤੇ, ਲੀੜੇ ਧੋਣ ਦੇ ਬਹਾਨੇ ਆ ਜਾ', 'ਹੁਣ ਮੇਰੇ ਬਾਪੂ ਨੇ ਘਰ ਨਲਕੇ 'ਤੇ ਮੋਟਰ ਲਾ ਲਈ' ਪਰ ਜਦੋਂ ਦੀ



ਧਰਤੀ ਦੀ ਹਿੱਕ ਪਾੜ ਕੇ ਸਬਮਰਸੀਬਲ ਪੰਪ ਲੱਗੇ ਹਨ, ਹੱਥੀਂ ਗੇੜਨ ਵਾਲੇ ਨਲਕਿਆਂ ਨੇ ਧੌਣ ਸੁੱਟ ਲਈ ਹੈ। ਇਸ ਉਦਾਸ ਖੜ੍ਹੇ ਨਲਕੇ ਨਾਲ ਲੱਗੀ ਮੋਟਰ ਵੀ ਸ਼ਾਇਦ ਇਹੋ ਆਖ ਰਹੀ ਹੈ, 'ਟੁੱਟ ਗਈ ਤੜੱਕ ਕਰਕੇ।' ਤੁਹਾਨੂੰ ਯਾਦ ਹੋਵੇਗਾ ਕਿ ਕਈ ਵਰ੍ਹੇ ਪਹਿਲਾਂ ਲੋਕੀਂ ਪੰਜਾਬ ਤੋਂ ਦੌੜ ਕੇ ਪਾਣੀ ਦੀਆਂ ਪੀਪੀਆਂ ਤੇ ਕੈਨੀਆਂ ਸੋਭਾ ਸਿੰਘ ਦੇ ਅੰਧਰੇਟੇ ਵਾਲੇ ਅਸਥਾਨ ਤੋਂ ਥੋੜ੍ਹੀ ਦੂਰੋਂ ਭਰ ਭਰ ਲਿਆਉਂਦੇ ਸਨ, ਬਿਮਾਰੀ ਠੀਕ ਕਰਨ ਲਈ। ਵਿਗਿਆਨਕ ਪੱਖੋਂ ਆਇਰਨ ਪਾਣੀ 'ਚ ਵੱਧ ਹੋਣ ਕਰਕੇ ਕਈ ਠੀਕ ਵੀ ਹੋਏ ਪਰ ਨਲਕੇ ਨਾਲ ਧੱਕਾ ਈ ਐਨਾ ਹੋਇਆ ਕਿ ਪਾਣੀ 'ਚ ਜਾਨ ਛੱਡੀ ਹੀ ਨਹੀਂ। ਗਾਇਕ ਦੀਦਾਰ ਸੰਧੂ ਦੀ ਜ਼ਿੰਦਗੀ 'ਚ ਨਲਕੇ ਬੜੇ ਅਹਿਮ ਰਹੇ ਹਨ।

ਮੁੱਲਾਂਪੁਰ ਤੋਂ ਆਪਣੇ ਪਿੰਡ ਭਰੋਵਾਲ ਜਾਂਦਿਆਂ ਉਹ ਹਰ ਨਲਕੇ 'ਤੇ ਇਸ ਕਰਕੇ ਪੈੱਗ ਲਾਉਂਦਾ ਸੀ ਕਿ ਕਿਤੇ ਇਹ ਉਦਾਸ ਨਾ ਹੋ ਜਾਣ ਕਿ 'ਅੱਜ ਜੱਟ ਬਿਨਾ ਹੱਥ ਮਿਲਾਏ ਹੀ ਲੰਘ ਗਿਆ।' ਕਦੇ ਬੇਬੇ ਨਲਕੇ 'ਤੇ ਦੀਵਾ ਜਗਾ ਕੇ ਜਲ ਦੇਵਤੇ ਨੂੰ ਖ਼ੁਸ਼ ਕਰਨ ਲਈ ਦਲੀਆ ਵੰਡਦੀ ਹੁੰਦੀ ਸੀ ਪਰ ਹਾੜ੍ਹ 'ਚ ਵੇਖਿਓ, ਨਲਕੇ ਅੱਗੇ ਜਗਦਾ ਦੀਵਾ ਵੀ ਇਹ ਕਹਿ ਕੇ ਸਾਹ ਸੂਤ ਲੈਂਦਾ ਹੈ, 'ਮਾਰ ਕੇ ਪੁੱਛਦਾ ਏਂ, ਸੱਟਾਂ ਕਿੱਥੇ-ਕਿੱਥੇ ਲੱਗੀਆਂ ਨੇ...।' ਰਾਹਗੀਰਾਂ ਦੇ ਪਾਣੀ ਪੀਣ ਲਈ ਪੁੰਨ ਅਰਥ ਲੁਆਏ ਨਲਕੇ ਹੰਝੂ ਤਾਂ ਨਹੀਂ ਸੁੱਟਦੇ, ਧਰਮੀ ਬੰਦਿਆਂ ਦਾ ਸਿਆਪਾ ਕਰਦੇ ਵੱਧ ਲਗਦੇ ਨੇ। ਖੂਹ ਬਹੁਤ ਚਿਰ ਪਹਿਲਾਂ ਸਵਰਗਵਾਸ ਹੋ ਗਏ ਸੀ; ਛੱਪੜ, ਟੋਭੇ ਕਤਲ ਕਰ ਦਿੱਤੇ ਗਏ ਤੇ ਹੁਣ ਲੱਗਦਾ ਨਹੀਂ ਕਿ ਜਿਹੜੀ ਕੁਪੱਤ ਨਲਕੇ ਨਾਲ ਹੋ ਰਹੀ ਹੈ, ਉਹਦਾ ਬਦਲਾ ਉਹ ਭਾਖੜੇ ਵਾਲੇ ਗੇਟ ਖੁਲ੍ਹਾ ਕੇ ਲੈਂਦਾ ਹੈ। ਅੱਗ ਤੇ ਪਾਣੀ ਨਾਲ ਆਢਾ ਲਵੋਗੇ ਤਾਂ ਜ਼ਖ਼ਮੀ ਹੋਣ ਤੋਂ ਬਚ ਸਕੋਗੇ?

*-ਐਸ. ਅਸ਼ੋਕ ਭੌਰਾ*

ਵਿਚਾਰ-ਚਰਚਾ

## ਸ. ਜਸਵੰਤ ਸਿੰਘ ਕੰਵਲ ਦੇ ਨਾਂ ਖੁੱਲ੍ਹਾ ਖ਼ਤ-2

# ਇਹ ਬੇਲਾ ਸੱਚ ਕੀ ਨਹੀਂ ਹੈ

*ਨਾਵਲਕਾਰ ਜਸਵੰਤ ਸਿੰਘ ਕੰਵਲ ਬਾਰੇ ਚੱਲ ਰਹੀ ਚਰਚਾ ਤਹਿਤ ਸ. ਅਭੈ ਸਿੰਘ ਵੱਲੋਂ ਭੇਜੇ ਲੰਮੇ ਖਤ ਦਾ ਦੂਜਾ ਹਿੱਸਾ ਇੱਥੇ ਛਾਪਿਆ ਜਾ ਰਿਹਾ ਹੈ। ਇਸ ਵਿਚ ਸ. ਅਭੈ ਸਿੰਘ ਨੇ ਧਰਮ, ਭਾਸ਼ਾ, ਪੰਜਾਬ ਅਤੇ ਇਲਾਕੇ ਬਾਰੇ ਸ. ਕੰਵਲ ਵੱਲੋਂ ਬੇਹੱਦ ਭਾਵੁਕ ਹੋ ਕੇ ਕੀਤੀਆਂ ਗੱਲਾਂ ਦੀ ਡੂੰਘੀ ਪੁਣ-ਛਾਣ ਕੀਤੀ ਹੈ ਅਤੇ ਦਲੀਲਾਂ ਦੇ ਦੇ ਕੇ ਦੱਸਿਆ ਹੈ ਕਿ ਉਹ (ਕੰਵਲ) ਇਨ੍ਹਾਂ ਮੁੱਦਿਆਂ ਅਤੇ ਮਸਲਿਆਂ ਨੂੰ ਕਿਸ ਤਰ੍ਹਾਂ ਇਕਪਾਸੜ ਰੰਗ ਵਿਚ ਰੰਗ ਕੇ ਪਰੋਸਦੇ ਹਨ। ਉਹ ਸੁਚੇਤ ਜਾਂ ਅਚੇਤ, ਅਜਿਹੇ ਮੁੱਦਿਆਂ-ਮੰਗਾਂ-ਮਸਲਿਆਂ ਨੂੰ ਸਮੁੱਚ ਵਿਚ ਘੋਖਣ ਦੀ ਥਾਂ ਇਨ੍ਹਾਂ ਨੂੰ ਬਹੁਤ ਸੌੜੇ ਚੌਖਟੇ ਵਿਚ ਰੱਖ ਲੈਂਦੇ ਹਨ। ਸ. ਅਭੈ ਸਿੰਘ ਨੇ ਖਤ ਦੇ ਇਸ ਹਿੱਸੇ ਵਿਚ ਉਨ੍ਹਾਂ ਦੇ ਇਹ ਟੀਰ ਬਾਰੇ ਗੱਲ ਤੋਰੀ ਹੈ। ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਢੁਕਵੀ ਥਾਂ ਦਿੱਤੀ ਜਾਏਗੀ। -ਸੰਪਾਦਕ*

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਨੀਲਾ ਤਾਰਾ ਤੇ ਲਾਲ ਮਸਜਿਦ

ਆਪਣਾ ਮੁਲਕ ਨਾ ਹੋਣ ਕਰਕੇ ਅਤੇ ਹਿੰਦੂਆਂ ਨਾਲ ਰਲ ਕੇ ਸਿੱਖਾਂ ਨੇ ਕੀ ਖੱਟਿਆ? ਪੁੱਛ ਕੇ ਤੁਸੀਂ ਦੱਸਦੇ ਹੋ ਕਿ ਅਕਾਲ ਤਖਤ ਢਵਾਇਆ, ਦਿੱਲੀ ਦਾ ਕਤਲੇਆਮ ਝੱਲਿਆ, ਪੰਜਾਬੀ ਸੂਬੀ ਗਲ ਪਵਾਈ, ਪਾਣੀਆਂ ਉਪਰ ਡਾਕਾ ਪਵਾਇਆ, ਪੰਜਾਬੀ ਇਲਾਕੇ ਤੇ ਰਾਜਧਾਨੀ ਵੀ ਗੰਵਾਈ। ਇਨ੍ਹਾਂ ਨੁਕਤਿਆਂ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਜ਼ਰੂਰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗਾਰੰਟੀ ਹੋ ਸਕਦੀ ਹੈ ਕਿ ਇਕੋ ਮਜ਼ਹਬ ਵਾਲੇ ਮੁਲਕ ਵਿਚ ਇਹ ਸ਼ਿਕਾਇਤਾਂ ਨਹੀਂ ਹੋ ਸਕਦੀਆਂ। ਨੀਲਾ ਤਾਰਾ ਆਪਰੇਸ਼ਨ ਬਹੁਤ ਦੁਖਦਾਈ ਸੀ ਪਰ ਇਸਲਾਮਾਬਾਦ ਵਿਚ ਲਾਲ

ਅਭੈ ਸਿੰਘ, ਚੰਡੀਗੜ੍ਹ

ਮਸਜਿਦ ਉਪਰ ਪਾਕਿਸਤਾਨੀ ਫੌਜ ਦੀ ਕਾਰਵਾਈ ਵੀ ਘੱਟ ਦੁਖਦਾਈ ਨਹੀਂ।

ਆਪਰੇਸ਼ਨ ਨੀਲਾ ਤਾਰਾ ਨੂੰ ਮੈਂ ਆਜ਼ਾਦ ਭਾਰਤ ਦੇ ਮੱਥੇ ਦਾ ਸਭ ਤੋਂ ਵੱਡਾ ਕਲੰਕ ਸਮਝਦਾ ਹਾਂ ਤੇ ਇਸ ਬਾਰੇ ਲੇਖ ਵੀ ਲਿਖੇ ਹਨ। ਇਸ ਵਾਸਤੇ ਕਈ ਬੰਦੇ ਜ਼ਿੰਮੇਵਾਰ ਹਨ ਜਿਨ੍ਹਾਂ ਵਿਚ ਉਹ ਵੀ ਹਨ ਜੋ ਬਾਅਦ ਵਿਚ ਇਸ ਦੀ ਨਿੰਦਾ ਕਰਦੇ ਰਹੇ ਤੇ ਘੱਲੂਘਾਰਾ ਦਿਵਸ ਮਨਾਉਂਦੇ ਰਹੇ। ਉਨ੍ਹਾਂ ਵਿਚ ਉਹ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਅਕਾਲ ਤਖ਼ਤ ਦੇ ਰਖਵਾਲੇ ਕਿਹਾ ਗਿਆ ਪਰ ਮੁੱਖ ਗੁਨਾਹ ਇੰਦਰਾ ਗਾਂਧੀ ਦਾ ਹੀ ਸੀ ਕਿਉਂਕਿ ਆਖਰ ਇਹ ਉਸੇ ਦੀ ਜ਼ਿੰਮੇਵਾਰੀ ਸੀ ਕਿ ਮੁਲਕ ਦੀ ਹਰ ਮਜ਼ਹਬੀ ਤੇ ਇਤਿਹਾਸਕ ਇਮਾਰਤ ਦੀ ਰਾਖੀ ਕਰੇ। ਲੋਕਾਂ ਨੇ ਉਸੇ ਨੂੰ ਚੁਣਿਆ ਸੀ। ਉਸ ਦੀ ਇਸ ਕਾਰਵਾਈ ਨੂੰ ਦੇਸ਼ ਧਰੋਹ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਇਹ ਬੇਲੋੜੀ ਕਾਰਵਾਈ ਸੀ। ਇਸ ਦੇ ਕਈ ਬਦਲ ਸਨ ਜੋ ਨਹੀਂ ਅਪਨਾਏ ਗਏ। ਇਸ ਤੋਂ ਬਾਅਦ ਹੋਏ ਆਪਰੇਸ਼ਨ ਬਲੈਕ ਥੰਡਰ ਅਤੇ ਸ੍ਰੀਨਗਰ ਦੀ ਹਜ਼ਰਤਬਲ ਦਰਗਾਹ ਉਪਰ ਦਹਿਸ਼ਤਗਰਦਾਂ ਦੇ ਕਬਜ਼ੇ ਵੇਲੇ ਅਪਨਾਈ ਨੀਤੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਪਰੇਸ਼ਨ ਨੀਲਾ ਤਾਰਾ ਗਲਤ ਸੀ।

ਮੈਨੂੰ ਹੁਣ ਹੀ ਮੌਕਾ ਮਿਲਿਆ ਹੈ, ਤੁਹਾਨੂੰ ਦੱਸਣ ਦਾ ਕਿ ਇਸ ਮਸਲੇ ਉਪਰ ਹੋਏ ਇਕ ਸੈਮੀਨਾਰ ਵਿਚ ਮੈਂ ਤੁਹਾਡਾ ਨਾਂ ਲਿਆ ਸੀ। ਮੈਂ ਦੱਸਿਆ ਸੀ ਕਿ ਕੁਝ ਲੋਕਾਂ ਨੂੰ ਇਸ ਆਪਰੇਸ਼ਨ ਦੀ ਪਹਿਲਾਂ ਹੀ ਭਿਣਕ ਸੀ ਪਰ ਇਕੋ ਬੰਦਾ ਜਸਵੰਤ ਸਿੰਘ ਕੰਵਲ ਸੀ ਜਿਸ ਨੇ ਇਸ ਨੂੰ ਰੋਕਣ ਵਾਸਤੇ ਅਮਲੀ ਕੋਸ਼ਿਸ਼ ਕੀਤੀ ਸੀ। ਤੁਸਾਂ ਅੰਮ੍ਰਿਤਸਰ ਜਾ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਦਰਬਾਰ ਸਾਹਿਬ ਛੱਡਣ ਦੀ ਅਪੀਲ ਕੀਤੀ, ਦਲੀਲਾਂ ਦਿੱਤੀਆਂ ਅਤੇ ਤਰਲੇ ਵੀ ਲਏ ਪਰ ਉਨ੍ਹਾਂ ਨੇ ਨਹੀਂ ਮੰਨੇ। ਤੁਹਾਡੇ ਇਸ ਕਦਮ ਦੀ ਸਰਾਹਨਾ ਕਰਦਾ ਹਾਂ ਤੇ ਸੋਚਦਾ ਹਾਂ ਕਿ ਜੇ ਇਹੀ ਕੰਮ ਹੋਰ ਲੋਕ ਵੀ ਕਰਦੇ ਜਿਨ੍ਹਾਂ ਦੀ ਖਾਸ ਜ਼ਿੰਮੇਵਾਰੀ ਸੀ ਤਾਂ ਇਹ ਦੁਖਾਂਤ ਰੁਕ ਸਕਦਾ ਸੀ ਤੇ ਇਸ ਦੇ ਨਾਲ ਹੀ ਜੁੜਦੀਆਂ ਹੋਰ ਕਈ ਦੁਖਦਾਇਕ ਘਟਨਾਵਾਂ ਨਾ ਵਾਪਰਦੀਆਂ।

ਅਕਾਲ ਤਖ਼ਤ ਦਾ ਢਹਿਣਾ, ਦਰਬਾਰ ਸਾਹਿਬ ਦੀਆਂ ਇਮਾਰਤਾਂ ਦਾ ਨੁਕਸਾਨ, ਉਥੇ ਕਾਬੂ ਵਿਚ ਆਏ ਯਾਤਰੂ, ਹੋਰ ਮਨੁੱਖਾਂ ਅਤੇ ਖੁਦ ਫ਼ੌਜੀਆਂ ਦਾ ਮਰਨਾ ਦੁਖਦਾਈ ਘਟਨਾ ਸੀ; ਲੇਕਿਨ ਇਸ ਦਾ ਕਾਰਨ ਇਹ ਨਹੀਂ ਕਿ ਸੰਤਾਲੀ ਵੇਲੇ ਦੇ ਕਹੇ ਜਾਂਦੇ ਸਿੱਖ ਲੀਡਰਾਂ ਨੇ ਅੰਗਰੇਜ਼ਾਂ ਦੀ ਗੱਲ ਨਹੀਂ ਮੰਨੀ ਸੀ; ਨਾ ਹੀ ਇਸ ਦਾ ਕਾਰਨ ਇਹ ਸੀ ਕਿ ਇੰਦਰਾ ਗਾਂਧੀ ਐਮਰਜੈਂਸੀ ਦੇ ਮੁਜ਼ਾਹਰਿਆਂ ਦਾ ਸਿੱਖਾਂ ਤੋਂ ਬਦਲਾ ਲੈਣਾ ਚਾਹੁੰਦੀ ਸੀ। ਇੰਦਰਾ ਗਾਂਧੀ ਨੂੰ ਮੁਜ਼ਾਹਰਿਆਂ ਦੀ ਕੋਈ ਪ੍ਰੇਸ਼ਾਨੀ ਨਹੀਂ ਸੀ ਜੋ ਸਾਰੇ ਮੁਲਕ ਵਿਚ ਹੋਏ ਸਨ। ਉਸ ਨੂੰ 77 ਦੀ ਹਾਰ ਦੀ ਪ੍ਰੇਸ਼ਾਨੀ ਜ਼ਰੂਰ ਸੀ। ਉਸ ਨੂੰ ਇਹ ਹਾਰ ਸਿੱਖਾਂ ਨੇ ਨਹੀਂ, ਹਿੰਦੂਆਂ ਨੇ ਦਿੱਤੀ ਸੀ ਜਿਨ੍ਹਾਂ ਦੀ ਵੋਟਰਾਂ ਵਿਚ ਬਹੁਗਿਣਤੀ ਸੀ। ਇਸ ਹਾਰ ਦਾ ਬਦਲਾ ਉਸ ਨੇ 1980 ਵਿਚ ਭਾਰੀ ਜਿੱਤ ਪ੍ਰਾਪਤ ਕਰਕੇ ਲੈ ਲਿਆ ਸੀ।

ਮੇਰੇ ਖਿਆਲ ਵਿਚ ਆਪਰੇਸ਼ਨ ਨੀਲਾ ਤਾਰਾ ਉਸ ਦੀਆਂ ਡਿਕਟੇਟਰੀ ਰੁਚੀਆਂ ਕਰਕੇ, ਉਸ ਦਾ ਆਪਣਾ ਹੀ ਮਾਅਰਕੇਬਾਜ਼ੀ ਦਾ ਫੈਸਲਾ ਸੀ। ਉਹ ਲੋਹ-ਪੁਰਸ਼ ਜਾਂ ਗਾਜ਼ੀ ਬਣ ਕੇ ਵਿਖਾਉਣਾ ਚਾਹੁੰਦੀ ਸੀ ਜੋ ਫੌਜੀ ਅਫ਼ਸਰਾਂ ਦੇ ਨਿਕੰਮੇਪਣ ਕਰਕੇ ਬੁਰੀ ਤਰ੍ਹਾਂ ਠੁੱਸ ਹੋ ਗਿਆ। ਮੇਰੇ ਖਿਆਲ ਵਿਚ ਫੌਜੀ ਤਕਨੀਕ ਪੱਖੋਂ ਨੀਲਾ ਤਾਰਾ ਫੇਲ੍ਹ ਐਕਸ਼ਨ ਸੀ। ਕੁਝ ਲੋਕਾਂ ਨੂੰ ਕਾਬੂ ਕਰਨ ਵਾਸਤੇ ਫੌਜ ਨੇ ਧਾਰਮਿਕ ਮਹੱਤਵ ਵਾਲੀ ਇਮਾਰਤ ਤਬਾਹ ਕੀਤੀ, ਕਾਫੀ ਗਿਣਤੀ ਵਿਚ ਆਪਣੇ ਬੰਦੇ ਮਰਵਾਏ ਤੇ ਨਿਰਦੋਸ਼ ਯਾਤਰੀਆਂ ਨੂੰ ਵੀ ਮੌਤ ਦੇ ਮੂੰਹ ਵਿਚ ਸੁੱਟਿਆ। ਅਫਸੋਸ ਹੈ ਕਿ ਇੰਨੇ ਵੱਡੇ ਦੁਖਾਂਤ ਬਾਰੇ ਵੀ ਤੁਹਾਡੇ ਵਰਗਾ ਲੇਖਕ ਉਸ ਦੇ ਸਾਰੇ ਪਹਿਲੂ ਵਿਚਾਰ ਕੇ ਐਸੀ ਖੋਜ ਨਹੀਂ ਕਰਨੀ ਚਾਹੁੰਦਾ ਕਿ ਅਜਿਹੀ ਘਟਨਾ ਦੁਬਾਰਾ ਕਿਧਰੇ ਨਾ ਵਾਪਰੇ। ਤੁਸਾਂ ਇਸ ਨੂੰ ਸਿਰਫ਼ ਹਿੰਦੂ ਰਾਜ ਦੀ ਸਿੱਖ ਦੁਸ਼ਮਣੀ ਸਾਬਤ ਕਰਨ ਵਾਸਤੇ ਵਰਤਿਆ ਹੈ, ਜੋ ਸੱਚ ਨਹੀਂ ਹੈ।

### ਪੰਜਾਬੀ ਸੂਬਾ

ਤੁਸਾਂ ਲੰਗੜਾ ਪੰਜਾਬ ਜਾਂ ਪੰਜਾਬੀ ਸੂਬੀ ਨੂੰ ਸਿੱਖਾਂ ਹੱਥ ਫੜਾ ਦੇਣ ਨੂੰ ਬ੍ਰਾਹਮਣਵਾਦ ਦੀ ਚਾਲ



ਸਾਕਾ ਨੀਲਾ ਤਾਰਾ, ਅੰਮ੍ਰਿਤਸਰ

*ਮੇਰੇ ਖਿਆਲ ਵਿਚ ਆਪਰੇਸ਼ਨ ਨੀਲਾ ਤਾਰਾ ਉਸ ਦੀਆਂ ਡਿਕਟੇਟਰੀ ਰੁਚੀਆਂ ਕਰਕੇ, ਉਸ ਦਾ ਆਪਣਾ ਹੀ ਮਾਅਰਕੇਬਾਜ਼ੀ ਦਾ ਫੈਸਲਾ ਸੀ। ਉਹ ਲੋਹ-ਪੁਰਸ਼ ਜਾਂ ਗਾਜ਼ੀ ਬਣ ਕੇ ਵਿਖਾਉਣਾ ਚਾਹੁੰਦੀ ਸੀ ਜੋ ਫੌਜੀ ਅਫ਼ਸਰਾਂ ਦੇ ਨਿਕੰਮੇਪਣ ਕਰਕੇ ਬੁਰੀ ਤਰ੍ਹਾਂ ਠੁੱਸ ਹੋ ਗਿਆ। ਮੇਰੇ ਖਿਆਲ ਵਿਚ ਫੌਜੀ ਤਕਨੀਕ ਪੱਖੋਂ ਨੀਲਾ ਤਾਰਾ ਫੇਲ੍ਹ ਐਕਸ਼ਨ ਸੀ। ਕੁਝ ਲੋਕਾਂ ਨੂੰ ਕਾਬੂ ਕਰਨ ਵਾਸਤੇ ਫੌਜ ਨੇ ਧਾਰਮਿਕ ਮਹੱਤਵ ਵਾਲੀ ਇਮਾਰਤ ਤਬਾਹ ਕੀਤੀ, ਕਾਫੀ ਗਿਣਤੀ ਵਿਚ ਆਪਣੇ ਬੰਦੇ ਮਰਵਾਏ ਤੇ ਨਿਰਦੋਸ਼ ਯਾਤਰੀਆਂ ਨੂੰ ਵੀ ਮੌਤ ਦੇ ਮੂੰਹ ਵਿਚ ਸੁੱਟਿਆ। ਅਫਸੋਸ ਹੈ ਕਿ ਇੰਨੇ ਵੱਡੇ ਦੁਖਾਂਤ ਬਾਰੇ ਵੀ ਤੁਹਾਡੇ ਵਰਗਾ ਲੇਖਕ ਉਸ ਦੇ ਸਾਰੇ ਪਹਿਲੂ ਵਿਚਾਰ ਕੇ ਐਸੀ ਖੋਜ ਨਹੀਂ ਕਰਨੀ ਚਾਹੁੰਦਾ ਕਿ ਅਜਿਹੀ ਘਟਨਾ ਦੁਬਾਰਾ ਕਿਧਰੇ ਨਾ ਵਾਪਰੇ। ਤੁਸਾਂ ਇਸ ਨੂੰ ਸਿਰਫ਼ ਹਿੰਦੂ ਰਾਜ ਦੀ ਸਿੱਖ ਦੁਸ਼ਮਣੀ ਸਾਬਤ ਕਰਨ ਵਾਸਤੇ ਵਰਤਿਆ ਹੈ, ਜੋ ਸੱਚ ਨਹੀਂ ਹੈ।*

ਦੱਸਿਆ ਹੈ। ਇਸ ਬਾਰੇ ਵੀ ਤੁਸੀਂ ਜ਼ਿਕਰ ਕਰਦੇ ਹੋ ਕਿ 93 ਫਾਂਸੀਆਂ ਚੜ੍ਹਨ ਵਾਲੇ ਸਿੱਖਾਂ ਦੇ ਜ਼ੁਬਾਨ ਦਾ ਆਧਾਰ ਛੱਡ ਕੇ ਫਿਰਕੂ ਢੰਗ ਦੀ ਪੰਜਾਬੀ ਸੂਬੀ ਮੱਥੇ ਮਾਰੀ। ਇਸ ਪੈਰੇ ਦੇ ਅਖੀਰ ਵਿਚ ਤੁਸੀਂ ਲਿਖਦੇ ਹੋ-'ਸੱਚੋ ਸੱਚ'; ਲੇਕਿਨ ਇਹ ਸੱਚ ਨਹੀਂ। ਪੰਜਾਬੀ ਸੂਬਾ ਜਾਂ ਸੂਬੀ ਕਿਸੇ ਇਕ ਧਰਮ ਦੇ ਹੱਥ ਨਹੀਂ ਫੜਾਈ, ਇਹ ਫਾਰਮੂਲੇ ਤਹਿਤ ਭਾਸ਼ਾ ਆਧਾਰਤ ਸੂਬੇ ਦੀ ਵੰਡੀ ਕੀਤੀ ਗਈ। ਤੁਸੀਂ ਕਦੇ ਗੁਲਜ਼ਾਰੀ ਲਾਲ ਨੰਦਾ ਦਾ ਨਾਂ ਲੈਂਦੇ ਹੋ, ਕਦੇ ਕਿਸੇ ਹੋਰ ਦਾ ਪਰ ਕਿਸੇ ਨੇ ਆਪਣੀ ਮਰਜ਼ੀ ਨਾਲ ਪੰਜਾਬ ਤੇ ਹਰਿਆਣਾ ਦੀ ਲਕੀਰ ਨਹੀਂ ਖਿੱਚੀ। ਤੁਸੀਂ ਆਪ ਹੀ ਦੱਸੋ ਕਿ ਕੀ ਇਹ ਸਹੀ ਨਹੀਂ ਕਿ ਇਸ ਵਾਸਤੇ ਸ਼ਾਹ ਕਮਿਸ਼ਨ ਬਣਾਇਆ ਗਿਆ ਸੀ ਜਿਸ ਨੂੰ ਸਿਰਫ਼ ਰਿਕਾਰਡ ਵੇਖ ਕੇ ਹੀ ਤਕਸੀਮ ਬਣਾਉਣ ਦਾ ਹੁਕਮ ਸੀ। ਉਸ ਨੂੰ 1961 ਦੀ ਮਰਦਮਸ਼ੁਮਾਰੀ ਦਾ ਆਧਾਰ ਦਿੱਤਾ ਗਿਆ।

ਇਹ ਠੀਕ ਹੈ ਕਿ 1961 ਦੀ ਮਰਦਮਸ਼ੁਮਾਰੀ ਵਿਚ ਵੱਡੀ ਗਿਣਤੀ ਵਿਚ ਹਿੰਦੂਆਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ। ਇਹ ਮਾੜੀ ਗੱਲ ਸੀ ਪਰ ਇਸ ਦਾ ਇਲਾਜ ਵੀ ਤਾਂ ਕੋਈ ਨਹੀਂ ਸੀ। ਪੰਜਾਬ ਵਿਚ ਧਰਮ ਆਧਾਰਤ ਭਾਸ਼ਾ ਦੀ ਦੁਖਦਾਈ ਵੰਡ ਕਾਫੀ ਦੇਰ ਤੋਂ ਚੱਲ ਰਹੀ ਸੀ ਜੋ ਪੰਜਾਬੀ ਸੂਬੇ ਨੂੰ ਸਿੱਖ ਮਸਲਾ ਬਣਾਉਣ ਨਾਲ ਹੋਰ ਪੱਕੀ ਹੋਈ। ਫਿਰ ਵੀ ਆਖਰ ਸੂਬੇ ਦੀ ਤਕਸੀਮ ਦਾ ਕੋਈ ਤਾਂ ਆਧਾਰ ਬਣਾਉਣਾ ਹੀ ਸੀ। ਕੋਈ ਨਹੀਂ ਦੱਸਦਾ ਕਿ, ਕੀ ਆਧਾਰ ਬਣਾਉਣਾ ਚਾਹੀਦਾ ਸੀ! ਇਹ ਵੀ ਨਹੀਂ ਸੀ ਕਿਹਾ ਜਾ ਸਕਦਾ ਕਿ ਸਰਕਾਰੀ ਅਫਸਰ ਆਪ ਹੀ ਫੈਸਲਾ ਕਰ ਦੇਣ ਕਿ ਕਿਹੜਾ ਇਲਾਕਾ ਪੰਜਾਬੀ ਬੋਲਦਾ ਹੈ ਤੇ ਕਿਹੜਾ ਨਹੀਂ। ਜੇ ਉਸ ਤਰ੍ਹਾਂ ਕੀਤਾ ਜਾਂਦਾ ਤਾਂ ਹੋ ਸਕਦਾ ਹੈ ਕਿ ਪੰਜਾਬ ਦੀ ਸੀਮਾ ਇਸ ਤੋਂ ਵੀ ਛੋਟੀ ਹੋ ਜਾਂਦੀ।

ਬੇਸ਼ੱਕ 1961 ਦੀ ਮਰਦਮਸ਼ੁਮਾਰੀ ਵਿਚ ਇਕ ਫਿਰਕੇ ਵੱਲੋਂ ਪੰਜਾਬੀ ਨੂੰ ਮਾਂ ਬੋਲੀ ਮੰਨਣ ਤੋਂ ਇਨਕਾਰੀ ਹੋਣਾ ਮੰਦਭਾਗਾ ਸੀ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ 47 ਤੋਂ ਪਹਿਲਾਂ ਵਾਲੇ ਪੰਜਾਬ ਵਿਚ ਵੀ ਕਾਫੀ ਦੇਰ ਤੋਂ ਧਰਮਾਂ ਦੇ ਆਧਾਰ 'ਤੇ ਭਾਸ਼ਾ ਦੀ ਤਕਸੀਮ ਚੱਲੀ ਆ ਰਹੀ ਸੀ। ਅਜਿਹੀਆਂ ਵੰਡੀਆਂ ਜਾਗਰੂਕਤਾ ਦੇ ਦੌਰ ਵਿਚ ਕੁਝ ਸਮਾਂ ਪਾ ਕੇ ਹੀ ਦੂਰ ਹੋ ਸਕਦੀਆਂ ਸਨ, ਲਾਹਨਤਾਂ ਤੇ ਫਿਟਕਾਰਾਂ ਨਾਲ ਨਹੀਂ। ਇਸ ਦੇ ਨਾਲ ਹੀ ਹਾਲਾਤ ਦੇ ਹਾਂ-ਪੱਖੀ ਮੋੜ ਨੂੰ ਵੇਖਣਾ ਵੀ ਜ਼ਰੂਰੀ ਹੈ ਕਿ ਆਜ਼ਾਦੀ ਤੋਂ ਬਾਅਦ ਜਦੋਂ ਉਰਦੂ ਦੀ ਜਗ੍ਹਾ ਪੰਜਾਬੀ ਤੇ ਹਿੰਦੀ ਨੇ ਲੈ ਲਈ ਤਾਂ ਉਸ ਵੇਲੇ ਦੇ ਵੱਡੇ ਪੰਜਾਬ ਵਿਚ ਪੰਜਾਬੀ ਤੇ ਹਿੰਦੀ ਨੂੰ ਨਾਲ ਨਾਲ ਰੱਖਣਾ ਮੁਕੰਮਲ ਸਹਿਮਤੀ ਨਾਲ ਸ਼ੁਰੂ ਹੋਇਆ। ਕੁੱਲੂ-ਮਨਾਲੀ ਹੋਵੇ ਜਾਂ ਰੋਹਤਕ-ਗੁੜਗਾਵਾਂ ਪੰਜਾਬੀ ਨੂੰ ਬਤੌਰ ਦੂਜੀ ਜ਼ੁਬਾਨ ਪੜ੍ਹਨ ਦਾ ਕਿਧਰੇ ਵਿਰੋਧ ਨਹੀਂ ਹੋਇਆ ਸੀ। ਇਹ ਪੰਜਾਬੀ ਵਾਸਤੇ ਵੱਡੀ ਖੁਸ਼ਗਵਾਰ ਹਕੀਕਤ ਸੀ ਤੇ ਤਦੇ ਕਿਹਾ ਜਾਂਦਾ ਹੈ 1947 ਤੋਂ 1966 ਦਾ ਸਮਾਂ ਪੰਜਾਬੀ ਜ਼ੁਬਾਨ ਦੀ ਚੜ੍ਹਤ ਦਾ ਸਮਾਂ ਸੀ।

ਪੰਜਾਬੀ ਸੂਬੇ ਦੇ ਮੋਰਚੇ ਨੂੰ ਸਮੇਂ ਤੋਂ ਪਹਿਲਾਂ ਤੇ ਬੇਸਮਝੀ ਨਾਲ ਚਲਾਇਆ ਗਿਆ। ਇਸ ਵਿਚ ਪੰਜਾਬੀ ਭਾਸ਼ਾ ਦਾ ਹਿਤ ਨਹੀਂ ਵੇਖਿਆ ਗਿਆ। ਫਿਰਕੂ ਪਾੜਾ ਵਧਾਉਣ ਦੀ ਖਾਤਰ ਪੰਜਾਬੀ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਅੱਜ ਸਾਫ ਹੋ ਗਿਆ ਹੈ ਕਿ ਜਿਨ੍ਹਾਂ ਨੇ ਪੰਜਾਬੀ ਸੂਬੇ ਵਾਸਤੇ ਮੋਰਚਾ ਲਾਇਆ, ਉਨ੍ਹਾਂ ਦਾ ਮਕਸਦ ਪੰਜਾਬੀ ਨਾਲ ਹੇਜ ਨਹੀਂ, ਕੁਝ ਹੋਰ ਸੀ ਤੇ ਜਿਨ੍ਹਾਂ ਨੇ ਪੰਜਾਬੀ ਤੋਂ ਇਨਕਾਰ ਕੀਤਾ, ਉਨ੍ਹਾਂ ਨੇ ਵੀ ਕਿਸੇ ਵੱਖਰੇ ਖੌਫ਼ ਵਿਚ ਕੀਤਾ, ਕਿਸੇ ਹੋਰ ਭਾਸ਼ਾ ਦਾ ਹੇਜ ਉਨ੍ਹਾਂ ਨੂੰ ਵੀ ਨਹੀਂ ਸੀ। ਲੋਕਾਂ ਵੇਖ ਲਿਆ ਹੈ ਕਿ ਹੁਣ ਦੇ ਪੰਜਾਬ ਦੀ ਇਕ ਮਰਦਮਸ਼ੁਮਾਰੀ ਵੇਲੇ ਵੱਡੀ ਗਿਣਤੀ ਵਿਚ ਹਿੰਦੂਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਲਿਖਾਈ ਹੈ। ਇਹ ਵੱਖਰੀ ਗੱਲ ਹੈ ਕਿ ਦਿੱਲੀ ਤੇ ਹਰਿਆਣਾ ਦੀ ਕਾਫੀ ਸਿੱਖ ਆਬਾਦੀ ਪੰਜਾਬੀ ਤੋਂ ਇਨਕਾਰੀ ਹੋ ਗਈ ਹੈ; ਅੰਕੜੇ ਇਹੀ ਦੱਸਦੇ ਹਨ।

ਤੁਸੀਂ ਕੋਈ ਪੁਰਾਣਾ ਰਿਕਾਰਡ ਦੱਸਦੇ ਹੋ ਕਿ ਪੰਜਾਬ ਦੀ ਹੱਦ ਤਾਂ ਮਾਰਕੰਡਾ ਦਰਿਆ ਸੀ। ਪਤਾ ਨਹੀਂ ਲੱਗਾ ਕਿ ਕਿਹੜਾ ਅਜਿਹਾ ਰਿਕਾਰਡ ਸੀ; ਪਰ ਜੇ ਸਿਆਣੇ ਕਹਿੰਦੇ ਹਨ ਤਾਂ ਜ਼ਰੂਰ ਹੋਵੇਗਾ। ਹਾਂ, ਜੇ ਮਾਰਕੰਡਾ ਤੱਕ ਪੰਜਾਬੀ ਸੂਬਾ ਬਣ ਜਾਂਦਾ ਤਾਂ ਹੁਣ ਜਿਹੜਾ ਤੁਸੀਂ ਦੋਵੇਂ ਬਾਹਾਂ ਖੜ੍ਹੀਆਂ ਕਰਕੇ ਦੁਹਾਈਆਂ ਪਾ ਰਹੇ ਹੋ ਕਿ ਓ ਲੋਕਾ! ਪੰਜਾਬ ਨੇ ਘੱਟ-ਗਿਣਤੀ ਹੋ ਜਾਣਾ ਹੈ ਜਿਸ ਦਾ ਮਤਲਬ ਇਹ ਹੈ ਕਿ ਪੰਜਾਬ ਵਿਚ ਸਿੱਖਾਂ ਨੇ ਘੱਟ-ਗਿਣਤੀ ਹੋ ਜਾਣਾ ਹੈ, ਉਸ ਦੀ ਜ਼ਰੂਰਤ ਨਹੀਂ ਸੀ ਪੈਣੀ। ਉਸ ਹਾਲਤ ਵਿਚ ਪੰਜਾਬੀ ਸੂਬਾ ਬਣਦਿਆਂ ਹੀ ਸਿੱਖ ਘੱਟ-ਗਿਣਤੀ ਵਿਚ ਹੋਣੇ ਸਨ ਕਿਉਂਕਿ ਹੁਣ ਵਾਲਾ ਸਿਰਫ਼ ਪੰਜ ਫ਼ੀਸਦੀ ਦਾ ਫਰਕ ਪੂਰਾ ਹੋ ਜਾਣਾ ਸੀ।

ਮੇਰਾ ਇਕ ਸਵਾਲ ਇਹ ਹੈ ਕਿ ਕੀ ਮਾਰਕੰਡਾ ਤੋਂ ਅਗਲੇ ਪਾਸੇ ਪੰਜਾਬੀ ਨਹੀਂ ਬੋਲੀ ਜਾਂਦੀ? ਜੀ.ਟੀ. ਰੋਡ ਉਤੇ ਮਾਰਕੰਡਾ ਦਰਿਆ ਪਾਰ ਕਰਦਿਆਂ ਹੀ ਸ਼ਾਹਬਾਦ ਦਾ ਕਸਬਾ ਪੰਜਾਬੀ ਬੋਲਦਾ ਕਸਬਾ ਹੈ। ਯਮਨਾਨਗਰ, ਸਢੌਰਾ ਤੇ ਕੁਰੁਕਸ਼ੇਤਰ ਦੀ ਪੰਜਾਬੀ ਪੱਟੀ ਵੀ ਮਾਰਕੰਡਾ ਦਰਿਆ ਦੇ ਅਗਲੇ ਪਾਸੇ ਹੈ। ਇਹ ਹੱਦ ਬਣਨ ਨਾਲ ਵੀ ਸਿਰਸਾ, ਹਿਸਾਰ ਅਤੇ ਫਤਿਹਾਬਾਦ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਜਾਣੇ ਸਨ। ਵੈਸੇ ਕੌਣ ਕਹੇਗਾ ਕਿ ਫਰੀਦਾਬਾਦ ਤੇ ਗੁੜਗਾਵਾਂ ਪੰਜਾਬੀ ਬੋਲਦੇ ਸ਼ਹਿਰ ਨਹੀਂ ਹਨ? ਕਦੇ ਗੁੜਗਾਵਾਂ ਦੇ ਸਦਰ ਬਜ਼ਾਰ ਵਿਚ ਘੁੰਮੋ, ਪਤਾ ਲੱਗ ਜਾਵੇਗਾ! ਮੇਰਾ ਦੂਜਾ ਸਵਾਲ ਹੈ ਕਿ ਜੇ ਅੱਜ ਮਾਰਕੰਡਾ ਦੀ ਹੱਦ ਵਾਸਤੇ ਬੋਲ ਰਹੇ ਹਾਂ ਤਾਂ ਥੋੜ੍ਹਾ ਹੋਰ ਅੱਗੇ ਯਮਨਾ ਦਰਿਆ ਨੂੰ ਹੱਦ ਬਣਾਈ ਰੱਖਣ ਵਿਚ ਕੀ ਤਕਲੀਫ ਸੀ ਭਲਾ?

ਤੁਹਾਡਾ ਕਹਿਣਾ ਕਿ ਬ੍ਰਾਹਮਣਵਾਦੀ ਕੇਂਦਰ ਸਰਕਾਰ ਨੇ ਸਿੱਖਾਂ ਦੇ ਹੱਥ ਇਕ ਸੂਬੀ ਦੇ ਮਾਰੀ, 'ਸੱਚੋ ਸੱਚ' ਨਹੀਂ ਹੈ। ਸਿੱਖਾਂ ਨੂੰ ਤਾਂ ਵੱਡਾ ਪੰਜਾਬ ਸੂਬਾ ਜਿਸ ਨੇ ਚੀਨ ਦੀ ਸਰਹੱਦ ਨਾਲ ਲੱਗਦੇ ਲਾਹੌਲ ਸਪਿਤੀ ਤੋਂ ਲੈ ਕੇ ਦਿੱਲੀ ਨੂੰ ਤਿੰਨ ਪਾਸਿਓਂ ਘੇਰਿਆ ਹੋਇਆ ਸੀ, ਮਿਲਿਆ ਸੀ। ਪਤਾ ਨਹੀਂ ਕੁਝ ਨਾਮ ਨਿਹਾਦ ਸਿੱਖ ਲੀਡਰਾਂ ਨੂੰ ਇਹ ਕਿਉਂ ਹਜ਼ਮ ਨਹੀਂ ਸੀ ਹੁੰਦਾ। ਤੁਸਾਂ ਕੁਝ ਸਵਾਲ ਪਾਠਕਾਂ ਨੂੰ ਪੁੱਛ ਕੇ ਕਿਹਾ ਹੈ ਕਿ ਇਨ੍ਹਾਂ ਦਾ ਜਵਾਬ ਈਮਾਨਦਾਰੀ ਨਾਲ ਦੇਣਾ। ਇਕ ਸਵਾਲ ਮੈਂ ਵੀ ਪੁੱਛਦਾ ਹਾਂ, ਤੇ ਕਹਿੰਦਾ ਹਾਂ ਕਿ ਜਵਾਬ ਈਮਾਨਦਾਰੀ ਨਾਲ ਦੇਣਾ ਕਿ ਪੰਜਾਬੀ ਸੂਬਾ ਬਣਨ ਨਾਲ ਪੰਜਾਬੀਆਂ ਨੇ ਕੀ ਖੱਟਿਆ ਤੇ ਸਿੱਖਾਂ ਨੇ ਕੀ ਖੱਟਿਆ?

ਮੇਰਾ ਜਵਾਬ ਹੈ ਕਿ ਪੰਜਾਬੀ ਸੂਬਾ ਬਣਨ ਨਾਲ ਅਕਾਲੀਆਂ ਜ਼ਰੂਰ ਕੁਝ ਖੱਟਿਆ ਹੋ ਸਕਦਾ ਹੈ ਪਰ ਪੰਜਾਬੀਆਂ ਨੇ ਗੰਵਾਇਆ ਹੀ ਗੰਵਾਇਆ ਹੈ ਤੇ ਸਿੱਖਾਂ ਨੇ ਵੀ। ਪਿੱਛੇ ਝਾਤੀ ਮਾਰੋ, 1947 ਤੋਂ ਲੈ ਕੇ 1966 ਤੱਕ ਪੰਜਾਬੀ ਭਾਸ਼ਾ ਦੀ ਚੜ੍ਹਤ ਦਾ ਸਮਾਂ ਸੀ। ਲਾਹੌਲ ਸਪਿਤੀ, ਕੁੱਲੂ, ਮਨਾਲੀ, ਰੋਹਤਕ ਤੇ ਗੁੜਗਾਵਾਂ ਤੱਕ ਸਾਰੇ ਪੰਜਾਬ ਵਿਚ ਪੰਜਾਬੀ ਲਾਜ਼ਮੀ ਪੜ੍ਹਾਈ ਜਾਂਦੀ ਸੀ; ਕਿਧਰੇ ਬਤੌਰ ਪਹਿਲੀ ਭਾਸ਼ਾ ਤੇ ਕਿਧਰੇ ਦੂਜੀ ਭਾਸ਼ਾ। ਅੱਜ ਵੀ ਕੁੱਲੂ ਤੇ ਰੋਹਤਕ ਦੇ ਲੋਕ ਜਿਨ੍ਹਾਂ 1958 ਤੋਂ 1966 ਦੌਰਾਨ ਦਸਵੀਂ ਪਾਸ ਕੀਤੀ ਸੀ, ਪੰਜਾਬੀ ਪੜ੍ਹ ਲੈਂਦੇ ਹਨ। ਹੁਣ ਦਿੱਲੀ ਦੀ ਵੀ ਸੁਣੋ। ਉਥੇ 1960 ਵਿਚ ਅੱਧੇ ਤੋਂ ਵੱਧ ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ। ਅੱਜ ਦੇ ਹਾਲਾਤ ਦਾ ਆਪ ਪਤਾ ਕਰ ਲਵੋ। ਵਰਤਮਾਨ ਪੰਜਾਬ ਜਾਂ ਪੰਜਾਬੀ ਸੂਬੀ ਵਿਚ ਪਹਿਲਾਂ ਵੀ ਪੰਜਾਬੀ ਪਹਿਲੀ ਭਾਸ਼ਾ ਤੇ ਹਿੰਦੀ ਦੂਜੀ ਭਾਸ਼ਾ ਸੀ ਤੇ ਅੱਜ ਵੀ ਉਸੇ ਤਰ੍ਹਾਂ ਹੈ। ਅਸਲ ਵਿਚ ਪੰਜਾਬ ਵਿਚੋਂ ਹਿੰਦੀ ਨਾ ਨਿਕਲ ਸਕਦੀ ਸੀ ਤੇ ਨਾ ਨਿਕਲੀ ਪਰ ਹਰਿਆਣਾ ਤੇ ਹਿਮਾਚਲ ਵਿਚੋਂ ਪੰਜਾਬੀ ਵੱਡੀ ਪੱਧਰ 'ਤੇ ਨਿਕਲ ਗਈ ਹੈ!

ਤੁਸਾਂ ਕਈ ਵਾਰ ਪੰਜਾਬ ਦੀ ਆਰਥਿਕ ਤਬਾਹੀ ਦੀ ਗੱਲ ਕੀਤੀ ਹੈ। ਹਰ ਸੂਬੇ ਦੀ ਆਰਥਿਕਤਾ ਕੇਂਦਰ ਸਰਕਾਰ ਦੇ ਹੱਥ ਨਹੀਂ, ਉਸ ਦੀ ਬਹੁਤੀ ਜ਼ਿੰਮੇਵਾਰੀ ਸੂਬੇ ਦੀ ਆਪਣੀ ਹੁੰਦੀ ਹੈ। ਫਿਰ ਪੰਜਾਬ ਦੀ ਆਰਥਿਕਤਾ ਨੂੰ ਤਾਂ ਪੱਕੀ ਸੱਟ 1966 ਵਿਚ ਹੀ ਵੱਜ ਗਈ ਸੀ। ਇਸ ਤੋਂ ਪਹਿਲਾਂ ਪੰਜਾਬ ਦੇ ਦੋ ਪੱਖ ਸਨ। ਇਕ ਘਾਟੇ ਵਾਲਾ ਜੋ ਪਾਕਿਸਤਾਨ ਦੇ ਨਜ਼ਦੀਕ ਸੀ ਤੇ ਦੂਜਾ ਵਾਧੇ ਵਾਲਾ ਜੋ ਦਿੱਲੀ ਦੇ ਨਜ਼ਦੀਕ ਸੀ। ਪੁਨਰਗਠਨ ਤੋਂ ਬਾਅਦ ਵਾਧੇ ਵਾਲਾ ਪਾਸਾ ਹਰਿਆਣੇ ਕੋਲ ਚਲਾ ਗਿਆ ਤੇ ਘਾਟੇ ਵਾਲਾ ਪਾਸਾ ਪੰਜਾਬ ਕੋਲ ਰਹਿ ਗਿਆ। ਇਹ ਖੱਪਾ ਅਜੇ ਤੱਕ ਨਹੀਂ ਭਰਿਆ ਤੇ ਨਾ ਹੀ ਭਰੇ ਜਾਣ ਦੀ ਉਮੀਦ ਨਜ਼ਰ ਆਉਂਦੀ।

ਕੋਈ ਸਮਝ ਨਹੀਂ ਆਉਂਦੀ ਕਿ ਕਿਹੜੇ ਕਾਰਨਾਂ ਕਰਕੇ ਪਹਿਲੀ ਨਵੰਬਰ ਨੂੰ ਸਰਕਾਰੀ ਛੁੱਟੀ ਹੁੰਦੀ ਹੈ ਤੇ ਪੰਜਾਬ ਦਿਵਸ ਮਨਾਇਆ ਜਾਂਦਾ ਹੈ? ਕੀ ਉਸ ਤੋਂ ਪਹਿਲਾਂ ਪੰਜਾਬ ਹੁੰਦਾ ਹੀ ਨਹੀਂ ਸੀ ਜੋ 1966 ਵਿਚ ਪੈਦਾ ਹੋਇਆ? ਜਿਸ ਦਿਨ ਕਿਸੇ ਦੇ ਟੋਟੇ ਕੀਤੇ ਜਾਣ, ਉਸ ਦਿਨ ਨੂੰ ਉਸ ਦਾ ਜਨਮ ਦਿਨ ਮਨਾਇਆ ਜਾਵੇ, ਕੀ ਅਜਿਹਾ ਕਿਧਰੇ ਹੋਰ ਵੀ ਸੁਣਿਆ ਹੈ?

### ਪਾਣੀਆਂ ਦੀ ਵੰਡ

ਦਰਿਆਈ ਪਾਣੀਆਂ ਦੇ ਮਾਮਲੇ ਨੂੰ ਵੀ ਤੁਸਾਂ ਝੂਠ ਦਾ ਸਹਾਰਾ ਲੈ ਕੇ ਜਜ਼ਬਾਤੀ ਰੰਗਤ ਦਿੱਤੀ ਹੈ। ਤੁਸੀਂ ਲਿਖਦੇ ਹੋ ਕਿ 'ਪੰਜਾਬ ਦਾ ਤਿੰਨ ਚੌਥਾਈ ਪਾਣੀ ਲੋਕਾਂ ਦੀ ਮਾਲਕੀ-ਮਰਜ਼ੀ ਤੋਂ ਉਲਟ ਧੱਕੇਸ਼ਾਹੀ ਨਾਲ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਦਿੱਤਾ ਗਿਆ ਹੈ। ਤੁਸਾਂ ਧੱਕੇਸ਼ਾਹੀ ਦੇ ਅੱਗੇ ਬਰੈਕਟਾਂ ਵਿਚ 'ਡਕੈਤੀ' ਵੀ ਲਿਖਿਆ ਹੈ ਅਤੇ ਅਜਿਹੇ ਇਕ ਪੈਰੇ ਦੇ ਅਖੀਰ ਵਿਚ ਲਿਖਦੇ ਹੋ, 'ਬਿਲਕੁਲ ਸੱਚ'; ਲੇਕਿਨ ਇਹ ਸੱਚ ਨਹੀਂ ਹੈ।

ਪਾਣੀਆਂ ਦਾ ਮਸਲਾ ਹੋਵੇ ਜਾਂ ਕੋਈ ਹੋਰ, ਸੂਬਿਆਂ ਵਿਚ ਝਗੜਾ ਹੋਣਾ ਕੋਈ ਜੱਗੋਂ ਬਾਹਰੀ ਗੱਲ ਨਹੀਂ। ਇਨ੍ਹਾਂ ਦਾ ਇਨਸਾਫਪੂਰਵਕ ਨਿਬੇੜਾ ਹੋਣਾ ਚਾਹੀਦਾ ਹੈ। ਇਹ ਨਹੀਂ ਮੰਨਿਆ ਜਾ ਸਕਦਾ ਕਿ ਕਾਨੂੰਨ ਵਿਚ ਬਣਦਾ ਹੱਕ ਕਿਸੇ ਨੂੰ ਨਾ ਮਿਲੇ। ਕੋਈ ਵੀ ਨਾਗਰਿਕ ਅਦਾਲਤ ਵਿਚ ਜਾ ਸਕਦਾ ਹੈ। ਜੇ ਪਹਿਲਾਂ ਹੀ ਇਹ ਕਹਿ ਦੇਣਾ ਹੈ ਕਿ 'ਇਸ ਮੁਲਕ' ਦੀਆਂ ਅਦਾਲਤਾਂ ਵਿਚ ਇਨਸਾਫ ਨਹੀਂ ਤਾਂ ਗੱਲ ਵੱਖਰੀ ਹੈ; ਨਹੀਂ ਤਾਂ ਹਰ ਅਦਾਲਤ ਨੂੰ ਫੈਸਲੇ ਦੇ ਕਾਰਨ ਦੱਸਣੇ ਪੈਂਦੇ ਹਨ। ਇਹ ਕਾਰਨ ਪੜ੍ਹ, ਵਿਚਾਰ ਕੇ ਹੀ ਅੱਗੇ ਗੱਲ ਚਲਾ ਸਕਦੇ ਹਾਂ। ਦੁੱਖ ਦੀ ਗੱਲ ਹੈ ਕਿ ਤੁਹਾਡੀ ਤਰ੍ਹਾਂ ਹੋਰ ਵੀ ਕਈ ਲੇਖਕਾਂ ਨੇ ਜਜ਼ਬਾਤੀ ਪਾਣ ਜ਼ਰੂਰ ਚੜ੍ਹਾਈ ਹੈ ਪਰ ਇਸ ਦੇ ਸਾਰੇ ਪੱਖ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜੋ ਉਨ੍ਹਾਂ ਦਾ ਪਹਿਲਾ ਫਰਜ਼ ਬਣਦਾ ਸੀ। ਹੋਰ ਦੁੱਖ ਦੀ ਗੱਲ ਹੈ ਕਿ 'ਸਚੁ ਕੀ ਬੇਲਾ' ਲਿਖਣ ਵਾਲਾ ਵੀ ਇਸ ਦੀ ਜ਼ਰੂਰਤ ਨਹੀਂ ਸਮਝਦਾ। ਇਹ ਡਿਊਟੀ ਹੁਣ ਮੈਂ ਲੈਂਦਾ ਹਾਂ।

ਕਦੇ ਪੰਜਾਂ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਕਿਹਾ ਗਿਆ ਸੀ। ਮੁਲਕ ਦੀ ਤਕਸੀਮ ਤੋਂ ਬਾਅਦ ਸਾਡੇ ਕਈ ਲੋਕਾਂ ਨੇ ਕਿਹਾ ਹੁਣ ਪੂਰਬੀ ਪੰਜਾਬ ਕੋਲ ਤਾਂ ਢਾਈ ਦਰਿਆ ਰਹਿ ਗਏ ਹਨ ਪਰ ਉਹ ਗਲਤ ਸਨ, ਲੰਬਾਈਆਂ ਦੇ ਹਿਸਾਬ ਨਾਲ ਪੂਰਬੀ ਪੰਜਾਬ ਕੋਲ ਇਕ ਵੀ ਪੂਰਾ ਦਰਿਆ ਨਹੀਂ ਰਿਹਾ ਸੀ। ਅੱਜ ਜੇ ਪੰਜਾਬੀ ਸੂਬੇ ਦੀ ਗੱਲ ਕਰਦੇ ਹਾਂ ਤਾਂ ਹਿਮਾਚਲ ਬਣਨ ਤੋਂ ਬਾਅਦ ਅੱਜ ਦੇ ਪੰਜਾਬ ਕੋਲ ਪੰਜਾਂ ਦਰਿਆਵਾਂ ਵਿਚੋਂ ਅੱਧਾ ਵੀ ਨਹੀਂ ਹੈ। ਮੁੱਖ ਦਰਿਆ ਸਤਲੁਜ ਆਪਣੇ ਸਹਾਇਕ ਦਰਿਆ ਬਿਆਸ ਸਮੇਤ ਆਪਣੀ ਕੁੱਲ ਲੰਬਾਈ ਦਾ ਸਿਰਫ਼ 16 ਫੀਸਦੀ ਹੀ ਪੰਜਾਬ ਵਿਚੋਂ ਗੁਜ਼ਰਦਾ ਹੈ। ਰਾਵੀ ਸਿਰਫ਼ ਪੰਜਾਬ ਨੂੰ ਹੱਥ ਲਾ ਕੇ ਹੀ ਪਰ੍ਹਾਂ ਚਲੇ ਜਾਂਦੀ ਹੈ। ਫਿਰਕਾਪ੍ਰਸਤੀ ਭਰੇ ਮੰਦਭਾਗੇ ਇਤਿਹਾਸ ਨੇ ਪੰਜਾਬ ਨੂੰ ਅਜਿਹਾ ਬਦਕਿਸਮਤ ਜੁਗਰਾਫੀਆ ਦਿੱਤਾ ਜਿਸ ਦਾ ਹੱਲ ਆਸਾਨ ਨਹੀਂ ਸੀ।

ਤੁਸੀਂ ਲਿਖਦੇ ਹੋ ਕਿ 'ਕੌਮਾਂਤਰੀ ਕਾਨੂੰਨ ਅਨੁਸਾਰ ਦਰਿਆਵਾਂ ਦਾ ਮਾਲਕ ਹੀ ਉਹ ਰਾਜ ਹੈ ਜਿਸ ਦੀ ਹੱਦ ਵਿਚੋਂ ਉਹ ਲੰਘਦੇ ਹਨ।' ਤੁਸੀਂ ਗਲਤ ਲਿਖਦੇ ਹੋ; ਕੌਮਾਂਤਰੀ ਕਾਨੂੰਨ ਰਾਜਾਂ ਦੀ ਨਹੀਂ, ਮੁਲਕਾਂ ਦੀ ਗੱਲ ਕਰਦਾ ਹੈ। ਸਾਡੇ ਇਹ ਦਰਿਆ ਹੁਣ ਭਾਰਤ ਤੇ ਪਾਕਿਸਤਾਨ ਦੇ ਸਾਂਝੇ ਸਨ। ਇਸ ਲਈ ਪਾਕਿਸਤਾਨ ਨੇ ਭਾਖੜਾ ਬੰਨ੍ਹ ਨੂੰ ਲੈ ਕੇ ਕੌਮਾਂਤਰੀ ਅਦਾਲਤ ਵਿਚ ਕੇਸ ਕੀਤਾ।

ਦਰਿਆਵਾਂ ਦੀ ਲੰਬਾਈ ਤੇ ਸੰਭਾਵਤ ਸਿੰਜਾਈ ਖੇਤਰ ਨੂੰ ਆਧਾਰ ਬਣਾ ਕੇ ਪਾਕਿਸਤਾਨ ਨੇ ਸਤਲੁਜ, ਰਾਵੀ ਤੇ ਬਿਆਸ ਦੇ ਕੁਲ ਪਾਣੀ ਵਿਚੋਂ ਭਾਰਤ ਦਾ ਹੱਕ ਸਿਰਫ 15 ਫੀਸਦੀ ਹੋਣ ਦਾ ਕਲੇਮ ਕੀਤਾ। ਉਸ ਨੇ ਇਨ੍ਹਾਂ ਦੇ ਪਾਣੀ ਉਪਰ ਸਿੰਧ ਤੇ ਬਲੋਚਸਤਾਨ ਦਾ ਹੱਕ ਵੀ ਜਤਾਇਆ। ਇਸ ਦੇ ਜਵਾਬ ਵਿਚ ਭਾਰਤ ਨੇ ਭਾਖੜਾ ਤੇ ਹਰੀਕੇ ਪੱਤਣ ਦੇ ਅੰਗਰੇਜ਼ਾਂ ਵੱਲੋਂ ਬਣਾਏ ਨਕਸ਼ੇ ਪੇਸ਼ ਕਰਕੇ, ਸਾਰਾ ਪੰਜਾਬ, ਪੈਪਸੂ (ਜੋ ਤੁਹਾਡੀ ਥਿਊਰੀ ਮੁਤਾਬਕ ਉਦੋਂ ਰਿਪੇਰੀਅਨ ਨਹੀਂ ਸੀ), ਰਾਜਸਥਾਨ ਤੇ ਗੁਜਰਾਤ ਦੇ ਇਕ ਹਿੱਸੇ ਨੂੰ ਵੀ ਸਿੰਧ ਦੇ ਮੈਦਾਨ ਦਾ ਹਿੱਸਾ ਦਰਸਾ ਕੇ 80 ਫੀਸਦੀ ਪਾਣੀ ਦਾ ਕਲੇਮ ਕੀਤਾ।

ਅਖੀਰ ਪਾਕਿਸਤਾਨ ਨਾਲ ਸਮਝੌਤਾ ਹੋਇਆ। ਜਿਹਲਮ, ਚਨਾਬ ਤੇ ਸਿੰਧ ਦਰਿਆਵਾਂ ਦੇ ਪਾਣੀ ਦਾ ਵੱਡਾ ਹਿੱਸਾ ਪਾਕਿਸਤਾਨ ਨੂੰ ਦੇ ਕੇ ਅਸਾਂ ਸਤਲੁਜ ਤੇ ਬਿਆਸ ਦਾ ਪੂਰਾ ਪਾਣੀ ਤੇ ਰਾਵੀ ਦੇ ਪਾਣੀ ਦਾ ਵੱਡਾ ਹਿੱਸਾ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਨਹਿਰਾਂ ਦਾ ਰੁਖ ਬਦਲਣ ਵਾਸਤੇ ਪਾਕਿਸਤਾਨ ਨੂੰ 50 ਲੱਖ ਪੌਂਡ ਦਿੱਤੇ ਗਏ। ਇਸ ਤੋਂ ਬਾਅਦ ਵੀ ਪਾਣੀਆਂ ਦੀ ਗਵਾਂਢੀ ਸੂਬਿਆਂ ਵਿਚ ਹੋਈ ਜਿਸ ਤਕਸੀਮ ਨੂੰ ਤੁਸੀਂ ਡਕੈਤੀ ਦੱਸ ਰਹੇ ਹੋ, ਉਹ ਇਨ੍ਹਾਂ ਸੂਬਿਆਂ ਦੀਆਂ ਲੋਕਾਂ ਵੱਲੋਂ ਚੁਣੀਆਂ ਹੋਈਆਂ ਸਰਕਾਰਾਂ ਨੇ ਆਪਸੀ ਸਹਿਮਤੀ ਨਾਲ ਕੀਤੀਆਂ। ਜੇ ਤੁਸੀਂ ਕਹੋ ਕਿ ਉਦੋਂ ਪੰਜਾਬ ਦੀਆਂ ਸਰਕਾਰਾਂ ਕਠਪੁਤਲੀ ਸਰਕਾਰਾਂ ਸਨ ਜਿਥੇ ਕੇਂਦਰ ਨੇ ਕਿਹਾ ਅੰਗੂਠੇ ਲਾ ਦਿੱਤੇ ਤਾਂ ਇਸ ਤਰ੍ਹਾਂ ਦੁਨੀਆਂ ਵਿਚ ਕਿਧਰੇ ਨਾ ਮੁਲਕਾਂ ਵਿਚਕਾਰ ਸਮਝੌਤੇ ਹੋ ਸਕਦੇ ਹਨ, ਨਾ ਵਪਾਰਕ ਅਦਾਰਿਆਂ ਅਤੇ ਨਾ ਹੀ ਵਿਅਕਤੀਆਂ ਵਿਚਕਾਰ ਕੋਈ ਦੀਵਾਨੀ ਇਕਰਾਰਨਾਮੇ। ਜੇ ਅੱਜ ਇਹ ਸਮਝੌਤੇ ਨਵੇਂ ਸਿਰੇ ਤੋਂ ਕਰਨੇ ਹੋਏ ਤਾਂ ਵੀ ਤੇ ਚੁਣੀਆਂ ਹੋਈਆਂ ਸਰਕਾਰਾਂ ਨੇ ਹੀ ਕਰਨੇ ਹਨ। ਕੀ ਗਾਰੰਟੀ ਹੈ ਕਿ ਇਹ ਫਿਰ ਦਬਾਅ ਹੇਠ ਅੰਗੂਠੇ ਨਹੀਂ ਲਾ ਦੇਣਗੇ?

ਇਕ ਮਿੰਟ ਲਈ ਮੰਨ ਲਈਏ ਕਿ ਉਦੋਂ ਪੰਜਾਬ ਦੇ ਲੀਡਰ ਲੋਲ੍ਹੇ ਹੋਣਗੇ ਪਰ ਹੁਣ ਕੱਲ੍ਹ ਦੀ ਗੱਲ ਹੈ ਕਿ ਪੰਜਾਬ ਅਸੰਬਲੀ ਨੇ ਪਿਛਲੇ ਸਮਝੌਤੇ ਤੋੜਨ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਜਿਸ ਵਿਚ ਲਿਖਿਆ ਕਿ 'ਜੋ ਪਾਣੀ ਹੁਣ ਦੂਜੇ ਸੂਬਿਆਂ ਨੂੰ ਜਾਂਦਾ ਹੈ; ਉਹ ਉਸੇ ਤਰ੍ਹਾਂ ਨਿਰਵਿਘਨ, ਜਾਂਦਾ ਰਹੇਗਾ'। ਇਸ ਨਾਲ ਜੋ ਪਾਣੀ ਹੁਣ ਜਾ ਰਿਹਾ ਹੈ, ਉਸ ਦਾ ਝਗੜਾ ਖ਼ਤਮ ਹੋ ਗਿਆ। ਸਿਰਫ ਮਸਲਾ ਇਹੀ ਰਹਿ ਗਿਆ ਕਿ ਹੋਰ ਜਾਣਾ ਚਾਹੀਦਾ ਹੈ ਕਿ ਨਹੀਂ। ਜੇ ਤੁਸੀਂ ਕਹੋ ਕਿ ਕਾਂਗਰਸ ਤੇ ਅਕਾਲੀ ਦੋਵੇਂ ਪੰਜਾਬ ਦੇ ਦੁਸ਼ਮਣ ਹਨ ਪਰ ਪੰਜਾਬ ਦੇ ਲੋਕਾਂ ਨੇ ਫਿਰ ਅਗਲੇ ਸਾਲ ਹੀ, ਇਨ੍ਹਾਂ ਦੋਵਾਂ ਨੂੰ ਚੁਣਿਆ ਹੈ, ਕਿਸੇ ਤੀਸਰੇ ਨੂੰ ਇਕ ਸੀਟ ਨਹੀਂ ਦਿੱਤੀ। ਫਿਰ ਆਪਾਂ ਕਾਹਦੀ ਟੈਨਸ਼ਨ ਲੈ ਰਹੇ ਹਾਂ?

ਜਦੋਂ ਪਾਣੀਆਂ ਬਾਰੇ ਤੁਹਾਡੇ ਵਰਗੇ ਲੇਖਕ ਦੇ ਜਜ਼ਬਾਤੀ ਲੇਖ ਪੜ੍ਹਦਾ ਹਾਂ ਤਾਂ ਸੋਚਦਾਂ ਕਿ ਐਸੀ ਜਜ਼ਬਾਤੀ ਸ਼ੈਲੀ ਦਾ ਲੇਖਕ ਹਿਮਾਚਲ ਕੋਲ ਕਿਉਂ ਨਹੀਂ। ਸ਼ਾਇਦ ਹੋਵੇ, ਤੇ ਆਪਾਂ ਨਾ ਪੜ੍ਹਿਆ ਹੋਵੇ। ਜੇ ਹੋਇਆ ਤਾਂ ਉਸ ਨੇ ਜ਼ਰੂਰ ਕੁਝ ਇਸ ਤਰ੍ਹਾਂ ਦਾ ਲਿਖਿਆ ਹੋਵੇਗਾ ਕਿ 'ਦੁਹਾਈ ਓ ਲੋਕਾ, ਹਾਏ ਓ ਰੱਬਾ! ਇਨ੍ਹਾਂ ਦਰਿਆਵਾਂ ਦਾ ਪਾਣੀ ਸਾਡੀਆਂ ਬਰਫਾਂ ਆਪਣੇ ਆਪ ਨੂੰ ਪਿਘਲਾ ਕੇ ਤਿਆਰ ਕਰਦੀਆਂ ਹਨ। ਭਾਰੀ ਜੰਗਲਾਂ ਨੂੰ ਬਚਾ ਕੇ ਅਸੀਂ ਮੀਂਹ ਦੇ ਬੱਦਲ ਖਿੱਚਦੇ ਹਾਂ। ਮੀਂਹ ਦੀ ਖਾਤਰ ਅਸਾਂ ਖੇਤੀ ਵਾਸਤੇ ਜ਼ਮੀਨ ਥੋੜ੍ਹੀ ਤੇ ਜੰਗਲਾਂ ਵਾਸਤੇ ਬਹੁਤੀ ਰੱਖੀ ਹੈ। ਇਹ ਮੀਂਹ ਸਾਡੇ ਸਿਰਾਂ 'ਤੇ ਪੈਂਦਾ ਹੈ, ਹਰ ਸਾਲ ਕੋਠੇ ਡਿੱਗਦੇ ਹਨ, ਮਾਲ ਡੰਗਰ ਰੁੜ੍ਹਦੇ ਹਨ ਤੇ ਕਈ ਵਾਰ ਪਰਿਵਾਰ ਦੇ ਜੀਅ ਵੀ। ਇਸ ਤਰ੍ਹਾਂ ਅਸੀਂ ਦਰਿਆਵਾਂ ਨੂੰ ਪਾਣੀ ਨਾਲ ਭਰਦੇ ਹਾਂ ਤੇ ਇਹ ਮੈਦਾਨਾਂ ਵਾਲੇ ਸਾਡੇ ਹੀ ਸੂਬੇ ਵਿਚ ਬੰਨ੍ਹ ਮਾਰ ਕੇ ਪਾਣੀ ਮੁਫਤੋ-ਮੁਫਤ ਆਪਸ ਵਿਚ ਵੰਡੀ ਫਿਰਦੇ ਹਨ।'

ਹਿਮਾਚਲ ਦਾ ਜਸਵੰਤ ਸਿੰਘ ਕੰਵਲ ਲਿਖੇਗਾ ਕਿ ਭਾਖੜੇ ਦੇ ਪਾਣੀ ਉਪਰ ਲੜਨ ਵਾਲੇ ਭੜਵਿਓ, ਕਦੇ ਸੋਚਿਆ ਹੈ ਕਿ ਗੋਬਿੰਦ ਸਾਗਰ ਬਣਾਉਣ ਲਈ ਕਿਤਨੇ ਸੈਂਕੜੇ ਹਿਮਾਚਲੀਆਂ ਨੇ ਆਪਣੇ ਪਿਤਾ ਪੁਰਖੀ ਘਰ ਤੇ ਜ਼ਮੀਨਾਂ ਪਾਣੀ ਵਿਚ ਡੁੱਬ ਜਾਣ ਵਾਸਤੇ ਛੱਡੀਆਂ। ਮੰਨਿਆ ਕਿ ਇਨ੍ਹਾਂ ਲੋਕਾਂ ਨੂੰ ਰਾਜਸਥਾਨ ਸਰਕਾਰ ਨੇ ਕਈ ਗੁਣਾਂ ਵੱਧ ਜ਼ਮੀਨਾਂ ਦਿੱਤੀਆਂ, ਘਰਾਂ ਵਾਸਤੇ ਪਲਾਟ ਤੇ ਪੈਸਾ ਵੀ ਮਿਲਿਆ ਪਰ ਨਦੀ ਕਿਨਾਰੇ ਦੇ ਹਰੇ ਭਰੇ ਪਹਾੜ ਛੱਡ ਕੇ ਰਾਜਸਥਾਨ ਦੇ ਤਪਦੇ ਰੇਗਿਸਤਾਨ ਵਿਚ ਰਹਿਣਾ ਸੌਖਾ ਨਹੀਂ। ਜਿਨ੍ਹਾਂ ਦੀਆਂ ਜ਼ਮੀਨਾਂ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਆਈਆਂ ਜਾਂ ਪਾਕਿਸਤਾਨ ਵਿਚ ਰਹਿ ਗਈਆਂ, ਉਹ ਤਾਂ ਫਿਰ ਵੀ ਕਦੇ ਆਪਣੇ ਜਨਮ ਸਥਾਨ ਨੂੰ ਹੱਥ ਲਾ ਕੇ ਵੇਖ ਸਕਦੇ ਹੋਣਗੇ ਪਰ ਇਹ ਲੋਕ ਏਡੀ ਡੂੰਘੀ ਚੁੱਭੀ ਵੀ ਨਹੀਂ ਲਾ ਸਕਦੇ ਜਿਥੇ ਉਨ੍ਹਾਂ ਦੇ ਪਿਤਾ ਪੁਰਖੀ ਘਰ ਡੁੱਬੇ ਪਏ ਨੇ।' ਖੈਰ ਤੁਹਾਡੇ ਵਰਗਾ ਲੇਖਕ ਇਸ ਨੂੰ ਹੋਰ ਵੀ ਜਜ਼ਬਾਤੀ ਹਉਕਾ ਬਣਾ ਸਕਦਾ ਹੈ। ਅਜਿਹਾ ਲੇਖਕ ਲਿਖ ਸਕਦਾ ਹੈ ਕਿ ਲੋਕੋ, ਹਨ੍ਹੇਰ ਸਾਈਂ ਦਾ ਭਾਖੜਾ ਹਿਮਾਚਲ ਦੀ ਧਰਤੀ 'ਤੇ ਪਰ ਇਸ ਦੇ ਪ੍ਰਬੰਧਕੀ ਬੋਰਡ ਦਾ ਦਫ਼ਤਰ ਚੰਡੀਗੜ੍ਹ ਵਿਚ?

ਮੈਂ ਦੁਹਰਾਉਂਦਾ ਹਾਂ ਕਿ ਸੂਬਿਆਂ ਵਿਚਾਲੇ ਪਾਣੀਆਂ ਦੇ ਝਗੜੇ ਕੋਈ ਜੱਗੋਂ ਬਾਹਰੀ ਗੱਲ ਨਹੀਂ। ਬਿਲਕੁਲ ਠੀਕ ਕਿ ਇਹ ਤਕਸੀਮਾਂ ਇਨਸਾਫ ਆਧਾਰਤ ਹੋਣੀਆਂ ਚਾਹੀਦੀਆਂ ਹਨ। ਪਾਣੀ ਤੋਂ ਬਿਨਾਂ ਹੋਰ ਮਸਲੇ ਵੀ ਹੋ ਸਕਦੇ ਹਨ। ਸਾਡਾ ਲੇਖਕ ਬਰਾਦਰੀ ਦਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਨੂੰ ਜਜ਼ਬਾਤੀ ਰੰਗਤ ਨਾ ਦੇਈਏ, ਸਰਕਾਰਾਂ ਤੇ ਸਿਆਸੀ ਧਿਰਾਂ 'ਤੇ ਜ਼ੋਰ ਪਾਈਏ ਕਿ ਇਨ੍ਹਾਂ ਦਾ ਨਿਬੇੜਾ ਆਪਸੀ ਗੱਲਬਾਤ ਰਾਹੀਂ ਕਰੋ। ਸਾਲ 2010 ਵਿਚ ਹੜ੍ਹਾਂ ਨੇ ਜੋ ਤਬਾਹੀ ਮਚਾਈ ਹੈ, ਉਸ ਨੇ ਸਾਫ਼ ਕਰ ਦਿੱਤਾ ਹੈ ਕਿ ਹੜ੍ਹਾਂ ਦੀ ਰੋਕਥਾਮ ਦਾ ਸੁਚਾਰੂ ਕੰਮ ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਮਿਲ ਕੇ ਹੀ ਕਰ ਸਕਦੇ ਹਨ, ਉਸ ਤੋਂ ਬਿਨਾਂ ਹੋ ਹੀ ਨਹੀਂ ਸਕਦਾ ਕਿਉਂਕਿ ਪਾਣੀ ਦੇ ਵਹਿਣ ਨਕਸ਼ੇ ਉਪਰ ਖਿੱਚੀਆਂ ਲਕੀਰਾਂ ਨੂੰ ਨਹੀਂ ਵੰਡਦੇ, ਨਾ ਹੀ ਹੱਦਾਂ ਉਪਰ ਰੱਖੇ ਪੁਲਿਸ ਦੇ ਡਰੰਮ ਉਨ੍ਹਾਂ ਨੂੰ ਰੋਕ ਸਕਦੇ ਹਨ। ਉਨ੍ਹਾਂ ਵਾਸਤੇ ਸਿੰਧ ਦੇ ਮੈਦਾਨ ਦੀ ਸਾਰੀ ਧਰਤੀ, ਆਪਣੀ ਧਰਤੀ ਹੈ। ਇਸੇ ਤਰ੍ਹਾਂ ਸਿੰਜਾਈ ਤੇ ਬਿਜਲੀ ਦਾ ਪ੍ਰਬੰਧ ਵੀ ਇਕੱਠਿਆਂ ਹੀ ਹੋ ਸਕਦਾ ਹੈ। ਕੱਲ੍ਹ ਨੂੰ ਪ੍ਰਮਾਣੂ ਪਲਾਂਟ ਵੀ ਲਾਉਣਾ ਪਿਆ ਤਾਂ ਰਾਜਸਥਾਨ ਵਿਚ ਹੀ ਲੱਗ ਸਕਦਾ ਹੈ ਜਾਂ ਹਰਿਆਣਾ ਦੇ ਕਿਸੇ ਇਲਾਕੇ ਵਿਚ। ਪਾਣੀ ਦੀ ਬਿਜਲੀ ਦੀਆਂ ਸਭ ਸੰਭਾਵਨਾਵਾਂ ਹਿਮਾਚਲ ਵਿਚ ਹੀ ਹਨ। ਇਹ ਸਭ ਕੰਮ ਆਪਸੀ ਗੱਲਬਾਤ ਨਾਲ ਹੋ ਸਕਦੇ ਹਨ ਜਿਸ ਵਿਚ ਚੰਗਾ ਭਾਈਚਾਰਾ ਬਣਾਉਣ ਦੀ ਲੋੜ ਹੈ।

ਹਾਂ, ਜਿੱਥੇ ਆਪਸੀ ਗੱਲਬਾਤ ਨਹੀਂ ਸਿਰੇ ਚੜ੍ਹ ਸਕਦੀ, ਉਥੇ ਅਦਾਲਤੀ ਰਸਤੇ ਨੂੰ ਅੰਤਮ ਸਮਝ ਕੇ ਅਪਣਾਇਆ ਜਾਵੇ। ਇਸ ਤੋਂ ਬਿਨਾ ਝਗੜਿਆ ਦੇ ਨਿਬੇੜਿਆਂ ਦਾ ਕੋਈ ਹੱਲ ਨਹੀਂ, ਦੁਨੀਆਂ ਵਿਚ ਕਿਧਰੇ ਵੀ; ਲੇਕਿਨ ਤੁਹਾਡੀ ਕਲਮ ਤਾਂ ਇਹ ਵੀ ਲਿਖਦੀ ਹੈ ਕਿ 'ਹੁਣ ਰਾਵੀ ਦੇ ਪਾਣੀ ਉਪਰ ਡਾਕਾ ਮਾਰਨ ਵਾਸਤੇ ਭੁਪਿੰਦਰ ਸਿੰਘ ਹੁੱਡਾ ਸੁਪਰੀਮ ਕੋਰਟ ਦੇ ਬੂਹੇ ਭੰਨ੍ਹਦਾ ਫਿਰਦਾ ਹੈ।' ਅਦਾਲਤ ਵਿਚ ਜਾਣ ਨੂੰ ਕਦੇ ਡਾਕਾ ਨਹੀਂ ਕਿਹਾ ਜਾਂਦਾ।



ਆਜ਼ਾਦੀ ਤੋਂ ਪਹਿਲਾਂ ਪੰਜਾਬ

***ਮੁਲਕ ਦੀ ਤਕਸੀਮ ਤੋਂ ਬਾਅਦ ਸਾਡੇ ਕਈ ਲੋਕਾਂ ਨੇ ਕਿਹਾ ਹੁਣ ਪੂਰਬੀ ਪੰਜਾਬ ਕੋਲ ਤਾਂ ਢਾਈ ਦਰਿਆ ਰਹਿ ਗਏ ਹਨ ਪਰ ਉਹ ਗਲਤ ਸਨ, ਲੰਬਾਈਆਂ ਦੇ ਹਿਸਾਬ ਨਾਲ ਪੂਰਬੀ ਪੰਜਾਬ ਕੋਲ ਇਕ ਵੀ ਪੂਰਾ ਦਰਿਆ ਨਹੀਂ ਰਿਹਾ ਸੀ। ਅੱਜ ਜੇ ਪੰਜਾਬੀ ਸੂਬੇ ਦੀ ਗੱਲ ਕਰਦੇ ਹਾਂ ਤਾਂ ਹਿਮਾਚਲ ਬਣਨ ਤੋਂ ਬਾਅਦ ਅੱਜ ਦੇ ਪੰਜਾਬ ਕੋਲ ਪੰਜਾਂ ਦਰਿਆਵਾਂ ਵਿਚੋਂ ਅੱਧਾ ਵੀ ਨਹੀਂ ਹੈ।***




ਅੱਜ ਦਾ ਪੰਜਾਬ

## ਮਸਲਾ ਪੰਜਾਬ ਦੇ ਘੱਟਗਿਣਤੀ ਹੋਣ ਦਾ

ਅਗਲੀ ਚਿੰਤਾ ਜੋ ਤੁਹਾਨੂੰ ਘੁਣ ਵਾਂਗ ਖਾ ਰਹੀ, ਉਹ ਹੈ ਕਿ ਪੰਜਾਬ ਵਿਚੋਂ ਲੋਕੀਂ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ ਤੇ ਯੂ.ਪੀ. ਬਿਹਾਰ ਦੇ ਭੱਈਏ ਉਨ੍ਹਾਂ ਦੀ ਥਾਂ ਲਈ ਜਾ ਰਹੇ ਹਨ। ਇਸ ਤਰ੍ਹਾਂ ਛੇਤੀ ਪੰਜਾਬ ਵਿਚ ਸਿੱਖ ਘੱਟ-ਗਿਣਤੀ ਵਿਚ ਹੋ ਜਾਣੇ ਹਨ। ਮੈਂ ਤੁਹਾਡੀ ਚਿੰਤਾ ਥੋੜ੍ਹੀ ਜਿਹੀ ਸੁਖਾਲੀ ਕਰਦਾ ਹਾਂ ਕਿ ਪਿਛਲੇ ਤਿੰਨਾਂ ਸਾਲਾਂ ਤੋਂ ਭੱਈਆਂ ਦੀ ਆਮਦ ਬਹੁਤ ਘੱਟ ਗਈ ਹੈ। ਬਿਹਾਰ ਤੇ ਯੂ.ਪੀ. ਵਿਚ ਕਈ ਕਿਸਮ ਦੇ ਉਸਾਰੀ ਪ੍ਰੋਜੈਕਟ ਸ਼ੁਰੂ ਹੋਣ ਨਾਲ ਉਥੇ ਰੁਜ਼ਗਾਰ ਦੇ ਮੌਕੇ ਵਧ ਗਏ ਹਨ। ਇਸ ਕਰਕੇ ਨਾ ਸਿਰਫ ਖੇਤੀ ਵਿਚ ਮਜ਼ਦੂਰਾਂ ਦੀ ਵੱਡੀ ਘਾਟ ਸਮੱਸਿਆ ਬਣੀ ਹੈ, ਸ਼ਹਿਰਾਂ ਦੇ ਉਦਯੋਗ ਵੀ ਲੇਬਰ ਦੀ ਕਮੀ ਤੋਂ ਪ੍ਰੇਸ਼ਾਨ ਹਨ। ਜਿੱਥੋਂ ਤੱਕ ਸਿੱਖਾਂ ਦੇ ਘੱਟ-ਗਿਣਤੀ ਹੋਣ ਦਾ ਸਵਾਲ ਹੈ, ਜੇ ਸ਼੍ਰੋਮਣੀ ਕਮੇਟੀ ਦੇ ਵੋਟਰਾਂ ਦੀ ਗਿਣਤੀ ਵੇਖੋ ਤਾਂ ਉਹ ਪਹਿਲਾਂ ਹੀ ਘੱਟ-ਗਿਣਤੀ ਹੋ ਚੁੱਕੇ ਹਨ ਕਿਉਂਕਿ ਇਸ ਦਾ ਵੋਟਰ ਬਣਨ ਵਾਸਤੇ ਕੇਸ ਜ਼ਰੂਰੀ ਹਨ। ਤੁਸੀਂ ਆਪ ਹੀ ਲਿਖ ਰਹੇ ਕਿ 'ਉਂ 80% ਦੇ ਲਗਪਗ ਤਾਂ ਘੋਨ-ਮੋਨ ਹੋਏ ਈ ਆਂ' ਅੱਗੋਂ ਜੇ ਕੇਸਧਾਰੀਆਂ ਵਿਚੋਂ ਵੀ ਸੱਚਾ ਸੌਦਾ ਦੇ ਚੇਲੇ, ਰਾਧਾ ਸਵਾਮੀਏ, ਨੂਰਮਹਿਲੀਏ ਤੇ ਭੁੱਕੀ ਖਾਣ ਵਾਲੇ ਜਾਂ ਸ਼ਰਾਬ ਪੀਣ ਵਾਲੇ ਕੱਢੋ ਤਾਂ ਇਹ ਹੋਰ ਵੀ ਘੱਟ ਗਿਣਤੀ ਹੋ ਚੁੱਕੇ ਹਨ।

***ਮੈਂ ਇਹ ਜ਼ਰੂਰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗਾਰੰਟੀ ਹੋ ਸਕਦੀ ਹੈ ਕਿ ਇਕੇ ਮਜ਼ਹਬ ਵਾਲੇ ਮੁਲਕ ਵਿਚ ਇਹ ਸ਼ਿਕਾਇਤਾਂ ਨਹੀਂ ਹੋ ਸਕਦੀਆਂ। ਨੀਲਾ ਤਾਰਾ ਆਪਰੇਸ਼ਨ ਬਹੁਤ ਦੁਖਦਾਈ ਸੀ ਪਰ ਇਸਲਾਮਾਬਾਦ ਵਿਚ ਲਾਲ ਮਸਜਿਦ ਉਪਰ ਪਾਕਿਸਤਾਨੀ ਫੌਜ ਦੀ ਕਾਰਵਾਈ ਵੀ ਘੱਟ ਦੁਖਦਾਈ ਨਹੀਂ।***



ਸਾਕਾ ਲਾਲ ਮਸਜਿਦ, ਇਸਲਾਮਾਬਾਦ

ਇਸ ਦੇ ਬਾਵਜੂਦ ਤੁਸੀਂ ਪੰਜਾਬ ਵਿਚ ਬਹੁਗਿਣਤੀ ਬਚਾਉਣ ਦੇ ਨਾਂ 'ਤੇ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਵਾਰ ਵਾਰ ਹੋਕਾ ਦਿੰਦੇ ਹੋ। ਤੁਸੀਂ ਬਹੁਤ ਕਿਸਮ ਦੀ ਜਜ਼ਬਾਤੀ ਸ਼ਬਦਾਵਲੀ ਵਰਤ ਕੇ ਉਨ੍ਹਾਂ ਦੇ ਤਰਲੇ ਵੀ ਲਏ ਹਨ। ਉਹ ਬੜੀ ਮੁਸ਼ਕਲ ਨਾਲ ਗਏ ਤੇ ਉਸ ਤੋਂ ਵੱਧ ਮੁਸ਼ਕਲ ਨਾਲ ਸੈੱਟ ਹੋਏ ਹਨ। ਉਹ ਸਿਰਫ਼ ਬਹੁ-ਗਿਣਤੀ ਬਣਾਉਣ ਦੀ ਖਾਤਰ ਵਾਪਿਸ ਨਹੀਂ ਆ ਸਕਦੇ। ਤੁਹਾਡਾ ਬਾਹਾਂ ਚੁੱਕ ਚੁੱਕ ਹੋਕਰੇ ਮਾਰਨਾ ਕਿ 'ਜੇ ਭੱਈਆਂ ਦਾ ਹੜ੍ਹ ਪੰਜਾਬ ਖਾ ਗਿਆ ਤਾਂ ਡਾਲਰਾਂ, ਪੌਂਡਾਂ ਵਾਲਿਓ! ਬਚਣਾ ਤੁਸੀਂ ਵੀ ਨਹੀਂ' ਉਨ੍ਹਾਂ ਨੂੰ ਕਾਇਲ ਨਹੀਂ ਕਰਦਾ। ਤੁਸੀਂ ਵੱਖਰੇ ਕਿਸਮ ਦਾ ਮਿਹਣਾ ਵੀ ਮਾਰ ਕੇ ਵੇਖਿਆ ਹੈ, ਤੁਸੀਂ ਲਿਖਦੇ ਹੋ 'ਤੁਹਾਡੇ ਪੁੱਤਰ ਧੀਆਂ ਕੀ ਹੋਣਗੇ? ਨਾ ਕ੍ਰਿਸਚੀਅਨ ਨਾ ਸਿੱਖ।' ਉਨ੍ਹਾਂ ਨੂੰ ਅਜਿਹਾ ਵੀ ਕੋਈ ਫਿਕਰ ਨਹੀਂ। ਅੱਧੇ ਤੋਂ ਵੱਧ ਪੱਛਮੀ ਯੂਰਪ ਕਿਸੇ ਧਰਮ ਵਿਚ ਨਹੀਂ ਸ਼ਾਮਲ। ਉਹ ਆਰਾਮ ਦੀ ਰੋਟੀ ਖਾਂਦੇ ਤੇ ਚੰਗੀ ਜ਼ਿੰਦਗੀ ਜਿਉਂਦੇ ਹਨ। ਉਹ ਘੱਟ-ਗਿਣਤੀ, ਵੱਧ-ਗਿਣਤੀ ਤੋਂ ਮੁਕਤ ਟੈਨਸ਼ਨ ਫਰੀ ਜੀਵਨ ਭੋਗ ਰਹੇ ਹਨ।

ਤੁਸੀਂ ਆਪ ਹੀ ਲਿਖਦੇ ਹੋ ਕਿ ਬਿਹਾਰੀਆਂ ਨੂੰ ਕੰਮ ਦੀ ਜ਼ਰੂਰਤ ਹੈ ਤੇ ਪੰਜਾਬ ਨੂੰ ਕਾਮਿਆਂ ਦੀ। ਫਿਰ ਗੱਲ ਹੀ ਖ਼ਤਮ ਹੈ। ਜਿੰਨੀ ਦੇਰ ਕੰਮ ਮਿਲੇਗਾ, ਉਹ ਆਉਣਗੇ, ਨਹੀਂ ਮਿਲੇਗਾ ਨਹੀਂ ਆਉਣਗੇ। ਇਹ ਯੂ.ਪੀ. ਬਿਹਾਰ ਦੀ ਲੇਬਰ ਇਕੱਲੇ ਪੰਜਾਬ ਹੀ ਨਹੀਂ ਹਰਿਆਣਾ, ਹਿਮਾਚਲ ਦੇ ਸਨਅਤੀ ਨਗਰਾਂ ਤੇ ਦਿੱਲੀ ਵਿਚ ਵੀ ਵੱਡੀ ਗਿਣਤੀ ਵਿਚ ਆ ਰਹੀ ਹੈ। ਇਸ ਦਾ ਹੱਲ ਕੋਈ ਨਹੀਂ ਹੈ। ਤੁਸੀਂ ਹੋਰ ਕੋਸ਼ਿਸ਼ ਕਰ ਵੇਖੋ, ਵਿਦੇਸ਼ਾਂ ਵਿਚ ਗਏ ਪੰਜਾਬੀਆਂ ਨੇ ਵਾਪਸ ਨਹੀਂ ਮੁੜਨਾ। ਪੰਜਾਬ ਤੋਂ ਬਾਹਰ ਇਸੇ ਮੁਲਕ ਵਿਚ ਰਹਿੰਦੇ ਪੰਜਾਬੀ ਵੀ ਨਹੀਂ ਪੰਜਾਬ ਵਿਚ ਆ ਸਕਦੇ।

ਉਧਰ, ਪੰਜਾਬੀਆਂ ਦਾ ਬਿਹਾਰੀਆਂ ਬਿਨਾ ਨਹੀਂ ਸਰਦਾ। ਹੁਣ ਸਿਰਫ ਖੇਤੀ ਹੀ ਨਹੀਂ ਪਿੰਡਾਂ ਵਿਚ ਰਾਜ ਮਿਸਤਰੀਆਂ, ਮੋਟਰ ਗੱਡੀਆਂ ਦੀ ਮੁਰੰਮਤ, ਸਫੈਦੀ ਤੇ ਰੰਗ ਰੋਗਨ ਤੇ ਲੋਹਾਰਾ ਤਰਖਾਣਾ ਕੰਮ ਵੀ ਇਹੀ ਕਰਦੇ ਹਨ। ਅੱਜ ਹਲ ਵਾਹ ਕੇ ਪੱਠਿਆਂ ਨੂੰ ਜਾਣ ਦਾ ਕੰਮ ਜੱਟ ਨਹੀਂ, ਭੱਈਏ ਕਰਦੇ ਹਨ; ਸੱਪਾਂ ਦੀਆਂ ਸਿਰੀਆਂ ਹੁਣ ਇਹੀ ਮਿੱਧਦੇ ਨੇ। ਗੁਰਦੁਆਰਿਆਂ ਦੇ ਲੰਗਰ ਵੀ ਬਹੁਤੀ ਜਗ੍ਹਾ ਇਹੀ ਪਕਾਉਂਦੇ ਨੇ। ਇਹ ਸੋਹਣੀ ਪੰਜਾਬੀ ਬੋਲਦੇ ਹਨ। ਬਾਲਗ ਸਿੱਖਿਆ ਦੇ ਪ੍ਰੋਗਰਾਮ ਬਣਾ ਕੇ ਇਨ੍ਹਾਂ ਨੂੰ ਪੰਜਾਬੀ ਪੜ੍ਹਨੀ-ਲਿਖਣੀ ਵੀ ਸਿਖਾਈ ਜਾ ਸਕਦੀ ਹੈ ਤੇ ਜੇ ਸਿੱਖੀ ਦਾ ਪ੍ਰਚਾਰ ਕੀਤਾ ਜਾਵੇ ਤਾਂ ਇਹ ਜ਼ਰੂਰ ਕਾਇਲ ਹੋਣੇ ਚਾਹੀਦੇ ਹਨ। ਬੱਸ ਇਹੀ ਤਰੀਕਾ ਰਹਿ ਗਿਆ ਜੇ, ਪੰਜਾਬ ਵਿਚ ਸਿੱਖ ਬਹੁਗਿਣਤੀ ਰੱਖਣ ਦਾ। ਜੇ ਕੋਈ ਹੋਰ ਹੈ ਤਾਂ ਦੱਸੋ?

## ਕੀ ਹਰ ਧਰਮ ਵਾਲਿਆਂ ਦਾ ਵੱਖਰਾ ਮੁਲਕ ਚਾਹੀਦਾ ਹੈ?

ਤੁਸਾਂ ਫਿਰਕਾਪ੍ਰਸਤੀ ਨੂੰ ਬੁਰਾ ਕਿਹਾ ਹੈ। ਸਿਰਲੇਖ ਵਿਚ ਹੀ ਲਿਖਦੇ ਹੋ ਕਿ 'ਅੰਗਰੇਜ਼ਾਂ ਦਾ ਪਾਇਆ ਫਿਰਕੂਪੁਣਾ ਹਿੰਦੁਸਤਾਨ ਦੇ ਲਹੂ ਵਿਚੋਂ ਨਹੀਂ ਨਿਕਲਿਆ।' ਇਹ ਕਿਤਾਬ ਪੜ੍ਹ ਕੇ ਲੱਗਦਾ ਹੈ ਕਿ ਫਿਰਕੂਪੁਣਾ ਤੁਹਾਡੇ ਲਹੂ ਵਿਚੋਂ ਵੀ ਨਹੀਂ ਨਿਕਲਿਆ। ਤੁਸਾਂ ਹਰ ਜਗ੍ਹਾ ਕਾਂਗਰਸ ਨਾਲ ਹਿੰਦੂ ਦਾ ਵਿਸ਼ੇਸ਼ਣ ਲਾ ਕੇ ਉਸ ਨੂੰ 'ਹਿੰਦੂ ਕਾਂਗਰਸ' ਲਿਖਿਆ ਹੈ। ਤੁਸਾਂ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਨੂੰ ਵੀ ਹਿੰਦੂਆਂ ਦੇ ਪ੍ਰਤੀਨਿਧ ਦੱਸਿਆ ਹੈ; ਜਦੋਂ ਕਿ ਮਹਾਤਮਾ ਗਾਂਧੀ ਨੂੰ ਹਿੰਦੂਆਂ ਦਾ ਦੁਸ਼ਮਣ ਕਹਿ ਕੇ ਗੋਲੀ ਮਾਰੀ ਗਈ ਸੀ। ਅੱਜ ਤੱਕ ਉਸ 'ਤੇ ਇਲਜ਼ਾਮ ਲੱਗ ਰਹੇ ਹਨ ਕਿ ਉਸ ਨੇ ਮੁਸਲਮਾਨਾਂ ਨੂੰ ਪਾਕਿਸਤਾਨ ਨਹੀਂ ਜਾਣ ਦਿੱਤਾ ਸੀ ਜੋ ਮੁਲਕ ਵਾਸਤੇ ਮੁਸੀਬਤ ਬਣ ਗਏ ਹਨ। ਉਧਰ, ਨਹਿਰੂ ਪੂਰੀ ਤਰ੍ਹਾਂ ਨਾਸਤਿਕ ਸੀ। ਉਹ ਕਦੇ ਮੰਦਿਰ ਨਹੀਂ ਗਿਆ, ਕਦੇ ਟਿੱਕਾ ਨਹੀਂ ਲਗਾਇਆ, ਜਨੇਊ ਨਹੀਂ ਪਹਿਨਿਆ ਤੇ ਪਿਤਾ ਦੀ ਹਦਾਇਤ ਦੇ ਬਾਵਜੂਦ ਗੰਗਾ ਵਿਚ ਇਸ਼ਨਾਨ ਨਹੀਂ ਕੀਤਾ। ਉਸ ਵਿਚ ਕਈ ਕਮੀਆਂ ਹੋਣਗੀਆਂ ਪਰ ਉਸ ਦੀ ਧਰਮ ਨਿਰਪੱਖਤਾ ਉਪਰ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ।

ਕਾਂਗਰਸ ਪਾਰਟੀ ਦਾ ਮੂਲ ਆਧਾਰ ਸਪੱਸ਼ਟ ਤੌਰ 'ਤੇ ਧਰਮ ਨਿਰਪੱਖਤਾ ਹੈ ਜਿਸ ਨੂੰ ਭਾਜਪਾ, ਆਰ.ਐਸ.ਐਸ. ਅਤੇ ਸ਼ਿਵ ਸੈਨਾ ਵਾਲੇ ਬਣਾਉਟੀ ਧਰਮ ਨਿਰਪੱਖਤਾ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕਾਂਗਰਸ ਧਰਮ ਨਿਰਪੱਖਤਾ ਦੇ ਨਾਂ ਹੇਠ ਮੁਸਲਮਾਨਾਂ ਪ੍ਰਤੀ ਚਾਪਲੂਸੀ ਦੀ ਨੀਤੀ ਅਪਣਾਉਂਦੀ ਆਈ ਹੈ। ਉਹ ਇਸ ਨੂੰ ਵੋਟ ਬੈਂਕ ਨੀਤੀ ਵੀ ਕਹਿੰਦੇ ਹਨ। ਉਨ੍ਹਾਂ ਕੋਲ ਤੁਹਾਡੇ ਨਾਲੋਂ ਵੱਧ ਮਿਸਾਲਾਂ ਹਨ ਜਿੱਥੇ ਕਾਂਗਰਸ ਹਕੂਮਤ ਨੇ ਹਿੰਦੂਆਂ ਨੂੰ ਦਬਾਇਆ ਤੇ ਮੁਸਲਮਾਨਾਂ ਤੇ ਇਸਾਈਆਂ ਦੀਆਂ ਗੱਲਾਂ ਮੰਨੀਆਂ। ਓਰ.ਐਸ.ਐਸ. ਵਿਚ ਵੀ ਜਸਵੰਤ ਸਿੰਘ ਕੰਵਲ ਹਨ ਜੋ ਦੁਹਾਈ ਪਾਉਂਦੇ ਹਨ ਕਿ ਲੋਹੜਾ ਓ ਲੋਕਾ! ਹਿੰਦੂ ਆਪਣੇ ਹੀ ਮੁਲਕ ਵਿਚ ਦੂਜੇ ਦਰਜੇ ਦੇ ਸ਼ਹਿਰੀ ਬਣਾ ਦਿੱਤੇ ਗਏ ਹਨ। ਰੇਲ ਗੱਡੀ ਵਿਚ ਹੀ ਮੈਂ ਇਕ ਬੰਦੇ ਨੂੰ ਗੁੱਸੇ ਵਿਚ ਬੋਲਦਾ ਸੁਣਿਆ ਕਿ 'ਮੁਸਲਮਾਨਾਂ ਵਾਸਤੇ ਇਸ ਸਰਕਾਰ ਤੋਂ ਜੋ ਮਰਜ਼ੀ ਕਰਵਾ ਲਵੋ ਪਰ ਹਿੰਦੂਆਂ ਵਾਸਤੇ ਡੱਕਾ ਤੋੜਨ ਵਾਸਤੇ ਤਿਆਰ ਨਹੀਂ। ਹਿੰਦੂ ਤੀਰਥਾਂ ਉਪਰ ਟੈਕਸ ਲੱਗਦੇ ਨੇ ਤੇ ਮੁਸਲਮਾਨਾਂ ਦੇ ਹੱਜ ਵਾਸਤੇ ਹਰ ਸਾਲ ਕਰੋੜਾਂ ਰੁਪਏ ਸਰਕਾਰੀ ਖ਼ਜ਼ਾਨੇ ਵਿਚੋਂ ਖ਼ਰਚੇ ਜਾਂਦੇ ਹਨ। ਉਧਰ, ਪਾਕਿਸਤਾਨ ਜਾਣ ਵਾਲੇ ਸਿੱਖ ਯਾਤਰੂਆਂ ਨੂੰ ਸਰਕਾਰ ਇਕ ਟਕਾ ਨਹੀਂ ਦਵਾਲ।' ਇਨ੍ਹਾਂ ਗੱਲਾਂ ਦਾ ਅੰਤ ਨਹੀਂ।

ਸ਼ਾਇਦ ਪ੍ਰਵੀਨ ਤੋਗੜੀਆਂ ਨੂੰ ਨਾ ਹੀ ਪਤਾ ਹੋਵੇ ਕਿ ਕਾਂਗਰਸ ਦੀ ਧਰਮ ਨਿਰਪੱਖਤਾ ਨੂੰ ਝੂਠੀ ਕਹਿਣ ਵਾਲਾ ਇਕੱਲਾ ਉਹੀ ਨਹੀਂ, ਢੁੱਡੀਕੇ ਵਿਚ ਇਕ ਪੰਜਾਬੀ ਲੇਖਕ ਵੀ ਹੈ। ਤੁਸਾਂ ਆਪਣੇ ਵੱਲੋਂ ਇਸ ਦੇ ਪੁਖ਼ਤਾ ਸਬੂਤ ਦਿੱਤੇ ਹਨ। ਉਹ ਵੀ ਇਸ ਤਰਜ਼ ਵਿਚ ਕਿ ਸਿੱਖੋ, ਆਪਣਾ ਵੱਖਰਾ ਮੁਲਕ ਮਿਲਦਾ ਮਿਲਦਾ ਗਵਾ ਕੇ ਤੇ ਹਿੰਦੂਆਂ ਨਾਲ ਮਿਲਣ ਦਾ ਫੈਸਲਾ ਕਰਕੇ ਲੈ ਲਿਆ ਸਵਾਦ? ਅਕਾਲ ਤਖ਼ਤ ਢੁਹਾਇਆ, ਦਿੱਲੀ ਵਿਚ ਕਤਲ ਹੋਏ, ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁਟਵਾਈਆਂ?'

ਪਹਿਲੀ ਗੱਲ ਤਾਂ ਇਹ ਹੈ ਕਿ ਨਾ ਕਿਸੇ ਨੇ ਵੱਖਰਾ ਮੁਲਕ ਦੇਣ ਵਾਸਤੇ ਕਿਹਾ ਤੇ ਨਾ ਹੀ ਸਿੱਖਾਂ ਨੇ ਕਦੇ ਮੰਗਿਆ ਜਾਂ ਸੋਚਿਆ ਵੀ ਸੀ। ਨਾ ਹੀ ਕਿਸੇ ਨੇ ਸਿੱਖਾਂ ਨੂੰ ਪੁੱਛਿਆ ਸੀ ਕਿ ਬੋਲੋ ਕਿਧਰ ਰਲਣਾ ਜੇ? ਅਗਰ ਕੋਈ ਨਾਮ-ਨਿਹਾਦ ਬੁੱਧੀਜੀਵੀ ਕਿਧਰੇ ਘੁਸਰ-ਮੁਸਰ ਕਰਦੇ ਰਹੇ ਹੋਣਗੇ ਤਾਂ ਸਿੱਖ ਆਬਾਦੀ ਨੂੰ ਉਸ ਦਾ ਕੋਈ ਇਲਮ ਨਹੀਂ ਸੀ। ਦੂਜੀ ਗੱਲ ਇਹ ਕਿ ਕੌਣ ਗਾਰੰਟੀ ਦੇ ਸਕਦਾ ਹੈ ਕਿ ਜੇ ਇਕੋ ਧਰਮ ਦਾ ਆਪਣਾ ਮੁਲਕ ਹੋਵੇ ਤਾਂ ਉਪਰ ਗਿਣਾਈਆਂ ਦੁੱਖ ਭਰੀਆਂ ਕਹਾਣੀਆਂ ਨਹੀਂ ਵਾਪਰਦੀਆਂ।

ਤੁਸਾਂ ਪਾਕਿਸਤਾਨ ਦੀ ਗੱਲ ਕੀਤੀ ਹੈ ਕਿ 'ਮੁਸਲਮਾਨਾਂ ਨੇ ਪਾਕਿਸਤਾਨ ਲੈ ਕੇ ਚੰਗਾ ਨਹੀਂ ਕੀਤਾ, ਅੱਧੇ ਆਜ਼ਾਦ ਹੋ ਗਏ ਤੇ ਅੱਧੇ ਤੋਂ ਵੱਧ ਗੁਲਾਮੀ ਵਿਚ ਰਹਿ ਗਏ।' ਤੁਹਾਡਾ ਮਤਲਬ ਹਿੰਦੁਸਤਾਨ ਵਿਚ ਰਹਿ ਗਏ ਮੁਸਲਮਾਨਾਂ ਤੋਂ ਹੈ ਜਿਨ੍ਹਾਂ ਦੀ ਗਿਣਤੀ ਪਾਕਿਸਤਾਨ ਦੇ ਮੁਸਲਮਾਨਾਂ ਤੋਂ ਵੱਧ ਹੈ। ਸਾਡੇ ਮੁਲਕ ਦੇ ਹੋਰ ਲੋਕਾਂ ਤੇ ਮੁਸਲਮਾਨਾਂ ਨੇ ਵੀ ਕਈ ਦੁੱਖ ਝੱਲੇ ਹਨ, ਸਰਕਾਰੀ ਵਿਤਕਰੇ ਤੇ ਫ਼ਸਾਦ ਵੀ ਝੱਲੇ ਹਨ। ਅੱਜ ਇਸ ਤਕਸੀਮ ਨੂੰ 60 ਸਾਲ ਹੋ ਗਏ ਹਨ। ਹਿਸਾਬ ਲਗਾ ਕੇ ਵੇਖੋ, ਇਨ੍ਹਾਂ ਸੱਠਾਂ ਸਾਲਾਂ ਵਿਚ ਆਜ਼ਾਦ ਹੋਏ ਮੁਸਲਮਾਨ ਆਪਣੀ ਸਰਕਾਰ ਦੀਆਂ ਗੋਲੀਆਂ, ਫੌਜਾਂ ਦੇ ਜੁਲਮ ਤੇ ਫਿਰਕੂ ਦੰਗਿਆਂ ਵਿਚ ਗੁਲਾਮ ਮੁਸਲਮਾਨਾਂ ਨਾਲੋਂ ਕਿਤੇ ਵੱਧ ਮਰੇ ਹਨ। ਮੈਂ ਦੁਹਰਾਉਂਦਾ ਹਾਂ-ਕਿਤੇ ਵੱਧ!

ਪਾਕਿਸਤਾਨ ਦੀ ਮੁਸਲਮਾਨ ਫੌਜ ਨੇ ਪੂਰਬੀ ਪਾਕਿਸਤਾਨ ਦੇ ਮੁਸਲਮਾਨਾਂ ਦਾ ਜੋ ਕਤਲੇਆਮ ਕੀਤਾ, ਮਸਜਿਦਾਂ ਢਾਹੀਆਂ, ਘਰ ਲੁੱਟੇ, ਇੱਜ਼ਤਾਂ ਲੁੱਟੀਆਂ, ਉਨ੍ਹਾਂ ਦਾ ਅਰਸਾ ਤੇ ਪੈਮਾਨਾ ਗੁਜਰਾਤ ਦੰਗਿਆਂ ਤੋਂ ਕਿਤੇ ਵੱਧ ਸੀ। ਮੈਂ ਦੁਹਰਾਉਂਦਾ ਹਾਂ-ਕਿਤੇ ਵੱਧ! ਗੁਜਰਾਤ ਦੀ ਸਾੜ੍ਹਸਤੀ ਤਿੰਨ ਦਿਨ ਮੱਚੀ ਪਰ ਪੂਰਬੀ ਪਾਕਿਸਤਾਨ ਦੀ 30 ਦਿਨ। ਪੱਛਮੀ ਪਾਕਿਸਤਾਨ, ਜਾਂ ਹੁਣ ਬਚੇ ਹੋਏ ਪਾਕਿਸਤਾਨ, ਵਿਚ ਅੱਜ ਤੱਕ ਮੌਤਾਂ ਤੁਰੀਆਂ ਜਾ ਰਹੀਆਂ ਹਨ-ਕਦੇ ਸ਼ੀਆ, ਕਦੇ ਅਹਿਮਦੀ ਤੇ ਕਦੇ ਸੁੰਨੀ ਵੀ। ਪਾਕਿਸਤਾਨ ਦੀ ਫੌਜ ਨੇ ਆਪਣੀ ਰਾਜਧਾਨੀ ਇਸਲਾਮਾਬਾਦ ਵਿਚ ਹੀ ਲਾਲ ਮਸਜਿਦ ਉਪਰ ਆਪਣਾ 'ਨੀਲਾ ਤਾਰਾ' ਕੀਤਾ ਤੇ ਮੌਤਾਂ ਦਾ ਮੀਂਹ ਵਰਸਾਇਆ।

ਤੁਸਾਂ ਲਿਖਿਆ ਹੈ ਕਿ ਯਹੂਦੀਆਂ ਨੂੰ ਪਤਾ ਲੱਗ ਗਿਆ ਸੀ ਕਿ ਅਸੀਂ ਨਾਜ਼ੀਆਂ ਹੱਥੋਂ ਤਾਂ ਮਾਰੇ ਗਏ, ਕਿ ਸਾਡਾ ਆਪਣਾ ਮੁਲਕ ਨਹੀਂ ਸੀ। ਮੈਂ ਸਮਝਦਾ ਹਾਂ, ਤੁਸੀਂ ਇਹ ਗੱਲ ਸਿੱਖਾਂ ਨੂੰ

(ਬਾਕੀ ਅਗਲੇ ਸਫ਼ੇ 'ਤੇ)

***ਆਪਰੇਸ਼ਨ ਨੀਲਾ ਤਾਰਾ ਨੂੰ ਮੈਂ ਆਜ਼ਾਦ ਭਾਰਤ ਦੇ ਮੱਥੇ ਦਾ ਸਭ ਤੋਂ ਵੱਡਾ ਕਲੰਕ ਸਮਝਦਾ ਹਾਂ ਤੇ ਇਸ ਬਾਰੇ ਲੇਖ ਵੀ ਲਿਖੇ ਹਨ। ਇਸ ਵਾਸਤੇ ਕਈ ਬੰਦੇ ਜ਼ਿੰਮੇਵਾਰ ਹਨ ਜਿਨ੍ਹਾਂ ਵਿਚ ਉਹ ਵੀ ਹਨ ਜੋ ਬਾਅਦ ਵਿਚ ਇਸ ਦੀ ਨਿੰਦਾ ਕਰਦੇ ਰਹੇ ਤੇ ਘੱਲੂਘਾਰਾ ਦਿਵਸ ਮਨਾਉਂਦੇ ਰਹੇ। ਉਨ੍ਹਾਂ ਵਿਚ ਉਹ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਅਕਾਲ ਤਖ਼ਤ ਦੇ ਰਖਵਾਲੇ ਕਿਹਾ ਗਿਆ ਪਰ ਮੁੱਖ ਗੁਨਾਹ ਇੰਦਰਾ ਗਾਂਧੀ ਦਾ ਹੀ ਸੀ ਕਿਉਂਕਿ ਆਖਰ ਇਹ ਉਸੇ ਦੀ ਜ਼ਿੰਮੇਵਾਰੀ ਸੀ ਕਿ ਮੁਲਕ ਦੀ ਹਰ ਮਜ਼ਹਬੀ ਤੇ ਇਤਿਹਾਸਕ ਇਮਾਰਤ ਦੀ ਰਾਖੀ ਕਰੇ। ਲੋਕਾਂ ਨੇ ਉਸੇ ਨੂੰ ਚੁਣਿਆ ਸੀ। ਉਸ ਦੀ ਇਸ ਕਾਰਵਾਈ ਨੂੰ ਦੇਸ਼ ਧਰੋਹ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਇਹ ਬੇਲੋੜੀ ਕਾਰਵਾਈ ਸੀ। ਇਸ ਦੇ ਕਈ ਬਦਲ ਸਨ ਜੋ ਨਹੀਂ ਅਪਣਾਏ ਗਏ। ਇਸ ਤੋਂ ਬਾਅਦ ਹੋਏ ਆਪਰੇਸ਼ਨ ਬਲੈਕ ਥੰਡਰ ਅਤੇ ਸ੍ਰੀਨਗਰ ਦੀ ਹਜ਼ਰਤਬਲ ਦਰਗਾਹ ਉਪਰ ਦਹਿਸ਼ਤਗਰਦਾਂ ਦੇ ਕਬਜ਼ੇ ਵੇਲੇ ਅਪਣਾਈ ਨੀਤੀ ਨੇ ਹੀ ਸਾਬਤ ਕਰ ਦਿੱਤਾ ਹੈ ਕਿ ਆਪਰੇਸ਼ਨ ਨੀਲਾ ਤਾਰਾ ਗਲਤ ਸੀ।***

# ਜਵਾਨੀ ਦੀਆਂ ਕਰਤੂਤਾਂ ਦੱਸਣ ਵਾਲਿਆਂ ਨੂੰ ਸਰੋਤਿਆਂ ਦਾ ਥਾਪੜਾ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883



ਵਿਆਹ ਦਾ ਦ੍ਰਿਸ਼। ਕੰਨ ਪਾੜਵਾਂ ਡੀ.ਜੇ ਚੱਲ ਰਿਹੈ। ਮਿੰਟ-ਮਿੰਟ ਮਗਰੋਂ ਗਾਣਾ ਬਦਲ ਰਿਹੈ। ਵੀਰਾਂ, ਚਾਚਿਆਂ, ਤਾਇਆਂ, ਫੁੱਫੜਾਂ, ਮਾਸੜਾਂ, ਦੋਸਤਾਂ-ਮਿੱਤਰਾਂ ਸਭ ਦੇ ਸਿਰ ਨੂੰ ਕੌੜਾ ਪਾਣੀ ਚੜ੍ਹਿਆ ਹੋਇਐ। ਉਹ ਬੱਕਰੇ ਬੁਲਾ ਰਹੇ ਨੇ। ਲੱਤਾਂ ਦੇ ਝੂਲਣ ਤੇ ਬਾਹਾਂ ਦੇ ਹਿੱਲਣ ਕਾਰਨ ਦੋਹਾਂ-ਤਿੰਨਾਂ ਦੇ ਹੱਥਾਂ ‘ਚ ਫੜੇ ਰਿਵਾਲਵਰਾਂ ਦੇ ਮੂੰਹ ਕਦੇ ਕਿਸੇ ਵੱਲ ਹੋ ਜਾਂਦੇ ਨੇ, ਕਦੇ ਕਿਸੇ ਵੱਲ, ਪਰ ਕਿਸੇ ਨੂੰ ਕੋਈ ਪ੍ਰਵਾਹ ਨਹੀਂ। ਕੋਈ ਭੈਣ ਦਾ ਹੱਥ ਫੜ ਨੱਚ ਰਿਹੈ, ਕੋਈ ਭਰਜਾਈ ਨਾਲ ਠੁਮਕਾ ਲਾ ਰਿਹੈ, ਕੋਈ ਪਤਨੀ ਦੇ ਲੱਕ ਦੇ ਹੁਲਾਰੇ ਗਿਣ ਰਿਹੈ, ਕੋਈ ਮਾਂ ਦਾ ਹੱਥ ਫੜ ਝੂਮ ਰਿਹੈ। ਅੱਜ ਦੇ ਦਿਨ ਨੂੰ ਯਾਦਗਾਰ ਬਣਾਉਣ ‘ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਕਿਸੇ ਨੂੰ ਨਹੀਂ ਪਤਾ, ਗੀਤ ਕਿਹੜਾ ਵੱਜ ਰਿਹੈ, ਗਾਉਣ ਵਾਲਾ ਕੀ ਆਖ ਰਿਹੈ, ਮਤਲਬ ਕੀ ਨਿਕਲ ਰਿਹੈ। ਦੋ ਕੁ ਮਿੰਟਾਂ ਮਗਰੋਂ ਇੱਕ ਜਣਾ ਡੀ.ਜੇ. ਵਾਲੇ ਕੋਲ ਜਾਂਦੈ ਤੇ ‘ਲੱਕ ਟਵੰਟੀ ਏਟ ਕੁੜੀ ਦਾ‘ ਦੀ ਫ਼ਰਮਾਇਸ਼ ਕਰ ਛੱਡਦੈ। ਗਾਣਾ ਚੱਲਦੈ ਤਾਂ ਸੱਭੇ ਜਣੇ ਰਿਸ਼ਤੇ-ਨਾਤੇ ਭੁੱਲ ਖਰੂਦ ਮਚਾਉਣ ਲੱਗਦੇ ਨੇ, ਜਿਵੇਂ ਚਿਰਾਂ ਤੋਂ ਦੱਬੀ ਚੀਕ ਬੁਲਬੁਲੀ ਬਾਹਰ ਕੱਢ ਰਹੇ ਹੋਣ। ਫੇਰ ਇੱਕ ਜਣਾ ਡੀ.ਜੇ. ਵਾਲੇ ਨੂੰ ਪੰਜਾਹ ਦਾ ਨੋਟ ਫੜਾ ਆਖਦੈ, ‘ਸਾਡੀ ਮਾਂ ਨੂੰ ਪੁੱਤ ਨਹੀਂ ਲੱਭਣੇ, ਤੈਨੂੰ ਯਾਰ ਬਥੇਰੇ‘ ਲਾ। ਗਾਣਾ ਸ਼ੁਰੂ ਹੁੰਦੈ, ਫ਼ਰਮਾਇਸ਼ ਕਰਨ ਵਾਲਾ ਧਰਮ ਪਤਨੀ ਦੀ ਬਾਂਹ ਫੜ ਆਖਦੈ, ‘ਨੀਂ ਤੈਨੂੰ ਯਾਰ ਬਥੇਰੇ।‘ ਘਰਵਾਲੀ ਨਿੰਮੋਝੂਣੀ ਹੁੰਦੀ ਏ, ਸ਼ਾਇਦ ਉਹ ਗਾਇਕ ਦੀ ਕੋਝੀ ਗੱਲ ਸਮਝਦੀ ਏ, ਪਰ ਦਾਰੂ ‘ਚ ਬਾਂਦਰ ਬਣੇ ਸਾਂਈਂ ਨੂੰ ਕੋਈ ਖਿਆਲ ਨਹੀਂ।

ਅਖੀਰ ਉਦੋਂ ਹੁੰਦੀ ਏ, ਜਦੋਂ ਇੱਕ ਜਣਾ ਅਵੱਲੇ ਜਿਹੇ ਗਾਣੇ ਦੀ ਫ਼ਰਮਾਇਸ਼ ਕਰ ਆਉਂਦੈ ਤੇ ਗਾਣਾ ਚੱਲ ਪੈਂਦੈ, ਸਾਰੇ ਜਣੇ ‘ਓਏ ਚੱਕ ਲਓ, ਬੁਰਰਾ...ਬੁਰਰਾ...’ ਕਰਨ ਲੱਗਦੇ ਨੇ। ਗਾਣੇ ਦੀ ਅਵਾਜ਼ ਹੋਰ ਉਚੀ ਹੁੰਦੀ ਏ, ‘ਕੁੜੀ ਰਿਕਸ਼ੇ ’ਤੇ ਜਾਂਦੀ ਸੀ ਤੇ ਪਿੱਛੇ ਲਾ ਲੈਂਦੇ ਸੀ ਕਾਰਾਂ।’ ਲਾੜਾ ਸਾਹਿਬ ਵੀ ਨੱਚਣ ਲੱਗਦੇ ਨੇ, ਉਨ੍ਹਾਂ ਭਾਵੇਂ ਪੀਤੀ ਨਹੀਂ, ਪਰ ਅਕਲ ਨੂੰ ਜਿੰਦਰਾ ਜੜ੍ਹਿਆ ਹੋਇਐ। ਪਹਿਲਾਂ ਦੋ ਕੁ ਵਾਰ ਆਪਣੀ ਚੂੜ੍ਹੇ ਵਾਲੀ ਦੇ ਲੱਕ ਨਾਲ ਲੱਕ ਟਕਰਾਉਂਦੇ ਨੇ ਤੇ ਫੇਰ ਉਨ੍ਹਾਂ ਭੈਣਾਂ ਵੱਲ ਉਂਗਲਾਂ ਕਰਨ ਲੱਗਦੇ ਨੇ, ਜਿਨ੍ਹਾਂ ਸਵੇਰੇ ਘਰੋਂ ਨਿਕਲਣ ਵੇਲੇ ਉਸ ਦੇ ਸਿਹਰਾ ਬੰਨ੍ਹਿਆ ਸੀ, ਸੌ-ਸੌ ਸ਼ਗਨ ਮਨਾਏ ਸਨ। ਲਾੜਾ ਸਾਹਿਬ ਵਿਚ ‘ਅਲਫਾਜ਼’ ਦੀ ਰੂਹ ਆ ਜਾਂਦੀ ਏ, ਉਹ ਰਿਸ਼ਤੇ ਦੀ ਪਾਕੀਜ਼ਗੀ ਭੁੱਲ ਆਖਦੈ, ‘ਕੁੜੀ ਰਿਕਸ਼ੇ ’ਤੇ ਜਾਂਦੀ ਸੀ’ ਤੇ ਭੈਣਾਂ ਉਸ ਦਾ ਰੱਖੜੀ ਬੰਨ੍ਹਣ ਵਾਲਾ ਹੱਥ ਉਤਾਂਹ ਕਰ ਸੁੱਧ ਗੁਆ ਛੱਡਦੀਆਂ ਨੇ। ਨਾ ਉਹ ਸਮਝਦੀਆਂ ਨੇ ਕਿ ਸਾਡੇ ਕਾਲਜ ਵਾਲੇ ਦਿਨਾਂ ਨੂੰ ਚੇਤੇ ਕੀਤਾ ਜਾ ਰਿਹੈ ਤੇ ਨਾ ਵੀਰ ਸਮਝਦੈ ਕਿ ਉਹ ਡੀ.ਜੇ. ਵਾਲੇ ਨੂੰ ਘੁਰਕੀ ਮਾਰ ਕੇ ਆਖੇ, ‘ਇਹ ਉਹ ਰਿਕਸ਼ੇ ਵਾਲੀਆਂ ਨਹੀਂ, ਜਿਨ੍ਹਾਂ ਪਿੱਛੇ ਕਾਰਾਂ ’ਤੇ ਗੇੜੀਆਂ ਵੱਜਦੀਆਂ ਸਨ।’

ਇਹ ਸਭ ਕਿਸੇ ਫ਼ਿਲਮ ਦਾ ਨਹੀਂ, ਇੱਕ ਪੇਂਡੂ ਵਿਆਹ ਦਾ ਸੀਨ ਏ। ਉਸ ਵਿਆਹ ਦਾ, ਜਿੱਥੇ ਲਾੜਾ ਪੜ੍ਹਿਆ-ਲਿਖਿਐ, ਮਾਪਿਆਂ ਨੇ ਵਿਆਹ ਖਾਤਰ ਕਰਜ਼ਾ ਚੁੱਕਿਐ, ਵਿਆਹੁੰਦੜ ਦਾ ਪਰਿਵਾਰ ਠੀਕ-ਠਾਕ ਘਰੋਂ ਏ, ਪਰ ਅਕਲ ਦੀ ਸਾਰਿਆਂ ਨੇ ਉਮਰ ਭਰ ਵਾਲੀ ਐਫ਼.ਡੀ. ਕਰਾਈ ਹੋਈ ਏ। ਖੁਸ਼ੀ ‘ਚ ਰੰਗਿਆਂ ਨੂੰ ਕੁੱਝ ਨਹੀਂ ਪਤਾ ਕਿ ਕਿਹੜਾ ਗਾਣਾ ਕੀਹਦੇ ‘ਤੇ ਵਿਅੰਗ ਕਸ ਰਿਹੈ, ਕਿਹੜੇ ਗਾਣੇ ਵੇਲੇ ਭੈਣ ਨਾਲ ਅੱਖ ਨਹੀਂ ਮਿਲਾਉਣੀ, ਕਿਹੜੇ ਵੇਲੇ ਘਰਵਾਲੀ ਵੱਲ ਉਂਗਲ ਨਹੀਂ ਕਰਨੀ। ਇਸ ਸਾਰੇ ‘ਬਾਂਦਰਪੁਣੇ‘ ਮਾਫ਼ ਕਰਨਾ ਵਿਆਹ ਵਿਚ ਮੁੰਡੇ ਵਾਲਿਆਂ ਅੰਦਰੋਂ ਇੱਕੋ ਗੱਲ ਝਲਕੀ ਕਿ ਅੱਜ ਉਹ ਜੰਗ ਫ਼ਤਿਹ ਹੋ ਗਈ, ਜਿਸ ਲਈ ਇਹਨੂੰ ਪੱਚੀਆਂ ਵਰ੍ਹਿਆਂ ਦਾ ਕੀਤਾ ਸੀ ਤੇ ਕੁੜੀ ਵਾਲਿਆਂ ਦੇ ਪੱਬ ਦੱਸਦੇ ਨੇ ਕਿ ਅੱਜ ਉਹ ਫ਼ਿਕਰ ਮੁੱਕ ਗਿਐ, ਜਿਹੜਾ ਧੀ ਦੇ ਜਵਾਨ ਹੋਣ ਨਾਲ ਵਧਣਾ ਸ਼ੁਰੂ ਹੋ ਗਿਆ ਸੀ।

ਡੇਢ-ਦੋ ਘੰਟੇ ਦੇ ਇਸ ਦ੍ਰਿਸ਼ ਨੇ ਮਨ ਪ੍ਰੇਸ਼ਾਨ ਕਰ ਦਿੱਤਾ। ਜਿਹੜੇ-ਜਿਹੜੇ ਗਾਣੇ ਡੀ.ਜੇ. ‘ਤੇ ਵੱਜੇ, ਉਨ੍ਹਾਂ ਨੂੰ ਘਰ ਬੈਠ ਪੂਰੇ-ਪੂਰੇ ਸੁਣਿਆ ਤੇ ਗਾਉਣ ਵਾਲਿਆਂ ਜਿੰਨੀਆਂ ਲਾਹਨਤਾਂ ਨੱਚਣ ਵਾਲਿਆਂ ਨੂੰ ਪਾਈਆਂ। ਖਿਆਲ ਆਉਣ ਲੱਗਾ ਕਿ ਗਾਉਣ ਵਾਲਿਆਂ ਦੀ ਰੋਟੀ ਤਾਂ ਇਸ ਘਟੀਆ ਕਾਰੇ ਨਾਲ ਜੁੜੀ ਏ, ਸੁਣਨ ਵਾਲਿਆਂ ਨੂੰ ਕੀ ਹੋ ਗਿਆ? ਜਿਨ੍ਹਾਂ ਨੇ ਇਤਰਾਜ਼ ਕਰਨਾ ਸੀ, ਉਹ ਇਨ੍ਹਾਂ ਨੂੰ ਸਿਰ ‘ਤੇ ਕਿਉਂ ਬਿਠਾਉਣ ਲੱਗ ਗਏ? ਉਨ੍ਹਾਂ ਅੰਦਰਲੀ ਗ਼ੈਰਤ ਮਰ ਗਈ ਜਾਂ ਮਰਨ ਦਾ ਡਰਾਮਾ ਕਰਨ ਲੱਗ ਗਏ?

ਪਹਿਲਾਂ ਗੱਲ ਕਰਦੇ ਹਾਂ ‘ਰਿਕਸ਼ਾ’ ਮਾਰਕਾ ਸ਼ਖ਼ਸ ਦੀ। ਇਹ ਉਸ ਦੀ ਪਹਿਲੀ ਕੈਸਿਟ ਹੈ, ‘ਬੁਆਏ ਨੈਕਸਟ ਡੋਰ’ ਤੇ ਨਾਂ ਹੈ ਅਲਫ਼ਾਜ਼। ਅਲਫ਼ਾਜ਼ ਦਾ ਪੰਜਾਬੀ ਰੁਪਾਂਤਰ ‘ਸ਼ਬਦ’ ਹੈ ਤੇ ਜਦੋਂ ਅਤੀਤ ਦੀ ਗੱਲ ਕਰਦਿਆਂ ਅਲਫ਼ਾਜ਼ ਬੁੱਲ੍ਹਾਂ ’ਤੇ ਆਉਂਦੇ ਹੋਣ ਕਿ ਰਿਕਸ਼ੇ ’ਤੇ ਜਾਂਦੀ ਕੁੜੀ ਨਾਲ ਛੇੜ-ਛਾੜ ਕਰਨਾ ਸਾਡਾ ਸ਼ੌਕ ਸੀ, ਉਹ ਗਾਲ੍ਹਾਂ ਕੱਢਦੀ ਹੁੰਦੀ ਸੀ, ਪਰ ਸਾਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ, ਉਹ ਨੱਕ ਚੜ੍ਹਾਉਂਦੀ ਸੀ, ਪਰ ਸਾਡਾ ਕੁੱਝ ਨਹੀਂ ਸੀ ਜਾਂਦਾ, ਉਹ ਧੁੱਪ ਤੋਂ ਬਚਦੀ ਮੂੰਹ ਬੰਨ੍ਹ ਕੇ ਰੱਖਦੀ ਸੀ ਤੇ ਅਸੀਂ ਉਹਨੂੰ ‘ਤਾਲਿਬਾਨੀ’ ਆਖਦੇ ਸਾਂ, ਚੰਡੀਗੜ੍ਹ ਦੇ ਸਾਰੇ ਸੈਕਟਰਾਂ ਵਿਚ ਪੂਰਾ ਗੰਦ ਪਾਈਦਾ ਸੀ, ਉਦੋਂ ‘ਅਲਫ਼ਾਜ਼’ ਵਰਗੇ ਸੋਹਣੇ ਸ਼ਬਦ ਦਾ ਭਲਾ ਕੀ ਅਰਥ ਰਹਿ ਜਾਂਦੈ।

ਕਦੇ-ਕਦੇ ਜਾਪਦੈ ਕਿ ਗਾਉਣ ਵਾਲੇ ਅਤੀਤ ਨਾਲ ਜੁੜੀਆਂ ਬੇਹੂਦਾ ਗੱਲਾਂ ਪੇਸ਼ ਕਰਕੇ ਨਵੇਂ ਖ਼ੂਨ ਨੂੰ ਮਗਰ ਲਾਉਣਾ ਚਾਹੁੰਦੇ ਨੇ। ਮਾੜੀਆਂ ਕਰਤੂਤਾਂ ਕਰਕੇ ਜਵਾਨੀ ਵੇਲੇ ਹੋਈ ਬਦਨਾਮੀ ਦਾ ਉਨ੍ਹਾਂ ਨੂੰ ਝੋਰਾ ਨਹੀਂ, ਮਾਣ ਹੈ, ਅਜਿਹਾ ਮਾਣ, ਜਿੱਥੇ ਅਪਮਾਨ ਵੀ ਸਨਮਾਨ ਵਰਗਾ ਲੱਗਦੈ। ‘ਰਿਕਸ਼ੇ’ ਵਾਲੇ ਗੀਤ ਦਾ ਇੱਕ ਅੰਤਰਾ ਹੈ:

ਕਹੇ ਅਲਫ਼ਾਜ਼ ਔਜਲੇ ਨੂੰ,
ਪਿੱਛਾ ਕਰ ਕੁੜੀ ਓਏ ਲੰਮੀ ਦਾ,
ਸੰਨੀ ਕਹਿੰਦਾ ਸਾਲਿਓ ਓਏ,
ਆ ਗਿਆ ਫੋਨ ਹੈ ਮੰਮੀ ਦਾ,
ਸੁੱਖੀ ਛੱਡਣਾ ਪੈਣਾ ਓਏ,
ਸੈਕਟਰ ਅੱਠ, ਨੌਂ, ਦਸ ਤੇ ਗਿਆਰਾਂ
ਕੁੜੀ ਰਿਕਸ਼ੇ ‘ਤੇ ਜਾਂਦੀ ਸੀ
ਤੇ ਪਿੱਛੇ ਲਾ ਲੈਂਦੇ ਸੀ ਕਾਰਾਂ।

ਕਿੰਨਾ ਨੇਕ ਬੰਦਾ ਹੈ ਇਹ ਔਜਲਾ, ਕਿੰਨੇ ਚੰਗੇ ਕੰਮ ਕੀਤੇ ਨੇ ਸੰਨੀ ਨੇ ਤੇ ਕਿੰਨਾ ਸਾਊ ਹੈ ਸੁੱਖੀ। ਬੰਦਾ ਜਿਵੇਂ-ਜਿਵੇਂ ਅੱਲ੍ਹੜ ਉਮਰ ‘ਚੋਂ ਅੱਗੇ ਲੰਘਦੈ, ਉਵੇਂ-ਉਵੇਂ ਉਹਨੂੰ ਅਕਲ ਆਉਂਦੀ ਏ, ਪਰ ਏਥੇ ਤਾਂ ‘ਕਰਤੂਤਾਂ‘ ‘ਤੇ ਗਾਣੇ ਘੜੇ ਜਾਂਦੇ ਨੇ, ਵੀਡੀਓ ਬਣਦੇ ਨੇ, ਚੈਨਲਾਂ ‘ਤੇ ਚੱਲਦੇ ਨੇ।

ਵੀਡੀਓ ‘ਚ ਰਿਕਸ਼ੇ ‘ਤੇ ਬੈਠੀ ਜਿਹੜੀ ਮਾਡਲ ਦਿਖਾਈ ਗਈ, ਉਹ ‘ਕੱਢਦੀ ਟਕੇ-ਟਕੇ ਦੀਆਂ ਗਾਲ੍ਹਾਂ‘ ਸਤਰ ਵੇਲੇ ਜਿਹੜੇ ਬੋਲ ਬੋਲਦੀ ਹੈ, ਉਨ੍ਹਾਂ ਨੂੰ ਵੀ ਗਾਇਕ ਨੇ ਬੇਇੱਜ਼ਤੀ ਨਹੀਂ ਸਮਝਿਆ। ਕਿਉਂਕਿ ਇਹ ਲੇਖ ਸੁਹਿਰਦ ਪਾਠਕਾਂ ਲਈ ਹੈ, ਇਸ ਲਈ ਉਸ ਮਾਣਮੱਤੀ ਮੁਟਿਆਰ ਮੂੰਹੋਂ ਨਿਕਲੇ ਸ਼ਬਦਾਂ ਨੂੰ ਇਥੇ ਦਰਜ ਨਹੀਂ ਕਰਦੇ, ਪਰ ਏਨਾ ਜ਼ਰੂਰ ਕਹਿੰਦੇ ਹਾਂ ਕਿ ਲਿਖਣ ਵਾਲਾ, ਗਾਉਣ ਵਾਲਾ, ਸੰਗੀਤ ਬਣਾਉਣ ਵਾਲਾ ਤੇ ਫ਼ਿਲਮਾਉਣ ਵਾਲਾ ਸਾਰੇ ਇੱਕੋ ਸੋਚ ਦੇ ਮਾਲਕ ਨੇ।

ਮਾਪੇ ਕਦੇ ਵੀ ਔਲਾਦ ਅੱਗੇ ਆਪਣੀ ਜਵਾਨੀ ਵੇਲੇ ਹੋਈਆਂ ਭੁੱਲਾਂ ਦੇ ਕਿੱਸੇ ਨਹੀਂ ਫਰੋਲਦੇ। ਇਸ ਦੇ ਦੋ ਕਾਰਨ ਨੇ। ਪਹਿਲਾ ਇਹ ਕਿ ਕਿਤੇ ਉਨ੍ਹਾਂ ਦੀ ਔਲਾਦ ਇਹ ਨਾ ਸੋਚਣ ਲੱਗੇ ਕਿ ਜੇ ਮਾਪਿਆਂ ਏਦਾਂ ਕੀਤੈ, ਤਾਂ ਉਹ ਕਿਉਂ ਨਾ ਕਰਨ? ਤੇ ਦੂਜਾ, ਜੇ ਔਲਾਦ ਗ਼ਲਤ ਰਾਹ ‘ਤੇ ਤੁਰਨ ਲੱਗੇ ਤਾਂ ਮਾਪੇ ਉਨ੍ਹਾਂ ਨੂੰ ਘੂਰਨ ਵਾਲਾ ਹੱਕ ਵੀ ਨਾ ਗੁਆ ਬੈਠਣ। ਪਰ ਜਿਹੜੇ ਲੋਕ ਅੱਜ ਆਪਣੇ ਅਤੀਤ ਨਾਲ ਜੁੜੀਆਂ ਬੇਹੂਦਾ ਗੱਲਾਂ ਦੁਹਰਾ ਰਹੇ ਨੇ, ਇਨ੍ਹਾਂ ਦੇ ਨਿਆਣੇ ਕੱਲ੍ਹ ਨੂੰ ਜਦੋਂ ਇਨ੍ਹਾਂ ਦੇ ਹੀ ਗੀਤ ਸੁਣ ਆਖਣਗੇ, ‘ਡੈਡ, ਤੁਸੀਂ ਤਾਂ ਪੂਰੇ ‘ਕੰਜਰ‘ ਰਹੇ ਓ,‘ ਉਦੋਂ ਇਹ ਹੁੰਗਾਰਾ ਕਿਹੜੇ ਮੂੰਹ ਨਾਲ ਭਰਨਗੇ।

ਥੋੜ੍ਹਾ ਚਿਰ ਪਹਿਲਾਂ ਸ਼ੈਰੀ ਮਾਨ ਨੇ ਕਾਲਜ ਦੀ ਜ਼ਿੰਦਗੀ ਨਾਲ ਜੁੜੇ ‘ਯਾਰ ਅਣਮੁੱਲੇ’ ਗੀਤ ਵਿਚ ਹਰ ਉਹ ‘ਫੜ’ ਮਾਰੀ, ਜਿਸ ਵਿਚੋਂ ਵਿਹਲੜਪੁਣਾ ਤੇ ਪਿਓ ਦੇ ਪੈਸੇ ’ਤੇ ਕੀਤੀ ਐਸ਼ਪ੍ਰਸਤੀ ਝਲਕਦੀ ਸੀ। ਗਾਣਾ ਬਹੁਤ ਮਕਬੂਲ ਹੋਇਆ। ‘ਰਿਕਸ਼ੇ’ ਵਾਲੇ ਸੁੱਖੀ, ਸੰਨੀ ਤੇ ਔਜਲੇ ਵਾਂਗ ਉਸ ਵਿਚ ਗਾਇਕ ਨੇ ਹਰ ਊਟ-ਪਟਾਂਗ ਕੰਮ ’ਚ ਸਾਥ ਦੇਣ ਵਾਲੇ ਯਾਰਾਂ ਦਾ ਜ਼ਿਕਰ ਹੁੱਬ ਕੇ ਕੀਤਾ। ਨਾ ਲਿਖਣ ਵਾਲੇ, ਨਾ ਗਾਉਣ ਵਾਲੇ ਨੇ ਸੋਚਿਆ ਕਿ ਇਸ ਲਿਖਤ ਵਿਚੋਂ ਮੇਰਾ ਵਿਅਕਤਿਤਵ ਝਲਕੇਗਾ। ਦੋਹਾਂ ਦਾ ਇਕੋ ਮਕਸਦ ਸੀ ਕਿ ਕਿਵੇਂ ਨਾ ਕਿਵੇਂ ਚਰਚਾ ਹੋ ਜਾਵੇ ਤੇ ਉਹ ਹੋ ਵੀ ਗਈ।

ਪੰਜਾਬ ਦਾ ਇੱਕ ਪਗੜੀਧਾਰੀ ਗਾਇਕ ਪਿਛਲੇ ਕਾਫੀ ਸਮੇਂ ਤੋਂ ਅਜਿਹੇ ਗੀਤ ਗਾ ਰਿਹੈ, ਜਿਹੜੇ ਉਸ ਨੂੰ ਚਰਚਾ ਜ਼ਰੂਰ ਦੇ ਛੱਡਦੇ ਨੇ, ਪਰ ਉਸ ਦੀ ਪੱਗ ਦਾ ਮੁੱਲ ਲਗਾਤਾਰ ਘਟਾਉਂਦੇ ਜਾ ਰਹੇ ਨੇ। ਜੇ ਉਹ ਪੱਗ ਬੰਨ੍ਹ ਸਟੇਜ ‘ਤੇ ਚੜ੍ਹਨ ਦੀ ਥਾਂ ਟੋਪੀ ਲੈ ਕੇ ਜਾਂ ਵਾਲਾਂ ਨੂੰ ਜੈਲ ਲਾ ਕੇ ਚੜ੍ਹੇ ਤਾਂ ਕੋਈ ਉਸ ਨੂੰ ਇੱਕੀ ਸੌ ਵੀ ਨਾ ਦੇਵੇ, ਪਰ ਇਹ ਪੱਗ ਦਾ ਹੀ ਮੁੱਲ ਹੈ ਕਿ ਉਹਨੂੰ ਤਿੰਨ-ਤਿੰਨ ਲੱਖ ਦੇਣ ਵਾਲਿਆਂ ਦੀ ਵੀ ਘਾਟ ਨਹੀਂ। ਆਉਂਦੇ ਸਮੇਂ ਵਿਚ ਉਹ ਪੰਦਰਾਂ ਸਾਲ ਦੀਆਂ ਪੰਜਾਬਣਾਂ ਵੱਲੋਂ ਸ਼ਰਾਬ ‘ਚ ਟੁੰਨ ਹੋਣ ਦੀ ਗੱਲ ਕਰਨ ਜਾ ਰਿਹੈ, ਦੇਖਦੇ ਹਾਂ ਮਹਾਨ ਪੰਜਾਬੀ ਵਿਆਹਾਂ ਮੌਕੇ ਇਸ ਗਾਣੇ ‘ਤੇ ਭੈਣਾਂ ਦੇ ਹੱਥ ਫੜ ਕੇ ਡਾਂਸ ਕਰਨਗੇ, ਮਾਂਵਾਂ ਦੇ ਜਾਂ ਸਧਰਾਂ ਦੀਆਂ ਸਾਥਣਾਂ ਦੇ!

ਜਿਹੜੇ ਲੋਕ ਪੰਜਾਬ ਤੇ ਪੰਜਾਬੀਅਤ ਦੇ ਨਾਂ ‘ਤੇ ਰੌਲਾ ਪਾਉਂਦੇ ਨੇ, ਉਨ੍ਹਾਂ ਨੂੰ ਇਹ ਗੰਦ ਨਹੀਂ ਦਿਸ ਰਿਹਾ। ਸਿੱਖੀ ਦੇ ਨਾਂ ‘ਤੇ ਅਵਾਜ਼ਾਂ ਬੁਲੰਦ ਕਰਨ ਵਾਲੇ ਵੀ ਕੰਨਾਂ ‘ਚ ਕੌੜਾ ਤੇਲ ਪਾਈ ਬੈਠੇ ਨੇ। ਜੇ ਉਹ ਸਹੀ ਅਰਥਾਂ ਵਿਚ ਵਿਰਸੇ ਦੇ ਵਾਰਿਸ ਨੇ, ਉਨ੍ਹਾਂ ਨੂੰ ਧੀਆਂ ਦੀਆਂ ਇੱਜ਼ਤਾਂ ਦਾ ਖਿਆਲ ਹੈ, ਗੰਧਲੇ ਹੁੰਦੇ ਸੱਭਿਆਚਾਰ ਦੀ ਚਿੰਤਾ ਹੈ, ਤਬਾਹ ਹੁੰਦੇ ਰਿਸ਼ਤਿਆਂ ਦਾ ਦੁੱਖ ਹੈ ਤਾਂ ਉਹ ਸ਼ਬਦੀ ਤੀਰ ਚਲਾਉਣੇ ਬੰਦ ਕਰਨ, ‘ਕੱਠੇ ਹੋਣ, ਸੜਕਾਂ ‘ਤੇ ਉਤਰਨ, ਮਾੜਿਆਂ ਖਿਲਾਫ਼ ਅਵਾਜ਼ ਬੁਲੰਦ ਕਰਨ ਤੇ ਚੰਗਿਆਂ ਵਰਗੇ ਬਣਨ ਦੀ ਸਲਾਹ ਦੇਣ, ਨਹੀਂ ਤਾਂ ਉਨ੍ਹਾਂ ਦੇ ਸੰਘ ਪਾੜਨ ਦਾ ਕਿਸੇ ‘ਤੇ ਕੋਈ ਅਸਰ ਨਹੀਂ, ਕਿਉਂਕਿ ਸੰਘ ਪਾੜ-ਪਾੜ ‘ਗੰਦ ਪਾਉਣ‘ ਦਾ ਪੂਰਾ ਠੇਕਾ ਸਾਡੇ ਨਵੇਂ ਉਠਦੇ ਕਲਾਕਾਰਾਂ ਨੇ ਲੈ ਲਿਐ।

---

# ਇਹ ਬੇਲਾ ਸੱਚ ਕੀ ਨਹੀਂ ਹੈ

*(ਸਫਾ 35 ਦੀ ਬਾਕੀ)*

ਸੁਣਾ ਰਹੇ ਹੋ ਪਰ ਮੁਸਲਮਾਨਾਂ ਦੇ 12 ਮੁਲਕ ਹਨ; ਸਾਲਮ ਮੁਲਕ, ਫਿਰ ਉਹ ਮਾਰੇ ਜਾਣੋਂ ਕਿਉਂ ਬੰਦ ਨਹੀਂ ਹੋਏ? ਕਿਉਂ ਪੂਰੇ ਚੌਦਾਂ ਸਾਲ ਇਰਾਨ ਤੇ ਇਰਾਕ ਦੇ ਬਾਰਡਰ ਦੀ ਰੇਤਾ ਮੁਸਲਮਾਨਾਂ ਦੇ ਖ਼ੂਨ ਨਾਲ ਤਰ ਹੁੰਦੀ ਰਹੀ? ਤੁਹਾਡਾ ਕੰਮ ਸੌਖਾ ਹੈ। ਤੁਹਾਡੇ ਕੋਲ ਲਾਹਨਤਾਂ ਪਾਉਣ ਦੀ ਸ਼ਬਦਾਵਲੀ ਹੈ। ਤੁਸੀਂ ਕਹਿ ਸਕਦੇ ਹੋ ਲਾਹਨਤ ਹੈ, ਦੁਰ ਲਾਹਨਤ, ਫਿੱਟ ਲਾਹਨਤ, ਲੱਖ ਲਾਹਨਤ; ਮੁਸਲਮਾਨ ਹੋ ਕੇ ਮੁਸਲਮਾਨ ਨਾਲ ਲੜਦੇ ਹੋ? ਪਰ ਮੇਰਾ ਕੰਮ ਸੌਖਾ ਨਹੀਂ, ਮੈਂ ਲੱਭਣਾ ਹੈ ਕਿ ਬੰਦੇ ਵਿਚੋਂ ਪਸ਼ੂਪਣਾ ਤੇ ਹਿੰਸਕ ਦਰਿੰਦਗੀ ਜਾਂਦੀ ਕਿਉਂ ਨਹੀਂ?

ਹਾਂ, ਹਿੰਦੂ ਕਾਂਗਰਸ ਦੇ ਫਿਰਕੂਪੁਣੇ ਦੀ ਤੁਸਾਂ ਇਹ ਮਿਸਾਲ ਵੀ ਦਿੱਤੀ ਹੈ ਕਿ ਬਾਕੀ ਸੂਬੇ ਤਾਂ ਝੱਟ ਬਣ ਗਏ ਪਰ ਪੰਜਾਬੀ ਸੂਬਾ ਸਿੱਖਾਂ ਨੇ ਮੰਗਿਆ ਸੀ; ਇਸ ਵਾਸਤੇ ਵੱਡੇ ਅੰਦੋਲਨ ਕਰਨੇ ਪਏ। ਇਹ 'ਸੱਚੋ ਸੱਚ’ ਨਹੀਂ ਹੈ। ਮਹਾਰਾਸ਼ਟਰ ਹਿੰਦੂਆਂ ਨੇ ਮੰਗਿਆ ਸੀ, ਲੰਮਾ ਅੰਦੋਲਨ ਹੋਇਆ, ਗੋਲੀਆਂ ਵੀ ਚੱਲੀਆਂ। ਉਤਰਾਖੰਡ, ਝਾਰਖੰਡ, ਛੱਤੀਸਗੜ੍ਹ ਵੀ ਹਿੰਦੂਆਂ ਨੇ ਮੰਗਿਆ; ਗੋਲੀਆਂ ਖਾਧੀਆਂ, ਬੰਦੇ ਮਰੇ ਤੇ ਲੰਮੀ ਦੇਰ ਬਾਅਦ ਮਿਲਿਆ। ਤੇਲੰਗਾਨਾ, ਬੁੰਦੇਲਖੰਡ ਤੇ ਗੋਰਖਾਲੈਂਡ ਅਜੇ ਵੀ ਨਹੀਂ ਮਿਲੇ। ਸਾਡੇ ਮੁਲਕ ਵਿਚ ਹਰ ਆਏ ਦਿਨ ਅੰਦੋਲਨ ਹੁੰਦੇ ਹਨ, ਹੜਤਾਲਾਂ ਹੁੰਦੀਆਂ ਨੇ, ਧਰਨੇ ਲੱਗਦੇ ਨੇ, ਲਾਠੀਚਾਰਜ ਹੁੰਦੇ ਨੇ, ਗੋਲੀਆਂ ਵੀ ਚੱਲਦੀਆਂ ਹਨ ਤੇ ਸਭ ਜਗ੍ਹਾ ਮੁੱਖ ਤੌਰ ’ਤੇ ਹਿੰਦੂ ਹੀ ਮਰਦੇ ਨੇ। ਪਤਾ ਨਹੀਂ ਤੁਸੀਂ ਵੀ ਕਿਉਂ ਉਨ੍ਹਾਂ ਨੂੰ ਜਾ ਕੇ ਨਹੀਂ ਸਮਝਾਉਂਦੇ ਕਿ 'ਓਏ ਕੁੱਤੇ ਦੇ ਵੱਢਿਓ, ਨ-ਖਸਮਿਓਂ, ਤੁਸੀਂ ਹਿੰਦੂ ਹੋ, ਤੁਹਾਨੂੰ ਮੁਲਕ ਮਿਲ ਗਿਆ, ਤੁਹਾਡਾ ਰਾਜ ਬਣ ਗਿਆ। ਹੁਣ ਹੋਰ ਕੀ ਲੈਣਾ ਜੇ? ਛਣਕਣਾ? ਜਾਓ ਘਰ ਬੈਠੋ’।

ਤੁਸੀਂ ਲਿਖਦੇ ਹੋ ਕਿ 'ਗਾਂਧੀ ਦਾ ਰਾਮ ਰਾਜ ਵੀ ਵੇਖ ਲਿਆ ਹੈ, ਨਹਿਰੂ ਦੀ ਡੈਮੋਕਰੇਸੀ ਵੀ’। ਗਾਂਧੀ ਨੇ ਕੋਈ ਰਾਜ ਨਹੀਂ ਚਲਾਇਆ। ਉਹ ਆਜ਼ਾਦੀ ਦੇ ਜਸ਼ਨ ਵਿਚ ਵੀ ਸ਼ਾਮਿਲ ਨਹੀਂ ਹੋਇਆ। ਉਹ ਉਸ ਦਿਨ ਕਲਕੱਤੇ ਪਹੁੰਚ ਗਿਆ ਸੀ ਜਿਥੇ ਦੰਗੇ ਹੋ ਰਹੇ ਸਨ। ਉਸ ਦੀ ਅਪੀਲ ਨਾਲ ਦੰਗੇ ਰੁਕੇ ਨਹੀਂ, ਉਸ ਨੇ ਮਰਨ ਵਰਤ ਰੱਖ ਲਿਆ। ਮਰਨ ਵਰਤਾਂ ਨਾਲ ਦੰਗੇ ਰੁਕਦੇ ਹਨ ਕਿ ਨਹੀਂ, ਮੈਂ ਨਹੀਂ ਕਹਿ ਸਕਦਾ ਪਰ ਉਸ ਦੇ ਕੋਲ ਇਹੀ ਕੁਝ ਸੀ ਜੋ ਕਰ ਸਕਦਾ ਸੀ। ਉਸ ਨੂੰ ਕਲਕੱਤੇ ਹੋਣਾ ਚਾਹੀਦਾ ਸੀ ਜਾਂ ਪੰਜਾਬ, ਮੈਂ ਇਹ ਵੀ ਨਹੀਂ ਕਹਿ ਸਕਦਾ, ਕਿਉਂਕਿ ਉਹ ਦੋ ਜਗ੍ਹਾ ਹੋ ਨਹੀਂ ਸਕਦਾ ਸੀ। ਮਹਾਤਮਾ ਗਾਂਧੀ ਨੂੰ ਹਿੰਦੂਆਂ ਦੇ ਫਿਰਕੂ ਲਾਣੇ ਨੇ ਗਾਲਾਂ ਵੀ ਕੱਢੀਆਂ ਤੇ ਧਮਕੀਆਂ ਵੀ ਦਿੱਤੀਆਂ। ਫਿਰਕੂ ਜ਼ਹਿਰ ਤਕੜਾ ਸੀ ਪਰ ਉਸ ਵੇਲੇ ਗਾਂਧੀ ਦੀ ਲੋਕਪ੍ਰਿਅਤਾ ਵੀ ਅਜੇ ਤਾਕਤ ਰੱਖਦੀ ਸੀ। ਦੰਗੇ ਸਚਮੁੱਚ ਰੁਕੇ ਤੇ ਗਾਂਧੀ ਨੇ ਵਰਤ ਖੋਲ੍ਹਿਆ।

ਪਰ ਫਿਰਕਾਪ੍ਰਸਤ ਰਾਸ਼ਟਰ ਸੰਘ ਦਾ ਉਸ ਵਿਰੁਧ ਪ੍ਰਚਾਰ ਬਹੁਤ ਤੇਜ਼ ਹੋ ਗਿਆ ਕਿ ਜੇ ਗਾਂਧੀ ਨਾ ਰੋਕਦਾ ਤਾਂ ਸਾਰੇ ਮੁਸਲਮਾਨਾਂ ਨੂੰ ਜਾਂ ਹਿੰਦੁਸਤਾਨ ਵਿਚੋਂ ਕੱਢ ਦੇਣਾ ਸੀ ਜਾਂ ਮਾਰ ਦੇਣਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਇਨ੍ਹਾਂ ਨੇ ਪਾਕਿਸਤਾਨ ਲੈ ਹੀ ਲਿਆ ਹੈ ਤਾਂ ਇਥੇ ਕਰਦੇ ਕੀ ਪਏ ਨੇ। ਅਖੀਰ ਅਗਲੇ ਸਾਲ ਹੀ ਸੰਘ ਦੇ ਮੈਂਬਰ ਇਕ ਦਹਿਸ਼ਤਗਰਦ ਨੇ ਗਾਂਧੀ ਨੂੰ ਮੁਸਲਮਾਨਾਂ ਦਾ ਹੇਜ ਕਰਨ ਦੀ ਸਜ਼ਾ ਦਿੰਦਿਆਂ ਗੋਲੀ ਮਾਰ ਦਿੱਤੀ। ਗਾਂਧੀ ਨੇ ਰਾਜ ਤਾਂ ਕੀ ਕਰਨਾ ਸੀ, ਸਰਕਾਰ ਦੇ ਕੰਮ ਵਿਚ ਦਖਲ ਹੀ ਨਹੀਂ ਦਿੱਤਾ ਸਿਵਾਏ ਇਕੋ ਵਾਰ ਦੇ ਕਿ ਜੋ ਪੈਸਾ ਪਾਕਿਸਤਾਨ ਨੂੰ ਦੇਣ ਦਾ ਵਾਅਦਾ ਕੀਤਾ ਹੈ, ਉਸ ਵਿਚ ਦੇਰੀ ਨਾ ਕੀਤੀ ਜਾਵੇ।

ਇਸੇ ਤਰ੍ਹਾਂ ਜੋ ਡੈਮੋਕਰੇਸੀ ਹੈ, ਉਹ ਨਹਿਰੂ ਦੀ ਨਹੀਂ ਸਾਰੀ ਕੌਮ ਦੀ ਹੈ, ਸਾਰੇ ਲੋਕਾਂ ਦੀ ਹੈ। ਬਾਲਗ ਵੋਟ ਦਾ ਅਧਿਕਾਰ ਹੀ ਡੈਮੋਕਰੇਸੀ ਹੈ, ਇਹੀ ਲੋਕਾਂ ਦਾ ਰਾਜ ਹੈ, ਇਹੀ ਆਜ਼ਾਦੀ ਹੈ, ਇਸ ਤੋਂ ਬਿਨਾਂ ਆਜ਼ਾਦੀ ਦਾ ਕੋਈ ਤਸੱਵਰ ਨਹੀਂ ਹੋ ਸਕਦਾ। ਦੁਨੀਆਂ ਭਰ ਵਿਚ ਕਿਧਰੇ ਵੀ ਬਾਲਗ ਵੋਟ ਦਾ ਕੋਈ ਬਦਲ ਨਹੀਂ।

ਤੁਸਾਂ ਹਿੰਦੂ ਕਾਂਗਰਸ ਹੀ ਨਹੀਂ, ਆਪਣੇ ਲਫ਼ਜ਼ਾਂ ਵਿਚ ਹਿੰਦੂ ਲੋਕਾਂ ਨੂੰ ਹੀ ਸਿੱਖਾਂ ਦਾ ਦੁਸ਼ਮਣ ਠਹਿਰਾਇਆ ਹੈ ਤੇ ਇਹ ਵੀ ਕਿਹਾ ਹੈ ਕਿ ਇਹ ਲੋਕ ਇਕ ਦਿਨ ਸਾਰੀਆਂ ਘੱਟ-ਗਿਣਤੀਆਂ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਨਗੇ (ਜੇ ਮੈਂ ਠੀਕ ਨਹੀਂ ਸਮਝਿਆ ਤਾਂ ਜ਼ਰੂਰ ਦਰੁਸਤ ਕਰਨਾ)। ਤੁਸੀਂ ਲਿਖਦੇ ਹੋ ਕਿ 'ਸ਼ੱਕ ਹੈ ਤਾਂ ਆਰ.ਐਸ.ਐਸ. ਦਾ ਹਿੰਦੂ ਪਲਾਨ ਪੜ੍ਹ ਕੇ ਵੇਖਿਆ ਜਾਵੇ’। ਵੇਖਣ ਦੀ ਲੋੜ ਨਹੀਂ, ਘੱਟੋ ਘੱਟ ਮੈਨੂੰ ਤੁਹਾਡੇ ਉਪਰ ਇਤਬਾਰ ਹੈ ਕਿ ਉਸ ਵਿਚ ਐਹੋ ਜਿਹੀਆਂ ਹੀ ਗੱਲਾਂ ਲਿਖੀਆਂ ਹੋਣਗੀਆਂ। ਉਨ੍ਹਾਂ ਨੂੰ ਪੂਰਾ ਹੱਕ ਹੈ ਜਿਸ ਤਰ੍ਹਾਂ ਦੀਆਂ ਉਹ ਪਲੈਨਾਂ ਲਿਖਣਾ ਚਾਹੁੰਦੇ ਹਨ, ਲਿਖਣ; ਜਿਵੇਂ ਤੁਹਾਨੂੰ ਵੀ ਹੱਕ ਹੈ ਕਿ ਜਿਹੋ ਜਿਹੀਆਂ ਕਿਤਾਬਾਂ ਲਿਖ ਰਹੇ ਹੋ, ਲਿਖ ਲਵੋ। ਵੈਸੇ ਮੈਨੂੰ ਪਤਾ ਹੈ ਜਿਨ੍ਹਾਂ ਵਾਸਤੇ ਆਰ.ਐਸ.ਐਸ. ਪਲੈਨਾਂ ਲਿਖ ਰਿਹਾ ਹੈ, ਨਾ ਉਹ ਲੋਕ ਉਸ ਦੀ ਗੱਲ ਮੰਨ ਰਹੇ ਨੇ ਤੇ ਨਾ ਹੀ ਉਹ ਲੋਕ ਤੁਹਾਡੀ ਗੱਲ ਉਪਰ ਕੰਨ ਧਰ ਰਹੇ ਹਨ ਜਿਨ੍ਹਾਂ ਵਾਸਤੇ ਤੁਸੀਂ ਲਿਖ ਰਹੇ ਹੋ।

ਇਸ ਨੁਕਤੇ ਦੀ ਵਜ਼ਾਹਤ ਕਰਦਿਆਂ ਤੁਸੀਂ ਜੋ ਸ਼ਬਦਾਵਲੀ ਵਰਤੀ ਹੈ, ਉਹ ਮੈਂ ਨਹੀਂ ਵਰਤ ਸਕਦਾ। ਤੁਸੀਂ ਸੂਰਮੇ ਠਹਿਰੇ, ਮੈਂ ਕਮਜ਼ੋਰ। ਮੇਰਾ ਕਹਿਣਾ ਹੈ ਕਿ ਮਿਥਿਹਾਸਕ ਕਿਸਮ ਦੀਆਂ ਮਾਨਤਾਵਾਂ ਸਾਰੇ ਧਰਮਾਂ ਵਿਚ ਹਨ ਜੋ ਤਰਕਸ਼ੀਲਤਾ ਦੀ ਕਸਵੱਟੀ ਉਪਰ ਪੂਰੀਆਂ ਨਹੀਂ ਉੱਤਰ ਸਕਦੀਆਂ। ਅਸੀਂ ਇਨ੍ਹਾਂ ਬਾਰੇ ਲੋਕਾਂ ਨੂੰ ਜਾਗਰੂਕ ਕਰ ਸਕਦੇ ਹਾਂ ਪਰ ਨਿੰਦਾ ਜਾਂ ਮਜ਼ਾਕ ਦੇ ਸ਼ਬਦ ਬੋਲਣੇ ਦਰੁਸਤ ਨਹੀਂ। ਫਿਰ ਜਿਸ ਕਿਸਮ ਦੀ ਮਿਥਿਹਾਸਕ ਪੂਜਾ ਦਾ ਤੁਸੀਂ ਸਿੱਖਾਂ ਨੂੰ ਡਰਾਵਾ ਦੇ ਰਹੇ ਹੋ ਕਿ ਇਹ ਤੁਹਾਨੂੰ ਜ਼ਬਰਦਸਤੀ ਕਰਨ ਲਾ ਦੇਣਗੇ, ਉਹ ਵੱਡੀ ਗਿਣਤੀ ਵਿਚ ਪਹਿਲਾਂ ਹੀ ਕਰ ਰਹੇ ਹਨ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 90% ਸਿੱਖ ਗਾਂ ਨੂੰ ਮਾਤਾ ਮੰਨਦੇ ਹਨ ਤੇ 99% ਹੋਣਗੇ ਜੋ ਕਿਸੇ ਵੀ ਹਾਲਤ ਵਿਚ ਗਾਂ ਦਾ ਮੀਟ ਨਹੀਂ ਖਾ ਸਕਦੇ। ਤੁਸੀਂ ਜਾਂਚ ਕਰ ਲੈਣਾ।

ਕੁੱਲ ਮਿਲਾ ਕੇ ਜਿਹੜਾ ਹਿੰਦੂ-ਹਊਆ ਤੁਸੀਂ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਉਹ ਗੱਲ ਬਣਨੀ ਨਹੀਂ। ਠੀਕ ਹੈ ਕਿ ਫਿਰਕੂ ਅਨਸਰ ਸਭ ਧਰਮਾਂ ਵਿਚ ਹੈ, ਨਫ਼ਰਤਾਂ ਫੈਲਾਉਣ ਤੇ ਵੰਡੀਆਂ ਪਾਉਣ ਵਾਲੇ ਸਭ ਧਰਮਾਂ ਵਿਚ ਹਨ ਤੇ ਕੋਝੀਆਂ ਸ਼ਰਾਰਤਾਂ ਕਰਨ ਵਾਲੇ ਵੀ ਹਨ। ਸ਼ੁਕਰ ਦੀ ਗੱਲ ਸਿਰਫ਼ ਇਹ ਹੈ ਕਿ ਸਭ ਧਰਮਾਂ ਵਿਚ ਇਹ ਘੱਟ-ਗਿਣਤੀ ਵਿਚ ਹਨ ਪਰ ਫਿਰ ਵੀ ਬਹੁਤ ਖ਼ਤਰਨਾਕ ਨਾਸੂਰ ਹੈ ਤੇ ਇਸ ਦਾ ਮੁਕਾਬਲਾ ਵੀ ਕੋਈ ਇਕ ਅੱਧਾ ਧਰਮ ਇਕੱਲਾ ਨਹੀਂ ਕਰ ਸਕਦਾ। ਸਭ ਧਰਮਾਂ ਨੂੰ ਮਿਲ ਕੇ ਹੀ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨਾ ਹੋਵੇਗਾ।

ਇਸ ਕਿਤਾਬ ਵਿਚ ਤੁਸਾਂ ਬਹੁਤ ਵਾਰ ਲਿਖਿਆ ਹੈ ਕਿ 'ਜਿਨ੍ਹਾਂ ਦੀਆਂ ਧੀਆਂ ਭੈਣਾਂ ਦੀਆਂ ਅਸਾਂ ਜਾਨਾਂ ਹੂਲ ਕੇ ਇੱਜ਼ਤਾਂ ਬਚਾਈਆਂ, ਉਨ੍ਹਾਂ ਨੇ ਹੀ ਸਾਡੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ।’ ਇਸ਼ਾਰਾ ਇਹ ਹੈ ਕਿ ਜਦੋਂ ਅਹਿਮਦਸ਼ਾਹ ਅਬਦਾਲੀ ਹਿੰਦੂਆਂ ਦੀਆਂ ਧੀਆਂ ਭੈਣਾਂ ਬੰਨ੍ਹ ਕੇ ਗਜ਼ਨੀ ਲੈ ਕੇ ਜਾ ਰਿਹਾ ਸੀ ਤਾਂ ਸਿੱਖਾਂ ਨੇ ਹਮਲਾ ਕਰਕੇ ਛੁਡਾਈਆਂ ਤੇ ਅੱਜ ਉਨ੍ਹਾਂ ਹਿੰਦੂਆਂ ਨੇ ਸਿੱਖਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਲੁੱਟੀ। ਮੇਰਾ ਸਵਾਲ ਹੈ ਕਿ ਫਿਰ ਜਿੱਥੇ ਹਿੰਦੂਆਂ ਨੇ ਹਿੰਦੂ ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ, ਤਾਂ ਕੀ ਉਹ ਜਾਇਜ਼ ਸੀ? ਜਦੋਂ ਪੰਜਾਬ ਵਿਚ ਸਿੱਖਾਂ ਵੱਲੋਂ ਸਿੱਖ ਧੀਆਂ ਭੈਣਾਂ ਲੁੱਟੀਆਂ ਜਾਣ ਤਾਂ ਤੁਹਾਡੇ ਵਾਸਤੇ ਉਹ ਵੀ ਕੋਈ ਖਾਸ ਗੱਲ ਨਹੀਂ। ਤੇ ਫਿਰ ਜਦੋਂ ਗੁਜਰਾਤ ਦੇ ਦੰਗਿਆਂ ਵਿਚ ਮੁਸਲਮਾਨਾਂ ਦੀਆਂ ਧੀਆਂ ਭੈਣਾਂ ਲੁੱਟੀਆਂ ਤਾਂ ਤੁਹਾਡੀ ਇਸ ਇਤਿਹਾਸਕ ਦਲੀਲ ਨਾਲ ਤਾਂ ਠੀਕ ਹੀ ਸੀ। ਅਬਦਾਲੀ ਦੇ ਮੁਸਲਮਾਨਾਂ ਨੇ ਹਿੰਦੂਆਂ ਦੀਆਂ ਧੀਆਂ ਭੈਣਾਂ ਲੁੱਟੀਆਂ ਤੇ ਅੱਜ ਇਹ ਉਨ੍ਹਾਂ ਦੀਆਂ ਲੁੱਟ ਰਹੇ ਹਨ, ਤਾਂ ਕੀ ਹੋ ਗਿਆ! ਕੀ ਤੁਹਾਡੀਆਂ ਇਹ ਗੱਲਾਂ ਪੜ੍ਹਿਆਂ-ਲਿਖਿਆਂ ਵਾਲੀਆਂ ਹਨ?

***(ਬਾਕੀ ਅਗਲੇ ਅੰਕ ’ਚ)***

> ***ਕੁੱਲ ਮਿਲਾ ਕੇ ਜਿਹੜਾ ਹਿੰਦੂ-ਹਊਆ ਤੁਸੀਂ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਉਹ ਗੱਲ ਬਣਨੀ ਨਹੀਂ। ਠੀਕ ਹੈ ਕਿ ਫਿਰਕੂ ਅਨਸਰ ਸਭ ਧਰਮਾਂ ਵਿਚ ਹੈ, ਨਫ਼ਰਤਾਂ ਫੈਲਾਉਣ ਤੇ ਵੰਡੀਆਂ ਪਾਉਣ ਵਾਲੇ ਸਭ ਧਰਮਾਂ ਵਿਚ ਹਨ ਤੇ ਕੋਝੀਆਂ ਸ਼ਰਾਰਤਾਂ ਕਰਨ ਵਾਲੇ ਵੀ ਹਨ। ਸ਼ੁਕਰ ਦੀ ਗੱਲ ਸਿਰਫ਼ ਇਹ ਹੈ ਕਿ ਸਭ ਧਰਮਾਂ ਵਿਚ ਇਹ ਘੱਟ-ਗਿਣਤੀ ਵਿਚ ਹਨ ਪਰ ਫਿਰ ਵੀ ਬਹੁਤ ਖ਼ਤਰਨਾਕ ਨਾਸੂਰ ਹੈ ਤੇ ਇਸ ਦਾ ਮੁਕਾਬਲਾ ਵੀ ਕੋਈ ਇਕ ਅੱਧਾ ਧਰਮ ਇਕੱਲਾ ਨਹੀਂ ਕਰ ਸਕਦਾ। ਸਭ ਧਰਮਾਂ ਨੂੰ ਮਿਲ ਕੇ ਹੀ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨਾ ਹੋਵੇਗਾ।***

# ਸਾਡੀ ਪੱਗ ਨੂੰ ਫਰਾਂਸ 'ਚ ਖਤਰਾ, ਤੇ ਪੱਗੋ-ਪੱਗੀ ਹੋਗੇ ਖਾਲਸੇ

ਕੀ ਲਿਖੀਏ ਅਤੇ ਕਿੱਥੋਂ ਸ਼ੁਰੂ ਕਰੀਏ? ਇੰਨੀ ਸ਼ਰਮ ਆਉਂਦੀ ਹੈ ਦੇਖ ਕੇ ਸੁਣ ਕੇ! ਇਹ ਸਭ ਹੋ ਕੀ ਰਿਹਾ ਹੈ? ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ ਕਿ ਜ਼ੁਲਮ ਕਰਨਾ ਬਹੁਤ ਬੁਰਾ ਹੈ, ਜ਼ੁਲਮ ਸਹਿਣਾ ਉਸ ਤੋਂ ਵੀ ਬੁਰਾ ਹੈ ਅਤੇ ਜੋ

**ਬੌਬ ਖਹਿਰਾ, ਮਿਸ਼ੀਗਨ**
**ਫੋਨ:734-925-0177**

ਜ਼ੁਲਮ ਦੇਖ ਕੇ ਚੁੱਪ ਕੀਤੇ ਰਹਿੰਦੇ ਹਨ, ਉਹ ਸਭ ਤੋਂ ਬੁਰਾ ਹੈ। ਇਸ ਲਈ ਅੱਜ ਕਾਪੀ ਪੈਨ ਚੁੱਕਿਆ ਤੇ ਲਿਖਣ ਬੈਠ ਗਿਆ।

ਸਿੱਖੋ! ਕੀ ਅੱਜ ਅਸੀਂ ਉਹੀ ਕੌਮ ਹਾਂ ਜਿਸ ਨੂੰ ਗੁਰੂ ਨਾਨਕ ਨੇ ਜਨਮ ਦਿੱਤਾ ਸੀ? ਕੀ ਅਸੀਂ ਉਹੋ ਹੀ ਹਾਂ ਜਿਸ ਲਈ ਗੁਰੂ ਗੋਬਿੰਦ ਸਿੰਘ ਨੇ ਆਪਣਾ ਸਰਬੰਸ ਵਾਰ ਦਿੱਤਾ? ਹਰੀ ਸਿੰਘ ਨਲੂਏ ਵਰਗੇ ਸਾਡੇ ਜਰਨੈਲਾਂ ਨੇ ਪਠਾਣਾਂ ਦੇ ਨੱਕਾਂ ਵਿਚ ਨਕੇਲ ਪਾ ਦਿੱਤੀ ਤੇ ਹੋਰ ਵੀ ਐਸੇ ਕਾਰਨਾਮੇ ਸਾਡੇ ਪੁਰਖਾਂ ਨੇ ਕੀਤੇ ਜਿਸ ਨੂੰ ਦੁਨੀਆਂ ਵੀ ਮੰਨਦੀ ਹੈ, ਪਰ ਅੱਜ ਅਸੀਂ ਕੀ ਕਰ ਰਹੇ ਹਾਂ? ਉਨ੍ਹਾਂ ਸਭ ਕੁਰਬਾਨੀਆਂ ਨੂੰ, ਸਭ ਕਾਰਨਾਮਿਆਂ ਨੂੰ ਮਿੱਟੀ ਵਿਚ ਰੋਲ ਰਹੇ ਹਾਂ ਅਤੇ ਸਾਨੂੰ ਸ਼ਰਮ ਵੀ ਬਿਲਕੁਲ ਨਹੀਂ ਆਉਂਦੀ। ਆਏ ਦਿਨ ਦੇਖਣ-ਸੁਣਨ ਨੂੰ ਮਿਲਦਾ ਹੈ ਕਿ ਫਲਾਣੇ ਗੁਰਦੁਆਰੇ ਵਿਚ ਲੜਾਈ ਹੋਈ ਹੈ। ਅੱਜ ਫਲਾਣੀ ਸਟੇਟ ਦੇ ਫਲਾਣੇ ਸ਼ਹਿਰ ਦੇ ਫਲਾਣੇ ਗੁਰਦੁਆਰੇ ਵਿਚ ਸਿੱਖ ਛਿੱਤਰੋ-ਛਿੱਤਰੀ ਹੋ ਗਏ ਤੇ ਪੱਗਾਂ ਰੋਲੀਆਂ ਗਈਆਂ, ਤੇ ਪੁਲਿਸ ਜੁੱਤੀਆਂ ਸਣੇ ਗੁਰਦੁਆਰੇ ਦੇ ਅੰਦਰ ਆਈ। ਹੜਦੂ ਲਾਹਣਤ ਹੈ ਉਨ੍ਹਾਂ ਦੇ, ਜਿਹੜੇ ਲੋਕ ਇਹੋ ਜਿਹੇ ਕੰਮ ਕਰਦੇ ਹਨ ਅਤੇ ਉਸ ਤੋਂ ਵੀ ਵੱਡੀ ਲਾਹਣਤ ਹੈ ਉਨ੍ਹਾਂ ਲਈ ਜਿਹੜੇ ਇਹ ਸਭ ਦੇਖ ਕੇ ਚੁੱਪ ਹਨ।

ਨਿਊ ਯਾਰਕ ਦੇ ਗੁਰਦੁਆਰਿਆਂ ਵਿਚ ਕੀ ਕੁਝ ਹੋਇਆ ਸੀ, ਇਹ ਸਾਰਿਆਂ ਨੂੰ ਪਤਾ ਹੈ। ਕੈਲੀਫੋਰਨੀਆ ਦੇ ਕਈ ਗੁਰਦੁਆਰਿਆਂ ਵਿਚ ਕੀ ਕੁਝ ਹੋਇਆ, ਉਹ ਵੀ ਕਿਸੇ ਨੂੰ ਭੁੱਲਿਆ ਨਹੀਂ ਹੈ। ਸ਼ਿਕਾਗੋ ਦੇ ਗੁਰਦੁਆਰੇ ਵਿਚ ਕੀ ਕੁਝ ਹੋਇਆ, ਲੋਕਾਂ ਨੇ ਸਭ ਦੇਖਿਆ, ਸਭ ਸੁਣਿਆ; ਪਰ ਕਿਸੇ ਨੂੰ ਭੋਰਾ ਜਿੰਨੀ ਸ਼ਰਮ ਨਹੀਂ ਆਈ! ਹੁਣੇ 15-20 ਦਿਨ ਪਹਿਲਾਂ ਓਹਾਇਓ ਸਟੇਟ ਦੇ ਡੇਅਟਨ ਗੁਰਦੁਆਰੇ ਵਿਚ ਵੀ ਬਹੁਤ ਹੀ ਕੁੱਟ-ਕੁਟਾਈਆ ਹੋਇਆ, ਪੱਗਾਂ ਰੋਲੀਆਂ। ਧੀਆਂ, ਭੈਣਾਂ, ਬੱਚਿਆਂ ਦੇ ਸਾਹਮਣੇ ਇਹ ਸਾਰਾ ਤਮਾਸ਼ਾ ਹੋਇਆ। ਗੋਰੇ ਪੁਲਿਸ ਵਾਲੇ ਵੀ ਇਹ ਸਭ ਦੇਖ ਕੇ ਹੈਰਾਨ ਰਹਿ ਗਏ। ਜਦੋਂ ਮੇਰੇ ਦੋਸਤ ਨੇ ਮੈਨੂੰ ਇਹ ਖ਼ਬਰ ਦਿੱਤੀ ਤਾਂ ਬਹੁਤ ਹੀ ਦੁੱਖ ਹੋਇਆ ਸੁਣ ਕੇ।



ਪੰਜਾਬ ਦੇ ਮੇਲਿਆਂ ਦੀਆਂ ਕਈ ਸਟੇਜਾਂ 'ਤੇ ਚੁਟਕਲਾ ਸੁਣਿਆ ਕਰਦੇ ਸੀ ਕਿ ਅਸੀਂ ਸਿੱਖ ਹੁੰਦੇ ਹਾਂ, ਸਾਨੂੰ ਛਿੱਤਰ ਖਾ ਕੇ ਹੀ ਅਕਲ ਆਉਂਦੀ ਹੈ...ਸੁਣ ਕੇ ਲੋਕ ਹੱਸਦੇ ਸਨ, ਪਰ ਅੱਜ ਦੇਖ ਰਹੇ ਹਾਂ ਕਿ ਅਜੇ ਅਸੀਂ ਹੋਰ ਕਿੰਨੇ ਕੁ ਛਿੱਤਰ ਖਾਣੇ ਹਨ ਜੋ ਅਕਲ ਆ ਜਾਵੇ? ਜਦੋਂ ਪੰਜਾਬ ਵਿਚ ਅਤਿਵਾਦ ਚੱਲ ਰਿਹਾ ਸੀ ਤਾਂ ਮਰਨ ਵਾਲੇ ਵੀ ਸਿੱਖ ਤੇ ਮਾਰਨ ਵਾਲੇ ਵੀ ਸਿੱਖ ਸਨ। ਸਿੱਖ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਖਤਮ ਕੀਤਾ ਜਾ ਰਿਹਾ ਸੀ। ਉਸ ਲਈ ਭਾਵੇਂ ਗੈਰ ਲੋਕ ਜ਼ਿੰਮੇਵਾਰ ਸਨ, ਪਰ ਬਹੁਤ ਜ਼ਿਆਦਾ ਸਿੱਖ ਆਗੂ ਜਾਂ ਹੋਰ ਸਿੱਖ ਵੀ ਜ਼ਿੰਮੇਵਾਰ ਸਨ? ਤੇ ਫਿਰ ਜਦ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਉਸ ਲਈ ਵੀ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਾਡੇ ਲੋਕਾਂ ਦੀ ਕੋਈ ਗਲਤੀ ਨਹੀਂ ਹੈ। ਅੱਜ ਜਦੋਂ ਵੀ ਕਿਤੇ ਕਿਸੇ ਸਿੱਖ ਵੱਲੋਂ ਕੋਈ ਬਿਆਨ ਦਿੱਤਾ ਜਾਂਦਾ ਹੈ, ਤਾਂ ਉਹ ਕਹਿੰਦਾ ਹੈ ਕਿ ਦਰਬਾਰ ਸਾਹਿਬ 'ਤੇ ਹਮਲੇ ਨਾਲ ਸਿੱਖਾਂ ਦੇ ਮਨ ਵਲੂੰਧਰੇ ਗਏ। ਅੱਜ ਜਦੋਂ ਅਸੀਂ ਆਪ, ਆਪਣੇ ਹੱਥੀਂ ਰੋਜ਼ ਪੱਗੋ-ਪੱਗੀ ਹੁੰਦੇ ਹਾਂ ਤਾਂ ਸਾਡੇ ਮਨ ਕਿਉਂ ਨਹੀਂ ਵਲੂੰਧਰੇ ਜਾ ਰਹੇ?

ਫਰਾਂਸ ਵਿਚ ਪੱਗ ਦੇ ਮਸਲੇ 'ਤੇ ਕਿੰਨਾ ਰੌਲਾ-ਰੱਪਾ ਪਿਆ ਤੇ ਕਿਹਾ ਗਿਆ ਕਿ ਸਾਡੀ ਪੱਗ ਨੂੰ ਖਤਰਾ ਹੈ। ਅੱਜ ਜਦੋਂ ਅਸੀਂ ਆਪਣੇ ਹੱਥੀਂ ਪੱਗਾਂ ਰੋਲਦੇ ਹਾਂ, ਦਾੜ੍ਹੀਆਂ ਪੁੱਟਦੇ ਹਾਂ, ਧੀਆਂ ਭੈਣਾਂ ਦੇ ਸਾਹਮਣੇ ਗਾਲੋ-ਗਾਲੀ ਹੁੰਦੇ ਹਾਂ, ਤਾਂ ਫਿਰ ਇਹ ਜ਼ਿੰਮੇਵਾਰੀ ਕਿਸ ਉਤੇ ਸੁੱਟੀਏ? ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਸਭ ਹੁੰਦਾ ਹੈ। ਉਂਜ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਹੁਤ ਇੱਜ਼ਤ ਕਰਦੇ ਹਾਂ। ਪਿੱਛੇ ਜਿਹੇ ਨਿਊ ਯਾਰਕ ਵਿਚ ਸਿੱਖ ਪਰੇਡ ਨਿਕਲ ਰਹੀ ਸੀ ਤਾਂ ਮੈਂ ਟੀ.ਵੀ. ਦੇਖ ਰਿਹਾ ਸੀ। ਉਥੇ ਯੂਬਾ ਸਿਟੀ ਤੋਂ ਦੀਦਾਰ ਸਿੰਘ ਬੈਂਸ ਵੀ ਪਹੁੰਚੇ ਹੋਏ ਸਨ। ਜਦੋਂ ਦੀਦਾਰ ਸਿੰਘ ਬੈਂਸ ਮਾਈਕ 'ਤੇ ਬੋਲਣ ਲੱਗੇ ਤਾਂ ਚਾਰ ਪੰਜ ਸਿੱਖ ਜੋ ਉਨ੍ਹਾਂ ਨਾਲ ਖੜ੍ਹੇ ਸਨ, 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਉਣ ਲੱਗ ਪਏ। ਮੈਨੂੰ ਨਹੀਂ ਪਤਾ ਕਿ ਉਹ ਕੌਣ ਸਨ, ਪਰ ਹਾਂ, ਉਹ ਜ਼ਰੂਰ ਉਨ੍ਹਾਂ ਵਰਗੇ ਹੀ ਸਨ ਜਿਨ੍ਹਾਂ ਨੇ ਪਹਿਲਾਂ ਪੰਜਾਬ ਦੀ ਜਵਾਨੀ ਨੂੰ ਖਤਮ ਕਰਵਾਇਆ, ਜਾਂ ਜੋ ਕੁਝ ਗੁਰਦੁਆਰਿਆਂ ਵਿਚ ਜਿਹੜੇ ਕਰ ਰਹੇ ਹਨ, ਉਨ੍ਹਾਂ ਵਰਗੇ।

ਸਿੱਖੋ, ਕਿੰਨੇ ਹੀ ਨਕਲੀ ਧੋਖੇਬਾਜ਼ ਸਾਧ, ਪੰਜਾਬੀਅਤ ਨੂੰ ਤੇ ਸਿੱਖੀ ਨੂੰ ਢਾਹ ਲਾ ਰਹੇ ਹਨ। ਅਸੀਂ ਕਦੋਂ ਨੱਥ ਪਾਵਾਂਗੇ ਉਨ੍ਹਾਂ ਨੂੰ? ਮੈਨੂੰ ਪਤਾ ਲੱਗਾ ਹੈ ਕਿ ਆਰ.ਐਸ.ਐਸ. ਦੀ ਵੈਬ ਸਾਈਟ ਉਤੇ ਲਿਖਿਆ ਹੈ ਕਿ ਸਿੱਖ, ਹਿੰਦੂਆਂ ਵਿਚੋਂ ਹੀ ਨਿਕਲੇ ਹਨ ਅਤੇ ਅਸੀਂ ਇਨ੍ਹਾਂ ਨੂੰ ਆਪਣੇ ਵਿਚ ਹੀ ਮਿਲਾ ਲੈਣਾ ਹੈ। ਬਾਦਲ ਵਰਗੇ ਜਾਂ ਢੱਡਰੀਆਂ ਵਾਲੇ ਵਰਗੇ ਸਿੱਖ ਕੌਮ ਨੂੰ ਤਬਾਹੀ ਵੱਲ ਲੈ ਕੇ ਜਾ ਰਹੇ ਹਨ। ਢੱਡਰੀਆਂ ਵਾਲੇ ਵਰਗੇ ਹੋਰ ਵੀ ਕਈ ਹਨ ਜੋ ਸਟੇਜਾਂ 'ਤੇ ਪ੍ਰਚਾਰ ਕਰਦੇ ਹਨ ਕਿ 'ਅੰਮ੍ਰਿਤ ਛਕੋ ਤੇ ਸਿੰਘ ਸਜੋ' ਪਰ ਉਹ ਸਭ ਬਾਣੇ ਵਾਲੇ ਸਿੱਖ ਹਨ ਜਿਨ੍ਹਾਂ ਨੂੰ ਅੰਮ੍ਰਿਤ ਦੇ ਮਤਲਬ ਦਾ ਨਹੀਂ ਪਤਾ। ਸਣੇ ਹੀ ਢੱਡਰੀਆਂ ਵਾਲੇ ਦੇ ਅਤੇ ਇਹ ਜੋ ਵੀ ਗੁਰਦੁਆਰਿਆਂ ਵਿਚ ਹੋ ਰਿਹਾ ਹੈ, ਇਹ ਸਭ ਬਾਣੇ ਵਾਲੇ ਸਿੱਖ ਹੀ ਕਰ ਰਹੇ ਹਨ। ਪਹਿਲਾਂ ਗੁਰਦੁਆਰਿਆਂ ਵਿਚ ਮਤਾ ਪਾਸ ਕੀਤਾ ਜਾਂਦਾ ਹੈ ਕਿ ਜੋ ਅੰਮ੍ਰਿਤਧਾਰੀ ਹੈ, ਉਹ ਹੀ ਗੁਰਦੁਆਰੇ ਵਿਚ ਸੇਵਾ ਨਿਭਾ ਸਕਦਾ ਹੈ, ਉਹ ਹੀ ਕਮੇਟੀ ਮੈਂਬਰ ਬਣ ਸਕਦਾ ਹੈ। ਫਿਰ ਮੈਂਬਰ ਬਣਨ ਲਈ ਲੋਕਾਂ ਨੂੰ ਦਿਖਾਉਣ ਲਈ ਲੋਕ ਦਿਖਾਵਾ ਕੀਤਾ ਜਾਂਦਾ ਹੈ, ਉੱਪਰ ਦੀ ਕਿਰਪਾਨ ਪਾ ਕੇ ਗੁਰਦੁਆਰੇ ਆਉਣਾ ਤਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਅੰਮ੍ਰਿਤ ਛਕਿਆ ਹੋਇਆ ਹੈ ਤੇ ਘਰ ਜਾ ਕੇ ਕਿਰਪਾਨ ਕਿੱਲੀ 'ਤੇ, ਅਤੇ ਚੁਗਲੀਆਂ ਨਿੰਦਿਆਂ ਤੇ ਝੂਠ ਬੋਲਣ ਲੱਗਿਆਂ ਕੋਈ ਅੱਗਾ ਪਿੱਛਾ ਨਹੀਂ ਦੇਖਣਾ। ਇਹ ਸਭ ਬਾਣੇ ਵਾਲੇ ਸਿੱਖ ਹਨ। ਇਨ੍ਹਾਂ ਨੂੰ ਨਾ ਤਾਂ ਸਿੱਖੀ ਨਾਲ ਅਤੇ ਨਾ ਸਿੱਖ ਕੌਮ ਨਾਲ ਹੀ ਕੋਈ ਦਰਦ ਹੈ। ਜੋ ਇਨਸਾਨ ਸਿੱਖ ਧਰਮ ਵਿਚ ਪੈਦਾ ਹੋਇਆ ਹੈ, ਉਸ ਨੂੰ ਕਿਸੇ ਕਿਸਮ ਦੇ ਦਿਖਾਵੇ ਕਰਨ ਦੀ ਜ਼ਰੂਰਤ ਨਹੀਂ ਹੈ। ਸੋ, ਗੁਰਦੁਆਰਿਆਂ ਵਿਚ ਮਸੰਦ ਇਕੱਠੇ ਹੋ ਗਏ ਹਨ। ਚਾਹੇ ਉਹ ਪੰਜਾਬ ਦੇ ਗੁਰਦੁਆਰੇ ਹੋਣ ਜਾਂ ਅਮਰੀਕਾ, ਕੈਨੇਡਾ ਦੇ ਹੋਣ। ਸਭਨਾਂ ਵਿਚੋਂ ਮਸੰਦਾਂ ਨੂੰ ਬਾਹਰ ਕੱਢਣਾ ਜ਼ਰੂਰੀ ਹੈ। ਜੇਕਰ ਇਨ੍ਹਾਂ ਨੂੰ ਬਾਹਰ ਨਾ ਕੱਢਿਆ ਗਿਆ ਤਾਂ ਸਿੱਖ ਕੌਮ ਦਾ ਜੋ ਹਾਲ ਹੋਵੇਗਾ, ਉਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ।

ਇਕ ਇਕ ਸ਼ਹਿਰ ਵਿਚ ਜ਼ਿਦੋ-ਜ਼ਿਦੀ ਨਵੇਂ ਗੁਦਰੁਆਰੇ ਬਣ ਰਹੇ ਹਨ ਪਰ ਅੱਜ ਤੱਕ ਕਿਸੇ ਵੀ ਗੁਰਦੁਆਰੇ ਦੀ ਕਿਸੇ ਕਮੇਟੀ ਨੇ ਕਿਸੇ ਇਕ ਵੀ ਸਿੱਖ ਦਾ ਭਲਾ ਨਹੀਂ ਕੀਤਾ। ਸਿਵਾਏ ਉਥੇ ਜਾ ਕੇ ਲੰਗਰ ਛਕਣ ਦੇ ਜਾਂ ਚੁਗਲੀਆਂ ਕਰਨ ਦੇ ਜਾਂ ਕੁਝ ਰਿਸ਼ਤੇ ਜੋੜਨ ਦੇ ਅਤੇ ਜਾਂ ਫਿਰ ਲੜਾਈਆਂ ਕਰਨ ਦੇ, ਅਸੀਂ ਕਦੇ ਕੋਈ ਚੰਗਾ ਕੰਮ ਨਹੀਂ ਕੀਤਾ। ਜਿਹੜੇ ਦੇਸ਼ਾਂ ਵਿਚ ਅਸੀਂ ਰਹਿ ਰਹੇ ਹਾਂ, ਕਦੇ ਉਨ੍ਹਾਂ ਲੋਕਾਂ ਨੂੰ ਅਸੀਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਬਾਰੇ ਦੱਸਣ ਦਾ ਯਤਨ ਨਹੀਂ ਕੀਤਾ। ਕਿਸੇ ਨੂੰ ਕੀ ਦੱਸਣੀਆਂ, ਅਸੀਂ ਆਪ ਉਨ੍ਹਾਂ ਨੂੰ ਭੁੱਲ ਚੁੱਕੇ ਹਾਂ, ਜਾਂ ਭੁੱਲਦੇ ਜਾ ਰਹੇ ਹਾਂ। ਸਾਨੂੰ ਤਾਂ ਲੜਾਈਆਂ ਝਗੜਿਆਂ ਤੋਂ ਵਿਹਲ ਨਹੀਂ ਹੈ। ਹੋਰ ਅਸੀਂ ਕੀ ਕਰਨਾ ਹੈ, ਜਾਂ ਫਿਰ ਅਸੀਂ ਵਕੀਲਾਂ ਦੀਆਂ ਝੋਲੀਆਂ ਪੈਸਿਆਂ ਨਾਲ ਭਰਨੀਆਂ ਹਨ, ਬੱਸ!

ਕੀ ਹੋ ਗਿਆ ਹੈ ਸਾਨੂੰ? ਕਿਉਂ ਅਸੀਂ ਝੋਲੀ ਚੁੱਕ ਬਣਦੇ ਜਾ ਰਹੇ ਹਾਂ? ਸਾਨੂੰ ਪਤਾ ਹੈ ਕਿ ਬਾਦਲ ਅਡਵਾਨੀ ਹੋਰਾਂ ਦਾ ਪਿਆਦਾ ਹੈ, ਅਸੀਂ ਫਿਰ ਉਸ ਦੇ ਮਗਰ ਲੱਗ ਗਏ। ਜਾਗੋ ਮੇਰੇ ਵੀਰੋ, ਜਾਗੋ...ਖਾਲਿਸਤਾਨ ਦੇ ਨਾਅਰੇ ਲਾ ਕੇ ਅਸੀਂ ਪੰਜਾਬ ਦੀ ਨੌਜਵਾਨ ਪੀੜ੍ਹੀ ਖ਼ਤਮ ਕਰਵਾ ਲਈ, ਜੇ ਅਸੀਂ ਆਪਣੇ ਗੁਰਦੁਆਰਿਆਂ ਨੂੰ ਮਸੰਦਾਂ ਤੋਂ ਆਜ਼ਾਦ ਨਹੀਂ ਕਰਵਾ ਸਕਦੇ ਤਾਂ ਖਾਲਿਸਤਾਨ ਦੀ ਮੰਗ ਕਰਨਾ ਕਿੱਥੋਂ ਤੱਕ ਜਾਇਜ਼ ਹੈ? ਜੋ ਪ੍ਰਚਾਰਕ ਜਾਂ ਸਾਧ ਸੰਤ ਅਸੀਂ ਇੰਡੀਆ ਤੋਂ ਮੰਗਵਾਉਂਦੇ ਹਾਂ, ਇਹ ਨਾ ਸਮਝੋ ਕਿ ਉਹ ਤੁਹਾਨੂੰ ਧਰਮ ਦੀ ਕੋਈ ਸਿੱਖਿਆ ਦੇਣ ਲਈ ਆਉਂਦੇ ਹਨ। ਉਹ ਸਿਰਫ਼ ਤੁਹਾਡੇ ਕੋਲੋਂ ਤੁਹਾਡੀ ਦਸਾਂ ਨਹੁੰਆਂ ਦੀ ਕਮਾਈ ਹੜੱਪਣ ਲਈ ਹੀ ਆਉਂਦੇ ਹਨ।

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਾਗੋ, ਸਿਆਣੇ ਬਣੋ ਤੇ ਉਠ ਖੜ੍ਹੇ ਹੋਵੋ ਤਾਂ ਕਿ ਫਿਰ ਤੋਂ ਕਿਸੇ ਗੁਰਦੁਆਰੇ ਵਿਚ ਕੋਈ ਝਗੜਾ ਨਾ ਹੋਵੇ। ਜੇ ਅਸੀਂ ਸੱਚ-ਮੁੱਚ ਕੋਈ ਸੇਵਾ ਕਰਨੀ ਚਾਹੁੰਦੇ ਹਾਂ ਜਾਂ ਕਿਸੇ ਭਲੇ ਲਈ ਕੁਝ ਕਰਨਾ ਚਾਹੁੰਦੇ ਹਾਂ ਤਾਂ ਉਸ ਲਈ ਗੁਰਦੁਆਰੇ ਵਿਚ ਪੈਸੇ ਚੜ੍ਹਾਉਣ ਦੀ ਜ਼ਰੂਰਤ ਨਹੀਂ ਹੈ। ਹੋਰ ਵੀ ਬਹੁਤ ਤਰੀਕੇ ਹਨ ਕਿਉਂਕਿ ਪੈਸਾ ਹੀ ਸਭ ਝਗੜਿਆਂ ਦੀ ਜੜ੍ਹ ਹੈ। ਇਸ ਤੋਂ ਪਹਿਲਾਂ ਕਿ ਕੱਲ੍ਹ ਨੂੰ ਸਾਡੇ ਬੱਚੇ ਸਾਨੂੰ ਇਹ ਸਵਾਲ ਕਰਨ ਕਿ ਪਾਪਾ, ਜਦੋਂ ਅਸੀਂ ਗੁਰਦੁਆਰੇ ਵਿਚ ਲੜਾਈ ਕਰਦੇ ਹਾਂ ਤਾਂ ਵਾਹਿਗੁਰੂ ਸਾਨੂੰ ਰੋਕਦਾ ਨਹੀਂ? ਇਹ ਨਾ ਹੋਵੇ ਕਿ ਸਾਡੇ ਕੋਲ ਇਸ ਦਾ ਕੋਈ ਜਵਾਬ ਨਾ ਹੋਵੇ।

---

# ਦੁਖ ਭੰਜਨੀ ਬੇਰੀ ਅਤੇ ਇਕ ਲੱਖ ਅਖੰਡ ਪਾਠ

ਥੋੜ੍ਹੇ ਦਿਨ ਪਹਿਲੇ ਹੀ ਅਖ਼ਬਾਰ ਵਿਚ ਖ਼ਬਰ ਲੱਗੀ ਕਿ ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ ਵਿਚ ਦੁਖ ਭੰਜਨੀ ਬੇਰੀ ਦੇ ਅਸਥਾਨ 'ਤੇ ਸੰਗਤਾਂ ਵਲੋਂ ਦਸਾਂ ਸਾਲਾਂ ਲਈ ਪੂਰੇ ਇਕ ਲੱਖ ਅਖੰਡ ਪਾਠ ਸਾਹਿਬ ਬੁੱਕ ਹੋ ਚੁੱਕੇ ਹਨ ਅਤੇ ਹੁਣ ਅੱਗਿਓਂ ਬੁਕਿੰਗ ਬੰਦ ਕਰ ਦਿੱਤੀ ਗਈ ਹੈ। ਪਰ ਸ੍ਰੀ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ:916-687-3536**

ਅਕਾਲ ਤਖਤ ਸਾਹਿਬ 'ਤੇ ਅਜੇ 2015 ਤੱਕ ਹੀ ਬੁਕਿੰਗ ਹੋਈ ਹੈ ਅਤੇ ਅੱਗਿਓਂ ਬੁਕਿੰਗ ਹੁੰਦੀ ਰਹੇਗੀ। ਨਾਲ ਹੀ ਇਹ ਵੀ ਦੱਸਿਆ ਗਿਆ ਕਿ ਇਕ ਅਖੰਡ ਪਾਠ ਦੀ ਭੇਟਾ 4100 ਰੁਪਏ ਲਈ ਜਾਂਦੀ ਹੈ।

ਵਾਹ ਮੇਰੇ ਪਰਮੇਸ਼ਰ ਜੀਓ ਤੇਰੇ ਰੰਗ...ਤੇ ਧੰਨ ਸਿੱਖੀ, ਧੰਨ ਸਿੱਖੀ...ਜਿਸ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਕੀਆਂ ਸੰਗਤਾਂ ਨੇ ਸਤਿਕਾਰ ਨਾਲ ਪੜ੍ਹ ਕੇ, ਵਿਚਾਰ ਕੇ ਅਤੇ ਉਸ ਦੇ ਦੱਸੇ ਮਾਰਗ 'ਤੇ ਚੱਲ ਕੇ ਲਾਹਾ ਲੈਣਾ ਸੀ, ਉਸ ਦੀ ਤਾਂ ਹੁਣ ਲੋੜ ਹੀ ਨਹੀਂ। ਹੁਣ ਤਾਂ ਸਭ ਕੁਝ ਕੀਤਾ ਕਰਾਇਆ ਹੀ ਮਿਲ ਜਾਂਦਾ ਹੈ। ਉਹ ਵੀ ਬੜੇ ਸਸਤੇ ਭਾਅ 'ਤੇ। ਬੰਦਾ ਆਪ ਭਾਵੇਂ ਅਮਰੀਕਾ, ਕੈਨੇਡਾ, ਜਾਪਾਨ ਜਾਂ ਇੰਗਲੈਂਡ ਬੈਠਾ ਹੋਵੇ, 41 ਸੌ ਰੁਪਏ ਦਿਓ, ਜਦੋਂ ਤੁਹਾਡੀ ਵਾਰੀ ਆਵੇਗੀ, ਆਪਣੇ-ਆਪ ਹੀ ਸਿੰਘ ਸੂਰਮੇ ਤੁਹਾਡਾ ਅਖੰਡ ਪਾਠ ਕਰਕੇ ਤੁਹਾਡੀਆਂ ਸੁੱਖਾਂ ਵੀ ਮੰਗ ਛੱਡਣਗੇ-ਲਓ ਜੀ, ਘਰੇ ਬੈਠੇ ਬਿਠਾਇਆਂ ਹੀ ਤੁਹਾਡਾ ਚੁਰਾਸੀ ਦਾ ਗੇੜ ਕੱਟਿਆ ਗਿਆ।

ਗੁਰਬਾਣੀ ਕਹਿੰਦੀ ਹੈ, 'ਕੰਚਨ ਸਿਉ ਪਾਈਆ ਨਹੀ ਤੋਲਿ॥ ਮਨ ਦੇ ਰਾਮ ਲੀਆ ਹੈ ਮੋਲਿ॥' ਅਤੇ 'ਲੋਗਨ ਰਾਮ ਖਿਲੌਨਾ ਜਾਨਾ॥' ਪੰਥ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਦੇ ਪੰਨਾ 17 'ਤੇ ਵੀ ਲਿਖਿਆ ਗਿਆ ਹੈ ਕਿ ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ ਅਤੇ ਟੱਬਰ ਦੇ ਆਦਮੀ, ਸਾਕ-ਸਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ ਹੈ ਅਤੇ ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਹੀ ਬਹਿ ਕੇ ਪਾਠ ਕਰਦਾ ਰਹੇ ਅਤੇ ਸੰਗਤ ਦਾ ਜਾਂ ਟੱਬਰ ਦਾ ਕੋਈ ਆਦਮੀ ਸੁਣਦਾ ਨਾ ਹੋਵੇ। ਪਾਠ ਸਾਫ਼ ਅਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦਾ ਨਿਰਾਦਰ ਹੈ।

ਹੁਣ ਸੋਚਣ ਵਾਲੀ ਗੱਲ ਹੈ ਕਿ ਇਕ ਪਾਸੇ ਤਾਂ ਮਰਿਆਦਾ ਬਾਰੇ ਰੌਲਾ ਪਿਆ ਰਹਿੰਦਾ ਹੈ ਕਿ ਗੁਰੂਘਰਾਂ ਵਿਚ ਇਕੋ ਜਿਹੀ ਮਰਿਆਦਾ ਲਾਗੂ ਹੋਣੀ ਚਾਹੀਦੀ ਹੈ, ਪਰ ਦੱਸੋ ਭਾਈ! ਇਹ ਇਕੋ ਜਿਹੀ ਮਰਿਆਦਾ ਕਿਵੇਂ ਲਾਗੂ ਹੋ ਸਕਦੀ ਹੈ, ਜਦੋਂ ਪੰਥ ਪ੍ਰਵਾਣਤ ਸਿੱਖ ਮਰਿਆਦਾ ਸਾਡੇ ਸਿੱਖ ਜਗਤ ਦੇ ਸਰਵ ਉਤਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਵਿਹੜੇ ਵਿਚ ਹੀ ਲਾਗੂ ਨਹੀਂ ਹੋ ਸਕਦੀ। ਲਾਗੂ ਕਰਨੀ ਕਿਨ੍ਹਾਂ ਨੇ ਸੀ? ਸਾਰਾ ਝਮੇਲਾ ਤਾਂ ਇੱਥੋਂ ਹੀ ਤੁਰ ਪੈਂਦਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਕ ਲੱਖ ਅਖੰਡ ਪਾਠ ਜਦੋਂ ਦਸਾਂ ਸਾਲਾਂ ਵਿਚ ਹੋਣੇ ਨੇ, ਉਨ੍ਹਾਂ ਨੂੰ ਬੁੱਕ ਕਰਵਾਉਣ ਵਾਲੇ ਟੱਬਰ ਅਤੇ ਸੰਗਤ ਕਿਹੜੇ ਵੇਲੇ ਬੈਠ ਕੇ ਪਾਠ ਸੁਣ ਸਕਣਗੇ ਜਾਂ ਆਪ ਮਿਲ ਕੇ ਪਾਠ ਕਰਨਗੇ? ਹੈ ਨਾ ਕਮਾਲ ਦੀ ਗੱਲ ਕਿ ਗੁਰੂ-ਵਰੋਸਾਏ ਗੁਰੂ ਪਿਆਰਿਆਂ ਨੇ ਮਿਲ ਬੈਠ ਕੇ ਵਿਚਾਰਾਂ ਪਿਛੋਂ ਸਿੱਖ ਰਹਿਤ ਮਰਿਆਦਾ ਦਾ ਜੋ ਖਰੜਾ ਤਿਆਰ ਕੀਤਾ ਅਤੇ ਅਕਾਲ ਤਖ਼ਤ ਵੱਲੋਂ ਪ੍ਰਵਾਨ ਵੀ ਕੀਤਾ ਗਿਆ ਅਤੇ ਜਿਸ ਸ਼੍ਰੋਮਣੀ ਕਮੇਟੀ ਨੇ ਇਹ ਸਾਰਾ ਕੰਮ ਆਪਣੀ ਦੇਖ-ਰੇਖ ਵਿਚ ਕਰਵਾਇਆ, ਉਹੋ ਹੀ ਸ਼੍ਰੋਮਣੀ ਕਮੇਟੀ ਇਸ ਮਰਿਆਦਾ ਨੂੰ ਲਾਗੂ ਕਰਨ ਜਾਂ ਕਰਵਾਉਣ ਵਿਚ ਨਾ-ਕਾਮਯਾਬ ਹੋ ਗਈ। ਆਪੇ ਹੀ ਕਾਨੂੰਨ ਬਣਾ ਕੇ ਤੋੜੇ ਜਾ ਰਹੇ ਹਨ। ਕਿਸੇ ਦੀ ਕੀ ਮਜਾਲ ਕਿ ਸ਼੍ਰੋਮਣੀ ਕਮੇਟੀ ਨੂੰ ਸਵਾਲ ਪੁੱਛ ਲਵੇ ਜਾਂ ਕਿੰਤੂ-ਪ੍ਰੰਤੂ ਵੀ ਕਰ ਸਕੇ! ਫਿਰ ਸ਼੍ਰੋਮਣੀ ਕਮੇਟੀ ਕੋਈ ਵਿਹਲੀ ਥੋੜ੍ਹੀ ਬੈਠੀ ਹੋਈ ਹੈ!! ਉਸ ਦੇ ਤਾਂ ਆਪਣੇ ਹੀ ਕੰਮ ਨਹੀਂ ਮੁੱਕਦੇ। ਅਜੇ ਹੁਣੇ-ਹੁਣੇ ਹੀ 'ਤੇ ਚੋਣਾਂ ਹੋ ਕੇ ਹੱਟੀਆਂ ਹਨ ਅਤੇ ਗੁਰੂ ਦੇ ਸੇਵਾਦਾਰਾਂ ਨੂੰ ਕਿੰਨਾ ਕੰਮ ਕਰਨਾ ਪਿਆ ਹੈ। ਦਿਨ-ਰਾਤ ਇਕ ਹੋਈ ਪਈ ਸੀ।

ਨਾਲ ਹੀ ਜਦੋਂ ਵੋਟਾਂ ਸਿਰ 'ਤੇ ਆ ਖੜ੍ਹੀਆਂ ਸਨ ਤਾਂ ਖਬਰ ਆ ਗਈ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਵੀ ਘਾਟੇ ਵਿਚ ਚਲਾ ਗਿਆ ਹੈ ਅਤੇ ਘਾਟਾ ਵੀ ਹੈ 21 ਕਰੋੜਾਂ ਦਾ। ਹੈਰਾਨੀ ਹੋਈ ਕਿ ਜਿਸ ਅਸਥਾਨ 'ਤੇ ਮਾਇਆ ਦੀ ਬਰਸਾਤ ਹੋਈ ਹੈ ਅਤੇ ਸੰਸਾਰ ਦਾ ਹਰ ਵਰਗ ਝੁਕਦਾ ਹੈ, ਉਥੇ ਬਜਟ ਵਿਚ ਘਾਟਾ ਪੈ ਗਿਆ? ਫਿਰ ਯਾਦ ਆਇਆ ਕਿ ਦੋ ਜਗਤ ਦੇ ਵਾਲੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ 'ਤੇਰਾ ਤੇਰਾ' ਤੋਲਣ ਵਾਲੇ ਸ਼ਹਿਨਸ਼ਾਹ ਦੇ ਘਰ ਦਾ ਬਜਟ ਵੀ ਕਦੀ ਘਾਟੇ ਵਿਚ ਜਾ ਸਕਦਾ ਹੈ? ਇਤਿਹਾਸ ਦੱਸਦਾ ਹੈ ਕਿ ਜਿੰਨੀ ਵਾਰੀ ਵੀ ਮੋਦੀਖਾਨੇ ਦੀ ਸ਼ਿਕਾਇਤ ਨਵਾਬ ਕੋਲ ਆਈ ਕਿ ਨਾਨਕ ਮੋਦੀਖਾਨਾ ਲੁਟਾ ਰਿਹਾ ਹੈ ਤਾਂ ਹਿਸਾਬ ਕਰਨ 'ਤੇ ਹਮੇਸ਼ਾ ਵਾਧੇ ਹੀ ਨਿਕਲਦੇ ਰਹੇ, ਪਰ ਹੁਣ ਕਲਜੁੱਗ ਦਾ ਰਾਜ ਜਿੱਥੇ ਦਸਾਂ ਸਾਲਾਂ ਲਈ ਇਕ ਲੱਖ ਅਖੰਡ ਪਾਠ ਸਾਹਿਬ ਬੁੱਕ ਹੋ ਚੁੱਕੇ ਹਨ, ਉਸ ਘਰ ਦਾ ਬਜਟ ਘਾਟੇ ਵਿਚ ਹੈ। ਹੈ ਨਾ ਹਨ੍ਹੇਰ ਸਾਈਂ ਦਾ?...ਤੇ ਉਹ ਵੀ ਚਿੱਟੇ ਦਿਨ, ਸਿਖ਼ਰ ਦੁਪਹਿਰੇ!

ਆਓ, ਜ਼ਰਾ ਵਿਚਾਰ ਕਰੀਏ, ਜਿਨ੍ਹਾਂ ਵੀ ਵੱਡਭਾਗੇ ਜੀਵਾਂ ਨੇ ਅਖੰਡ ਪਾਠ ਬੁੱਕ ਕਰਵਾਏ ਹਨ, ਜਦੋਂ ਜਦੋਂ ਵੀ ਜਿਸ ਜਿਸ ਦੀ ਵੀ ਬੁਕਿੰਗ ਦੀ ਵਾਰੀ ਆਵੇ, ਉਨ੍ਹਾਂ ਨੂੰ ਭਾਵੇਂ ਉਹ ਆਪਣੇ ਦੇਸ਼ ਦੇ ਬਾਸ਼ਿੰਦੇ ਹੋਣ ਜਾਂ ਪਰਵਾਸੀ, ਮਹੀਨਾ ਡੇਢ ਮਹੀਨਾ ਪਹਿਲਾਂ ਸੂਚਿਤ ਕੀਤਾ ਜਾਵੇ ਕਿ ਗੁਰੂ ਪਿਆਰਿਓ! ਆਪ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ ਫਲਾਣੀ ਤਰੀਕ 'ਤੇ ਅਰੰਭ ਹੋਵੇਗਾ। ਆਪ ਜੀ ਸਮੇਤ ਪਰਿਵਾਰ ਦਰਸ਼ਨ ਦੇਵੋ। ਗੁਰਬਾਣੀ ਦੇ ਪਾਠ ਵੀ ਸਰਵਣ ਕਰੋ ਅਤੇ ਹੱਥੀਂ ਸੇਵਾ ਵੀ ਕਮਾਓ ਤਾਂ ਕਿ ਗੁਰੂ ਦੇ ਸਿੱਖ ਤਨ ਮਨ ਤੇ ਧਨ ਕਰਕੇ ਗੁਰੂ ਨਾਲ ਜੁੜ ਸਕਣ। ਇਸ ਤਰ੍ਹਾਂ ਗੁਰੂ ਕੇ ਸਿੱਖ ਆਪਣੇ ਪਰਿਵਾਰਾਂ ਸਹਿਤ ਗੁਰੂ ਨਾਲ ਅੰਦਰੋਂ ਜੁੜ ਸਕਣਗੇ ਅਤੇ ਅਕਾਲ ਤਖ਼ਤ ਤੋਂ ਪ੍ਰਵਾਣਤ ਸਿੱਖ ਰਹਿਤ ਮਰਿਆਦਾ ਦਾ ਵੀ ਸਤਿਕਾਰ ਬਣਿਆ ਰਹੇਗਾ। ਮੁਸ਼ਕਲ ਤਾਂ ਇਹ ਹੈ ਕਿ ਇਸ ਤਰ੍ਹਾਂ ਕਰਨ ਨਾਲ ਗੱਲ ਕਿਸੇ ਚੰਗੇ ਪਾਸੇ ਵੱਲ ਨਿਕਲ ਜਾਣ ਦਾ ਡਰ ਹੈ; ਅੱਜ ਤਾਂ ਉਪਰ ਤੋਂ ਲੈ ਕੇ ਥੱਲੇ ਤੱਕ ਸਭ ਕੁਝ ਬਦਲ ਚੁੱਕਾ ਹੈ। ਜਦ ਘਰਾਂ ਵਿਚ ਗੁਰਬਾਣੀ ਦੇ ਅਖੰਡ ਪਾਠ ਚੱਲ ਰਹੇ ਹੋਣ ਤਾਂ ਘਰ ਦੇ ਸਾਰੇ ਜੀਅ ਆਪਣੇ-ਆਪਣੇ ਕੰਮਾਂ 'ਤੇ ਟੁਰ ਜਾਂਦੇ ਹਨ ਅਤੇ ਆਖ ਜਾਂਦੇ ਹਨ ਭਾਈ ਜੀ, ਰੋਟੀਆਂ ਤੇ ਸਬਜ਼ੀ ਅਸੀਂ ਬਣਾ ਕੇ ਰੱਖ ਦਿੱਤੀਆਂ ਹਨ, ਗਰਮ ਕਰਕੇ ਖਾ ਲੈਣਾ ਅਤੇ ਚਾਹ ਤੁਸੀਂ ਆਪਣੀ ਬਣਾ ਸਕਦੇ ਹੋ।

ਇਕ ਵਾਰੀ ਮੈਂ ਇਕ ਪਰਿਵਾਰ ਨੂੰ ਇਨ੍ਹਾਂ ਗੱਲਾਂ ਬਾਰੇ ਸਵਾਲ ਵੀ ਕੀਤਾ ਸੀ ਤਾਂ ਉਸ ਪੜ੍ਹੇ-ਲਿਖੇ ਪਰਿਵਾਰ ਦਾ ਜਵਾਬ ਸੀ ਕਿ ਜਦੋਂ ਅਸੀਂ ਪਾਠ ਕਰਨ ਵਾਲਿਆਂ ਨੂੰ ਘੰਟੇ ਦੇ ਹਿਸਾਬ ਨਾਲ ਪੈਸੇ ਦੇਣੇ ਹਨ ਤਾਂ ਇਹ ਆਪਣੇ ਕੰਮ ਆਪ ਕਿਉਂ ਨਹੀਂ ਕਰ ਸਕਦੇ? ਅਸੀਂ ਭੋਗ ਵਾਲੇ ਦਿਨ ਤਾਂ ਘਰ ਹੀ ਰਹਿਣਾ ਹੈ। ਇਹ ਜਵਾਬ ਸੁਣ ਕੇ ਮੈਂ ਤਾਂ ਇਹੀ ਆਖ ਸਕਦੀ ਸਾਂ-ਧੰਨ ਸਿੱਖੀ, ਧੰਨ ਸਿੱਖੀ ਅਤੇ ਮੇਰੇ ਸਤਿਗੁਰੂ ਜੀਉ! ਆਪ ਦੇ ਪੈਰੋਕਾਰ ਕਿੱਧਰ ਜਾ ਰਹੇ ਹਨ? ਸਾਨੂੰ ਸੁਮੱਤ ਦੇਹ, ਤਾਂ ਕਿ ਅਸੀਂ ਸ਼ਬਦ ਗੁਰੂ ਦਾ ਸਤਿਕਾਰ ਕਰਨ ਵਾਲੇ ਬਣ ਸਕੀਏ। ਧੁਰ ਕੀ ਬਾਣੀ ਦਾ ਵਪਾਰ ਕਰਨ ਵਾਲੇ ਬਣ ਕੇ ਹੀ ਨਾ ਰਹਿ ਜਾਈਏ।

---

## ਦੋਸਤੋ...

ਤੁਸੀਂ ਵਰਤਮਾਨ ਦੀ ਕਦਰ ਕਰੋ,
ਕਰਦੇ ਬੀਤੇ 'ਤੇ ਅਫਸੋਸ ਹੋ ਕਿਉਂ?
ਮਿਲ ਛੇੜੋ ਤਰੰਗਾਂ ਪਿਆਰ ਦੀਆਂ,
ਦੋਸਤੋ ਅੱਜ ਖਾਮੋਸ਼ ਹੋ ਕਿਉਂ?

ਨਾ ਦਿਲ ਦੀ ਗੱਲ ਦਿਲ ਵਿਚ ਰੱਖੋ
ਇਹਨੂੰ ਲਫ਼ਜਾਂ ਰਾਹੀਂ ਬੋਲ ਦਿਉ।
ਕਿਉਂ ਆਪਣਾ ਆਪ ਲੁਕਾਉਂਦੇ ਹੋ,
ਦਿਲ ਮਹਿਫਲ ਦੇ ਵਿਚ ਖੋਲ੍ਹ ਦਿਉ।

ਤੁਸੀਂ ਦਿਲ ਦੀਆਂ ਸਧਰਾਂ ਬਿਆਨ ਕਰੋ,
ਨਹੀਂ ਤਾਂ ਪਛਤਾਉਂਦੇ ਰਹਿ ਜਾਣਾ।
ਸਮਾਂ ਤਾਂ ਹੈ ਇੱਕ ਦਰਿਆ ਵਾਂਗ,
ਜਿਸ ਬਿਨ ਪੜਾਅ ਕੀਤੇ ਵਹਿ ਜਾਣਾ।

ਕੁਝ ਖੁਸ਼ੀ ਵੰਡੋ, ਕੁਝ ਦੁੱਖ ਵੰਡਾਵੋ,
ਨਾ ਨਫ਼ਰਤ ਦਾ ਇਜ਼ਹਾਰ ਕਰੋ।
ਕਦੋਂ ਪਤਾ ਨਹੀਂ ਕਿਸ ਤੁਰ ਜਾਣਾ,
ਹਰ ਇੱਕ ਨੂੰ ਸਦਾ ਹੀ ਪਿਆਰ ਕਰੋ।

'ਗਿੱਲ' ਗਾਓ ਗੀਤ ਪਿਆਰਾਂ ਦੇ,
ਹਰ ਦਿਲ ਨਾਲ ਲਿਹਾਜਾਂ ਬਣ ਜਾਵਣ।
ਸਿਰਫ ਮੁਹੱਬਤਾਂ ਦੇ ਐਸੇ ਬੋਲ ਬੋਲੋ,
ਨਾ ਭੁੱਲਣ, ਜੋ ਐਸੀਆਂ ਯਾਦਾਂ ਬਣ ਜਾਵਣ।


***-ਸੁਖਵਿੰਦਰਜੀਤ ਗਿੱਲ, ਚੜਿੱਕ***

## ਕਹਾਣੀ

## ਪੁਰਾਣਾ ਮਾਖਿਉਂ

# ਮੁੱਢੋਂ-ਸੁੱਢੋਂ

**ਕੁਲਵੰਤ ਸਿੰਘ ਵਿਰਕ**



***ਕੁਲਵੰਤ ਸਿੰਘ ਵਿਰਕ ਕਹਾਣੀ ਕਹਿਣ ਦਾ ਬਾਦਸ਼ਾਹ ਸੀ। ਉਹਦੀ ਹਰ ਨਿੱਕੀ ਜਿਹੀ ਕਹਾਣੀ ਵਿਚ ਬਹੁਤ ਮਹੀਨ ਵੇਰਵੇ ਭਰੇ ਮਿਲਦੇ ਹਨ। 'ਮੁੱਢੋਂ-ਸੁੱਢੋਂ' ਵਿਚ ਵੀ ਉਹ ਇਸੇ ਬਾਰੀਕੀ ਨਾਲ ਹਾਜ਼ਰ ਹੋਇਆ ਹੈ। ਗੱਲ ਗੋਲੀ ਚੱਲਣ ਪਿੱਛੋਂ ਪਿੰਡ ਵਿਚ ਤਾਰੀ ਡਰ ਦੀ ਕੀਤੀ ਜਾ ਰਹੀ ਹੈ ਪਰ ਉਹ ਪਿੰਡ, ਖੇਤਾਂ ਅਤੇ ਜ਼ਿੰਦਗੀ ਬਾਰੇ ਹੋਰ ਵੇਰਵੇ ਇੰਨੇ ਸਹਿਜ ਨਾਲ ਸੁਣਾ ਰਿਹਾ ਹੈ ਕਿ ਕਹਾਣੀ ਮੁੱਕਣ ਤੱਕ ਇਹ ਕਹਾਣੀ ਦਾ ਅਟੁੱਟ ਹਿੱਸਾ ਬਣ ਜਾਂਦੇ ਹਨ। ਉਸ ਦੀ ਕਹਾਣੀ ਕੱਤੀ ਜਾ ਰਹੀ ਪੂਣੀ ਅਤੇ ਵੱਡੇ ਹੋ ਰਹੇ ਗਲੋਟੇ ਵਾਂਗ ਲੱਗਦੀ ਹੈ। ਪਾਠਕ ਕਹਾਣੀ ਵਿਚ ਆ ਰਹੇ ਵੇਰਵਿਆਂ ਨਾਲ ਅਮੀਰ, ਹੋਰ ਅਮੀਰ ਹੋਈ ਜਾਂਦਾ ਹੈ। ਉਹਦੀਆਂ ਹੋਰ ਕਹਾਣੀਆਂ ਧਰਤੀ ਹੇਠਲਾ ਬੌਲਦ, ਦੋ ਆਨੇ ਦਾ ਘਾਹ, ਛਾਹ ਵੇਲਾ, ਤੂੜੀ ਦੀ ਪੰਡ ਵਾਂਗ ਅਖੀਰ ਵਿਚ ਜਦੋਂ ਤੋੜਾ ਝੜਦਾ ਹੈ ਤਾਂ ਲੇਖਕ ਨੂੰ ਸਲਾਮ ਕੀਤੇ ਬਗੈਰ ਰਿਹਾ ਨਹੀਂ ਜਾਂਦਾ। ਹਰ ਕਹਾਣੀ ਦੇ ਅਖੀਰ ਵਿਚ ਉਸ ਨੇ ਜ਼ਿੰਦਗੀ ਦਾ ਸੱਚ ਹੀ ਦੱਸਿਆ ਹੈ ਪਰ ਜਿਸ ਢੰਗ ਨਾਲ ਅਤੇ ਜਿੰਨੇ ਜ਼ੋਰ ਨਾਲ ਦੱਸਿਆ ਹੈ, ਉਹ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਹਿਣ ਦੀ ਹੀ ਖੂਬਸੂਰਤੀ ਹੈ। ਇਹ ਕਹਾਣੀ ਮਨੁੱਖ ਦੀ ਜਿਉਂਦੇ ਰਹਿਣ ਦੀ ਨਿਸ਼ਾਨੀ ਦਾ ਸੱਚਾ ਅਤੇ ਸੁੱਚਾ ਬਿਆਨ ਹੈ। -ਸੰਪਾਦਕ***

ਅਖਬਾਰ ਵਿਚ ਖਬਰ ਛਪੀ ਸੀ ਕਿ ਪੁਲਿਸ ਨੇ ਪਿੰਡ ਵਿਚ ਗੋਲੀ ਚਲਾ ਦਿੱਤੀ। ਚਾਰ ਜੀਅ ਮਰੇ ਦੱਸਦੇ ਸਨ। ਕੁਝ ਫੱਟੜ ਹੋਏ। ਮਰਨ ਵਾਲਿਆਂ ਵਿਚ ਇਕ ਬੁੱਢੀ ਜ਼ਨਾਨੀ ਵੀ ਸੀ। ਝਗੜਾ ਮਾਮਲੇ ਦੀ ਉਗਰਾਹੀ ਦਾ ਸੀ। ਸਰਕਾਰ ਕਹਿੰਦੀ ਸੀ ਕਿ ਮਾਮਲਾ ਜਿਹੜਾ ਵਧਾ ਕੇ ਲਾਇਆ ਗਿਆ ਸੀ, ਹੁਣੇ ਈ ਲੈਣਾ ਏ। ਪਿੰਡ ਵਾਲੇ ਵਾਧੂ ਮਾਮਲਾ ਦੇਣਾ ਨਹੀਂ ਸਨ ਮੰਨਦੇ। ਅਖਬਾਰ ਵਿਚ ਛਪਿਆ ਸੀ ਕਿ ਜਦੋਂ ਤਸੀਲਦਾਰ ਪੁਲਿਸ ਨੂੰ ਲੈ ਕੇ ਮਾਮਲਾ ਉਗਰਾਹੁਣ ਪਿੰਡ ਗਿਆ ਸੀ, ਪਿੰਡ ਵਾਲੇ ਉਸ ਉਤੇ ਧਾਵਾ ਕਰਨ ਨੂੰ ਆ ਪਏ। ਪੁਲਿਸ ਨੇ ਤਸੀਲਦਾਰ ਦੇ ਤੇ ਆਪਣੇ ਬਚਾਅ ਲਈ ਗੋਲੀ ਚਲਾ ਦਿੱਤੀ।

ਮੇਰੇ ਲਈ ਇਹ ਨਵੀਂ ਜਿਹੀ ਗੱਲ ਸੀ। ਗੋਲੀ ਚੱਲਦੀ ਅੱਗੇ ਵੀ ਸੁਣੀ ਸੀ-ਜਲੂਸਾਂ ਉਤੇ, ਸ਼ਹਿਰ ਵਿਚ, ਸੜਕ ਉਤੇ ਜਾਂ ਕਿਸੇ ਸਾਂਝੇ ਮੈਦਾਨ ਵਿਚ। ਮਰੇ ਹੋਏ ਤੇ ਫੱਟੜ ਲੋਕ ਪੁਲਿਸ ਚੁੱਕ ਕੇ ਹਸਪਤਾਲ ਲੈ ਜਾਂਦੀ। ਬਾਕੀ ਭੱਜ ਜਾਂਦੇ। ਥਾਂ ਸਾਫ ਕਰ ਦਿੱਤੀ ਜਾਂਦੀ ਤੇ ਗੱਲ ਮੁੱਕ ਜਾਂਦੀ। ਸ਼ਹਿਰ ਵੱਡਾ ਹੁੰਦਾ ਹੈ, ਸਵਾਏ ਆਪਦੇ ਘਰ ਦੇ ਕਿਸੇ ਵੀ ਥਾਂ ਨੂੰ ਕੋਈ ਆਪਣਾ ਨਹੀਂ ਸਮਝਦਾ ਪਰ ਪਿੰਡ ਵਿਚ ਗੋਲੀ ਤਾਂ ਮੈਨੂੰ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਹਰ ਘਰ ਵਿਚ ਗੋਲੀ ਚਲਾਈ ਗਈ ਹੋਵੇ।

ਜਿਸ ਦਿਨ ਅਖਬਾਰ ਵਿਚ ਖਬਰ ਆਈ, ਉਸ ਤੋਂ ਅਗਲੇ ਦਿਨ ਛੁੱਟੀ ਸੀ। ਮੇਰਾ ਜੀਅ ਕੀਤਾ ਕਿ ਉਸ ਪਿੰਡ ਹੋ ਆਵਾਂ। ਗੋਲੀ ਚੱਲਣ ਪਿੱਛੋਂ ਪਿੰਡ ਕਿਵੇਂ ਲਗਦਾ ਹੈ, ਇਹ ਵੇਖ ਆਵਾਂ। ਦੋ ਤਿੰਨ ਦਿਨ ਹੋ ਗਏ ਸਨ ਪਰ ਇਹ ਕੋਈ ਬਹੁਤੇ ਨਹੀਂ ਸਨ।

ਰਸਤੇ ਵਿਚ ਇਕ ਸ਼ਹਿਰ ਵਿਚ ਬੱਸ ਬਦਲਣੀ ਸੀ। ਮੈਂ ਨਵੀਂ ਬੱਸ ਦੀ ਉਡੀਕ ਵਿਚ ਖਲੋਤਾ ਸਾਂ ਕਿ ਤਸੀਲਦਾਰ ਮਿਲ ਗਿਆ। ਉਹ ਮੇਰਾ ਵਾਕਿਫ ਨਿਕਲਿਆ। ਉਸ ਦੱਸਿਆ ਕਿ ਕੋਈ ਸੌ ਬੰਦੇ ਤੇ ਜ਼ਨਾਨੀਆਂ ਉਨ੍ਹਾਂ ਨੂੰ ਮਾਰਨ ਆ ਪਏ ਤੇ ਉਸ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਹੋਰ ਉਸ ਇਹ ਗੱਲ ਦੱਸੀ ਕਿ ਵੱਡੇ ਅਫਸਰ ਤੇ ਵਜ਼ੀਰ ਉਸ ਦੀ ਇਸ ਕਾਰਵਾਈ ਉਤੇ ਬੜੇ ਖੁਸ਼ ਸਨ। ਉਹ ਆਪ ਬੜਾ ਹੱਸ ਰਿਹਾ ਸੀ। ਹੁਣ ਉਥੇ ਖੜ੍ਹਾ ਉਹ ਪੁਲਿਸ ਇੰਸਪੈਕਟਰ ਨੂੰ ਉਡੀਕ ਰਿਹਾ ਸੀ। ਉਹ ਪੁਲਿਸ ਦੀ ਗਾਰਦ ਲੈ ਕੇ ਆਵੇਗਾ ਤੇ ਫਿਰ ਉਹ ਕਿਸੇ ਹੋਰ ਪਿੰਡ ਜਾਣਗੇ, ਮਾਮਲਾ ਉਗਰਾਹੁਣ ਤੇ ਕੁਰਕੀਆਂ ਕਰਨ। ਉਨ੍ਹਾਂ ਨੂੰ ਹੁਕਮ ਸੀ ਕਿ ਇਸ ਵੇਲੇ ਕੰਮ ਭਖਿਆ ਹੋਇਆ ਹੈ, ਇਸ ਨੂੰ ਛੇਤੀ ਛੇਤੀ ਮੁਕਾ ਦਿੱਤਾ ਜਾਵੇ!

ਇਹੋ ਜਿਹੇ ਕੰਮਾਂ ਬਾਰੇ ਉਤਲੀ ਉਤਲੀ ਜਾਣਕਾਰੀ ਤੋਂ ਮੇਰਾ ਇਹ ਖਿਆਲ ਬਣਿਆ ਹੋਇਆ ਸੀ ਕਿ ਇਸ ਤਰ੍ਹਾਂ ਦੀ ਕਿਸੇ ਕਾਰਵਾਈ ਪਿੱਛੋਂ ਕੋਈ ਵੱਡਾ ਅਫਸਰ ਇਸ ਦੀ ਜਾਂਚ ਪੜਤਾਲ ਕਰਦਾ ਹੈ ਤੇ ਇਹ ਫੈਸਲਾ ਦਿੰਦਾ ਹੈ ਕਿ ਗੋਲੀ ਚਲਾਉਣ ਦੀ ਲੋੜ ਸੀ ਕਿ ਨਹੀਂ। ਜਿੰਨਾ ਚਿਰ ਇਹ ਫੈਸਲਾ ਪ੍ਰਾਪਤ ਨਾ ਹੋ ਜਾਏ, ਗੋਲੀ ਚਲਾਉਣ ਵਾਲਾ ਅਫਸਰ ਆਪਣੇ ਕੰਮ ਦੇ ਨਤੀਜਿਆਂ ਬਾਰੇ ਫਿਕਰਮੰਦ ਹੀ ਰਹਿੰਦਾ ਸੀ ਪਰ ਇਹ ਤਸੀਲਦਾਰ ਤਾਂ ਫਿਕਰਮੰਦ ਹੋਣ ਦੀ ਥਾਂ ਉਲਟਾ ਬੜਾ ਖੁਸ਼ ਸੀ-ਜਿਵੇਂ ਉਸ ਨੂੰ ਇਸ ਗੱਲ ਕਰਕੇ ਤਰੱਕੀ ਮਿਲ ਜਾਣੀ ਹੋਵੇ। ਤਸੀਲਦਾਰ ਗੱਲਾਂ ਕਰ ਕੇ ਟੁਰ ਗਿਆ ਤੇ ਕੁਝ ਚਿਰ ਪਿਛੋਂ ਮੈਨੂੰ ਉਸ ਪਿੰਡ ਵੱਲ ਦੀ ਬੱਸ ਮਿਲ ਗਈ।

ਜਿਸ ਥਾਂ 'ਤੇ ਮੈਂ ਬੱਸ ਤੋਂ ਉਤਰਿਆ, ਉਥੋਂ ਉਹ ਪਿੰਡ ਤਿੰਨ ਚਾਰ ਮੀਲ ਸੀ। ਅਗਾਂਹ ਸਵਾਰੀ ਕੋਈ ਨਹੀਂ ਜਾਂਦੀ ਸੀ। ਇਸ ਲਈ ਬੱਸ ਤੋਂ ਉਤਰ ਕੇ ਮੈਨੂੰ ਕਾਹਲ ਕੋਈ ਨਹੀਂ ਸੀ। ਅੱਡੇ ਉਤੇ ਚਾਹ ਵੇਚਣ ਵਾਲੇ ਤੇ ਚੜ੍ਹਨ-ਉਤਰਨ ਵਾਲੀਆਂ ਸਵਾਰੀਆਂ ਉਸੇ ਪਿੰਡ ਦੀਆਂ ਗੱਲਾਂ ਕਰ ਰਹੀਆਂ ਸਨ। ਵੱਡੇ ਆਦਮੀਆਂ ਵਿਚੋਂ ਕੌਣ ਕੌਣ ਪਿੰਡੋਂ ਹੋ ਆਇਆ ਹੈ, ਹੁਣ ਉਥੇ ਕੌਣ ਹੈ, ਹੋਰ ਪਿੰਡਾਂ ਉਤੇ ਇਸ ਦਾ ਕੀ ਅਸਰ ਪਿਆ ਹੈ? ਇਹ ਗੱਲਾਂ ਹੌਲੀ ਹੌਲੀ ਹੋ ਰਹੀਆਂ ਸਨ। ਉਂਜ ਕਿਸੇ ਦੀ ਗੱਲ ਵਿਚ ਰੋਹ ਨਹੀਂ ਸੀ। ਸਾਰਾ ਗੁੱਸਾ ਡਰ ਨਾਲ ਬੰਨ੍ਹਿਆ ਪਿਆ ਸੀ। ਗੋਲੀ ਚੱਲੀ ਹੈ, ਬੰਦੇ ਮਰੇ ਹਨ, ਪੁਲਿਸ ਪਿੰਡ ਵਿਚ ਬੈਠੀ ਹੈ, ਕਈ ਵੱਡੇ ਆਦਮੀ ਆਏ ਤੇ ਗਏ ਹਨ, ਇਸ ਤੋਂ ਵੱਧ ਕੋਈ ਕੁਝ ਕਹਿਣ ਨੂੰ ਤਿਆਰ ਨਹੀਂ ਸੀ।

ਮੈਂ ਪਿੰਡ ਦਾ ਰਾਹ ਪੁੱਛਿਆ ਤੇ ਡੰਡੀਏ ਡੰਡੀ ਟੁਰ ਪਿਆ। ਚੇਤਰ ਦਾ ਮਹੀਨਾ ਸੀ। ਡੰਡੀ ਦੇ ਨਾਲ ਨਾਲ ਕਣਕ ਪੱਕਣ ਉਤੇ ਆਈ ਹੋਈ ਸੀ। ਸਿੱਟੇ ਹਵਾ ਵਿਚ ਲੇਟਣੀਆਂ ਲੈ ਰਹੇ ਸਨ। ਪੁਲਿਸ ਦੀ ਕਾਰਵਾਈ ਦਾ ਏਥੇ ਕੋਈ ਅਸਰ ਨਹੀਂ ਸੀ। ਪੱਕਣ 'ਤੇ ਆਈ ਫਸਲ ਦਾ ਆਪਣਾ ਨਖਰਾ, ਆਕੀਪੁਣਾ ਹੁੰਦਾ ਹੈ। ਏਥੇ ਅਪੜਨ ਤੀਕ ਉਸ ਨੇ ਕਈ ਗੱਲਾਂ ਉਤੇ ਜਿੱਤ ਜਿੱਤੀ ਹੁੰਦੀ ਹੈ। ਇਸ ਤਰ੍ਹਾਂ ਦੀ ਕਣਕ ਦਾ ਸਾਥ ਮੇਰੇ ਲਈ ਚੰਗਾ ਸੀ। ਕਿਧਰੇ ਕਿਧਰੇ ਮੁੰਡੇ ਡੰਗਰ ਚਾਰ ਰਹੇ ਸਨ। ਕੋਈ ਟਾਵਾਂ ਟਾਵਾਂ ਰਾਹੀ ਮੋਟਰ 'ਤੇ ਚੜ੍ਹਨ ਲਈ ਤੁਰਿਆ ਆ ਰਿਹਾ ਸੀ। ਮੇਰੀ ਕਿਸੇ ਨਾਲ ਕੋਈ ਗੱਲ ਨਾ ਹੋਈ।

ਪਿੰਡ ਤੋਂ ਬਾਹਰ ਇਕ ਰੁੱਖ ਹੇਠ ਕੁਝ ਗੱਭਰੂ ਮੁੰਡੇ ਬੈਠੇ ਸਨ। ਉਨ੍ਹਾਂ ਦੇ ਨੇੜੇ ਨਾ ਤੇ ਕੋਈ ਡੰਗਰ ਚੁਗਦੇ ਸਨ ਤੇ ਨਾ ਕੋਈ ਖੂਹ ਸੀ। ਜਾਪਦਾ ਪਿਆ ਸੀ ਕਿ ਉਹ ਕੇਵਲ ਖੁੱਲ੍ਹੀਆਂ ਗੱਲਾਂ ਕਰਨ ਲਈ ਹੀ ਏਥੇ ਬੈਠੇ ਹਨ। ਪਿੰਡ ਵਿਚ ਜਿਵੇਂ ਉਨ੍ਹਾਂ ਦਾ ਸਾਹ ਘੁਟਦਾ ਹੋਵੇ। ਮੈਂ ਵੀ ਉਨ੍ਹਾਂ ਕੋਲ ਚਲਾ ਗਿਆ। ਮੈਨੂੰ ਡਰ ਸੀ ਕਿ ਸ਼ਾਇਦ ਪਿੰਡ ਦੁਆਲੇ ਪੁਲਿਸ ਦਾ ਪਹਿਰਾ ਹੋਵੇ ਤੇ ਪਿੰਡ ਵਿਚ ਜਾਣ ਉਤੇ ਰੋਕ ਹੋਵੇ। ਉਨ੍ਹਾਂ ਮੈਨੂੰ ਦਸਿਆ ਕਿ ਅਜਿਹੀ ਕੋਈ ਰੋਕ ਨਹੀਂ ਤੇ ਨਾ ਹੀ ਪਿੰਡ ਦੁਆਲੇ ਕੋਈ ਪਹਿਰਾ ਹੈ। ਪੁਲਿਸ ਪਿੰਡੋਂ ਬਾਹਰ ਸਕੂਲ ਵਿਚ ਬੈਠੀ ਹੋਈ ਹੈ ਤੇ ਲੋਕਾਂ ਦੇ ਫਿਰਨ ਤੁਰਨ ਜਾਂ ਆਉਣ ਜਾਣ ਉਤੇ ਕੋਈ ਪਾਬੰਦੀ ਨਹੀਂ। ਜਦੋਂ ਮੈਂ ਪੁੱਛਿਆ ਕਿ ਗੱਲ ਕੀ ਹੋਈ ਹੈ ਤਾਂ ਉਨ੍ਹਾਂ ਪਿੰਡ ਵਾਲਿਆਂ ਨੂੰ ਅਸਲੋਂ ਬੇਕਸੂਰ ਦੱਸਿਆ ਤੇ ਪੁਲਿਸ ਵਾਲਿਆਂ ਨੂੰ ਇਕ-ਵਢੋਂ ਕਸੂਰਵਾਰ।

ਓਥੋਂ ਮੈਂ ਅਗਾਂਹ ਪਿੰਡ ਵੱਲ ਹੋਇਆ। ਨਿਆਈਂ ਵਿਚ ਇਕ ਮੁੰਡਾ ਸ਼ਟਾਲਾ ਵੱਢ ਰਿਹਾ ਸੀ। ਮੈਂ ਉਸ ਤੋਂ ਪੁੱਛਿਆ, ਏਥੇ ਕੀ ਗੱਲ ਹੋਈ ਹੈ? ਉਸ ਮੇਰੇ ਵੱਲ ਖਿਆਲ ਨਾ ਕੀਤਾ ਤੇ ਆਪਣੇ ਧਿਆਨ, ਸਗੋਂ ਪਹਿਲੇ ਧਿਆਨ ਨਾਲੋਂ ਵੀ ਬਹੁਤ ਧਿਆਨ ਨਾਲ ਪੱਠੇ ਵੱਢੀ ਗਿਆ। ਮੈਂ ਫਿਰ ਤਗੜੇ ਹੋ ਕੇ ਪੁੱਛਿਆ। ਉਸ ਆਖਿਆ, ਮੈਨੂੰ ਨਹੀਂ ਪਤਾ। ਮੈਂ ਏਥੇ ਨਹੀਂ ਸਾਂ, ਵਾਂਢੇ ਗਿਆ ਹੋਇਆ ਸਾਂ। ਮੈਂ ਕਿਹਾ, ਤੂੰ ਵਾਂਢਿਓ ਆ ਕੇ ਕੁਝ ਸੁਣਿਆ ਹੋਵੇਗਾ। ਉਸ ਫਿਰ ਆਖਿਆ, ਮੈਨੂੰ ਕੁਝ ਨਹੀਂ ਪਤਾ। ਉਹ ਕਿਸੇ ਪਾਸੇ ਵੱਲ ਦੀ ਗੱਲ ਕਰਨ ਤੋਂ ਡਰਦਾ ਸੀ। ਮੈਂ ਅਗਾਂਹ ਤੁਰ ਪਿਆ।

ਪਿੰਡ ਦੀ ਗਲੀ ਸੁੰਞੀ ਸੀ। ਨਾ ਕੋਈ ਅੰਞਾਣਾ ਖੇਡ ਰਿਹਾ ਸੀ ਤੇ ਨਾ ਕੋਈ ਵੱਡਾ ਹੀ ਆ-ਜਾ ਰਿਹਾ ਸੀ। ਇਕ ਜ਼ਨਾਨੀ ਜਿਸ ਨੇ ਸਿਰ ਧੋਤਾ ਹੋਇਆ ਸੀ, ਆਪਣੇ ਵਿਹੜੇ ਦੇ ਬੂਹੇ ਤੀਕ ਆਈ ਤੇ ਮੈਨੂੰ ਵੇਖ ਕੇ ਪਿਛਾਂਹ ਮੁੜ ਗਈ। ਮੈਂ ਗਲੀਏ ਗਲੀ ਟੁਰਿਆ ਗਿਆ। ਪਿੰਡ ਦੇ ਸਿਰੇ ਉਤੇ ਵਲਗਣ ਸੀ। ਇੰਜ ਲਗਦਾ ਸੀ ਜਿਵੇਂ ਇਹ ਕੋਈ ਸਾਂਝੀ ਥਾਂ ਹੋਵੇ। ਮੈਂ ਅੰਦਰ ਲੰਘ ਗਿਆ। ਤਖਤਪੋਸ਼ ਉਤੇ ਕੁਝ ਬੰਦੇ ਬੈਠੇ ਹੋਏ ਸਨ। ਸਲਾਮ ਦੁਆ ਪਿਛੋਂ ਮੈਂ ਵੀ ਉਨ੍ਹਾਂ ਵਿਚ ਬਹਿ ਗਿਆ।

ਕੋਈ ਗੱਲ ਪੁੱਛਣ ਦੀ ਲੋੜ ਨਹੀਂ ਸੀ। ਇਹੋ ਗੱਲਾਂ ਹੀ ਹੋ ਰਹੀਆਂ ਸਨ। ਉਥੇ ਬੈਠਿਆਂ ਪਤਾ ਲੱਗਾ ਕਿ ਓਥੇ ਆਉਣ-ਜਾਣ ਵਾਲਿਆਂ ਤੇ ਸਲਾਹ-ਮਸ਼ਵਰਾ ਦੇਣ ਵਾਲਿਆਂ ਦੀ ਕੋਈ ਘਾਟ ਨਹੀਂ ਸੀ। ਉਨ੍ਹਾਂ ਦੇ ਲੀਡਰਾਂ ਨੇ ਉਨ੍ਹਾਂ ਨੂੰ ਮਸ਼ਵਰਾ ਦਿੱਤਾ ਸੀ ਕਿ ਉਹ ਕੁਰਕੀਆਂ ਹੁੰਦੀਆਂ ਨਾ ਰੋਕਣ ਤੇ ਜਿਸ ਤਰ੍ਹਾਂ ਪੁਲਿਸ ਕਰਦੀ ਹੈ, ਉਸ ਨੂੰ ਕਰਨ ਦੇਣ। ਕੁਝ ਚਿਰ ਪਿਛੋਂ ਪ੍ਰਾਹੁਣਿਆਂ ਦੀ ਇਕ ਢਾਣੀ ਹੋਰ ਆ ਗਈ। ਉਹ ਤਖਤਪੋਸ਼ ਉਤੇ ਬੈਠੇ ਬੰਦਿਆਂ ਦੇ ਚੰਗੇ ਵਾਕਿਫ ਲੱਗਦੇ ਸਨ। ਚਾਹ ਆ ਗਈ ਤੇ ਅਸਾਂ ਸਾਰਿਆਂ ਪੀਤੀ। ਵਲਗਣ ਤੋਂ ਬਾਹਰ ਸਿਪਾਹੀਆਂ ਦੇ ਕਦਮ ਮਿਲਾ ਕੇ ਚੱਲਣ ਦੀ ਆਵਾਜ਼ ਆਈ। ਮੈਂ ਉਠ ਕੇ ਵੇਖਿਆ ਦਸ-ਬਾਰਾਂ ਸਿਪਾਹੀ ਬੰਦੂਕਾਂ ਚੁੱਕੀ ਪਾਲਾਂ ਬਣਾ ਕੇ ਮਾਰਚ ਕਰ ਰਹੇ ਸਨ, ਨਾਲ ਥਾਣੇਦਾਰ ਸੀ। ਪਿੰਡ ਵਾਲਿਆਂ ਨੇ ਦੱਸਿਆ ਕਿ ਹਰ ਦੋ ਤਿੰਨ ਘੰਟਿਆਂ ਪਿਛੋਂ ਉਹ ਇਸੇ ਤਰ੍ਹਾਂ ਪਿੰਡ ਦੀਆਂ ਗਲੀਆਂ ਵਿਚੋਂ ਲੰਘਦੇ ਹਨ।

ਪਿੰਡ ਵਾਲੇ ਬੰਦੇ ਬਾਹਰੋਂ ਆਈ ਢਾਣੀ ਨੂੰ ਦੱਸਣ ਲੱਗੇ-ਸਾਡੀ ਪੁਲਿਸ ਦੇ ਮੁਕਾਬਲੇ ਦੀ ਕੋਈ ਨੀਯਤ ਨਹੀਂ ਸੀ। ਲੋਕੀਂ ਇਕ ਦੂਜੇ ਦੀ ਰੀਸੋ ਰੀਸੀ ਪੁਲਿਸ ਨੂੰ ਵੇਖਣ ਲਈ ਇਕੱਠੇ ਹੋ ਗਏ। ਹਾਂ, ਇਹ ਅਸਾਂ ਪੁਲਿਸ ਵਾਲਿਆਂ ਨੂੰ ਜ਼ਰੂਰ ਪਹਿਲਾਂ ਆਖਿਆ ਸੀ ਕਿ ਸਾਡਾ ਪਿੰਡ ਹੋਰ ਪਿੰਡਾਂ ਵਰਗਾ ਨਹੀਂ। ਏਥੇ ਤੁਸੀਂ ਵਾਧੂ-ਘਾਟੂ ਗੱਲ ਨਹੀਂ ਕਰ ਸਕਦੇ। ਉਨ੍ਹਾਂ ਨੇ ਐਵੇਂ ਡਰਿਆਂ ਹੋਇਆਂ ਹੀ ਗੋਲੀ ਚਲਾ ਦਿੱਤੀ।

ਫਿਰ ਉਹ ਉਨ੍ਹਾਂ ਨੂੰ ਮੌਕਾ ਵਿਖਾਣ ਬਾਹਰ ਲੈ ਗਏ। ਕੰਧਾਂ ਵਿਚ ਤੇ ਖੁਰਲੀਆ ਵਿਚ ਲੱਗੀਆਂ ਗੋਲੀਆਂ ਵਿਖਾਈਆਂ ਗਈਆਂ। ਇਕ ਆਦਮੀ ਖੁਰਲੀ ਉਤੇ ਬੱਧੇ ਆਪਣੇ ਢੱਗਿਆਂ ਨੂੰ ਖੋਲ੍ਹਣ ਆਇਆ ਸੀ, ਪਈ ਉਨ੍ਹਾਂ ਨੂੰ ਗੋਲੀ ਨਾ ਲੱਗ ਜਾਏ, ਉਹ ਆਪ ਮਾਰਿਆ ਗਿਆ। ਇਕ ਮੁੰਡਾ ਆਪਣੇ ਵੇਲਣੇ ਉਤੇ ਗੰਨੇ ਲਾ ਰਿਹਾ ਸੀ। ਉਹ ਵੀ ਮਰਿਆ ਸੀ। ਇੱਟਾਂ ਦੇ ਢੇਰ ਉਤੇ ਗੋਲੀ ਲੱਗਣ ਨਾਲ ਇਕ ਇੱਟ ਲ੍ਹਮੇ ਹੋਈ ਹੋਈ ਸੀ। ਇਹ ਵੀ ਆਪਣੀ ਅਸਲੀ ਥਾਂ 'ਤੇ ਕਰਕੇ ਵਿਖਾਈ ਗਈ। ਬਾਹਰੋਂ ਆਈ ਢਾਣੀ ਸੁਣਦੀ ਰਹੀ ਤੇ "ਉਹੋ ਹੋ..." ਕਰਦੀ ਰਹੀ, ਪਰ ਉਨ੍ਹਾਂ ਨੇ ਰੋਹ ਦਾ ਕੋਈ ਚਿੰਨ੍ਹ ਨਾ ਵਿਖਾਇਆ। ਸ਼ਾਇਦ ਉਨ੍ਹਾਂ ਦੇ ਆਪਣੇ ਪਿੰਡ ਉਤੇ ਵੀ ਪੁਲਿਸ ਦਾ ਕਾਫੀ ਦਬਾਅ ਹੋਵੇ।

ਦੂਜੇ ਪਾਸੇ ਕਾਰ ਆ ਕੇ ਰੁਕੀ। ਇਸ ਵਿਚੋਂ ਸਰਕਾਰ ਉਤੇ ਕਾਬਜ਼ ਧੜੇ ਦਾ ਵਿਰੋਧੀ ਨਿਕਲਿਆ। ਪਿੰਡ ਵਾਲਿਆਂ ਵਿਚੋਂ ਇਕ-ਦੋ ਨੇ ਉਸ ਨੂੰ ਪਛਾਣ ਲਿਆ। ਬਾਕੀਆਂ ਨੂੰ ਉਨ੍ਹਾਂ ਨੇ ਦੱਸ ਦਿੱਤਾ ਕਿ ਇਹ ਕੌਣ ਹੈ। ਉਸ ਲੀਡਰ ਨੇ ਵੀ ਸਾਰਾ ਕੁਝ ਵੇਖਿਆ। ਸਾਰੇ ਪਾਸੇ ਭਉਂ ਕੇ ਤੇ ਉਸ ਦਿਨ ਤੋਂ ਮਗਰੋਂ ਦੇ ਹਾਲਾਤ ਸੁਣ ਕੇ ਉਸ ਨੇ ਕਿਹਾ, "ਜੋ ਕੁਝ ਤੁਸੀਂ ਦੱਸਦੇ ਹੋ, ਇਹ ਤੇ ਬਿਲਕੁਲ ਪਾਗਲ ਹੋਏ ਪੁਲਿਸੀਏ ਹੀ ਕਰ ਸਕਦੇ ਨੇ।" ਮੈਨੂੰ ਤੇ ਪਿੰਡ ਵਾਲਿਆਂ ਨੂੰ ਕੋਈ ਸਮਝ ਨਾ ਆਈ ਕਿ ਉਸ ਨੇ ਪਿੰਡ ਵਾਲਿਆਂ ਦੇ ਬਿਆਨ ਨੂੰ ਝੂਠਾ ਆਖਿਆ ਹੈ ਜਾਂ ਉਸ ਦਾ ਖਿਆਲ ਸੀ ਕਿ ਪੁਲਿਸੀਆਂ ਨੇ ਸੱਚੀ ਮੁੱਚੀ ਪਾਗਲਾਂ ਵਾਲਾ ਕੰਮ ਕੀਤਾ ਹੈ।

ਫਿਰ ਉਹ ਲੀਡਰ ਕਾਰ ਵਿਚ ਬੈਠ ਕੇ ਚਲਾ ਗਿਆ। ਮੈਨੂੰ ਵੀ ਹੋਰ ਉਥੇ ਠਹਿਰਨ ਦੀ ਲੋੜ ਨਹੀਂ ਜਾਪਦੀ ਸੀ। ਪਿੰਡ ਦੀ ਹਾਲਤ ਮੈਨੂੰ ਕਾਫੀ ਸਮਝ ਆ ਗਈ ਸੀ। ਮੈਂ ਪਿਛਾਂਹ ਦਾ ਰਾਹ ਫੜਿਆ।

ਰਾਹ ਉਹੋ ਪਹਿਲੇ ਵਾਲਾ ਹੀ ਸੀ ਪਰ ਮੇਰਾ ਦਿਲ ਕੁਝ ਬੈਠਿਆ ਹੋਇਆ ਸੀ। ਦਿਲ ਨੂੰ ਗਰਮਾਈ ਦੇਣ ਵਾਲੀ ਕੋਈ ਗੱਲ ਹੋਈ ਹੀ ਨਹੀਂ ਸੀ। ਪਿੰਡ ਅਸਲੋਂ ਨਿੱਸਲ ਹੋਇਆ ਪਿਆ ਸੀ।

ਜਿਸ ਡੰਡੀ ਮੈਂ ਮੁੜਿਆ ਜਾ ਰਿਹਾ ਸਾਂ, ਉਸ ਨੂੰ ਸੱਜੇ ਪਾਸਿਓਂ ਆ ਕੇ ਪਹਿਆ ਕੱਟਦਾ ਸੀ। ਕੁਝ ਅੱਗੇ ਜਾ ਕੇ ਇਸ ਪਹੇ ਵਿਚ ਇਕ ਮੋਟਰ ਖਲੋਤੀ ਸੀ, ਅੱਗੇ ਪਾਣੀ ਹੋਣ ਕਰਕੇ ਰੁਕੀ ਪਈ ਸੀ। ਮੋਟਰ ਵਿਚੋਂ ਪੁਲਿਸ ਦੇ ਸਿਪਾਹੀ ਉਤਰ ਕੇ ਤੁਰਦੇ ਹੀ ਕਿਸੇ ਪਿੰਡ ਨੂੰ ਜਾ ਰਹੇ ਸਨ। ਬੰਦੂਕਾਂ ਉਨ੍ਹਾਂ ਦੇ ਹੱਥਾਂ ਵਿਚ ਸਨ। ਪਹੇ ਵਿਚ ਖਾਕੀ ਵਰਦੀਆਂ ਤੇ ਲਾਲ ਪੱਗਾਂ ਦੀ ਲੰਮੀ ਲਾਈਨ ਬਣੀ ਹੋਈ ਸੀ। ਮੈਂ ਕੁਝ ਚਿਰ ਖਲੋਤਾ ਇਸ ਲਾਈਨ ਨੂੰ ਤੁਰਦਿਆਂ ਵੇਖਦਾ ਰਿਹਾ ਤੇ ਫਿਰ ਅੱਗੇ ਟੁਰ ਪਿਆ।

ਦੂਰ ਡੰਡੀਏ ਡੰਡੀ ਇਕ ਜੋੜਾ ਤੁਰਿਆ ਆ ਰਿਹਾ ਸੀ, ਵਹੁਟੀ-ਗੱਭਰੂ। ਮੈਂ ਉਨ੍ਹਾਂ ਨੂੰ ਵੇਖ ਰਿਹਾ ਸਾਂ ਪਰ ਉਨ੍ਹਾਂ ਅਜੇ ਮੈਨੂੰ ਨਹੀਂ ਵੇਖਿਆ ਸੀ, ਜਾਂ ਸ਼ਾਇਦ ਦੇਖ ਕੇ ਅਣਡਿੱਠ ਕਰ ਰਹੇ ਸਨ। ਉਹ ਪਿਆਰ ਕਰਦੇ ਆ ਰਹੇ ਸਨ! ਮਰਦ ਨੇ ਤੀਵੀਂ ਦੇ ਗਲ ਵਿਚ ਬਾਂਹ ਪਾਈ ਹੋਈ ਸੀ ਜਿਸ ਤਰ੍ਹਾਂ ਕਦੀ ਅਸੀਂ ਛੋਛੂ ਮੁੰਡੇ ਇਕ-ਦੂਜੇ ਦੇ ਗਲ ਵਿਚ ਬਾਂਹ ਪਾ ਕੇ ਤੁਰਦੇ ਹੁੰਦੇ ਸਾਂ।

ਜਦੋਂ ਉਹ ਨੇੜੇ ਆ ਗਏ ਤਾਂ ਵਹੁਟੀ ਨੇ ਮੈਨੂੰ ਵੇਖ ਲਿਆ। ਉਸ ਆਪਣੇ ਘਰ ਵਾਲੇ ਦੀ ਬਾਂਹ ਆਪਣੇ ਗਲ ਵਿਚੋਂ ਲਾਹ ਦਿੱਤੀ। ਘੁੰਡ ਕੱਢ ਕੇ ਉਹ ਥੋੜ੍ਹਾ ਪਿਛਾਂਹ ਹੋ ਕੇ ਤੁਰਨ ਲੱਗੀ। ਪਤਾ ਨਹੀਂ ਕਿਵੇਂ, ਉਨ੍ਹਾਂ ਨੂੰ ਵੇਖ ਕੇ ਮੇਰੇ ਉਤੋਂ ਪੁਲਿਸੀਆਂ ਦਾ ਭੈਅ ਉਤਰ ਗਿਆ।

ਕੁੜੀ ਮੁਕਲਾਵੇ ਆ ਰਹੀ ਲੱਗਦੀ ਸੀ। ਦੁਪੱਟੇ ਨੂੰ ਗੋਟਾ ਲੱਗਾ ਹੋਇਆ ਸੀ, ਕਮੀਜ਼ ਦੇ ਘੇਰੇ ਤੇ ਸਲਵਾਰ ਦੇ ਪਹੁੰਚਿਆਂ ਉਤੇ ਵੀ। ਸ਼ਹਿਰੀ ਜੁੱਤੀ ਦੇ ਹੇਠਾਂ ਜੁਰਾਬਾਂ ਪਾਈਆਂ ਹੋਈਆਂ ਸਨ। ਮੀਟੀਆਂ ਹੋਈਆਂ ਹੱਥਾਂ ਦੀਆਂ ਤਲੀਆਂ ਦੇ ਪਾਸਿਆਂ ਤੋਂ ਮਹਿੰਦੀ ਲੱਗੀ ਦਿਸ ਰਹੀ ਸੀ।

ਕੁਝ ਅਗਾਂਹ ਜਾ ਕੇ ਮੈਂ ਫਿਰ ਪਿਛਾਂਹ ਪਰਤ ਕੇ ਵੇਖਿਆ। ਮੈਨੂੰ ਟਲ ਗਿਆ ਜਾਣ ਕੇ ਉਹ ਫਿਰ ਪਹਿਲਾਂ ਵਾਂਗ ਹੀ ਹੋ ਗਏ ਸਨ। ਕੁੜੀ ਨੇ ਵੀ ਪਿਛਾਂਹ ਮੁੜ ਕੇ ਵੇਖ ਲਿਆ ਕਿ ਮੈਂ ਵੇਖ ਰਿਹਾ ਹਾਂ ਪਰ ਹੁਣ ਉਨ੍ਹਾਂ ਅੱਡ ਅੱਡ ਹੋਣ ਦੀ ਕੋਈ ਕੋਸ਼ਿਸ਼ ਨਾ ਕੀਤੀ।

ਉਹ ਦੋਵੇਂ ਉਸੇ ਪਿੰਡ ਨੂੰ ਜਾ ਰਹੇ ਸਨ ਜਿਸ ਪਿੰਡ ਤੋਂ ਮੈਂ ਆ ਰਿਹਾ ਸਾਂ। ਇਹ ਮੁਕਲਾਵੇ ਆਈ ਵਹੁਟੀ ਹੁਣ ਓਥੇ ਹੀ ਰਹੇਗੀ। ਨਵਾਂ ਘਰ ਵਸੇਗਾ। ਬੱਚੇ ਜੰਮਣਗੇ ਜਿਹੜੇ ਉਸ ਪਿੰਡ ਦੀ ਨਵੀਂ ਪੀੜ੍ਹੀ ਬਣਨਗੇ। ਮੈਨੂੰ ਹੋਰ ਹੌਸਲਾ ਹੋ ਗਿਆ। ਮਨੁੱਖ ਦੀਆਂ ਬਲਾਈਂ ਮਨੁੱਖ ਦਾ ਆਪਣਾ ਬੱਚਾ ਹੀ ਵੱਡਾ ਹੋ ਕੇ ਕੱਟਦਾ ਆਇਆ ਹੈ।

# ਪ੍ਰਿੰਸੀਪਲ ਸਰਵਣ ਸਿੰਘ ਨੂੰ ਜਿੱਦਾਂ ਮੈਂ ਜਾਣਦਾਂ

*(ਸਫਾ 33 ਦੀ ਬਾਕੀ)*

ਪੁਰੇਵਾਲ ਖੇਡ ਮੇਲੇ ਨੂੰ ਉਹਦੀ ਬੜੀ ਦੇਣ ਹੈ। ਇਸੇ ਲਈ ਦੁਆਬੀਏ ਦੂਏ ਨੂੰ ਧੱਕਾ ਦੇ ਕੇ ਕਹਿੰਦੇ ਨੇ-ਹਟ ਪਰ੍ਹੇ! ਸਰਵਣ ਸਿਹੁੰ ਸਾਡਾ ਹੈ' ਤੇ ਮੈਨੂੰ ਨਿੱਜੀ ਤੌਰ 'ਤੇ ਉਹਨੂੰ 'ਮੇਰਾ' ਕਹਿਣ ਵਿਚ ਕੋਈ ਉਜਰ ਨਹੀਂ। ਟੱਲੀ ਵਜਾ ਕੇ ਕਹਾਂਗੇ ਕਿ ਇਸ ਵਕਤ ਦੇ ਮਹਾਨ ਖੇਡ ਕੁਮੈਂਟੇਟਰ ਹਕੀਮਪੁਰੀਏ ਪ੍ਰੋ. ਮੱਖਣ ਸਿੰਘ ਨੂੰ ਸਵਰਣ ਸਿੰਘ ਨੇ ਘੁਮਿਆਰ ਦੇ ਬੂਟੀਆਂ ਆਲੇ ਘੜੇ ਵਾਂਗ ਟੁਣਕਾ ਟੁਣਕਾ ਕੇ ਟੀਸੀ ਦਾ ਬੇਰ ਨਹੀਂ, ਬੇਰੀ ਹੀ ਫੜਾ ਦਿੱਤੀ ਹੈ।

ਜਿਹੜੇ ਝੂਰਨ ਲੱਗ ਪਏ ਹਨ ਕਿ ਹਾਏ! ਬੁਢਾਪਾ ਆ ਗਿਐ, ਉਹ ਇਕ ਵਾਰ ਨਹੀਂ ਤਾਂ ਅੱਧੀ ਕੁ ਵਾਰ ਤਾਂ ਉਹ ਨੂੰ ਮਿਲਣ। ਤੁਸੀਂ ਹੱਥ ਖੜ੍ਹੇ ਕਰਕੇ ਕਹੋਗੇ ਕਿ ਜੁਆਨੀ ਉਹਦੇ ਗੋਡਿਆਂ ਹੇਠ ਪਈ ਹਾੜ੍ਹੇ ਕੱਢ ਰਹੀ ਹੈ, 'ਮੈਨੂੰ ਸਰਵਣ ਸਿੰਘ ਤੋਂ ਛੁਡਾਓ।' ਧਰਮਿੰਦਰ ਵਾਂਗ ਹੁਣ ਤੀਕਰ ਜਾਮ ਪੀਣ ਵਾਲੇ ਸਰਵਣ ਸਿੰਘ ਤੋਂ ਸੁਰਾਹੀ ਵੀ ਸੰਗਦੀ ਰਹੀ ਹੈ। ਪੀਣ ਵਾਲਿਆਂ ਨੂੰ ਉਹਦੇ ਤੋਂ ਜ਼ਰੂਰ ਪੁੱਛ ਲੈਣਾ ਚਾਹੀਦੈ ਕਿ ਦਾਰੂ ਮਾੜੀ ਕਿਵੇਂ ਨਹੀਂ ਹੁੰਦੀ? ਉਹ ਮੇਰੇ ਬਾਪ ਵਰਗੇ ਭਾਜੀ ਬਰਜਿੰਦਰ ਸਿੰਘ ਹਮਦਰਦ ਤੇ ਜਗਦੇਵ ਸਿੰਘ ਜੱਸੋਵਾਲ ਵਾਂਗ ਤੀਜੇ ਨੰਬਰ 'ਤੇ ਹੈ। ਸ਼ਰਾਬ ਪੀਣ 'ਤੇ ਚਲੋ ਮਾਣ ਤਾਂ ਨਹੀਂ ਕਰਨਾ ਚਾਹੀਦਾ ਪਰ ਹੁੱਬ ਕੇ ਜ਼ਰੂਰ ਆਖਾਂਗਾ ਕਿ ਮੈਂ ਜੱਸੋਵਾਲ ਤੇ ਪ੍ਰਿੰ. ਸਰਵਣ ਸਿੰਘ ਨਾਲ ਅਨੇਕਾਂ ਵਾਰ ਗਲਾਸੀ ਨਹੀਂ, ਗਲਾਸ ਖੜਕਾਏ ਹਨ।

ਮੈਂ ਪੰਜਾਹਵਿਆਂ ਦਾ ਹਾਲੇ ਹੋਣੈਂ ਤੇ ਉਹਦੀ ਲਿਖਣ ਦੀ ਗੋਲਡਨ ਜੁਬਲੀ 'ਤੇ ਵਰਿਆਮ ਸੰਧੂ ਹੋਰੀਂ ਨਵਾਂ ਨਰੋਆ ਸਰਵਣ ਸਿੰਘ ਪੇਸ਼ ਕਰਨ ਲੱਗੇ ਹਨ। ਮੈਂ ਇਸ ਉਦਮ ਤੇ ਯਤਨ ਲਈ ਵਰਿਆਮ ਸੰਧੂ ਹੋਰਾਂ ਦੀ ਟੀਮ ਨੂੰ ਝੁਕ ਕੇ ਨਹੀਂ, ਲੰਮਾ ਪੈ ਕੇ ਸਲਾਮ ਕਰਦਾ ਹਾਂ।

ਸ਼ਾਇਦ ਹੀ ਖੇਡ ਜਗਤ ਨੂੰ ਸਰਵਣ ਸਿੰਘ ਤੋਂ ਬਾਅਦ ਮੁੜ ਕੇ ਸਰਵਣ ਪੁੱਤ ਮਿਲੇ।

ਢੁੱਡੀਕੇ ਵਾਲੇ ਜਸਵੰਤ ਸਿੰਘ ਕੰਵਲ ਨਾਲ ਪ੍ਰਿੰਸੀਪਲ ਸਰਵਣ ਸਿੰਘ ਦੀ ਵਾਹਵਾ ਸਾਂਝ ਰਹੀ ਹੈ। ਹੁਣ ਲੱਛਣ ਦੱਸਦੇ ਨੇ ਪ੍ਰਿੰਸੀਪਲ ਸਰਵਣ ਸਿੰਘ, ਜਸਵੰਤ ਸਿੰਘ ਕੰਵਲ ਨਾਲੋਂ ਵੀ ਲੰਬੀ ਤੇ ਤੰਦਰੁਸਤੀ ਵਾਲੀ ਜ਼ਿੰਦਗੀ ਮਾਣੇਗਾ। ਰੱਬ ਜੇ ਹੋਵੇ ਵੀ, ਤਦ ਵੀ ਉਹਦੇ ਵੱਲ ਬੈਟਰੀ ਮਾਰਨ ਤੋਂ ਨੱਕ ਵੱਟੇਗਾ।

ਘੁੰਗਰੂ ਜਦੋਂ ਸੁਰ ਤੇ ਤਾਲ 'ਚ ਹੋਣ ਤਾਂ ਨੱਚਣ ਵਾਲੀ ਦੇ ਪੈਰਾਂ ਤੋਂ ਨਿਗਾਹ ਚੰਗੇ ਭਲੇ ਤੋਂ ਭਲਾ ਚੁੱਕੀ ਜਾਵੇਗੀ?

**ਅੰਤਿਕਾ:**

ਦੁਆ ਕਰੋ ਕਿ ਯੇ ਪੌਦਾ ਸਦਾ ਹਰਾ ਹੀ ਲਗੇ।
ਉਦਾਸੀਓਂ ਮੇਂ ਭੀ ਚਿਹਰਾ ਖਿਲਾ ਖਿਲਾ ਹੀ ਲਗੇ।
ਅਜੀਬ ਸ਼ਖ਼ਸ ਹੈ ਨਾਰਾਜ਼ ਹੋ ਕੇ ਹੰਸਤਾ ਹੈ,
ਮੈਂ ਚਾਹਤਾ ਹੂੰ ਖ਼ਫਾ ਹੋ ਤੋ ਵੋ ਖ਼ਫਾ ਹੀ ਲਗੇ।
ਨਹੀਂ ਹੈ ਮੇਰੇ ਮੁਕੱਦਰ ਮੈਂ ਰੌਸ਼ਨੀ ਨਾ ਸਹੀ,
ਯੇ ਖਿੜਕੀ ਖੋਲੋ ਜ਼ਰਾ ਸੁਬ੍ਹਾ ਕੀ ਹਵਾ ਹੀ ਲਗੇ।

*(ਬਸ਼ੀਰ ਬਦਰ)*

# ਡਾ. ਹਰਬੰਸ ਦਿਓਲ ਦਾ ਲੇਖ

## ਸੰਪਾਦਕ ਦੀ ਡਾਕ

ਸੰਪਾਦਕ ਜੀ,

ਹਮੇਸ਼ਾ ਦੀ ਤਰ੍ਹਾਂ ਪੰਜਾਬ ਟਾਈਮਜ਼ ਦਾ 22 ਅਕਤੂਬਰ ਦਾ ਅੰਕ ਵੀ ਸਾਡੇ ਲਈ ਬਹੁਤ ਸਾਰੀ ਸਾਹਿਤਕ ਅਤੇ ਆਮ ਜਾਣਕਾਰੀ ਲੈ ਕੇ ਆਇਆ ਪਰ ਇਸ ਵਾਰ "ਸਿਹਤ ਵਿਗਿਆਨ" ਨੇ ਸਾਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ। ਬ੍ਰੈਸਟ ਕੈਂਸਰ ਬਾਰੇ ਚਾਚੀ-ਜਠੀਈ ਦੀ ਆਮ ਭਾਸ਼ਾ ਵਿਚ ਗੱਲਬਾਤ ਰਾਹੀਂ ਦਿੱਤੀ ਗਈ ਜਾਣਕਾਰੀ ਬਹੁਤ ਹੀ ਅਹਿਮ ਅਤੇ ਦਿਲਚਸਪ ਸੀ। ਇਸ ਲੇਖ ਲਈ ਡਾ. ਹਰਬੰਸ ਕੌਰ ਦਿਓਲ ਵਧਾਈ ਦੇ ਪਾਤਰ ਹਨ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਅੱਗੋਂ ਵੀ ਸਾਨੂੰ ਉਹ ਸਿਹਤ ਸੰਭਾਲ ਬਾਰੇ ਜਾਣਕਾਰੀ ਭਰੇ ਲੇਖ ਦਿੰਦੇ ਰਹਿਣਗੇ।

"ਪਹਿਲੀ ਗੱਲ" ਕਾਲਮ ਵਿਚ ਜਤਿੰਦਰ ਮੌਹਰ ਨੇ ਫਿਲਮ ਜਗਤ ਦੀਆਂ ਗੁੱਝੀਆਂ ਅਸਲੀਅਤਾਂ ਜਾਹਰ ਕੀਤੀਆਂ ਹਨ। ਉਨ੍ਹਾਂ ਦਾ ਆਪਣਾ ਹੀ ਇਕ ਅੰਦਾਜ਼ ਹੈ। ਪੰਜਾਬ ਟਾਈਮਜ਼ ਦੇ ਕਾਲਮਨਵੀਸਾਂ ਵਿਚ ਉਨ੍ਹਾਂ ਨੇ ਬਹੁਤ ਥੋੜ੍ਹੇ ਸਮੇਂ ਵਿਚ ਇਕ ਵੱਖਰੀ ਪਹਿਚਾਣ ਬਣਾ ਲਈ ਹੈ। ਉਨ੍ਹਾਂ ਦਾ ਲਿਖਣ ਢੰਗ ਸਾਦਾ ਪਰ ਬਹੁਤ ਪ੍ਰਭਾਵਕਾਰੀ ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਪੰਜਾਬ ਟਾਈਮਜ਼ ਇਸੇ ਤਰ੍ਹਾਂ ਅੱਗੇ ਵਧਦਾ ਰਹੇ।


***-ਇੰਦਰਜੀਤ ਮੰਗਾ, ਨੀਲਮ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

# ਲੋਕ-ਸੱਭਿਆਚਾਰ ਦਾ ਮਹਾਂਨਾਇਕ ਗੁਰਸ਼ਰਨ ਸਿੰਘ



***ਪ੍ਰਤੀਬੱਧਤਾ ਅਧੀਨ ਰੰਗਮੰਚੀ ਸਫਰ ਕਰਦਿਆਂ ਗੁਰਸ਼ਰਨ ਸਿੰਘ ਨੇ ਵੱਡੀਆਂ ਘਾਲਾਂ ਘਾਲੀਆਂ ਤੇ ਇਹ ਘਾਲਾਂ ਘਾਲਦਿਆਂ ਉਸ ਨੂੰ ਕਈ ਤਰ੍ਹਾਂ ਦੀਆਂ ਹਕੂਮਤੀ ਕਰੋਪੀਆਂ ਦਾ ਸਾਹਮਣਾ ਵੀ ਕਰਨਾ ਪਿਆ। ਐਮਰਜੈਂਸੀ ਦੇ ਦਿਨਾਂ ਵਿਚ ਉਸ ਨੇ ਪਾਕਿਸਤਾਨੀ ਲੇਖਕ ਨਜਮ ਹੁਸੈਨ ਸੱਯਦ ਦਾ ਤਾਨਾਸ਼ਾਹੀ ਵਿਰੁਧ ਲਿਖਿਆ ਨਾਟਕ 'ਤਖ਼ਤ ਲਾਹੌਰ' ਖੇਡਿਆ। ਭਾਵੇਂ ਨਜਮ ਹੁਸੈਨ ਸੱਯਦ ਨੇ ਇਹ ਨਾਟਕ ਪਾਕਿਸਤਾਨ ਦੇ ਡਿਕਟੇਟਰ ਅਯੂਬ ਖਾਂ ਦੀ ਤਾਨਾਸ਼ਾਹੀ ਦੇ ਵਿਰੁਧ ਲਿਖਿਆ ਸੀ ਪਰ ਆਪਣੀ ਮੂਲ ਭਾਵਨਾ ਵਿਚ ਇਹ ਹਰ ਤਰ੍ਹਾਂ ਦੀ ਤਾਨਾਸ਼ਾਹੀ ਦੇ ਵਿਰੋਧ ਵਿਚ ਵੀ ਜਾਂਦਾ ਸੀ। ਗੁਰਸ਼ਰਨ ਸਿੰਘ ਦੇ ਦੱਸਣ ਮੁਤਾਬਕ ਉਸ ਨੇ ਇਹ ਨਾਟਕ 9 ਸਤੰਬਰ 1975 ਨੂੰ ਅੰਮ੍ਰਿਤਸਰ ਵਿਖੇ ਨਾਟਕ ਕਲਾ ਕੇਂਦਰ ਦੀ ਸਟੇਜ ਤੋਂ ਮੰਚਿਤ ਕੀਤਾ ਤੇ 11 ਸਤੰਬਰ ਨੂੰ ਉਸ ਨੂੰ 311-2 ਧਾਰਾ ਅਧੀਨ ਨੌਕਰੀ ਤੋਂ ਡਿਸਮਿਸ ਕਰਨ ਦੇ ਹੁਕਮ ਮਿਲ ਗਏ।***

ਇਤਿਹਾਸ ਵਿਚ ਇਹ ਕਦੀ-ਕਦਾਈਂ ਹੀ ਵਾਪਰਦਾ ਹੈ ਕਿ ਕੋਈ ਇਨਸਾਨ ਰੱਜੇ-ਪੁੱਜੇ ਤੇ ਹਕੂਮਤ-ਪੁਜਾਰੀ ਪਰਿਵਾਰ ਵਿਚ ਪੈਦਾ ਹੋਇਆ ਹੋਵੇ ਪਰ ਸਥਾਪਤੀ ਵਿਰੋਧੀ ਆਪਣੀ ਕਾਰਜ-ਸ਼ੈਲੀ ਸਦਕਾ ਆਮ ਕਿਰਤੀ ਤੇ ਮਿਹਨਤਕਸ਼ ਲੋਕਾਂ ਵਿਚ ਲੋਕ-ਨਾਇਕ ਵਜੋਂ ਜਾਣਿਆ-ਪਛਾਣਿਆ ਜਾਂਦਾ ਰਿਹਾ ਹੋਵੇ। ਅਜਿਹੇ ਹੀ ਵਿਰੋਧਾਭਾਸ ਦੀ ਉਪਜ ਸੀ ਗੁਰਸ਼ਰਨ ਸਿੰਘ ਦੀ ਸ਼ਖ਼ਸੀਅਤ ਜਿਹੜੀ 27 ਸਤੰਬਰ ਦੀ ਰਾਤ ਨੂੰ ਪੰਜਾਬੀ ਲੋਕ-ਸੱਭਿਆਚਾਰ ਤੇ ਰੰਗ-ਜਗਤ ਕੋਲੋਂ ਜਿਸਮਾਨੀ ਤੌਰ 'ਤੇ ਸਦਾ ਲਈ ਵਿਛੜ ਗਈ ਪਰ ਜਿਸ ਨੂੰ ਪੰਜਾਬੀ ਸੱਭਿਆਚਾਰ ਜਗਤ ਵਿਚ 'ਪੰਜਾਬੀ ਰੰਗਮੰਚ ਦਾ ਬਾਬਾ



**ਪ੍ਰੋ. ਅਜਮੇਰ ਸਿੰਘ ਔਲਖ**
**ਫੋਨ:91-98155-75495**

ਬੋਹੜ', 'ਪੰਜਾਬੀ ਰੰਗਮੰਚ ਦਾ ਬੇਤਾਜ ਬਾਦਸ਼ਾਹ', 'ਪੰਜਾਬੀ ਸੱਭਿਆਚਾਰ ਦਾ ਲੋਕ-ਨਾਇਕ', 'ਪੰਜਾਬੀ ਰੰਗਮੰਚ ਦਾ ਜਿਉਂਦਾ-ਜਾਗਦਾ ਇਤਿਹਾਸ' ਆਦਿ ਕਿੰਨੇ ਹੀ ਵਿਸ਼ੇਸ਼ਣਾਂ ਤੇ ਨਾਂਵਾਂ ਨਾਲ ਜਾਣਿਆ ਅਤੇ ਪੁਕਾਰਿਆ ਜਾਂਦਾ ਰਿਹਾ ਹੈ, ਤੇ ਭਵਿੱਖ ਵਿਚ ਸਦਾ ਪਛਾਣਿਆ ਜਾਂਦਾ ਰਹੇਗਾ।

ਭਾਅ ਜੀ ਕਰਕੇ ਜਾਣੇ ਜਾਂਦੇ ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ 1929 ਨੂੰ ਅਜਿਹੇ ਹੀ ਮੱਧ-ਵਰਗ ਪਰਿਵਾਰ ਵਿਚ ਹੋਇਆ ਸੀ ਜਿਹੜਾ ਆਰਥਿਕ ਪੱਖੋਂ ਰੱਜਿਆ-ਪੁੱਜਿਆ, ਆਪਣੇ ਰਾਜਨੀਤਕ ਜੀਵਨ-ਵਰਤਾਰੇ ਵਿਚ 'ਅੰਗਰਜ਼ੀ ਹਕੂਮਤ ਦਾ ਪੂਰਾ ਹਾਮੀ ਅਤੇ ਚੀਫ ਖਾਲਸਾ ਦੀਵਾਨ ਦੀ ਸੋਚ ਨਾਲ ਪੂਰੀ ਤਰ੍ਹਾਂ ਨੇੜਿਉਂ ਜੁੜਿਆ ਹੋਇਆ ਸੀ।' ਗੁਰਸ਼ਰਨ ਸਿੰਘ ਨੇ ਬਚਪਨ ਤੋਂ ਬਾਅਦ ਜਵਾਨੀ ਵਿਚ ਪੈਰ ਧਰਿਆ ਤਾਂ ਉਸ ਦੇ ਪਰਿਵਾਰ ਵਿਚ ਉਸ ਸਮੇਂ ਦੀ ਸਮਾਜਿਕ, ਸੱਭਿਆਚਾਰਕ ਤੇ ਸਾਹਿਤਕ ਜਗਤ ਵਿਚ ਬਹੁਤ ਹੀ ਚਰਚਿਤ ਪੱਤ੍ਰਿਕਾ 'ਪੀਤਲੜੀ' ਪੜ੍ਹੀ ਜਾਣ ਲੱਗੀ ਸੀ ਤੇ ਉਸ ਦਾ ਵੱਡਾ ਭਰਾ ਇੰਦਰਜੀਤ ਸਿੰਘ ਆਪਣੇ ਸਮੇਂ ਦੀ ਅਗਾਂਹਵਧੂ ਵਿਦਿਆਰਥੀ ਜਥੇਬੰਦੀ ਦੀਆਂ ਸਾਮਰਾਜ ਵਿਰੋਧੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਉਨ੍ਹਾਂ ਦੇ ਘਰ ਵਿਚ ਉਸ ਵੇਲੇ ਦੀ ਵਿਦਿਆਰਥੀ ਲਹਿਰ ਦੇ ਕਈ ਆਗੂਆਂ-ਜਿਨ੍ਹਾਂ ਵਿਚ ਜਗਜੀਤ ਸਿੰਘ ਆਨੰਦ, ਨਵਤੇਜ ਸਿੰਘ, ਦੇਵ ਰਾਜ ਚਾਨਣਾ, ਰਣਧੀਰ ਸਿੰਘ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ, ਦਾ ਆਉਣਾ-ਜਾਣਾ ਆਮ ਹੋ ਗਿਆ ਸੀ। ਘਰ ਵਿਚ ਉਸਰ ਰਹੇ ਇਸ ਅਗਾਂਹਵਧੂ ਮਾਹੌਲ ਸਦਕਾ ਹੀ ਗੁਰਸ਼ਰਨ ਸਿੰਘ ਦੀ ਛੋਟੀ ਭੈਣ ਮਹਿੰਦਰ ਕੌਰ ਪ੍ਰੀਤਨਗਰ ਦੇ ਐਕਟੀਵਿਟੀ ਕਾਲਜ ਵਿਚ ਪੜ੍ਹਨ ਲੱਗ ਪਈ ਸੀ। ਇਸ ਤਰ੍ਹਾਂ ਇਹ ਅੰਗਰੇਜ਼-ਹਕੂਮਤ ਦਾ ਸਮਰਥਕ ਪਰਿਵਾਰ ਸਾਮਰਾਜ ਵਿਰੋਧੀ ਪਰਿਵਾਰ ਵਿਚ ਤਬਦੀਲ ਹੋ ਗਿਆ ਤੇ ਅਜਿਹਾ ਕਰਨ ਵਿਚ ਗੁਰਸ਼ਰਨ ਸਿੰਘ ਦੇ ਵੱਡੇ ਭਰਾ ਇੰਦਰਜੀਤ ਸਿੰਘ ਦਾ ਮੁੱਖ ਰੋਲ ਸੀ। ਗੁਰਸ਼ਰਨ ਸਿੰਘ ਅੰਦਰ ਵੀ ਅਗਾਂਹਵਧੂ ਤੇ ਮਾਨਵਤਾਵਾਦੀ ਸੋਚ ਪਨਪਣ ਲੱਗ ਪਈ। ਉਹ ਗਰੀਬ ਕਿਰਤੀ-ਕਾਮਿਆਂ ਪ੍ਰਤੀ ਸੰਵੇਦਨਸ਼ੀਲ ਮਾਨਸਿਕਤਾ ਵਾਲਾ ਇਨਸਾਨ ਸੀ। ਉਸ ਦਾ ਕਹਿਣਾ ਸੀ ਕਿ ਆਪਣੇ ਨਾਲ ਪੜ੍ਹਦੇ ਬੁੱਧਵਾ ਨਾਂ ਦੇ ਇਕ ਜ਼ਹੀਨ ਮੁੰਡੇ ਦੇ ਹੱਥ ਜਦ ਉਸ ਨੇ ਸਫਾਈ ਸੇਵਕਾਂ ਵਾਲਾ ਝਾੜੂ ਵੇਖਿਆ ਤਾਂ ਇਹ ਘਟਨਾ ਉਸ ਦੀ ਜ਼ਿੰਦਗੀ ਦੀ ਅਜਿਹੀ ਘਟਨਾ ਹੋ ਨਿਬੜੀ ਜਿਸ ਨੇ ਉਸ ਦੀ ਸੋਚ ਨੂੰ ਹੀ ਝੰਜੋੜ ਸੁੱਟਿਆ। ਇਸੇ ਤਰ੍ਹਾਂ 1955 ਵਿਚ ਨੰਗਲ ਵਿਚ ਜਦ ਰੂਸੀ ਨੇਤਾ ਬੁਲਗੈਨਿਨ ਤੇ ਖ਼ਰੁਸ਼ਚੋਵ ਦੀ ਆਮਦ 'ਤੇ ਰੱਖਿਆ ਗਿਆ ਸਭਿਆਚਾਰਕ ਪ੍ਰੋਗਰਾਮ ਅਫਸਰਸ਼ਾਹੀ ਨੇ ਮਜ਼ਦੂਰਾਂ ਨੂੰ ਦੇਖਣ ਦੀ ਇਜਾਜ਼ਤ ਨਾ ਦਿੱਤੀ ਤਾਂ ਇਸ ਸੰਵੇਦਨਸ਼ੀਲ ਇਨਸਾਨ ਦੀ ਮਨੁੱਖੀ ਹਮਦਰਦੀ ਨਾਲ ਲਬਰੇਜ਼ ਰੂਹ ਬੇਚੈਨ ਹੋ ਉਠੀ ਤੇ ਇਹ ਬੇਚੈਨੀ ਉਦੋਂ ਤੱਕ ਸ਼ਾਂਤ ਨਾ ਹੋਈ ਜਦੋਂ ਤੱਕ ਉਸ ਨੇ ਪਹਿਲੇ ਦਿਨ ਪ੍ਰੋਗਰਾਮ ਦੇਣ ਆਏ ਕਲਾਕਾਰਾਂ ਨੂੰ ਦੂਜੇ ਦਿਨ ਆਮ ਮਜ਼ਦੂਰਾਂ ਵਾਸਤੇ ਪ੍ਰੋਗਰਾਮ ਕਰਨ ਲਈ ਮਨਾ ਨਾ ਲਿਆ। ਇਹ ਸਿਰਫ ਗੁਰਸ਼ਰਨ ਸਿੰਘ ਦੀ ਕਿਰਤ ਪੱਖੀ ਸੋਚ ਤੇ ਸੰਵੇਦਨਸ਼ੀਲ ਮਾਨਸਿਕਤਾ ਸਦਕਾ ਹੀ ਹੋਇਆ ਜਿਹੜੀ ਸਿਰਫ ਇਸ ਕਰ ਕੇ ਬੇਚੈਨ ਹੋ ਉਠੀ ਸੀ ਕਿ ਹੈਂਕੜਬਾਜ਼ ਅਫਸਰਸ਼ਾਹੀ ਗਰੀਬ ਮਜ਼ਦੂਰ ਕਿਰਤੀ-ਕਾਮਿਆਂ ਨੂੰ ਬੰਦੇ ਕਿਉਂ ਨਹੀਂ ਸੀ ਸਮਝ ਰਹੀ ਤੇ ਜਿਹੜੀ ਆਪਣੀ ਗੈਰ-ਇਨਸਾਨੀ ਮਾਨਸਿਕਤਾ ਸਦਕਾ ਮਜ਼ਦੂਰਾਂ ਬਾਰੇ ਇਹ ਗੱਲ ਕਹਿਣ ਤੱਕ ਚਲੀ ਜਾਂਦੀ ਹੈ ਕਿ ਮਜ਼ਦੂਰਾਂ ਨੂੰ ਕਲਚਰ ਦਾ ਕੀ ਪਤਾ ਹੁੰਦੈ।

ਅਜਿਹੇ ਪਰਿਵਾਰਕ ਪਿਛੋਕੜ ਅਤੇ ਲੋਕ-ਹਮਦਰਦ ਸੰਵੇਦਨਸ਼ੀਲ ਮਾਨਸਿਕਤਾ ਵਾਲਾ ਇਨਸਾਨ ਗੁਰਸ਼ਰਨ ਸਿੰਘ ਪੰਜਾਬੀ ਸਮਾਜ ਵਿਚ ਉਸ ਅਨੋਖੇ ਤੇ ਅਦਭੁਤ ਵਰਤਾਰੇ ਦਾ ਚਿੰਨ੍ਹਾਤਮਕ ਨਾਂ ਬਣ ਗਿਆ ਜਿਹੜਾ ਇਤਿਹਾਸ ਵਿਚ ਕਦੇ-ਕਦੇ ਹੀ ਵਾਪਰਦਾ ਹੈ। ਇਸ ਇਨਸਾਨ ਦੇ ਪਰਵੇਸ਼ ਨਾਲ ਅਤੇ ਵਿਸ਼ੇਸ਼ ਤੌਰ 'ਤੇ ਸੰਨ 1969-70 ਵਿਚ, ਜਦੋਂ ਤੋਂ ਉਸ ਨੇ ਆਪਣੇ ਰੰਗਮੰਚ ਦਾ ਰੁਖ਼ ਪੰਜਾਬ ਦੇ ਪਿੰਡਾਂ ਵੱਲ ਕਰਨਾ ਅਰੰਭਿਆ ਸੀ, ਤਾਂ ਪੰਜਾਬੀ ਸੱਭਿਆਚਾਰ ਤੇ ਵਿਸ਼ੇਸ਼ ਤੌਰ 'ਤੇ ਇਸ ਦੇ ਰੰਗਮੰਚੀ ਜਗਤ ਵਿਚ ਅਜਿਹਾ ਇਨਕਲਾਬੀ ਮੋੜ ਆਇਆ ਕਿ ਦਸ਼ਾ ਅਤੇ ਦਿਸ਼ਾ ਪੱਖੋਂ ਇਸ ਦਾ ਬਿੰਬ ਅਜਿਹਾ ਬਣ ਗਿਆ ਜਿਸ ਦੀ ਮਿਸਾਲ ਇਤਿਹਾਸ ਵਿਚ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਜਾਪਦੀ ਹੈ। ਉਹ ਸਾਡਾ ਪਹਿਲਾ ਰੰਗਕਰਮੀ ਸੀ ਜਿਸ ਨੇ ਕਲਾ-ਜਗਤ ਦੇ ਕਿੰਨੇ ਹੀ ਲੋਕਾਂ ਨੂੰ ਇਸ ਤੱਥ ਦਾ ਅਹਿਸਾਸ ਕਰਵਾਇਆ ਕਿ ਰੰਗਮੰਚ ਦੀ ਅਸਲ ਧਰਤੀ ਤੇ ਜਿੰਦ-ਜਾਨ ਸਾਡੇ ਦੇਸ ਦੇ ਪਿੰਡ ਹੀ ਹਨ ਜਿਥੇ ਕਰੋੜਾਂ ਹੀ ਕਿਰਤੀ-ਕਾਮਿਆਂ ਨੂੰ ਰੰਗਮੰਚ ਵਰਗੇ ਸ਼ਕਤੀਸ਼ਾਲੀ ਕਲਾ-ਮਾਧਿਅਮ ਦੀ ਸਮਾਜਿਕ ਤੇ ਇਤਿਹਾਸਕ ਲੋੜ ਹੈ।

ਇਸ ਵਿਚ ਸ਼ੱਕ ਨਹੀਂ ਕਿ ਗੁਰਸ਼ਰਨ ਸਿੰਘ ਤੋਂ ਪਹਿਲਾਂ ਇਪਟਾ ਤੇ ਇਪਟਾ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਕਮਿਊਨਿਸਟ ਪਾਰਟੀ ਦੇ ਡਰਾਮਾ ਸਕੁਐਡਾਂ ਨੇ ਪੰਜਾਬੀ ਰੰਗਮੰਚ ਨੂੰ ਪਿੰਡਾਂ ਤੇ ਪਿੰਡਾਂ ਵਿਚ ਵਸਦੇ ਆਮ ਕਿਰਤੀਆਂ ਨਾਲ ਜੋੜਨ ਦੀ ਭਰਪੂਰ ਕੋਸ਼ਿਸ਼ ਕੀਤੀ ਸੀ। ਉਸ ਰੰਗਮੰਚ ਦਾ ਵਿਸ਼ਾ ਵੀ ਆਮ ਲੋਕਾਂ ਦੀਆਂ ਦੁਖ-ਤਕਲੀਫਾਂ ਨਾਲ ਹੀ ਜੁੜਿਆ ਹੋਇਆ ਸੀ ਪਰ ਜਿਸ ਸ਼ਿੱਦਤ, ਪ੍ਰਤੀਬੱਧਤਾ ਤੇ ਗਤੀਸ਼ੀਲਤਾ ਨਾਲ ਗੁਰਸ਼ਰਨ ਸਿੰਘ ਦਾ ਰੰਗਮੰਚ ਲੋਕਾਂ ਨਾਲ ਇਕ-ਸੁਰ ਹੋਇਆ; ਉਹ ਸ਼ਿੱਦਤ, ਪ੍ਰਤੀਬੱਧਤਾ ਤੇ ਗਤੀਸ਼ੀਲਤਾ ਇਪਟਾ ਜਾਂ ਕਮਿਊਨਿਸਟ ਡਰਾਮਾ ਸਕੁਐਡਾਂ ਵਿਚ ਵੀ ਦੇਖਣ ਨੂੰ ਨਹੀਂ ਸੀ ਮਿਲਦੀ। ਇਸ ਤਰ੍ਹਾਂ ਦੀ ਲੋਕ-ਪੱਖੀ ਤੇ ਲੋਕ-ਮੁਖੀ ਰੰਗਮੰਚੀ ਲਹਿਰ ਪੈਦਾ ਕਰਨ ਵਿਚ ਜਿਹੜੀ ਦੇਣ ਗੁਰਸ਼ਰਨ ਸਿੰਘ ਦੀ ਹੈ, ਉਸ ਦੀ ਉਦਾਹਰਣ ਪੰਜਾਬ ਵਿਚ ਤਾਂ ਕੀ ਸਗੋਂ ਸਮੁੱਚੇ ਹਿੰਦੁਸਤਾਨ ਦੇ ਰੰਗਮੰਚ ਵਿਚ ਵੀ ਨਹੀਂ ਮਿਲਦੀ। ਇਸ ਲੋਕ ਨਾਇਕ ਨੇ ਪੰਜਾਬੀ ਰੰਗਮੰਚ ਨੂੰ ਗੁਣ ਅਤੇ ਗਿਣਤੀ, ਦੋਹਾਂ ਪੱਖਾਂ ਤੋਂ ਹੀ ਅਮੀਰ ਬਣਾਉਣ ਵਿਚ ਅਦੁੱਤੀ ਤੇ ਬੇਮਿਸਾਲ ਯੋਗਦਾਨ ਪਾਇਆ ਹੈ। ਇਕ ਪਾਸੇ ਉਸ ਨੇ ਪੰਜਾਬੀ ਰੰਗਮੰਚ ਨੂੰ ਨਿਰੰਤਰ ਗਤੀਸ਼ੀਲਤਾ ਦੇ ਰਾਹ ਉਤੇ ਪਾਇਆ ਤੇ ਦੂਜੇ ਪਾਸੇ ਵਸਤੂ ਪੱਖੋਂ ਇਸ ਨੂੰ ਲੋਕ-ਜੀਵਨ ਦੇ ਸਰੋਕਾਰਾਂ ਨਾਲ ਮਜ਼ਬੂਤੀ ਨਾਲ ਬੰਨ੍ਹਿਆ।

ਇਹ ਰੰਗਮੰਚੀ ਪੇਸ਼ਕਾਰੀਆਂ ਐਨੇ ਸੀਮਤ ਸਾਧਨਾਂ ਨਾਲ ਕੀਤੀਆਂ ਗਈਆਂ ਕਿ ਸੁਣਨ ਵਾਲੇ ਨੂੰ ਤਾਂ ਕੀ, ਕਈ ਵਾਰ ਦੇਖਣ ਵਾਲੇ ਨੂੰ ਵੀ ਯਕੀਨ ਨਹੀਂ ਸੀ ਆਉਂਦਾ। ਨਾ ਲਾਈਟ ਤੇ ਸਾਊਂਡ ਦਾ ਮੁਕੰਮਲ ਪ੍ਰਬੰਧ, ਮੰਚ ਥੜ੍ਹਿਆਂ ਦਾ ਇਹ ਹਾਲ ਕਿ ਕਈ ਵਾਰ ਗੱਡਿਆਂ ਨੂੰ ਸਟੇਜ ਬਣਾਉਣਾ ਪੈਣਾ। ਦਰਸ਼ਕ ਕਿਤੇ ਸਾਹਮਣੇ ਡੂੰਘੇ ਟੋਏ ਵਿਚ ਬੈਠੇ ਹਨ, ਕਿਤੇ ਕੱਚਿਆਂ ਕੋਠਿਆਂ ਉਤੇ, ਕਿਤੇ ਨੇੜੇ ਦੇ ਦਰੱਖਤਾਂ ਉਤੇ ਅਤੇ ਕਿਤੇ ਪਿੰਡ ਦੀਆਂ ਰੂੜੀਆਂ ਉਤੇ। ਅਜਿਹੇ ਰੰਗਮੰਚੀ ਵਿਰੋਧੀ ਹਾਲਾਤ ਦਾ ਸਾਹਮਣਾ ਕਰਨਾ ਕੋਈ ਸੌਖੀ ਗੱਲ ਨਹੀਂ ਸੀ ਪਰ ਗੁਰਸ਼ਰਨ ਸਿੰਘ ਨੇ ਆਪਣੀ ਹੀ ਮੌਲਿਕ ਰੰਗ-ਸ਼ੈਲੀ ਦੀ ਸਿਰਜਣਾ ਕਰ ਕੇ ਇਸ ਅਣਹੋਣੀ ਨੂੰ 'ਹੋਣੀ' ਕਰ ਦਿਖਾਇਆ। ਉਸ ਨੇ ਦਰਸ਼ਕਾਂ ਦੀ ਕਲਪਨਾ ਤੋਂ ਯਥਾਰਥ-ਸਿਰਜਣ ਦਾ ਅਜਿਹਾ ਕਲਾਤਮਕ ਕਾਰਜ ਲਿਆ ਕਿ ਦੋ-ਦੋ, ਤਿੰਨ-ਤਿੰਨ ਹਜ਼ਾਰ ਤੋਂ ਵੱਧ ਦਰਸ਼ਕ ਉਸ ਦੇ ਨਾਟਕਾਂ ਨੂੰ ਇਸ ਤਰ੍ਹਾਂ ਦੇਖਦੇ ਰਹਿੰਦੇ ਸਨ ਜਿਵੇਂ ਉਹ ਨਾਟਕ ਨਹੀਂ, ਆਪਣੀ ਹੀ ਤੁਰਦੀ-ਫਿਰਦੀ ਜ਼ਿੰਦਗੀ ਨੂੰ ਮੰਚ ਉਤੇ ਵਿਚਰਦਾ ਵੇਖ ਰਹੇ ਹੋਣ।




ਉਸ ਨੇ ਆਪਣੇ ਬਹੁਤ ਸਾਰੇ ਨਾਟਕਾਂ ਵਿਚ ਸੰਗੀਤ ਦੀ ਵੀ ਸਫਲਤਾਪੂਰਕ ਵਰਤੋਂ ਕੀਤੀ ਤੇ ਇਸ ਤੋਂ ਬਿਨਾਂ ਵੀ ਸੈਂਕੜੇ ਨਾਟਕ ਮੰਚ ਦਾ ਹਿੱਸਾ ਬਣਾਏ। ਰੋਸ਼ਨੀ ਤੇ ਆਵਾਜ਼ ਦੇ ਪ੍ਰਭਾਵਾਂ ਨੂੰ ਵੀ ਆਪਣੇ ਰੰਗਮੰਚ ਦਾ ਹਿੱਸਾ ਬਣਾਇਆ ਤੇ ਆਪਣੀ ਕਲਪਨਾ ਦੇ ਸਿਰ 'ਤੇ ਅਤੇ ਇਨ੍ਹਾਂ ਬਿਨਾਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਦਰਸ਼ਕਾਂ ਉਤੇ ਆਪਣੀਆਂ ਰੰਗਮੰਚੀ ਪੇਸ਼ਕਾਰੀਆਂ ਦੇ ਜਾਦੂਈ ਪ੍ਰਭਾਵ ਛੱਡੇ। ਹਾਂ, ਇਕ ਗੱਲ ਜ਼ਰੂਰ ਹੈ ਕਿ ਉਸ ਨੇ ਅਕਾਦਮਿਕਤਾ ਨਾਲ ਜੁੜੇ ਪੱਛਮੀ ਰੰਗਮੰਚ ਦੀ ਅੰਨ੍ਹੀ ਨਕਲ ਕਰਨ ਵਾਲੇ ਸਾਡੇ ਅੰਨ੍ਹੇ ਰੰਗਕਰਮੀਆਂ ਵਾਂਗ ਇਨ੍ਹਾਂ ਤੱਤਾਂ ਦੀ ਵਰਤੋਂ ਨਹੀਂ ਕੀਤੀ। ਉਸ ਨੇ ਆਪਣੇ ਪੰਜਾਬੀ, ਵਿਸ਼ੇਸ਼ ਤੌਰ 'ਤੇ ਪੇਂਡੂ ਪੰਜਾਬੀ ਰੰਗਮੰਚ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦੇ ਮੱਦੇਨਜ਼ਰ ਹੀ ਇਨ੍ਹਾਂ ਦੀ ਵਰਤੋਂ ਕੀਤੀ। ਇਨ੍ਹਾਂ ਸੀਮਾਵਾਂ ਤੇ ਸੰਭਾਵਨਾਵਾਂ ਦੇ ਦਾਇਰੇ ਵਿਚ ਰਹਿ ਕੇ ਵੀ ਉਸ ਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਆਪਣੇ ਦਰਸ਼ਕਾਂ ਉਤੇ ਆਪਣਾ ਕਲਾਤਮਕ ਪ੍ਰਭਾਵ ਛੱਡਣ ਵਿਚ ਕਦੇ ਫੇਲ੍ਹ ਨਹੀਂ ਹੋਈਆਂ।

ਇਤਨੀ ਗਿਣਤੀ ਤੇ ਵਿਸ਼ਾਲਤਾ ਵਿਚ ਰੰਗਮੰਚ ਕਰਨਾ ਹਾਰੀ-ਸਾਰੀ ਰੰਗਕਰਮੀ ਦੇ ਵੱਸ ਦਾ ਰੋਗ ਨਹੀਂ। ਅਜਿਹਾ ਉਹ ਬੰਦਾ ਹੀ ਕਰ ਸਕਦਾ ਹੈ ਜਿਸ ਦੇ ਸਾਹਮਣੇ ਕੋਈ ਆਦਰਸ਼ ਤੇ ਉਸ ਆਦਰਸ਼ ਨੂੰ ਪ੍ਰਾਪਤ ਕਰਨ ਦੀ ਪ੍ਰਬਲ ਭਾਵਨਾ ਤੇ ਪ੍ਰਤੀਬੱਧਤਾ (ਕੁਮਿੱਟਮੈਂਟ) ਹੋਵੇ। ਗੁਰਸ਼ਰਨ ਸਿੰਘ ਦਾ ਰੰਗਮੰਚ ਪ੍ਰਤੀਬੱਧਤਾ ਦਾ ਰੰਗਮੰਚ ਸੀ। ਗੁਰਸ਼ਰਨ ਸਿੰਘ ਦਾ ਰੰਗਮੰਚ ਜਾਗ੍ਰਿਤੀ ਜਾਂ ਚੇਤਨਾ ਦਾ ਰੰਗਮੰਚ ਸੀ। ਆਪਣੇ ਰੰਗਮੰਚ ਰਾਹੀਂ ਉਸ ਨੇ ਪੰਜਾਬੀ ਜਨ-ਸਮੂਹ ਵਿਚ ਅਜਿਹੀ ਚੇਤਨਾ ਦਾ ਸੰਚਾਰ ਤੇ ਪਾਸਾਰ ਕੀਤਾ ਜਿਹੜੀ ਮਨੁੱਖ ਨੂੰ ਸਵੈਮਾਣ ਨਾਲ ਜਿਉਣ ਦੀ ਜਾਚ ਦਾ ਕ੍ਰਾਂਤੀਕਾਰੀ ਅਹਿਸਾਸ ਕਰਵਾਉਂਦੀ ਹੈ। ਪੰਜਾਬੀ ਦਾ ਉਘਾ ਨਾਵਲਕਾਰ ਗੁਰਦਿਆਲ ਸਿੰਘ ਇਸ ਤੱਥ ਨੂੰ ਸਵੀਕਾਰ ਕਰਦਾ ਹੋਇਆ ਇਸ ਹੱਦ ਤੱਕ ਕਹਿਣ ਦਾ ਜੇਰਾ ਕਰਦਾ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਆਪਣੇ ਨਾਟਕਾਂ ਰਾਹੀਂ ਗੁਰਸ਼ਰਨ ਸਿੰਘ ਨੇ ਅਜਿਹੀ ਚੇਤਨਤਾ ਦਾ ਸੰਚਾਰ ਕੀਤਾ ਹੈ ਜਿਹੜਾ ਪੂਰਾ ਪੰਜਾਬੀ ਸਾਹਿਤ ਵੀ ਸ਼ਾਇਦ ਨਾ ਕਰ ਸਕਿਆ ਹੋਵੇ। ਉਨ੍ਹਾਂ ਦੀ ਅਰੰਭ ਕੀਤੀ ਅਗਾਂਹਵਧੂ ਲਹਿਰ ਤੋਂ ਪੰਜਾਬ ਦੀਆਂ ਬਹੁਤ ਸਾਰੀਆਂ ਨਾਟਕ ਮੰਡਲੀਆਂ ਨੇ ਪ੍ਰੇਰਨਾ ਲੈ ਕੇ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਬਾਰੇ ਜੋ ਜਾਗ੍ਰਿਤੀ ਪੈਦਾ ਕੀਤੀ ਹੈ, ਉਸ ਦੀ ਮਿਸਾਲ ਸ਼ਾਇਦ ਪੂਰੇ ਦੇਸ਼ ਵਿਚ ਹੀ ਮਿਲਣੀ ਮੁਸ਼ਕਲ ਹੈ। ਸ਼ਾਇਰ ਸੁਰਜੀਤ ਪਾਤਰ ਨੇ ਆਪਣੇ ਕਾਵਿਕ ਅੰਦਾਜ਼ ਵਿਚ ਇਸੇ ਸੱਚ ਨੂੰ ਇਸ ਤਰ੍ਹਾਂ ਪ੍ਰਵਾਨ ਕੀਤਾ ਹੈ ਕਿ ਗੁਰਸ਼ਰਨ ਸਿੰਘ ਨੇ 'ਧੁਨ ਉਡੀਕਦੀ ਫਿਜ਼ਾ ਵਿਚ ਤਰੰਗਾਂ ਛੇੜੀਆਂ ਹਨ। ਉਸ ਦੇ ਪੋਟਿਆਂ ਤੇ ਸੁਰਾਂ ਦਰਮਿਆਨ ਕੋਈ ਫਾਸਲੇ, ਕੋਈ ਲੀਕ ਨਹੀਂ।'

ਕਹਾਣੀਕਾਰ ਵਰਿਆਮ ਸਿੰਘ ਸੰਧੂ ਮੁਤਾਬਿਕ, 'ਗੁਰਸ਼ਰਨ ਸਿੰਘ ਨੇ ਪੰਜਾਬ ਦੀ ਚੇਤਨਾ ਨੂੰ ਹਲੂਣਨ ਲਈ 'ਸਿੰਘ ਗਰਜਨਾ' ਦੀ ਆਵਾਜ਼ ਬੁਲੰਦ ਕੀਤੀ।' ਪ੍ਰਤੀਬੱਧਤਾ ਅਧੀਨ ਰੰਗਮੰਚੀ ਸਫਰ ਕਰਦਿਆਂ ਗੁਰਸ਼ਰਨ ਸਿੰਘ ਨੇ ਵੱਡੀਆਂ ਘਾਲਾਂ ਘਾਲੀਆਂ ਤੇ ਇਹ ਘਾਲਾਂ ਘਾਲਦਿਆਂ ਉਸ ਨੂੰ ਕਈ ਤਰ੍ਹਾਂ ਦੀਆਂ ਹਕੂਮਤੀ ਕਰੋਪੀਆਂ ਦਾ ਸਾਹਮਣਾ ਵੀ ਕਰਨਾ ਪਿਆ। ਐਮਰਜੈਂਸੀ ਦੇ ਦਿਨਾਂ ਵਿਚ ਉਸ ਨੇ ਪਾਕਿਸਤਾਨੀ ਲੇਖਕ ਨਜਮ ਹੁਸੈਨ ਸੱਯਦ ਦਾ ਤਾਨਾਸ਼ਾਹੀ ਵਿਰੁਧ ਲਿਖਿਆ ਨਾਟਕ 'ਤਖ਼ਤ ਲਾਹੌਰ' ਖੇਡਿਆ। ਭਾਵੇਂ ਨਜਮ ਹੁਸੈਨ ਸੱਯਦ ਨੇ ਇਹ ਨਾਟਕ ਪਾਕਿਸਤਾਨ ਦੇ ਡਿਕਟੇਟਰ ਅਯੂਬ ਖਾਂ ਦੀ ਤਾਨਾਸ਼ਾਹੀ ਦੇ ਵਿਰੁਧ ਲਿਖਿਆ ਸੀ ਪਰ ਆਪਣੀ ਮੂਲ ਭਾਵਨਾ ਵਿਚ ਇਹ ਹਰ ਤਰ੍ਹਾਂ ਦੀ ਤਾਨਾਸ਼ਾਹੀ ਦੇ ਵਿਰੋਧ ਵਿਚ ਵੀ ਜਾਂਦਾ ਸੀ। ਗੁਰਸ਼ਰਨ ਸਿੰਘ ਦੇ ਦੱਸਣ ਮੁਤਾਬਕ ਉਸ ਨੇ ਇਹ ਨਾਟਕ 9 ਸਤੰਬਰ 1975 ਨੂੰ ਅੰਮ੍ਰਿਤਸਰ ਵਿਖੇ ਨਾਟਕ ਕਲਾ ਕੇਂਦਰ ਦੀ ਸਟੇਜ ਤੋਂ ਮੰਚਿਤ ਕੀਤਾ ਤੇ 11 ਸਤੰਬਰ ਨੂੰ ਉਸ ਨੂੰ 311-2 ਧਾਰਾ ਅਧੀਨ ਨੌਕਰੀ ਤੋਂ ਡਿਸਮਿਸ ਕਰਨ ਦੇ ਹੁਕਮ ਮਿਲ ਗਏ। ਇਸੇ ਤਰ੍ਹਾਂ 17 ਸਤੰਬਰ 1976 ਨੂੰ ਗੁਰਸ਼ਰਨ ਸਿੰਘ ਨੇ ਜੰਮੂ ਯੂਨੀਵਰਸਿਟੀ ਦੇ ਸੱਦੇ 'ਤੇ ਨਾਟਕ 'ਕਿਵ ਕੂੜੈ ਤੁਟੈ ਪਾਲ' ਇਸ ਯੂਨੀਵਰਸਿਟੀ ਵਿਚ ਖੇਡਿਆ। ਦਰਸ਼ਕਾਂ ਵਿਚ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਸ਼ੇਖ਼ ਅਬਦੁੱਲਾ ਤੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੀ ਬੈਠੇ ਸਨ। ਨਾਟਕ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਨੇ ਸਟੇਜ ਤੋਂ ਸ਼ੇਖ਼ ਅਬਦੁੱਲਾ ਤੇ ਬਾਕੀ ਦਰਸ਼ਕਾਂ ਦੇ ਸਾਹਮਣੇ ਗੁਰਸ਼ਰਨ ਸਿੰਘ ਨੂੰ 'ਪੰਜਾਬ ਦਾ ਹੀਰਾ' ਕਹਿ ਕੇ 'ਸ਼ਾਬਾਸ਼' ਦਿੱਤੀ ਪਰ 21 ਸਤੰਬਰ ਨੂੰ ਉਸ ਨੂੰ ਅੰਮ੍ਰਿਤਸਰੋਂ ਫੜ ਕੇ ਜੇਲ੍ਹ ਵਿਚ ਡੱਕ ਦਿੱਤਾ। ਉਸ ਉਤੇ ਦੋਸ਼ ਲਾਇਆ ਗਿਆ ਕਿ ਉਹ ਖੇਮਕਰਨ ਨੇੜੇ ਰੇਲਵੇ ਪੁਲ ਹੇਠਾਂ ਤਿੰਨ ਨੌਜਵਾਨਾਂ ਨੂੰ ਪੁਲ਼ ਉਡਾਉਣ ਦੀ ਟਰੇਨਿੰਗ ਦੇ ਰਿਹਾ ਸੀ। ਗ੍ਰਿਫਤਾਰੀਆਂ ਦੇ ਇਸ ਸਿਲਸਿਲੇ ਵਿਚ ਜਦ 1981 ਵਿਚ ਪੁਲਿਸ ਦਾ ਇਕ ਹੌਲਦਾਰ ਉਨ੍ਹਾਂ ਨੂੰ ਪੁਲਿਸ ਸਟੇਸ਼ਨ ਜਾਣ ਲਈ ਕਹਿਣ ਆਇਆ ਤਾਂ ਉਨ੍ਹਾਂ ਨੇ ਪਹਿਲਾਂ ਨੌਕਰੀ ਤੋਂ ਆਪਣਾ ਅਸਤੀਫਾ ਲਿਖਿਆ ਤੇ ਅਸਤੀਫਾ ਆਪਣੇ ਡਾਇਰੈਕਟਰ ਨੂੰ ਫੜਾਉਣ ਤੋਂ ਬਾਅਦ ਆਪ ਹੌਲਦਾਰ ਨਾਲ ਥਾਣੇ ਜਾਣ ਲਈ ਤੁਰ ਪਿਆ। ਇਸ ਤਰ੍ਹਾਂ ਸੰਸਾਰ ਦੇ ਕਲਾ ਜਗਤ ਵਿਚ ਗੁਰਸ਼ਰਨ ਸਿੰਘ ਉਨ੍ਹਾਂ ਕਲਾਕਾਰਾਂ ਦੀ ਕਤਾਰ ਵਿਚ ਜਾ ਖੜ੍ਹੋਂਦਾ ਹੈ ਜਿਨ੍ਹਾਂ ਨੂੰ ਆਪਣੇ ਕਲਾ ਧਰਮ ਦੀ ਖ਼ਾਤਰ ਤਰ੍ਹਾਂ-ਤਰ੍ਹਾਂ ਦੀਆਂ ਹਕੂਮਤੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ।

ਪੰਜਾਬੀ ਰੰਗਮੰਚ ਜਗਤ ਵਿਚ ਗੁਰਸ਼ਰਨ ਸਿੰਘ ਨੇ ਸਿਰਫ ਰਚਨਾਤਮਕ ਸੰਸਥਾ ਦੀ ਤਰ੍ਹਾਂ ਹੀ ਕੰਮ ਨਹੀਂ ਕੀਤਾ ਸਗੋਂ ਇਸ ਸੰਸਥਾਤਮਕ ਸ਼ਖ਼ਸੀਅਤ ਨੇ ਆਪਣੇ ਅਣਥੱਕ ਤੇ ਕ੍ਰਿਸ਼ਮਈ ਕਾਰਜਾਂ ਰਾਹੀਂ ਬਹੁਤ ਸਾਰੇ ਹੋਰ ਰੰਗਕਰਮੀਆਂ ਨੂੰ ਇਸ ਖੇਤਰ ਵਿਚ ਕੰਮ ਕਰਨ ਲਈ ਪ੍ਰੇਰਿਆ। ਪੰਜਾਬੀ ਰੰਗ-ਜਗਤ ਵਿਚ ਕਾਰਜਸ਼ੀਲ ਅੱਜ ਕਿੰਨੇ ਹੀ ਰੰਗਕਰਮੀ ਅਜਿਹੇ ਹਨ ਜਿਹੜੇ ਸਿੱਧੇ ਜਾਂ ਅਸਿੱਧੇ ਗੁਰਸ਼ਰਨ ਸਿੰਘ ਦੇ ਪ੍ਰਭਾਵ ਹੇਠ ਇਸ ਖੇਤਰ ਵਿਚ ਪਰਵੇਸ਼ ਹੋ ਕੇ ਇਸ ਨਾਲ ਪੱਕੇ ਤੌਰ 'ਤੇ ਬੱਝੇ ਹੋਏ ਹਨ। ਕੇਵਲ ਧਾਲੀਵਾਲ ਮੰਚ ਰੰਗਮੰਚ ਅੰਮ੍ਰਿਤਸਰ, ਹੰਸਾ ਸਿੰਘ ਨਵਚਿੰਤਨ ਕਲਾ ਮੰਚ ਬਿਆਸ, ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੁੱਲਾਂਪੁਰ, ਡਾ. ਸਾਹਿਬ ਸਿੰਘ ਅਦਾਕਾਰ ਮੰਚ ਮੁਹਾਲੀ, ਅਨੀਤਾ-ਸ਼ਬਦੀਸ਼ ਸੁਚੇਤਕ ਰੰਗਮੰਚ ਮੁਹਾਲੀ, ਮਾਸਟਰ ਤਰਲੋਚਨ ਸਿੰਘ ਆਰਟ ਸੈਂਟਰ ਸਮਰਾਲਾ, ਗੁਰਪ੍ਰੀਤ ਕੌਰ ਚੇਤਨਾ ਕਲਾ ਮੰਚ ਚਮਕੌਰ ਸਾਹਿਬ, ਡਾ. ਕੁਲਦੀਪ ਦੀਪ ਸ਼ਹੀਦ ਭਗਤ ਸਿੰਘ ਕਲਾਮੰਚ ਬੋਹਾ (ਮਾਨਸਾ), ਹਰਿੰਦਰ ਦਿਵਾਨਾ ਚੇਤਨਾ ਕਲਾਮੰਚ ਬਰਨਾਲਾ, ਮੈਂ ਖੁਦ (ਅਜਮੇਰ ਔਲਖ) ਲੋਕ ਕਲਾ ਮੰਚ ਮਾਨਸਾ ਆਦਿ ਸਾਰੇ ਦੇ ਸਾਰੇ ਰੰਗਕਰਮੀ ਕਿਸੇ ਨਾ ਕਿਸੇ ਰੂਪ ਵਿਚ ਗੁਰਸ਼ਰਨ ਸਿੰਘ ਦੇ ਰੰਗਮੰਚ ਤੋਂ ਪ੍ਰੇਰਨਾ ਲੈ ਕੇ ਇਸ ਖੇਤਰ ਨਾਲ ਜੁੜੇ ਤੇ ਕਿਸੇ ਨਾ ਕਿਸੇ ਰੂਪ ਵਿਚ ਗੁਰਸ਼ਰਨ ਸਿੰਘ ਦੇ ਆਦਰਸ਼ ਦੇ ਅਨੁਕੂਲ ਹੀ ਕੰਮ ਕਰ ਰਹੇ ਹਨ।

ਲੋਕ-ਹਿੱਤਾਂ ਨੂੰ ਪਰਣਾਏ ਇਸ ਸਭਿਆਚਾਰਕ ਯੋਧੇ ਨੇ ਸਿਰਫ ਰੰਗਮੰਚ ਰਾਹੀਂ ਹੀ ਨਹੀਂ ਸਗੋਂ ਕਈ ਹੋਰ ਸਾਹਿਤਕ, ਸਭਿਆਚਾਰਕ ਤੇ ਸਮਾਜਿਕ ਕਾਰਜਾਂ ਰਾਹੀਂ ਵੀ ਉਸਾਰੂ ਤੇ ਅਗਾਂਹਵਧੂ ਸਭਿਆਚਾਰ ਉਸਾਰਨ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚ ਸਸਤੇ ਦਰ 'ਤੇ ਪੁਸਤਕ ਪ੍ਰਕਾਸ਼ਨ ਸਭ ਤੋਂ ਉਤੇ ਹੈ। ਆਪਣੇ ਮਿੱਤਰ ਫਿਲਮੀ ਅਦਾਕਾਰ ਮਰਹੂਮ ਬਲਰਾਜ ਸਾਹਨੀ ਦੀ ਯਾਦ ਵਿਚ 'ਬਲਰਾਜ ਸਾਹਨੀ ਪੁਸਤਕਾਲਾ ਪ੍ਰਕਾਸ਼ਨ' ਕਾਇਮ ਕਰ ਕੇ ਇਸ ਅਧੀਨ ਅਜਿਹੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਕੀਤੀ ਜਿਹੜੀਆਂ ਤੱਤ ਵਜੋਂ ਅਗਾਂਹਵਧੂ ਤੇ ਮਾਨਵਤਾਵਾਦੀ ਵਿਸ਼ਿਆਂ ਨਾਲ ਜੁੜੀਆਂ ਹੋਈਆਂ ਹਨ ਪਰ ਕੀਮਤ ਵਜੋਂ ਘੱਟ ਤੋਂ ਘੱਟ ਮੁੱਲ ਵਾਲੀਆਂ। ਪੰਜਾਬ ਵਿਚ ਅਗਾਂਹਵਧੂ ਮੇਲਿਆਂ ਦੀ ਪਿਰਤ ਪਾਉਣ ਵਿਚ ਗੁਰਸ਼ਰਨ ਸਿੰਘ ਦਾ ਪ੍ਰਮੁੱਖ ਤੇ ਅਗਵਾਈ ਭਰਪੂਰ ਰੋਲ ਹੈ। ਪੰਜਾਬੀ ਦੇ ਨਾਵਲਕਾਰ ਗੁਰਦਿਆਲ ਸਿੰਘ ਦੇ ਇਸ ਕਥਨ ਅਨੁਸਾਰ, "ਸਾਨੂੰ ਸਭ ਸਾਹਿਤਕਾਰਾਂ, ਰੰਗਕਰਮੀਆਂ ਅਤੇ ਲੋਕਾਂ ਪ੍ਰਤਿ ਪ੍ਰਤੀਬੱਧ ਚਿੰਤਕਾਂ ਨੂੰ ਮਾਣ ਹੈ ਕਿ ਅਸੀਂ ਸਰਦਾਰ ਗੁਰਸ਼ਰਨ ਸਿੰਘ ਦੇ ਸਮਕਾਲੀ ਰਹੇ ਹਾਂ। ਮੈਂ ਉਨ੍ਹਾਂ ਦਾ ਸਮਕਾਲੀ ਹੋਣ ਦੇ ਨਾਤੇ, ਉਨ੍ਹਾਂ ਦੇ ਮਹਾਨ ਕਾਰਜ ਅੱਗੇ ਨਤਮਸਤਕ ਹਾਂ।"

# ਗੋਬਲਜ਼ ਮਾਰਕਾ ਫਿਲਮਾਂ ਦਾ ਸੱਚ



ਪਹਿਲੀ ਗੱਲ

ਜਤਿੰਦਰ ਮੌਹਰ


ਫੋਨ: +91 97799 34747

ਰੂਸੀ ਇਨਕਲਾਬ ਤੋਂ ਬਾਅਦ ਲੈਨਿਨ ਵਲੋਂ ਸਿਨੇਮਾ ਬਾਰੇ ਦਿੱਤੇ ਬਿਆਨ ਨੂੰ ਸਾਮਰਾਜੀ ਮੁਲਕਾਂ ਨੇ ਗੰਭੀਰਤਾ ਨਾਲ ਲਿਆ। ਪਹਿਲੀ ਵਾਰ ਫ਼ਿਲਮਾਂ 'ਤੇ ਸੈਂਸਰਸ਼ਿਪ ਬਿਠਾਈ। ਸਿਨੇਮਾ ਪ੍ਰਚਾਰ ਦੇ ਹਥਿਆਰ ਵਜੋਂ ਵਰਤਿਆ ਜਾਣ ਲੱਗਿਆ। ਫ਼ਿਲਮ ਦੀ ਸਮਰੱਥਾ ਤੋਂ ਦੋਵੇਂ ਧਿਰਾਂ ਵਾਕਫ਼ ਹਨ। ਵੀਅਤਨਾਮ ਜੰਗ ਦੀ ਇਕ ਤਸਵੀਰ ਨੇ ਅਮਰੀਕਾ ਦੀ ਹਾਰ 'ਚ ਫ਼ੈਸਲਾਕੁਨ ਭੂਮਿਕਾ ਨਿਭਾਈ। ਤਸਵੀਰ 'ਚ ਬੰਬਾਰੀ ਤੋਂ ਖ਼ੌਫ਼ਜ਼ਦਾ ਕੁਝ ਬੱਚੇ ਭੱਜੇ ਜਾ ਰਹੇ ਹਨ। ਪਿੱਛੇ ਅੱਗ ਦੀਆਂ ਲਾਟਾਂ ਨਾਲ ਜੰਗਲ ਝੁਲਸ ਰਿਹਾ ਹੈ ਤੇ ਲਾਟਾਂ ਅੰਬਰ ਛੂਹ ਰਹੀਆਂ ਹਨ। ਤਸਵੀਰ ਅਖ਼ਬਾਰਾਂ 'ਚ ਛਪਣ ਤੋਂ ਬਾਅਦ ਜੰਗ ਦਾ ਪਾਸਾ ਪਲਟ ਗਿਆ। ਇੰਨੀ ਭਿਆਨਕਤਾ ਆਲਮ ਨੇ ਤਸਵੀਰ ਦੇ ਰੂਪ 'ਚ ਪਹਿਲੀ ਵਾਰ ਦੇਖੀ ਸੀ। ਪਿੱਛੋਂ ਅਜਿਹੀਆਂ ਅਮਰੀਕੀ ਫ਼ਿਲਮਾਂ ਦਾ ਹੜ੍ਹ ਆ ਗਿਆ ਜਿਨ੍ਹਾਂ 'ਚ ਬੰਬ ਡਿੱਗਣਾ, ਮਨੁੱਖੀ ਜੀਆਂ ਅਤੇ ਕੁਦਰਤ ਦਾ ਝੁਲਸਣਾ ਆਮ ਜਿਹੀ ਗੱਲ ਸੀ। ਹੁਣ ਸਾਨੂੰ ਅਜਿਹੀਆਂ ਤਸਵੀਰਾਂ ਡਰਾਉਂਦੀਆਂ ਨਹੀਂ ਹਨ। ਨਾ ਸਾਨੂੰ ਪੀੜਤਾਂ 'ਤੇ ਤਰਸ ਆਉਂਦਾ ਹੈ। ਅਸੀਂ ਤਾਂ ਮੋਟੀਆਂ ਤੇ ਸਲੂਣੀਆਂ ਖਿੱਲਾਂ ਚੱਬਦੇ ਹੋਏ ਅਜਿਹੇ ਦ੍ਰਿਸ਼ਾਂ ਦਾ 'ਭਰਪੂਰ ਸਵਾਦ' ਲੈਂਦੇ ਹਾਂ। ਨਾਇਕ ਦਾ ਸ਼ੌਕ ਦੇ ਭਾਅ 'ਚ ਗੋਲੀਆਂ ਚਲਾਉਣਾ ਅਤੇ ਬੇਹਿਸਾਬ ਬੰਦੇ ਮਾਰਨਾ 'ਰੌਚਕਤਾ' ਦਾ ਸਬੱਬ ਬਣਦਾ ਹੈ। ਸਾਮਰਾਜ ਅਜਿਹੀ 'ਰੌਚਕਤਾ' ਮਾਨਣ ਵਾਲੇ ਕਲਬੂਤ ਹੀ ਪੈਦਾ ਕਰਨੇ ਚਾਹੁੰਦਾ ਹੈ ਜੋ ਮਨੁੱਖੀ ਸੰਵੇਦਨਾ ਤੋਂ ਵਿਰਵੇ ਹੋ ਕੇ ਸੀਲ ਖਪਤਕਾਰ ਬਣ ਸਕਣ ਜਿਹੜੇ ਹੱਦਾਂ-ਸਰਹੱਦਾਂ ਤੋਂ ਪਾਰਲਿਆਂ ਨੂੰ ਸ਼ੱਕ ਦੀ ਨਜ਼ਰ ਤੋਂ ਬਿਨਾ ਹੋਰ ਕਿਸੇ ਨਜ਼ਰ ਨਾਲ ਨਾ ਦੇਖਣ। 'ਪਰਾਈ ਧਰਤੀ' ਉਤੇ ਵਾਪਰਦੇ ਸਾਕਿਆਂ ਨਾਲ ਉਨ੍ਹਾਂ ਦਾ ਕੋਈ ਜਮ੍ਹਾਂ-ਜੋੜ ਨਾ ਹੋਵੇ। ਹੱਦੋਂ ਪਾਰਲੇ ਲੋਕਾਂ 'ਤੇ ਸ਼ੱਕ ਕਰਨ ਦੀ ਸਿਖਲਾਈ ਨੂੰ ਆਮ ਸ਼ਹਿਰੀਆਂ ਦੀ ਰੋਜ਼ਾਨਾ-ਜ਼ਿੰਦਗੀ ਦਾ ਅੰਗ ਬਣਾ ਦੇਣਾ ਰਾਜਤੰਤਰ ਦਾ ਕਰੂਰ ਖ਼ਾਸਾ ਹੈ। ਇਸ ਮਸ਼ਕ 'ਚ ਖੇਡ, ਕਲਾ ਅਤੇ ਸਿਆਸਤ ਤੱਕ ਸਭ ਕੁਝ ਸ਼ਾਮਲ ਕੀਤਾ ਜਾਂਦਾ ਹੈ।

ਦੇਸੀ, ਵਿਦੇਸ਼ੀ ਸਿਨੇਮੇ ਦੀਆਂ ਗੋਬਲਜ਼ ਮਾਰਕਾ ਫ਼ਿਲਮਾਂ ਦੀ ਲੰਬੀ ਲੜੀ ਸਾਡੇ ਸਾਹਮਣੇ ਹੈ। ਪੱਛਮੀ ਫ਼ਿਲਮਾਂ ਕਮਿਊਨਿਸਟਾਂ, ਗ਼ੈਰ-ਗੋਰੇ ਲੋਕਾਂ ਅਤੇ ਨਾਟੋ ਜੰਗਬਾਜ਼ਾਂ ਨੂੰ ਵੰਗਾਰਨ ਵਾਲੇ ਮੁਲਕਾਂ ਦੀ ਨਿਸ਼ਾਨਦੇਹੀ ਦੁਸ਼ਮਣ ਵਜੋਂ ਕਰਦੀਆਂ ਹਨ। ਸਾਮਰਾਜੀ ਇਨ੍ਹਾਂ ਲੋਕਾਂ ਨੂੰ ਪਰਾਏ-ਗ੍ਰਹਿ ਦੇ ਵਾਸੀ ਸਮਝਦੇ ਹਨ ਜਿਨ੍ਹਾਂ ਨੂੰ ਧਰਤੀ 'ਤੇ ਰਹਿਣ ਦਾ ਕੋਈ ਹੱਕ ਨਹੀਂ ਹੈ। 'ਦੁਸ਼ਮਣਾਂ' ਨੂੰ ਧਰਤੀ ਦੇ ਕਿਸੇ ਵੀ ਕੋਨੇ 'ਚ ਜਾ ਕੇ ਤਬਾਹ ਕਰਨਾ ਬਸਤਾਨਾਂ (ਬਸਤੀਵਾਦੀਆਂ) ਦੀ ਬਹਾਦਰੀ ਦਾ ਸਬੂਤ ਬਣਦਾ ਹੈ। ਸਾਮਰਾਜੀਆਂ ਦੇ ਕੁਕਰਮਾਂ ਦੀ ਪਰਦਾਪੋਸ਼ੀ ਕਰਨ ਲਈ ਇਹ ਫ਼ਿਲਮਾਂ ਬਦਨਾਮ ਹਨ। ਰੈਂਬੋ ਨਾਂ ਦਾ ਕਿਰਦਾਰ ਤਿੰਨ ਦਹਾਕਿਆਂ ਤੋਂ ਵੀਅਤਨਾਮੀਆਂ, ਅਫ਼ਗਾਨੀਆਂ, ਰੂਸੀਆਂ ਅਤੇ ਬਰਮੀਆਂ ਦੇ ਛੱਕੇ ਛੁਡਾਉਂਦਾ 'ਸੂਰਮਗਤੀ ਦਾ ਅਵਤਾਰ' ਬਣ ਕੇ ਸਾਹਮਣੇ ਆਉਂਦਾ ਰਿਹਾ ਹੈ।




**ਸਵਾਲ ਪੈਦਾ ਹੁੰਦਾ ਹੈ ਕਿ ਚੰਗੀ ਫ਼ਿਲਮ ਕਿਸ ਨੂੰ ਕਿਹਾ ਜਾਵੇ? ਬਿਨਾ ਸ਼ੱਕ, ਫ਼ਿਲਮ ਦਾ ਕਲਾਤਮਕ ਪੱਖ ਅਹਿਮ ਹੈ ਪਰ ਸਭ ਤੋਂ ਅਹਿਮ ਫ਼ਿਲਮ ਦਾ ਵਿਸ਼ਾ ਹੈ। ਉਹ ਵਿਸ਼ਾ ਜੋ ਮਨੁੱਖ ਦੇ ਹੱਕ ਵਿਚ ਭੁਗਤਦਾ ਹੋਵੇ; ਜੋ ਬੀਤੇ ਸਮਿਆਂ ਦਾ ਜਾਪ ਨਾ ਹੋ ਕੇ ਸਮਕਾਲੀ ਸਰੋਕਾਰਾਂ ਨੂੰ ਮੁਖ਼ਾਤਬ ਹੋਵੇ। ਕਲਾ ਅਤੇ ਪ੍ਰਬੰਧ ਮਨੁੱਖ ਲਈ ਹੈ ਨਾ ਕਿ ਮਨੁੱਖ ਕਲਾ ਅਤੇ ਪ੍ਰਬੰਧ ਲਈ। ਕਿਤੇ ਲੋਕਾਈ ਨੂੰ ਦਿਲ ਅਤੇ ਦਿਮਾਗ ਤੋਂ .ਗੈਰ-ਹਾਜ਼ਰ ਕਰਦੀ ਸੋਚ ਨੂੰ ਚੰਗੀ ਫ਼ਿਲਮ ਦਾ ਪੈਮਾਨਾ ਨਾ ਸਮਝ ਲਿਆ ਜਾਵੇ।**




ਅਜਿਹੀਆਂ ਅਣਗਿਣਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਅਜਿਹੀਆਂ ਫ਼ਿਲਮਾਂ ਨਾਟੋ-ਇਜ਼ਰਾਈਲ ਜੰਗੀ ਨੀਤੀਆਂ ਦਾ ਸਾਕਾਰ ਰੂਪ ਬਣਦੀਆਂ ਹਨ। ਸੰਨ੍ਹ ਲਾ ਕੇ ਕਤਲ ਕਰਨ ਦੇ ਇਸਰਾਈਲੀ ਨਮੂਨੇ ਇਨ੍ਹਾਂ ਫ਼ਿਲਮਾਂ ਦਾ ਅਟੁੱਟ ਅੰਗ ਹਨ। ਨਵੀਂ ਤਕਨੀਕ ਅਤੇ ਹਥਿਆਰਾਂ ਨਾਲ ਲੈਸ, ਚਮਕੀਲੀਆਂ ਵਰਦੀਆਂ ਪਾਈ ਫਿਰਦੇ ਫ਼ੌਜੀ, ਬੰਦਿਆਂ ਦਾ ਜਾਨਵਰਾਂ ਵਾਂਗੂੰ ਸ਼ਿਕਾਰ ਕਰਦੇ ਦਿਖਾਏ ਜਾਂਦੇ ਹਨ। ਇਹ ਕਰੂਰਤਾ ਇੰਨੀ ਅਦਾ ਨਾਲ ਦਿਖਾਈ ਜਾਂਦੀ ਹੈ ਕਿ ਦੇਖਣ ਵਾਲੇ ਲਈ, ਬੰਦੇ ਨੂੰ ਮਾਰਨਾ ਦਿਲ-ਖਿੱਚਵੀਂ ਖੇਡ ਜਿਹਾ ਲਗਦਾ ਹੈ। ਸਟੀਵਨ ਸਪੀਲਬਰਗ ਵਰਗਾ ਮਸ਼ਹੂਰ ਫ਼ਿਲਮਸਾਜ਼ ਸੰਨ੍ਹ ਲਾ ਕੇ ਕਤਲ ਕਰਨ ਦੇ ਮੁੱਦੇ ਉਤੇ 'ਮਿਊਨਿਖ' ਫ਼ਿਲਮ ਬਣਾਉਂਦਾ ਹੈ। ਫ਼ਿਲਮ ਸੰਨ 1964 ਦੀਆਂ ਮਿਊਨਿਖ ਉਲੰਪਿਕ ਖੇਡਾਂ ਦੌਰਾਨ ਮਾਰੇ ਗਏ ਇਸਰਾਈਲੀ ਖਿਡਾਰੀਆਂ ਦਾ ਬਦਲਾ ਲੈਣ ਦੀ ਕਹਾਣੀ ਹੈ। ਫ਼ਲਸਤੀਨੀਆਂ ਵਲੋਂ ਅਜਿਹਾ ਕਦਮ ਚੁੱਕਣ ਦੇ ਕਾਰਨਾਂ ਦੀ ਵੱਖਰੀ ਤਫ਼ਸੀਲ ਦਿੱਤੀ ਜਾ ਸਕਦੀ ਹੈ ਜੋ ਉਸ ਦੌਰ ਦੇ ਜਰਮਨੀ ਅਤੇ ਕੌਮਾਂਤਰੀ ਹਾਲਾਤ ਬਾਰੇ ਤਸਵੀਰ ਨੂੰ ਸਾਫ਼ ਕਰ ਸਕੇਗੀ। ਫ਼ਿਲਹਾਲ ਅਸੀਂ ਫ਼ਿਲਮ ਦੇ ਪ੍ਰਸੰਗ ਵਿਚ ਗੱਲ ਕਰਾਂਗੇ।

ਇਸਰਾਈਲ ਦੀ ਪ੍ਰਧਾਨ ਮੰਤਰੀ ਯਹੂਦੀ ਖ਼ੁਫ਼ੀਆ ਦਲ ਨੂੰ ਸੰਨ੍ਹ ਲਾ ਕੇ ਕਤਲ ਕਰਨ ਦਾ ਜ਼ਿੰਮਾ ਸੌਂਪਦੀ ਹੈ। ਖ਼ੁਫ਼ੀਆ ਦਲ ਜ਼ਿੰਮੇਵਾਰ ਲੋਕਾਂ ਨੂੰ ਵੱਖਰੇ ਵੱਖਰੇ ਮੁਲਕਾਂ ਵਿਚ ਲੱਭ ਕੇ ਮਾਰਦਾ ਹੈ। ਦਲ ਵਿਚਲੇ ਕੁਝ ਸਿਪਾਹੀ ਮਾਰੇ ਜਾਂਦੇ ਹਨ। ਬੇਵਿਸਾਹੀ ਦੇ ਆਲਮ ਵਿਚ ਕੁਝ ਮਾਨਸਿਕ ਰੋਗੀ ਬਣਨ ਦੀ ਹਾਲਤ ਵਿਚ ਪਹੁੰਚ ਜਾਂਦੇ ਹਨ। ਫ਼ਿਲਮ ਇਸਰਾਈਲੀ ਬਸ਼ਿੰਦਿਆਂ ਉੱਤੇ ਜੰਗੀ ਨੀਤੀਆਂ ਦੇ ਅਸਰ ਨੂੰ ਦਿਖਾਉਂਦੀ ਹੈ ਜੋ ਬਿਮਾਰ ਸਮਾਜ ਪੈਦਾ ਕਰ ਰਹੀਆਂ ਹਨ। ਇਸ ਦੇ ਬਾਵਜੂਦ ਸਪੀਲਬਰਗ ਦਾ ਮੰਨਣਾ ਹੈ ਕਿ ਫ਼ਿਲਮ ਸੰਨ੍ਹ ਲਾ ਕੇ ਕਤਲ ਕਰਨ ਦੇ ਖ਼ਿਲਾਫ਼ ਨਹੀਂ ਹੈ। ਫ਼ਿਲਮਸਾਜ਼ ਦਾ ਬਿਆਨ ਫ਼ਿਲਮ ਦੇ ਪਿੱਛੇ ਦੀ ਸਿਆਸਤ ਨੂੰ ਉਘਾੜਦਾ ਹੈ।

ਫ਼ਿਲਮਸਾਜ਼ ਜੇਮਜ਼ ਕੈਮਰੂਨ ਦੀ ਸ਼ਾਹਕਾਰ ਫ਼ਿਲਮ 'ਅਵਤਾਰ' ਸੰਨ 2009 ਵਿਚ ਪਰਦਾ-ਪੇਸ਼ ਹੋਈ ਜੋ ਅਮਰੀਕਾ ਦੀਆਂ ਮੁਨਾਫ਼ਾਖ਼ੋਰ ਅਤੇ ਜੰਗੀ ਨੀਤੀਆਂ ਦੇ ਖ਼ਿਲਾਫ਼ ਨਿਮਾਣਿਆਂ ਅਤੇ ਨਿਤਾਣਿਆਂ ਦੀ ਆਵਾਜ਼ ਬਣਦੀ ਹੈ। ਫ਼ਿਲਮ ਨੂੰ ਦੁਨੀਆਂ ਪੱਧਰ 'ਤੇ ਵੱਡੀ ਕਾਮਯਾਬੀ ਮਿਲੀ। ਉਸੇ ਸਾਲ ਜੇਮਜ਼ ਦੀ ਸਾਬਕਾ ਸਾਥਣ ਕੈਥਰੀਨ ਬਿਗਲੋ ਦੀ ਫ਼ਿਲਮ 'ਦਿ ਹਰਟ ਲੌਕਰ' ਵੀ ਪਰਦਾ-ਪੇਸ਼ ਹੋਈ ਸੀ। ਇਹ ਫ਼ਿਲਮ ਇਰਾਕ ਵਿਚ ਬੰਬ ਬੇਅਸਰ ਕਰਨ ਵਾਲੇ ਅਮਰੀਕੀ ਫ਼ੌਜੀਆਂ ਬਾਰੇ ਸੀ। ਅਮਰੀਕੀ ਫ਼ੌਜੀਆਂ ਨੂੰ ਇਰਾਕ ਦੇ ਰਾਖਿਆਂ ਵਜੋਂ ਅਤੇ ਇਰਾਕੀਆਂ ਨੂੰ ਖ਼ੂਨ ਪੀਣੇ ਸ਼ੈਤਾਨ ਬਣਾ ਕੇ ਪੇਸ਼ ਕੀਤਾ ਗਿਆ। ਫ਼ਿਲਮ ਦਾ ਫ਼ੌਜੀ ਕਿਰਦਾਰ ਕਹਿੰਦਾ ਹੈ ਕਿ ਜਦੋਂ ਤੱਕ ਟੈਂਕ ਸਾਡੇ ਕੋਲ ਹਨ, ਸਾਨੂੰ ਕੋਈ ਨਹੀਂ ਹਰਾ ਸਕਦਾ। ਇਹ ਅਮਰੀਕਾ ਦੀ ਜੰਗੀ ਹੈਂਕੜ ਦਾ ਪ੍ਰਗਟਾਵਾ ਹੈ। ਫ਼ਿਲਮ ਅਮਰੀਕੀ ਫ਼ੌਜੀਆਂ ਦੀ 'ਬਹਾਦਰੀ' ਅਤੇ 'ਮੁਸ਼ੱਕਤ' ਦੀ ਇਕਤਰਫ਼ਾ ਤਸਵੀਰ ਪੇਸ਼ ਕਰਦੀ ਹੈ। ਜ਼ਾਹਰਾ ਤੌਰ 'ਤੇ ਫ਼ਿਲਮ ਇਰਾਕ ਵਿਚ ਅਮਰੀਕਾ ਦੀਆਂ ਕਰਤੂਤਾਂ ਲੁਕੋਣ ਲਈ ਬਣਾਈ ਗਈ ਸੀ। ਦੋਵੇਂ ਫ਼ਿਲਮਾਂ ਇਕ-ਦੂਜੇ ਦੇ ਖ਼ਿਲਾਫ਼ ਖੜ੍ਹਦੀਆਂ ਹਨ। ਜੇਮਜ਼ ਹਦਾਇਤਕਾਰੀ ਦੇ ਆਸਕਰ ਖ਼ਿਤਾਬ ਲਈ ਸਭ ਤੋਂ ਵੱਡਾ ਦਾਅਵੇਦਾਰ ਸੀ। ਪ੍ਰਬੰਧਕਾਂ ਨੇ ਕੈਥਰੀਨ ਬਿਗਲੋ ਨੂੰ ਹਦਾਇਤਕਾਰੀ ਦੇ ਆਸਕਰ ਨਾਲ ਨਿਵਾਜ ਕੇ ਸਾਰੀਆਂ ਗਿਣਤੀਆਂ-ਮਿਣਤੀਆਂ ਉਲਟਾ ਦਿੱਤੀਆਂ। ਦੋਵੇਂ ਫ਼ਿਲਮਸਾਜ਼ ਤਕਨੀਕੀ ਹੁਨਰ ਦੇ ਮਾਮਲੇ 'ਚ ਬਰਾਬਰ ਮੜ੍ਹਿਕ ਸਕਦੇ ਹਨ।

ਸੋ, ਹੁਨਰ ਖਰੀਦਿਆ ਜਾ ਸਕਦਾ ਹੈ ਪਰ ਮਨੁੱਖਤਾ ਨੂੰ ਪ੍ਰਣਾਏ ਜਜ਼ਬੇ ਦੀ ਸਿਦਕਦਿਲੀ ਨਹੀਂ ਖਰੀਦੀ ਜਾ ਸਕਦੀ। ਮਸਲਾ ਸਰਬੱਤ ਦੇ ਭਲੇ ਦੀ ਸੋਚ ਨਾਲ ਖੜਨ ਜਾਂ ਡਾਢਿਆਂ ਦਾ ਝਾੜੂ-ਬਰਦਾਰ ਬਣਨ 'ਚੋਂ ਇਕ ਧਿਰ ਚੁਣਨ ਦਾ ਹੈ। ਸਾਰੀਆਂ ਫ਼ਿਲਮਾਂ ਕੈਮਰੇ ਨਾਲ ਬਣਦੀਆਂ ਹਨ ਪਰ ਕੈਮਰੇ ਪਿਛਲੀ ਐਨਕ ਰਾਜਤੰਤਰ ਤੋਂ ਖ਼ੁਫ਼ੀਆ ਤੰਤਰ ਤੱਕ ਕਿਸੇ ਦੀ ਵੀ ਹੋ ਸਕਦੀ ਹੈ। ਇਹੀ ਐਨਕ ਜੇਮਜ਼ ਕੈਮਰੂਨ ਵਰਗਿਆਂ ਦੀ ਵੀ ਹੋ ਸਕਦੀ ਹੈ। ਫ਼ਿਲਮ ਦਾ ਖ਼ਾਸਾ ਫ਼ਿਲਮਸਾਜ਼ ਦੇ ਨਜ਼ਰੀਏ ਨੇ ਤੈਅ ਕਰਨਾ ਹੈ।

ਭਾਰਤੀ ਫ਼ਿਲਮ ਸਨਅਤ ਨੇ ਲੋਕ ਸੰਘਰਸ਼ਾਂ, ਮੁਸਲਮਾਨਾਂ ਅਤੇ ਗੁਆਂਢੀ ਮੁਲਕਾਂ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਂਦੀਆਂ ਅਤੇ ਸਸਤੇ ਕਿਸਮ ਦੀ ਮੁਲਕਪ੍ਰਸਤੀ ਨੂੰ ਵਡਿਆਉਂਦੀਆਂ ਬਹੁਤ ਸਾਰੀਆਂ ਫ਼ਿਲਮਾਂ ਬਣਾਈਆਂ ਹਨ। 'ਬਲੈਕ ਫਰਾਈਡੇ', 'ਅ ਵੈਡਨਸਡੇ', 'ਗ਼ਦਰ', 'ਸਰਫ਼ਰੋਸ਼' ਅਤੇ 'ਰੈੱਡ ਅਲਰਟ' ਜਿਹੀਆਂ ਫ਼ਿਲਮਾਂ ਇਸ ਰੁਝਾਨ ਦੀਆਂ ਨੁਮਾਇੰਦਾ ਫ਼ਿਲਮਾਂ ਹਨ। ਉੱਪਰ ਦਿੱਤੀਆਂ ਬਹੁਤੀਆਂ ਫ਼ਿਲਮਾਂ ਚਾਲੂ ਫ਼ਿਲਮ ਸਕੂਲ ਦੀ ਵਿਆਕਰਨ ਮੁਤਾਬਕ ਅੱਵਲ ਦਰਜੇ ਦੀਆਂ ਹਨ। ਇਸ ਵਿਆਕਰਨ ਵਿਚ ਪਟਕਥਾ, ਸੰਵਾਦ ਅਤੇ ਅਦਾਕਾਰੀ ਤੋਂ ਲੈ ਕੇ ਫ਼ਿਲਮ ਕਲਾ ਦਾ ਹਰ ਪੱਖ ਸ਼ਾਮਿਲ ਹੈ। ਇਹ ਫਿਲਮਾਂ ਹਿਟਲਰ ਦੇ ਪ੍ਰਾਪੇਗੰਡਾ ਮੰਤਰੀ ਗੋਬਲਜ਼ ਦੇ ਕਹਿਣ ਮੁਤਾਬਕ, ਇਕੋ ਝੂਠ ਵਾਰ ਵਾਰ ਬੋਲ ਕੇ ਉਸੇ ਨੂੰ ਹੀ ਸੱਚ ਬਣਾ ਕੇ ਪੇਸ਼ ਕਰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਚੰਗੀ ਫ਼ਿਲਮ ਕਿਸ ਨੂੰ ਕਿਹਾ ਜਾਵੇ? ਬਿਨਾ ਸ਼ੱਕ, ਫ਼ਿਲਮ ਦਾ ਕਲਾਤਮਕ ਪੱਖ ਅਹਿਮ ਹੈ ਪਰ ਸਭ ਤੋਂ ਅਹਿਮ ਫ਼ਿਲਮ ਦਾ ਵਿਸ਼ਾ ਹੈ। ਉਹ ਵਿਸ਼ਾ ਜੋ ਮਨੁੱਖ ਦੇ ਹੱਕ ਵਿਚ ਭੁਗਤਦਾ ਹੋਵੇ; ਜੋ ਬੀਤੇ ਸਮਿਆਂ ਦਾ ਜਾਪ ਨਾ ਹੋ ਕੇ ਸਮਕਾਲੀ ਸਰੋਕਾਰਾਂ ਨੂੰ ਮੁਖ਼ਾਤਬ ਹੋਵੇ। ਕਲਾ ਅਤੇ ਪ੍ਰਬੰਧ ਮਨੁੱਖ ਲਈ ਹੈ ਨਾ ਕਿ ਮਨੁੱਖ ਕਲਾ ਅਤੇ ਪ੍ਰਬੰਧ ਲਈ। ਕਿਤੇ ਲੋਕਾਈ ਨੂੰ ਦਿਲ ਅਤੇ ਦਿਮਾਗ ਤੋਂ ਗ਼ੈਰ-ਹਾਜ਼ਰ ਕਰਦੀ ਸੋਚ ਨੂੰ ਚੰਗੀ ਫ਼ਿਲਮ ਦਾ ਪੈਮਾਨਾ ਨਾ ਸਮਝ ਲਿਆ ਜਾਵੇ।

# ਰਜਤ ਗੁਪਤਾ:ਆਪਣੇ ਵਜ਼ਨ ਹੇਠ ਸ਼ਿਕਨ ਹੋਇਆ ਬੁੱਤ

(ਸਫਾ 15 ਦੀ ਬਾਕੀ)

ਪੀ.ਆਈ.), ਦ ਵਰਲਡ ਬੈਂਕ ਗਰੁੱਪ, ਯੂ.ਕੇ. ਡਿਪਾਰਟਮੈਂਟ ਆਫ਼ ਇੰਟਰਨੈਸ਼ਨਲ ਡਿਵੈਲਪਮੈਂਟ (ਡੀ.ਐਫ਼.ਆਈ.ਡੀ.), ਯੂ.ਐਨ. ਵਰਲਡ ਫੂਡ ਪ੍ਰੋਗਰਾਮ, ਯੂਨੀਸੈਫ਼, ਯੂਨਾਈਟਡ ਸਟੇਟਸ ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮਨ ਸਰਵਿਸਿਜ਼, ਯੂ.ਐਸ.ਏਡ (ਅਮਰੀਕਾ ਏਡ) ਅਤੇ ਵਰਲਡ ਹੈਲਥ ਆਰਗੇਨਾਈਜੇਸ਼ਨ (ਡਬਲਯੂ.ਐਚ.ਓ.) ਸ਼ਾਮਿਲ ਹਨ। ਇਸ ਸੰਸਥਾ ਦੇ ਬੋਰਡ ਦੇ ਚੇਅਰਮੈਨ ਐਨ.ਆਰ. ਨਾਰਾਇਣ ਮੂਰਤੀ (ਇਨਫੋਸਿਸ ਵਾਲੇ) ਹਨ। ਗਵਰਨਿੰਗ ਬੋਰਡ ਵਿਚ ਮੌਂਟੇਕ ਸਿੰਘ ਆਹਲੂਵਾਲੀਆ, ਮੁਕੇਸ਼ ਅੰਬਾਨੀ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਵਾਈ. ਵੇਣੂਗੋਪਾਲ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਭਾਰਤ ਦੇ ਸਿਹਤ ਨਾਲ ਜੁੜੇ ਹਰ ਮਹਿਕਮੇ ਦੀ ਅਫ਼ਸਰਸ਼ਾਹੀ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਪ੍ਰਬੰਧਕ ਸ਼ਾਮਿਲ ਹਨ। ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ ਦੇ ਡਾ. ਕੇ ਸ੍ਰੀਨਾਥ ਰੈਡੀ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਹੈਲਥ ਟੀਮ ਦੇ ਮੁਖੀ ਸਨ ਅਤੇ ਹੁਣ ਉਹ ਪੀ.ਐਚ.ਐਫ਼. ਆਈ. ਦੇ ਪ੍ਰਧਾਨ ਹਨ। ਸਰਕਾਰੀ ਮਹਿਕਮਿਆਂ ਵਿਚੋਂ ਪੀ.ਐਚ.ਐਫ਼.ਆਈ. ਵਿਚ ਨਿਯੁਕਤੀਆਂ ਪ੍ਰਧਾਨ ਮੰਤਰੀ ਦੀ ਪ੍ਰਵਾਨਗੀ ਨਾਲ ਹੋਈਆਂ ਹਨ। ਇਸ ਜੁਟ ਦਾ ਕੋਈ ਕੰਮ ਭਾਰਤੀ ਰਾਜਤੰਤਰ ਦੇ ਸਵਾਲਾਂ ਦੇ ਘੇਰੇ ਵਿਚ ਕਿਵੇਂ ਆ ਸਕਦਾ ਹੈ? ਜਦੋਂ ਸਰਕਾਰੀ ਸਰਪ੍ਰਸਤੀ ਤਹਿਤ ਨਿੱਜੀ ਕਾਰੋਬਾਰ ਚੱਲਦਾ ਹੈ ਤਾਂ ਇਹ 'ਇੰਨਸਾਇਡ ਟ੍ਰੇਡਿੰਗ' ਕਿਉਂ ਨਹੀਂ ਹੈ? ਕੇਂਦਰੀ ਸਿਹਤ ਮੰਤਰਾਲਾ ਪੀ.ਐਚ.ਐਫ਼.ਆਈ. ਦੀ 'ਸਿਹਤ ਸੰਭਾਲ ਪ੍ਰਬੰਧ ਦੀ ਮੁੜ-ਤਰਤੀਬੀ ਕਰਨ ਵਿਚ ਭੂਮਿਕਾ' ਨੂੰ ਅਹਿਮ ਮੰਨਦਾ ਹੈ।

ਰਜਤ ਗੁਪਤਾ ਦੇ ਭਾਰਤ ਵਿਚ ਅਸਰ ਰਸੂਖ਼ ਦਾ ਅੰਦਾਜ਼ਾ ਉਸ ਦੀ ਕੰਪਨੀ 'ਨਿਊ ਸਿਲਕ ਰੂਟ' ਤੋਂ ਵੀ ਹੁੰਦਾ ਹੈ। ਰਾਜਾਰਤਨਮ ਦੀ ਹਿੱਸੇਦਾਰੀ ਨਾਲ ਇਹ ਕੰਪਨੀ ਭਾਰਤ ਵਿਚ ਨਿਵੇਸ਼ ਲਈ ਬਣਾਈ ਗਈ ਸੀ। ਇਸੇ ਕੰਪਨੀ ਦੀ ਅੱਗੇ ਕੰਪਨੀ ਔਗੇਰੇ ਮੌਰੀਸ਼ੀਅਸ ਹੈ ਜਿਸ ਨੂੰ ਮੱਧ ਪ੍ਰਦੇਸ਼ ਵਿਚ 'ਬੇਤਾਰ ਬਰੌਡਬੈਂਡ ਸੇਵਾ' ਮੁਹੱਈਆ ਕਰਨ ਦਾ ਲਾਈਸੈਂਸ ਮਿਲਿਆ ਹੈ। ਇਹ ਕੰਪਨੀ ਰਾਵਲਪਿੰਡੀ, ਲਾਹੌਰ, ਕਰਾਚੀ ਅਤੇ ਇਸਲਾਮਾਬਾਦ ਵਿਚ ਬਰੌਡਬੈਂਡ ਸੇਵਾਵਾਂ ਮੁਹੱਈਆ ਕਰਦੀ ਹੈ। ਇਸ ਦੇ ਬਾਨੀਆਂ ਵਿਚ ਪਾਕਿਸਤਾਨ ਦੇ ਵਿੱਤ ਮੰਤਰੀ ਅਬਦੁਲ ਹਫ਼ੀਜ਼ ਸ਼ੇਖ਼ ਸ਼ਾਮਿਲ ਹਨ। ਪਾਕਿਸਤਾਨ ਦੇ ਹਰ ਹਵਾਲੇ ਉੱਤੇ ਸ਼ੱਕ ਕਰਨ ਦੀ ਮਹਾਰਤ ਰੱਖਣ ਵਾਲੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਮਾਮਲੇ ਵਿਚ ਕੋਈ ਉਜਰ ਨਹੀਂ ਕੀਤਾ। ਇਹ ਤਾਂ ਜੱਗ ਜ਼ਾਹਿਰ ਹੈ ਕਿ ਟੈਕਸ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਦੀਆਂ ਸ਼ਰਤਾਂ ਤੋਂ ਛੋਟਾਂ ਲੈਣ ਲਈ ਵਿਦੇਸ਼ੀ ਕੰਪਨੀਆਂ ਮੌਰੀਸ਼ੀਅਸ ਰਾਹੀਂ ਭਾਰਤ ਵਿਚ ਨਿਵੇਸ਼ ਕਰਦੀਆਂ ਹਨ। ਰਜਤ ਗੁਪਤਾ ਇਸ ਮਾਮਲੇ ਵਿਚ ਕਿਵੇਂ ਪਿੱਛੇ ਰਹਿ ਸਕਦਾ ਸੀ?

ਹੁਣ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਰਜਤ ਗੁਪਤਾ ਇੰਨਾ ਤਾਕਤਵਰ ਅਤੇ ਅਸਰ-ਰਸੂਖ਼ ਵਾਲਾ ਹੋਣ ਦੇ ਬਾਵਜੂਦ ਜਾਂਚ ਦੇ ਘੇਰੇ ਵਿਚ ਕਿਉਂ ਆ ਗਿਆ? ਉਸ ਵਾਲੇ ਕਾਰੋਬਾਰ ਵਿਚ ਹੋਰ ਬਹੁਤ ਖਿਡਾਰੀ ਹਨ। ਇਸ ਵਿਚ ਸਰਕਾਰਾਂ ਦੀ ਦਿਲਚਸਪੀ ਹੈ। ਪੂੰਜੀਵਾਦ ਮੌਜੂਦਾ ਮੰਦੀ ਵਿਚੋਂ ਨਿਕਲਣ ਲਈ ਛਟਪਟਾ ਰਿਹਾ ਹੈ। ਅਜਿਹੇ ਮੌਕੇ ਪੂੰਜੀਵਾਦ ਜ਼ਿਆਦਾ ਹਮਲਾਵਰ ਹੁੰਦਾ ਹੈ। ਰਜਤ ਗੁਪਤਾ ਦਾ ਮਾਮਲਾ ਕਿਸੇ ਇਨਸਾਫ਼ ਦੀ ਭਾਵਨਾ ਵਿਚੋਂ ਬਾਹਰ ਨਹੀਂ ਆਇਆ ਸਗੋਂ ਇਸ ਦਾ ਅਸਲ ਕਾਰਨ ਕਾਰੋਬਾਰ ਵਿਚ ਚੱਲਦਾ ਮੁਕਾਬਲਾ ਹੈ। ਇਸ ਮੁਕਾਬਲੇ ਤਹਿਤ ਭ੍ਰਿਸ਼ਟਾਚਾਰ ਦਾ ਇਹ ਮਾਮਲਾ ਵਿਅਕਤੀਗਤ ਕਿਰਦਾਰ ਦੀ ਗਿਰਾਵਟ ਜਾਂ ਵਕਤੀ ਲਾਲਚ ਨਾਲ ਜੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਸਵਾਲ ਇਹ ਹੈ ਕਿ ਇਹ ਮਾਮਲਾ ਸਿਰਫ਼ ਵਕਤੀ ਲਾਲਚ ਦਾ ਹੈ ਜਾਂ ਇਸ ਨੂੰ ਕਿਸੇ ਰੁਝਾਨ ਦੀ ਕੜੀ ਵਜੋਂ ਵੇਖਿਆ ਜਾਣਾ ਬਣਦਾ ਹੈ? ਵਿੱਤੀ ਕਾਰੋਬਾਰ ਦਾ ਖ਼ਾਸਾ ਹਿੱਸੇਪੱਤੀਆਂ, ਅੰਦਾਜ਼ਿਆਂ ਅਤੇ ਸੱਟਾਬਾਜ਼ਾਰੀ ਨਾਲ ਜੁੜਿਆ ਹੋਇਆ ਹੈ। ਇਸ ਖ਼ਾਸੇ ਵਿਚੋਂ ਹੇਰਾਫੇਰੀਆਂ ਦੀ ਗੁੰਜਾਇਸ਼ ਨੂੰ ਮਨਫ਼ੀ ਕਿਵੇਂ ਕੀਤਾ ਜਾ ਸਕਦਾ ਹੈ? ਸਰਕਾਰੀ ਅਦਾਰਿਆਂ ਨੂੰ ਤੋੜ ਕੇ ਨਿੱਜੀ ਕਾਰੋਬਾਰ ਉਸਾਰਨ ਦਾ ਰੁਝਾਨ ਪੂੰਜੀ ਅਤੇ ਸਰਕਾਰਾਂ ਦੇ ਗੱਠਜੋੜ ਨਾਲ ਚੱਲ ਰਿਹਾ ਹੈ। ਇਸ ਮਾਮਲੇ ਵਿਚ ਰਜਤ ਗੁਪਤਾ ਅਤੇ ਰੂਪਰਟ ਮਰਡੌਕ ਦੇ ਕਾਰੋਬਾਰ ਦੀਆਂ ਬਹੁਤ ਸਾਰੀਆਂ ਤੰਦਾਂ ਸਾਂਝੀਆਂ ਹਨ। ਭਾਰਤੀ ਮੀਡੀਆ ਦੀ ਚੁੱਪ ਨੇ ਇਨ੍ਹਾਂ ਤੰਦਾਂ ਨੂੰ ਜ਼ਿਆਦਾ ਉਘਾੜ ਦਿੱਤਾ ਹੈ। 'ਇਮਾਨਦਾਰ ਪ੍ਰਧਾਨ ਮੰਤਰੀ' ਦੀ ਸਰਪ੍ਰਸਤੀ ਦੇ ਹਵਾਲੇ ਤੋਂ ਬਿਨਾਂ ਰਜਤ ਗੁਪਤਾ ਦੀ ਗੱਲ ਕਿਵੇਂ ਹੋ ਸਕਦੀ ਹੈ? ਇਹ ਸਵਾਲ ਦਰਬਾਨ ਪੱਤਰਕਾਰਾਂ ਨੂੰ ਕੌਣ ਪੁੱਛ ਸਕਦਾ ਹੈ?


# ਨਾ-ਬਰਾਬਰੀ ਖਿਲਾਫ ਕੌਮਾਂਤਰੀ ਲੋਕ ਰੋਹ

(ਸਫਾ 14 ਦੀ ਬਾਕੀ)

ਦਰਮਿਆਨੇ ਉਦਯੋਗਾਂ ਦਾ ਦੀਵਾਲਾ ਕੱਢ ਰਹੀਆਂ ਹਨ। ਇਸਦੇ ਨਿਰਮਾਣ ਉਦਯੋਗ ਦੇ ਕੇਂਦਰ 'ਵੈਨਜਹੋਓ' ਸਬੰਧੀ 'ਸੰਘਾਈ ਮਾਰਨਿੰਗ ਪੋਸਟ' ਦੀ ਰਿਪੋਰਟ ਸੁੰਗੜਦੇ ਨਿਰਮਾਣ ਉਦਯੋਗ ਦੀ ਤਸਵੀਰ ਪੇਸ਼ ਕਰਦੀ ਹੈ। ਰਿਪੋਰਟ ਅਨੁਸਾਰ ਵੈਨਜਹੋਓ ਵਿਚ 10 ਸਾਲ ਪਹਿਲਾਂ ਸਿਗਰਟ ਲਾਈਟਰ ਬਣਾਉਣ ਵਾਲੀਆਂ 4000 ਫੈਕਟਰੀਆਂ ਸਨ, ਹੁਣ ਇਨ੍ਹਾਂ ਵਿਚੋਂ ਸਿਰਫ਼ 100 ਹੀ ਚਲਦੀਆਂ ਹਨ। ਅਸਲ ਵਿਚ ਪੂੰਜੀ ਇੱਥੋਂ ਨਿਕਲ ਕੇ ਰੀਅਲ ਅਸਟੇਟ ਜਿਹੇ ਗੈਰ-ਉਤਪਾਦਕ ਧੰਦੇ ਵਿਚ ਜਾ ਚੁੱਕੀ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਜਿਵੇਂ ਅਮਰੀਕਾ ਪੂੰਜੀਵਾਦ ਦੇ ਲੀਡਰ ਵਜੋਂ ਉਭਰਿਆ ਸੀ, ਸ਼ਾਇਦ ਸੰਕਟ ਵੱਲ ਨੂੰ ਵਧ ਰਿਹਾ ਚੀਨ ਹੁਣ ਅਮਰੀਕਾ ਤੇ ਯੂਰਪ ਅੰਦਰ ਸੰਕਟ 'ਚ ਫਸੇ ਪੂੰਜੀਵਾਦ ਨੂੰ ਅਗਵਾਈ ਦੇਣ ਦੇ ਸਮੱਰਥ ਨਹੀਂ ਹੈ। ਅੱਜ ਸੰਕਟਗ੍ਰਸਤ ਪੂੰਜੀਵਾਦ ਨੂੰ ਬਚਾਉਣ ਲਈ ਕੋਈ ਅਮਰੀਕਾ ਜਿਹਾ ਮਲਾਹ ਮੌਜੂਦ ਨਹੀਂ ਹੈ।

ਦੁਨੀਆ ਪੱਧਰ 'ਤੇ ਉਭਰ ਰਹੀ ਇਸ ਹਾਲਤ ਤੋਂ ਭਾਰਤ ਨੂੰ ਸਿੱਖਣ ਦੀ ਲੋੜ ਸੀ ਲੇਕਿਨ ਭਾਰਤ ਨੇ ਅਮਰੀਕਾ ਤੇ ਯੂਰਪ ਦੇ ਸੰਕਟਗ੍ਰਸਤ ਪੂੰਜੀਵਾਦੀ ਮਾਡਲ ਨਾਲ ਆਪਣੇ ਆਪ ਨੂੰ ਹੋਰ ਵਧੇਰੇ ਜੋੜਨ ਦਾ ਆਤਮਘਾਤੀ ਰਸਤਾ ਅਪਣਾ ਲਿਆ ਹੈ। 2008 ਦੇ ਸੰਕਟ ਦੇ ਅਸਰ ਤੋਂ ਬਚਣ ਲਈ ਜਿੱਥੇ ਭਾਰਤ ਦੀ ਕੇਂਦਰੀ ਹਕੂਮਤ ਨੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਲੱਖਾਂ ਕਰੋੜ ਰੁਪਏ ਦੇ ਉਤਸ਼ਾਹ ਵਧਾਊ ਪੈਕਜ ਦਿੱਤੇ ਗਏ, ਉੱਥੇ ਰੁਜ਼ਗਾਰ ਵਿਚ ਵਾਧੇ ਦੀ ਦਰ ਘਟਦੀ ਜਾ ਰਹੀ ਹੈ। ਪਬਲਿਕ ਸੈਕਟਰ ਵਿਚ 2000 ਦੇ ਮੁਕਾਬਲੇ 2008 ਤੱਕ 21 ਲੱਖ ਨੌਕਰੀਆਂ ਖਤਮ ਹੋ ਚੁੱਕੀਆਂ ਹਨ ਜਦੋਂ ਕਿ ਇਸੇ ਸਮੇਂ ਦੌਰਾਨ ਕੁਲ ਰੁਜ਼ਗਾਰ ਵਿਚ 8.38 ਲੱਖ ਨੌਕਰੀਆਂ ਦੀ ਕਮੀ ਦਰਜ ਕੀਤੀ ਗਈ ਹੈ। ਪੂੰਜੀਵਾਦੀ ਮੁਕਾਬਲੇਬਾਜ਼ੀ 'ਚ ਟਿਕਣ ਲਈ, ਆਧੁਨਿਕ ਤਕਨਾਲੋਜੀ ਜ਼ਰੀਏ, ਉਤਪਾਦਨ ਦੇ ਪ੍ਰਤੀ ਯੂਨਿਟ 'ਚ ਲੇਬਰ ਦਾ ਹਿੱਸਾ 1980 ਵਿਚ .6 ਦੇ ਮੁਕਾਬਲੇ ਘੱਟਕੇ 2007 ਵਿਚ ਸਿਰਫ 0.26 ਭਾਵ ਅੱਧਾ ਰਹਿ ਗਿਆ ਹੈ; ਜਦੋਂ ਕਿ ਉਜਰਤਾਂ ਵਿਚ ਵਾਧਾ ਬਹੁਤ ਹੀ ਸੀਮਤ ਹੈ। ਦੂਹਰੇ ਅੰਕੜੇ ਵਾਲੀ ਮਹਿੰਗਾਈ ਦਰ ਖਾਸ ਕਰਕੇ ਖਾਧ ਪਦਾਰਥਾਂ ਦੀ ਮਹਿੰਗਾਈ, ਗਰੀਬ ਲੋਕਾਂ ਦੀ ਖਰੀਦ ਸ਼ਕਤੀ ਨੂੰ ਤਿੱਖਾ ਖੋਰਾ ਲਗਾ ਰਹੀ ਹੈ ਜਦੋਂ ਕਿ ਜੱਥੇਬੰਦ ਨਿਰਮਾਣ ਖੇਤਰ ਅੰਦਰ ਅਸਲੀ ਮੁਨਾਫੇ ਦੀ ਦਰ ਜੋ 1980 ਤੋਂ ਲੈ ਕੇ 2000 ਤੱਕ 25 ਫੀਸਦ 'ਤੇ ਟਿਕੀ ਸੀ, ਉਹ 2007 ਵਿਚ ਵਧਕੇ 45 ਫੀਸਦ ਤੱਕ ਪਹੁੰਚ ਗਈ। ਜਿਉਂ ਜਿਉਂ ਖਾਦਾਂ, ਤੇਲ, ਬਿਜਲੀ, ਪ੍ਰਚੂਨ ਸੈਕਟਰ ਆਦਿ ਨੂੰ ਖੁੱਲ੍ਹੀ ਮੰਡੀ ਦੇ ਹਵਾਲੇ ਕੀਤਾ ਜਾ ਰਿਹਾ ਹੈ, ਤਿਉਂ ਤਿਉਂ ਆਮਦਨ ਦਾ ਰਿਸਾਅ ਹੋਰ ਵਧੇਰੇ ਵੱਡੀਆਂ ਕੰਪਨੀਆਂ ਵੱਲ ਹੋ ਰਿਹਾ ਹੈ। ਸਿੱਟੇ ਵਜੋਂ ਭਾਰਤ ਇਕ ਪਾਸੇ ਮੁੱਠੀ ਭਰ ਅਰਬਪਤੀ ਤੇ ਦੂਜੇ ਪਾਸੇ ਗਰੀਬਾਂ ਦੇ ਵਿਸ਼ਾਲ ਸਮੁੰਦਰ ਵਿਚਕਾਰ ਵੰਡਦਾ ਜਾ ਰਿਹਾ ਹੈ। ਵਿਕਸਤ ਮੁਲਕਾਂ ਅੰਦਰ ਗੂੰਜੇ ਬਾਰਬਰੀ ਦੇ ਨਾਹਰੇ ਦੀ ਸਾਰਥਕਤਾ ਇੱਥੇ ਹੋਰ ਵੀ ਵਧੇਰੇ ਹੈ।

ਬਰਾਬਰੀ ਲਈ ਪੂੰਜੀ ਖਿਲਾਫ ਲੋਕਾਂ ਦਾ ਇਹ ਰੋਹ ਨਿਸ਼ਚਤ ਹੀ ਪੂੰਜੀਵਾਦ ਲਈ ਕੋਈ ਫੌਰੀ ਖਤਰਾ ਨਹੀਂ ਹੈ ਕਿਉਂਕਿ ਇਸ ਲੋਕ ਰੋਹ ਦੀ ਅਗਵਾਈ ਕਰਨ ਵਾਲੇ ਲੋਕਾਂ ਕੋਲ ਕੋਈ ਬਦਲਵੇਂ ਪ੍ਰਬੰਧ ਦੀ ਰੂਪ ਰੇਖਾ ਨਹੀਂ ਹੈ। ਦੁਨੀਆ ਪੱਧਰ 'ਤੇ ਉਭਰੇ ਇਸ ਖਲਾਅ ਨੂੰ ਭਰਨ ਲਈ, ਲਾਜ਼ਮੀ ਹੀ ਅਗਾਂਹ ਵਧੂ ਸ਼ਕਤੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਕੌਮਾਂਤਰੀ ਪੱਧਰ 'ਤੇ ਉਠੇ ਇਸ ਲੋਕ ਰੋਹ ਨੂੰ ਲੋਕ ਲਹਿਰਾਂ ਦੇ ਨਜ਼ਰੀਏ ਤੋਂ ਸ਼ੁਭ ਸ਼ਗਨ ਹੀ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਨੇ ਅਮੀਰਾਂ ਦੇ ਹੋਰ ਅਮੀਰ ਹੋਣ ਦੇ ਹੱਕ ਨੂੰ ਵੰਗਾਰਿਆ ਹੈ ਅਤੇ ਬਰਾਬਰੀ ਵਾਲੇ ਨਵੇਂ ਸੰਸਾਰ ਦੀ ਮੰਗ ਨੂੰ ਕੌਮਾਂਤਰੀ ਮੰਚ 'ਤੇ ਲਿਆਂਦਾ ਹੈ।



ਕਮਲ ਹਾਸਨ



ਫਿਲਮ "ਚਾਚੀ 420" ਵਿਚ ਕਮਲ ਹਾਸਨ ਅਤੇ ਤੱਬੂ

# ਬਈ ਕਮਾਲ ਹੈ ਕਮਲ ਹਾਸਨ

ਦੱਖਣੀ ਭਾਰਤ ਦੀਆਂ ਫਿਲਮਾਂ ਤੋਂ ਬਾਲੀਵੁੱਡ ਵਿਚ ਆਈਆਂ ਨਾਇਕਾਵਾਂ ਜਿਵੇਂ ਵੈਜੰਤੀ ਮਾਲਾ, ਹੇਮਾ ਮਾਲਿਨੀ, ਰੇਖਾ, ਸ੍ਰੀਦੇਵੀ, ਜਯਾਪ੍ਰਦਾ ਅਤੇ ਹੁਣ ਅਸਿਨ ਨੂੰ ਬਹੁਤ ਸਫਲਤਾ ਮਿਲੀ ਪਰ ਨਾਇਕਾਂ ਦੇ ਮਾਮਲੇ ਵਿਚ ਅਜਿਹਾ ਨਹੀਂ ਹੋਇਆ। ਚਿਰੰਜੀਵੀ, ਨਾਗਾਰਜੁਨ ਆਦਿ ਵਰਗੇ ਕਈ ਨਾਇਕਾਂ ਨੇ ਹਿੰਦੀ ਫਿਲਮਾਂ ਵਿਚ ਖੁਦ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਇਨ੍ਹਾਂ ਦੀ ਤੁਲਨਾ ਵਿਚ ਰਜਨੀਕਾਂਤ ਅਤੇ ਕਮਲ ਹਾਸਨ ਨੂੰ ਅੱਪਵਾਦ ਕਿਹਾ ਜਾ ਸਕਦਾ ਹੈ। ਜਿਥੇ ਰਜਨੀਕਾਂਤ ਨੇ ਆਪਣੀ ਖਾਸ ਐਕਸ਼ਨ ਸ਼ੈਲੀ ਨਾਲ ਪ੍ਰਸਿੱਧੀ ਹਾਸਲ ਕੀਤੀ, ਉਥੇ ਕਮਲ ਹਾਸਨ ਹਿੰਦੀ ਫਿਲਮਾਂ ਵਿਚ ਕ੍ਰਿਸ਼ਮਈ ਨਾਇਕ ਦੇ ਤੌਰ 'ਤੇ ਉਭਰੇ ਅਤੇ ਕਾਫੀ ਸਮੇਂ ਤੱਕ ਹਿੰਦੀ ਸਿਨੇਮਾ ਦੇ ਅਸਮਾਨ 'ਤੇ ਛਾਏ ਰਹੇ।

ਸਿਨੇਮਾ ਵਿਚ ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਲਈ ਕਮਲ ਹਾਸਨ ਨੂੰ ਸਰਵਉਚ ਕੌਮੀ ਐਵਾਰਡਾਂ ਵਿਚੋਂ ਇਕ ਪਦਮਸ੍ਰੀ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਉਹਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1959 ਵਿਚ ਏ. ਭੀਮ ਸਿੰਘ ਦੀ ਫਿਲਮ 'ਕਲਾਥੁਰ ਕਾਨੰਮਾ' ਨਾਲ ਬਤੌਰ ਬਾਲ ਕਲਾਕਾਰ ਕੀਤੀ ਸੀ। ਇਸ ਫਿਲਮ ਲਈ ਉਹਨੂੰ ਸਰਵੋਤਮ ਬਾਲ ਕਲਾਕਾਰ ਦਾ ਕੌਮੀ ਇਨਾਮ ਵੀ ਪ੍ਰਾਪਤ ਹੋਇਆ ਸੀ। ਕਈ ਸਾਲਾਂ ਤਕ ਬਾਲ ਕਲਾਕਾਰ ਅਤੇ ਫਿਰ ਸਹਿ-ਕਲਾਕਾਰ ਦੇ ਤੌਰ 'ਤੇ ਫਿਲਮਾਂ ਕਰਦਿਆਂ ਆਖਿਰ ਉਹਨੇ ਦੱਖਣ ਭਾਰਤੀ ਫਿਲਮਾਂ ਵਿਚ ਨਾਇਕ ਦੇ ਕਿਰਦਾਰ ਮਿਲਣ ਲੱਗੇ। ਬਤੌਰ ਨਾਇਕ ਉਹਦੀ ਪਹਿਲੀ ਫਿਲਮ 'ਕੰਨਿਆਕੁਮਾਰੀ' ਸੀ। ਇਸ ਮਲਿਆਲਮ ਫਿਲਮ ਲਈ ਉਹਨੂੰ ਪਹਿਲਾ ਖੇਤਰੀ ਫਿਲਮਫੇਅਰ ਪੁਰਸਕਾਰ ਵੀ ਮਿਲਿਆ। ਇਸ ਤੋਂ ਬਾਅਦ ਤਾਂ ਉਹ ਦੱਖਣ ਭਾਰਤੀ ਸਿਨੇਮਾ ਦਾ ਅਜਿਹਾ ਸਿਤਾਰਾ ਬਣ ਗਿਆ ਜੋ ਅੱਜ ਵੀ ਆਪਣੀ ਰੋਸ਼ਨੀ ਵੰਡ ਰਿਹਾ ਹੈ।

ਨਵੀਆਂ ਦੱਖਣ ਭਾਰਤੀ ਕਲਾਸਿਕ ਫਿਲਮਾਂ ਦੇਣ ਪਿੱਛੋਂ ਕਮਲ ਨੇ ਹਿੰਦੀ ਫਿਲਮਾਂ ਵੱਲ ਰੁਖ਼ ਕੀਤਾ। ਹਿੰਦੀ ਵਿਚ ਉਨ੍ਹਾਂ ਦੀ ਪਹਿਲੀ ਫਿਲਮ ਸੀ ਕੇ. ਬਾਲਾਚੰਦਰ ਦੀ 'ਏਕ ਦੂਜੇ ਕੇ ਲੀਏ' (1981) ਜੋ ਤੇਲਗੂ ਫਿਲਮ 'ਮਾਰੋ ਚਰਿਤਰਾ' ਦੀ ਰੀਮੇਕ ਸੀ। ਇਹ ਫਿਲਮ ਹਿੰਦੀ ਫਿਲਮਾਂ ਦੇ ਇਤਿਹਾਸ ਦੀਆਂ ਸੁਪਰ-ਡੁਪਰ ਹਿੱਟ ਫਿਲਮਾਂ ਵਿਚੋਂ ਇਕ ਹੈ ਜਿਸ ਵਿਚ ਉਹਦੇ ਨਾਲ ਰਤੀ ਅਗਨੀਹੋਤਰੀ ਨੇ ਬਾਲੀਵੁੱਡ ਵਿਚ ਪਹਿਲਾ ਕਦਮ ਧਰਿਆ।

ਕਮਲ ਹਾਸਨ ਦੀ ਦਮਦਾਰ ਅਦਾਕਾਰੀ ਨੇ ਉਨ੍ਹਾਂ ਨੂੰ ਬਾਲੀਵੁੱਡ ਦਾ ਸਥਾਪਿਤ ਕਲਾਕਾਰ ਬਣਾ ਦਿੱਤਾ। ਕਈ ਕਮਰਸ਼ੀਅਲ ਫਿਲਮਾਂ ਕਰਨ ਪਿੱਛੋਂ ਉਨ੍ਹਾਂ ਨੇ ਬਾਲੂ ਮਹੇਂਦਰਾ ਦੀ ਤਾਮਿਲ ਫਿਲਮ 'ਮੁੰਦਰਮ ਪਿਰਈ' ਅਤੇ ਇਸ ਦੇ ਹਿੰਦੀ ਰੀਮੇਕ 'ਸਦਮਾ' ਵਿਚ ਬੇਹੱਦ ਸੰਵੇਦਨਸ਼ੀਲ ਕਿਰਦਾਰ ਨਿਭਾਇਆ ਜਿਸ ਲਈ ਉਹਨੂੰ ਪਹਿਲੀ ਵਾਰ ਸਰਵੋਤਮ ਅਦਾਕਾਰ ਦੇ ਕੌਮੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ। ਅੱਜ ਵੀ ਇਹ ਫਿਲਮ ਉਹਦੀ ਦਮਦਾਰ ਅਦਾਕਾਰੀ ਲਈ ਜਾਣੀ ਜਾਂਦੀ ਹੈ।

ਇਸ ਪਿੱਛੋਂ ਕਮਲ ਨੇ ਸਾਰਾ ਧਿਆਨ ਪੂਰੀ ਤਰ੍ਹਾਂ ਹਿੰਦੀ ਫਿਲਮਾਂ ਵੱਲ ਲਗਾ ਦਿੱਤਾ। 'ਯੇ ਤੋ ਕਮਾਲ ਹੋ ਗਯਾ' ਅਤੇ 'ਜ਼ਰਾ ਸੀ ਜ਼ਿੰਦਗੀ' ਅਜਿਹੀਆਂ ਫਿਲਮਾਂ ਸਨ ਜੋ ਉਹਦੀਆਂ ਦੱਖਣ ਭਾਰਤੀ ਫਿਲਮਾਂ ਦੀਆਂ ਰੀਮੇਕ ਸਨ। ਸੰਨ 1984 ਵਿਚ ਮਲਟੀ ਸਟਾਰਰ 'ਰਾਜ ਤਿਲਕ' ਦੀ ਸਫਲਤਾ ਪਿੱਛੋਂ ਉਹਨੇ ਰਮੇਸ਼ ਸਿੱਪੀ ਦੀ ਸੁਪਰਹਿੱਟ ਫਿਲਮ 'ਸਾਗਰ' ਵਿਚ ਸਹਿ ਨਾਇਕ ਦਾ ਦੁਖਾਂਤਕ ਕਿਰਦਾਰ ਇੰਨੀ ਖੂਬੀ ਨਾਲ ਨਿਭਾਇਆ ਸੀ ਕਿ ਇਸ ਲਈ ਉਹਨੂੰ ਫ਼ਿਲਮਫੇਅਰ ਦਾ ਸਰਵੋਤਮ ਅਦਾਕਾਰ ਦਾ ਪੁਰਸਕਾਰ ਤਾਂ ਮਿਲਿਆ ਹੀ, ਨਾਲ ਹੀ ਇਸੇ ਸਮਾਗਮ ਵਿਚ ਸਰਵੋਤਮ ਸਹਿ-ਕਲਾਕਾਰ ਦੇ ਤੌਰ 'ਤੇ ਵੀ ਉਹਦੀ ਨਾਮਜ਼ਦਗੀ ਹੋਈ। ਇਹ ਫਿਲਮ ਸੰਨ 1985 ਦੇ ਆਸਕਰ ਪੁਰਸਕਾਰ ਵਿਚ ਭਾਰਤ ਦੀ ਅਧਿਕਾਰਕ ਐਂਟਰੀ ਸੀ।

ਇਸ ਦੌਰ ਵਿਚ ਉਹ ਹਿੰਦੀ ਅਤੇ ਦੱਖਣ ਭਾਰਤੀ ਫਿਲਮਾਂ ਵਿਚ ਬਰਾਬਰ ਸਰਗਰਮ ਰਿਹਾ। ਸੰਨ 1987 ਵਿਚ ਉਹਨੇ ਮਣੀ ਰਤਨਮ ਦੀ ਬਹੁ-ਚਰਚਿਤ ਫਿਲਮ 'ਨਾਯਗਨ' ਵਿਚ ਮੁੰਬਈ ਦੇ ਅੰਡਰਵਰਲਡ ਡੌਨ ਵਰਧਰਾਜਨ ਮੁਦਲਿਯਾਰ ਦਾ ਕਿਰਦਾਰ ਇੰਨੀ ਸ਼ਿੱਦਤ ਨਾਲ ਨਿਭਾਇਆ ਕਿ ਇਹਦੇ ਲਈ ਉਹਨੂੰ ਤੀਜੀ ਵਾਰ ਸਰਵੋਤਮ ਅਦਾਕਾਰ ਦਾ ਕੌਮੀ ਪੁਰਸਕਾਰ ਮਿਲਿਆ ਸੀ। ਇਹ ਫਿਲਮ ਵੀ 1987 ਦੇ ਆਸਕਰ ਪੁਰਸਕਾਰ ਦੀ ਅਧਿਕਾਰਕ ਐਂਟਰੀ ਸੀ। ਇਹ ਫਿਲਮ 'ਟਾਈਮ' ਮੈਗਜ਼ੀਨ ਦੀ 'ਆਲ ਟਾਈਮ 100 ਮੂਵੀਜ਼' ਲਿਸਟ ਵਿਚ ਸ਼ਾਮਲ ਹੈ।

ਕਮਲ ਹਾਸਨ ਕੁਝ ਨਾ ਕੁਝ ਨਵਾਂ ਸਿਰਜਣ ਦੇ ਆਪਣੇ ਸੁਭਾਅ ਕਾਰਨ ਵੀ ਹਮੇਸ਼ਾ ਚਰਚਾ ਵਿਚ ਰਿਹਾ। ਸੰਨ 1988 ਵਿਚ ਉਹਨੇ ਮੂਕ ਕਾਮੇਡੀ ਫਿਲਮ 'ਪੁਸ਼ਪਕ' ਵਿਚ ਨਾਇਕ ਦਾ ਕਿਰਦਾਰ ਨਿਭਾਇਆ। ਤਾਮਿਲ ਫਿਲਮ 'ਅਪੂਰਵ ਸਗੋਧਰਗਲ' ਵਿਚ ਉਹਨੇ ਤਿੰਨ ਕਿਰਦਾਰ ਨਿਭਾਏ ਜਿਨ੍ਹਾਂ ਵਿਚ ਇਕ ਬੌਣੇ ਦਾ ਕਿਰਦਾਰ ਵੀ ਸ਼ਾਮਲ ਸੀ। ਇਸ ਤੋਂ ਇਲਾਵਾ ਉਹਨੇ 'ਚਾਚੀ 420' ਵਿਚ ਔਰਤ ਦਾ ਕਿਰਦਾਰ ਨਿਭਾਇਆ। ਸਾਲ 2008 ਵਿਚ ਆਈ ਉਹਦੀ ਫਿਲਮ 'ਦਸ਼ਾਵਤਾਰਮ' ਵਿਚ ਉਹਨੇ ਕੁੱਲ 10 ਕਿਰਦਾਰ ਨਿਭਾਏ ਸਨ। ਕਮਲ ਹਾਸਨ 'ਕਮਲ ਵੈਲਫੇਅਰ ਐਸੋਸੀਏਸ਼ਨ' ਦੇ ਬੈਨਰ ਹੇਠ ਸਮਾਜ ਸੇਵਾ ਵੀ ਕਰ ਰਿਹਾ ਹੈ। ਮਨੁੱਖੀ ਅਧਿਕਾਰ ਕਾਰਕੁਨ ਤੇ ਧਰਮ ਨਿਰਪੱਖ ਸ਼ਖਸੀਅਤ ਵਜੋਂ ਉਹਨੂੰ ਸਾਲ 2004 ਵਿਚ ਪਹਿਲੇ 'ਇਬ੍ਰਾਹਿਮ ਕਾਵੂਰ ਕੌਮੀ ਪੁਰਸਕਾਰ' ਨਾਲ ਨਿਵਾਜਿਆ ਗਿਆ ਸੀ। ਉਹ ਏਡਜ਼ ਅਤੇ ਕੈਂਸਰ ਪੀੜਤ ਬੱਚਿਆਂ ਲਈ ਵੀ ਫੰਡ ਇਕੱਠਾ ਕਰਦਾ ਰਹਿੰਦਾ ਹੈ।

## ਫਿਲਮੀ ਦੁਨੀਆਂ

## ਹੁਣ ਆਵਾਜ਼ ਦਾ ਜਾਦੂ ਚਲਾਏਗੀ ਪ੍ਰਿਯੰਕਾ

ਮਰਦਾਂ ਲਈ ਇਕ ਮੈਗਜ਼ੀਨ ਦੇ ਕਵਰ 'ਤੇ ਛੇਤੀ ਹੀ ਨਜ਼ਰ ਆਉਣ ਵਾਲੀ ਪ੍ਰਿਯੰਕਾ ਨੇ ਕਿਹਾ ਕਿ ਉਹਨੂੰ ਗਾਉਣ ਦਾ ਬਹੁਤ ਸ਼ੌਕ ਰਿਹਾ ਹੈ। ਉਸ ਮੁਤਾਬਕ, "ਮੈਨੂੰ ਪਤਾ ਹੀ ਸੀ ਕਿ ਮੈਂ ਥੋੜ੍ਹਾ-ਬਹੁਤ ਗਾ ਸਕਦੀ ਹਾਂ ਪਰ ਮੈਨੂੰ ਕਦੀ ਨਹੀਂ ਸੀ ਲੱਗਿਆ ਕਿ ਮੈਂ ਐਕਟਿੰਗ ਵੀ ਕਰ ਸਕਦੀ ਹਾਂ। ਮੇਰੇ ਹਿਸਾਬ ਨਾਲ ਨਾਰਮਲ ਲੋਕ ਕਲਾਕਾਰ ਨਹੀਂ ਬਣਦੇ।" ਪ੍ਰਿਯੰਕਾ ਨੇ ਦੱਸਿਆ ਕਿ ਉਹਨੂੰ ਬਾਲੀਵੁੱਡ ਵਿਚ ਕਈ ਵਾਰ ਗਾਉਣ ਲਈ ਕਿਹਾ ਗਿਆ ਪਰ ਉਹਦੀ ਤਮੰਨਾ ਹੈ ਕਿ ਉਹ ਪਹਿਲਾਂ ਐਲਬਮ ਤਿਆਰ ਕਰੇ। ਜਦੋਂ ਵੀ ਮੌਕਾ ਮਿਲਿਆ ਤਾਂ ਉਹ ਮੌਕਾ ਖੁੰਝਾਵੇਗੀ ਨਹੀਂ। ਐਕਟਿੰਗ ਕੈਰੀਅਰ ਬਾਰੇ



ਉਹਨੇ ਕਿਹਾ, "ਮੈਂ ਹਮੇਸ਼ਾ ਬਿਹਤਰ ਕੰਮ ਕਰਨਾ ਚਾਹੁੰਦੀ ਹਾਂ। ਮੈਂ ਅਜਿਹੀਆਂ ਫਿਲਮਾਂ ਪਸੰਦ ਕਰਦੀ ਹਾਂ ਜਿਨ੍ਹਾਂ ਵਿਚ ਮੈਂ ਆਪਣੇ ਕੰਮ 'ਤੇ ਮਾਣ ਤਾਂ ਕਰ ਸਕਾਂ।"

## ਸੋਨਮ ਦਾ ਸਿਤਾਰਾ ਅਜੇ ਮੱਧਮ

ਅਨਿਲ ਕਪੂਰ ਦੀ ਲਾਡਲੀ ਧੀ ਸੋਨਮ ਕਪੂਰ ਵੱਡੀ ਉਮਰ ਦੇ ਅਦਾਕਾਰਾਂ ਨਾਲ ਕੰਮ ਕਰਨ ਲਈ ਮਜਬੂਰ ਹੈ ਤੇ ਉਸ ਦੀ ਇਹ ਮਜਬੂਰੀ ਉਸ ਦਾ ਪਿੱਛਾ ਨਹੀਂ ਛੱਡ ਰਹੀ। ਅਸਲ 'ਚ ਸੋਨਮ ਅਜੇ ਤਕ ਬਾਲੀਵੁੱਡ 'ਚ ਇਸ ਹਾਲਤ 'ਚ ਨਹੀਂ ਹੈ ਕਿ ਉਹ ਕਿਸੇ ਫਿਲਮ 'ਚ ਆਪਣੀ ਪਸੰਦ ਦਾ ਹੀਰੋ ਚੁਣ ਸਕੇ ਕਿਉਂਕਿ ਹੁਣ ਤਕ ਉਸ ਦੀ ਕੋਈ ਵੀ ਫਿਲਮ ਖਾਸ ਮਾਅਰਕਾ ਨਹੀਂ ਮਾਰ ਸਕੀ। ਭਾਵੇਂਕਿ 'ਸਾਂਵਰੀਆ, 'ਦਿੱਲੀ-6' ਤੇ 'ਆਈ ਹੇਟ ਲਵ ਸਟੋਰੀਜ਼' 'ਚ ਸੋਨਮ ਬਾਲੀਵੁੱਡ ਦੇ ਯੰਗ ਹੀਰੋ ਮੰਨੇ ਜਾਣ ਵਾਲੇ ਰਣਬੀਰ ਕਪੂਰ, ਅਭਿਸ਼ੇਕ ਬੱਚਨ ਤੇ ਇਮਰਾਨ ਖਾਨ ਨਾਲ ਕੰਮ ਕਰ ਚੁੱਕੀ ਹੈ ਪਰ ਫਿਲਮ 'ਥੈਂਕ ਯੂ' 'ਚ ਸੋਨਮ ਨੂੰ ਅਕਸ਼ੈ ਕੁਮਾਰ ਵਰਗੇ ਵੱਡੀ ਉਮਰ ਦੇ ਹੀਰੋ ਨਾਲ ਕੰਮ ਕਰਨ ਲਈ ਮਜਬੂਰ ਹੋਣਾ ਪਿਆ।

ਅਕਸ਼ੈ ਤੇ ਸੋਨਮ ਦੀ ਜੋੜੀ ਨੂੰ ਬੇਮੇਲ ਜੋੜੀ ਦਾ ਦਰਜਾ ਦਿੱਤਾ ਗਿਆ ਸੀ। ਹੁਣ ਸੋਨਮ ਦੀ ਆਉਣ ਵਾਲੀ ਫਿਲਮ 'ਚ ਵੀ ਉਸ ਦੀ ਅਜਿਹੀ ਹੀ ਬੇਮੇਲ ਜੋੜੀ ਫਰਹਾਨ ਅਖ਼ਤਰ ਨਾਲ ਨਜ਼ਰ ਆਏਗੀ ਜਿਸ ਨਾਲ ਉਹ 'ਭਾਗ ਮਿਲਖਾ ਭਾਗ' ਕਰ ਰਹੀ ਹੈ। ਫਰਹਾਨ ਨਾਲ ਸੋਨਮ ਇਹ ਫਿਲਮ ਕਰਨ ਲਈ ਇਸ ਲਈ ਰਾਜ਼ੀ ਹੋਈ ਕਿਉਂਕਿ ਇਸ ਨੂੰ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਬਣਾ ਰਹੇ ਹਨ ਜਿਨ੍ਹਾਂ ਦੀ 'ਦਿੱਲੀ-6' 'ਚ ਵੀ ਸੋਨਮ ਕੰਮ ਕਰ ਚੁੱਕੀ ਹੈ ਤੇ ਸੋਨਮ ਦਾ ਕਹਿਣਾ ਹੈ ਕਿ ਕਿਉਂਕਿ ਸੰਜੇ ਲੀਲਾ ਭੰਸਾਲੀ ਤੇ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨੇ ਉਸ ਨੂੰ ਆਪਣੀਆਂ ਫਿਲਮਾਂ 'ਚ ਬ੍ਰੇਕ ਦਿੱਤੀ ਸੀ। ਇਸ ਲਈ ਉਨ੍ਹਾਂ ਦੀਆਂ ਫਿਲਮਾਂ ਲਈ ਉਹ ਕਦੇ ਇਨਕਾਰ ਨਹੀਂ ਕਰ ਸਕਦੀ। ਉਂਜ ਅਭਿਸ਼ੇਕ ਨਾਲ 'ਦਿੱਲੀ-6' 'ਚ ਕੰਮ ਕਰ ਚੁੱਕੀ ਸੋਨਮ ਉਸ ਨਾਲ ਇਕ ਹੋਰ ਫਿਲਮ 'ਪਲੇਅਰਸ' 'ਚ ਵੀ ਕੰਮ ਕਰ ਰਹੀ ਹੈ।

## ਅਮਿਸ਼ਾ ਪਟੇਲ ਬਣੀ ਨਿਰਮਾਤਾ

ਰਿਤਿਕ ਰੋਸ਼ਨ ਨਾਲ 'ਕਹੋ ਨਾ ਪਿਆਰ ਹੈ' ਤੇ ਸੰਨੀ ਦਿਓਲ ਨਾਲ 'ਗ਼ਦਰ-ਏਕ ਪ੍ਰੇਮ ਕਥਾ' ਵਰਗੀਆਂ ਬਲਾਕਬਸਟਰ ਫਿਲਮਾਂ ਨਾਲ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਅਮਿਸ਼ਾ ਪਟੇਲ ਹੁਣ ਫਿਲਮ ਨਿਰਮਾਤਾ ਬਣ ਗਈ ਹੈ ਪਰ ਉਸ ਦਾ ਕਹਿਣਾ ਹੈ ਕਿ ਬਾਲੀਵੁੱਡ 'ਚ ਉਸ ਦਾ ਇਕ ਦਹਾਕੇ ਪੁਰਾਣਾ ਸਫਰ ਸੌਖਾ ਨਹੀਂ ਰਿਹਾ। 36 ਸਾਲਾ ਅਮਿਸ਼ਾ ਮੁਤਾਬਕ ਬਾਲੀਵੁੱਡ ਇਕ ਮੁਸ਼ਕਲ ਥਾਂ ਹੈ। ਲੋਕ ਇਥੇ ਹਰੇਕ ਫਿਲਮ ਪਿੱਛੋਂ ਬਾਰੀਕੀ ਨਾਲ ਦੇਖਦੇ ਹਨ। ਇਸ ਤੋਂ ਇਲਾਵਾ 'ਕੈਂਪ ਫੈਕਟਰ' ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਆਸ ਕੀਤੀ ਜਾਂਦੀ ਹੈ ਕਿ ਆਪਣੇ ਹੀਰੋ ਨਾਲ ਵਧੇਰੇ ਖਾਸ ਰਵੱਈਆ ਵਰਤੋ। ਬਦਕਿਸਮਤੀ ਜਾਂ ਖੁਸ਼ਕਿਸਮਤੀ ਨਾਲ ਇਨ੍ਹਾਂ ਚੀਜ਼ਾਂ ਨੂੰ ਮੈਂ ਬੀਤੇ ਸਾਲਾਂ ਦੌਰਾਨ ਸਿੱਖ ਨਹੀਂ ਸਕੀ। 'ਤਿੰਨ ਸਾਲਾਂ ਪਿੱਛੋਂ ਬਾਕਸ ਆਫਿਸ 'ਤੇ ਅਮਿਸ਼ਾ ਦੀ ਫਿਲਮ 'ਚਤੁਰ ਸਿੰਘ' ਆਈ ਪਰ ਉਹ ਬੁਰੀ ਤਰ੍ਹਾਂ ਫਲਾਪ ਹੋ ਗਈ।



ਫਿਰ ਵੀ ਉਹ ਬੇਫਿਕਰ ਹੈ ਤੇ ਹੁਣੇ ਜਿਹੇ ਆਪਣਾ ਪ੍ਰੋਡਕਸ਼ਨ ਹਾਊਸ ਸ਼ੁਰੂ ਕਰ ਦਿੱਤਾ ਹੈ। ਅਮਿਸ਼ਾ ਨੇ ਡੇਵਿਡ ਧਵਨ ਤੇ ਪ੍ਰਿਯਦਰਸ਼ਨ ਨੂੰ ਮਿਲਾਇਆ ਹੈ। ਉਹ ਦੋ ਫਿਲਮਾਂ ਦਾ ਨਿਰਦੇਸ਼ਨ ਕਰਨਗੇ ਜਿਨ੍ਹਾਂ 'ਚ ਅਮਿਸ਼ਾ ਬਤੌਰ ਹੀਰੋਇਨ ਹੋਵੇਗੀ ਤੇ ਫਿਲਮ ਦੀ ਨਿਰਮਾਤਰੀ ਵੀ। ਮੈਸਾਚੁਸੈਟਸ ਤੋਂ ਅਰਥਸ਼ਾਸਤਰ ਦੀ ਪੋਸਟ ਗ੍ਰੈਜੂਏਟ ਅਮਿਸ਼ਾ ਦਾ ਕਹਿਣਾ ਹੈ ਕਿ ਉਸ ਦਾ ਕਰੀਅਰ ਪਿਛਲੇ ਦਹਾਕੇ ਤੋਂ ਮਜ਼ਬੂਤ ਰਿਹਾ ਹੈ। ਬੀਤੇ ਸਮੇਂ 'ਚ ਉਸ ਨੇ ਜੋ ਸਿੱਖਿਆ, ਉਸ ਨੂੰ ਉਹ ਉਂਜ ਹੀ ਜਾਣ ਨਹੀਂ ਦੇਵੇਗੀ। ਜਦ ਉਸ ਨੇ ਕਲਾਕਾਰ ਦੇ ਤੌਰ 'ਤੇ ਫਿਲਮਾਂ 'ਚ ਕੰਮ ਕਰਨਾ ਸ਼ੁਰੂ ਕੀਤਾ ਸੀ ਤਾਂ ਉਸ ਦੇ ਨੇੜਲੇ ਲੋਕਾਂ ਨੂੰ ਲੱਗਾ ਸੀ ਕਿ ਉਹ ਇਸ ਕਿੱਤੇ ਲਈ ਬਹੁਤ ਜ਼ਿਆਦਾ ਪੜ੍ਹੀ-ਲਿਖੀ ਹੈ। ਅਮਿਸ਼ਾ ਦਾ ਕਹਿਣਾ ਹੈ ਕਿ ਜੋ ਫਿਲਮਾਂ ਉਹ ਡੇਵਿਡ ਧਵਨ ਤੇ ਪ੍ਰਿਯਦਰਸ਼ਨ ਨਾਲ ਬਣਾਉਣ ਵਾਲੀ ਹੈ, ਉਹ ਇਕ ਤੈਅ ਮਾਪਦੰਡ ਦੀਆਂ ਹੋਣਗੀਆਂ।

## ਕਰੀਨਾ ਕਪੂਰ ਸਮੇਂ ਦੀ ਬੇਹੱਦ ਪਾਬੰਦ

ਕਰੀਨਾ ਹਿੰਦੀ ਫਿਲਮ ਨਗਰੀ ਦੀ ਵਨ ਟੇਕ ਅਦਾਕਾਰਾ ਹੈ। ਜਦੋਂ ਕੈਮਰਾ ਸਿਰਫ ਉਸ 'ਤੇ ਹੀ ਹੁੰਦਾ ਹੈ ਤਾਂ ਉਹ ਘੰਟਿਆਂ ਦਾ ਕੰਮ ਮਿੰਟਾਂ 'ਚ ਨਜਿੱਠ ਦਿੰਦੀ ਹੈ। ਉਹ ਸਮੇਂ ਦੀ ਬੇਹੱਦ ਪਾਬੰਦ ਹੈ। ਅੱਜ ਤਕ ਕਿਸੇ ਫਿਲਮ ਦੀ ਕੋਈ ਸ਼ੂਟਿੰਗ ਉਸ ਕਾਰਨ ਮੁਲਤਵੀ ਨਹੀਂ ਹੋਈ। ਉਹ ਕਿਰਦਾਰ 'ਚ ਢਲਣ ਲਈ ਦੇਰ ਨਹੀਂ ਲਾਉਂਦੀ। ਉਸ ਦਾ ਫੋਕਸ ਤੇ ਐਨਰਜੀ ਲੈਵਲ ਵੀ ਕਾਫੀ ਜ਼ਬਰਦਸਤ ਹੈ। ਅੱਜ ਉਹ ਸਭ ਤੋਂ ਮਹਿੰਗੀ ਐਂਡੋਰਸਰ ਤੇ ਮਾਇਆਨਗਰੀ ਦੀ ਸਭ ਤੋਂ ਮਹਿੰਗੀ ਹੀਰੋਇਨ ਹੈ।



'ਗੋਲਮਾਲ-3' ਤੇ ਲੇਟੈਸਟ ਬਲਾਕਬਸਟਰ 'ਬਾਡੀਗਾਰਡ' ਤੋਂ ਬਾਅਦ ਕਰੀਨਾ ਨੇ ਆਪਣੀ ਫੀਸ ਕਈ ਗੁਣਾ ਵਧਾ ਦਿੱਤੀ ਹੈ। ਅੱਜ ਉਸ ਦੀ ਬ੍ਰਾਂਡ ਵੈਲਿਊ ਸਭ ਤੋਂ ਜ਼ਿਆਦਾ ਹੈ ਤੇ ਉਸ ਦੀ ਇਹ ਬ੍ਰਾਂਡ ਵੈਲਿਊ ਲਗਾਤਾਰ ਚੰਗੀ ਪੇਸ਼ਕਾਰੀ, ਹਿੱਟ ਫਿਲਮਾਂ ਤੇ ਲਗਾਤਾਰ ਖ਼ਬਰਾਂ 'ਚ ਬਣੇ ਰਹਿਣ ਨਾਲ ਬਣੀ ਹੈ। ਕਰੀਨਾ ਇਸ ਸਾਲ ਆਪਣੀਆਂ ਫਿਲਮਾਂ 'ਚ ਬਿਲਕੁਲ ਨਵੇਂ-ਨਵੇਂ ਅੰਦਾਜ਼ 'ਚ ਦਿਖਾਈ ਦੇਵੇਗੀ ਤੇ ਮਜ਼ੇ ਦੀ ਗੱਲ ਇਹ ਹੈ ਕਿ ਇਨ੍ਹਾਂ ਸਾਰੀਆਂ ਫਿਲਮਾਂ 'ਚ ਉਹ ਸੈਫ ਅਲੀ ਖਾਨ, ਸਲਮਾਨ, ਸ਼ਾਹਰੁਖ, ਆਮਿਰ, ਇਮਰਾਨ ਨਾਲ ਨਜ਼ਰ ਆਵੇਗੀ। ਸਲਮਾਨ ਦੇ ਨਾਲ ਤਾਂ ਉਸ ਦੀ ਫਿਲਮ 'ਬਾਡੀਗਾਰਡ' ਹਿੱਟ ਹੋ ਚੁੱਕੀ ਹੈ। ਇਸ ਤੋਂ ਇਲਾਵਾ ਕਰੀਨਾ ਨੇ ਸ਼ਾਹਰੁਖ ਨਾਲ 'ਰਾ-ਵਨ' 'ਚ ਕੰਮ ਕਰ ਕੀਤਾ ਹੈ ਜਿਸ 'ਚ ਸ਼ਾਹਰੁਖ ਸੁਪਰ ਹੀਰੋ ਦੀ ਭੂਮਿਕਾ ਨਿਭਾਅ ਰਹੇ ਹਨ। 'ਏਜੰਟ ਵਿਨੋਦ' 'ਚ ਕਰੀਨਾ ਆਪਣੇ ਪ੍ਰੇਮੀ ਸੈਫ ਅਲੀ ਖਾਨ ਨਾਲ ਕੰਮ ਕਰ ਰਹੀ ਹੈ ਜਿਸ 'ਚ ਦਰਸ਼ਕਾਂ ਨੂੰ ਕਰੀਨਾ ਦਾ ਇਕ ਨਵੀਂ ਤਰ੍ਹਾਂ ਦਾ ਜਲਵਾ ਦੇਖਣ ਨੂੰ ਮਿਲੇਗਾ। ਇਮਰਾਨ ਖਾਨ ਦੇ ਨਾਲ ਵੀ ਕਰੀਨਾ ਫਿਲਮ 'ਸ਼ਾਰਟ ਟਰਮ ਸ਼ਾਦੀ' ਵਿਚ ਕੰਮ ਕਰ ਰਹੀ ਹੈ। ਆਮਿਰ ਖਾਨ ਦੇ ਨਾਲ ਵੀ ਕਰੀਨਾ ਇਕ ਥ੍ਰਿਲਰ ਫਿਲਮ ਕਰ ਰਹੀ ਹੈ ਤੇ ਆਮਿਰ ਤਾਂ ਉਂਜ ਵੀ ਆਪਣੀਆਂ ਫਿਲਮਾਂ 'ਚ ਨਵੇਂ ਤਜਰਬੇ ਕਰਦੇ ਹੀ ਰਹਿੰਦੇ ਹਨ। ਜ਼ਾਹਿਰ ਹੈ ਕਿ ਕਰੀਨਾ ਨੂੰ ਵੀ ਕੁਝ ਨਵਾਂ ਕਰਨ ਲਈ ਮਿਲੇਗਾ।

ਇਕ ਸਮੇਂ ਆਪਣੀ ਸਾਈਜ਼ ਜ਼ੀਰੋ ਇਮੇਜ਼ ਨੂੰ ਲੈ ਕੇ ਬਹੁਤ ਚਰਚਿਤ ਹੋਈ ਕਰੀਨਾ ਹੁਣ ਇਸ ਇਮੇਜ ਨੂੰ ਪਿੱਛੇ ਛੱਡ ਚੁੱਕੀ ਹੈ ਤੇ ਆਪਣੀਆਂ ਇਨ੍ਹਾਂ ਫਿਲਮਾਂ ਰਾਹੀਂ ਦਰਸ਼ਕਾਂ ਨੂੰ ਨਵੇਂ ਤਜਰਬੇ ਦਿਖਾਉਣ ਜਾ ਰਹੀ ਹੈ। ਇਸ ਬਾਰੇ ਕਰੀਨਾ ਦਾ ਕਹਿਣਾ ਹੈ ਕਿ ਜਦੋਂ ਉਹ ਆਪਣੇ 'ਜ਼ੀਰੋ ਸਾਈਜ਼' ਫਿੱਗਰ ਦੇ ਨਾਲ ਦਰਸ਼ਕਾਂ ਦੇ ਸਾਹਮਣੇ ਆਈ ਸੀ ਤਾਂ ਸਾਰਿਆਂ ਨੇ ਪਸੰਦ ਕੀਤਾ ਸੀ ਪਰ ਹੁਣ ਉਸ ਦੀਆਂ ਜੋ ਫਿਲਮਾਂ ਆਉਣ ਵਾਲੀਆਂ ਹਨ, ਉਨ੍ਹਾਂ 'ਚ ਵੱਖਰਾ ਅੰਦਾਜ਼ ਹੋਵੇਗਾ।

# ਬੇਕਰਜ਼ਫੀਲਡ ਦੇ ਦੂਜੇ ਕਬੱਡੀ ਕੱਪ ਦੀਆਂ ਕੁਝ ਯਾਦਗਾਰੀ ਤਸਵੀਰਾਂ





























Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ੴ ੴ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪਿਲਾਇਆ।
–ਭਾਈ ਗੁਰਦਾਸ

ਦੁਨੀਆਂ ਦੇ ਹਰ ਕੋਨੇ ਵਿਚ ਵਸਦੀ ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 542ਵੇਂ ਆਗਮਨ ਪੁਰਬ ਦੀ

# ਲੱਖ-ਲੱਖ ਵਧਾਈ ਹੋਵੇ



ਜਾਗਤ ਜੋਤਿ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ

# ਖਾਲਸਾਈ ਜੀ ਆਇਆਂ ਨੂੰ

ਵਲੋਂ

ਮਹਿੰਦਰ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ (530) 682-5861,
ਜਸਪ੍ਰੀਤ ਸਿੰਘ ਥਿਆੜਾ (530) 682-5863 ਅਤੇ ਸਮੂਹ ਪਰਿਵਾਰ
(ਯੂਬਾ ਸਿਟੀ, ਕੈਲੀਫੋਰਨੀਆ)

# S & J Royal Inc.

## Golden Valley Fruit Packing